18-JAN-PAGE-1.qxd 1/17/2026 10:23 PM Page 1

ਐਤਵਾਰ, 18 ਜਨਵਰੀ, 2026
5 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 229

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 18 JANUARY, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

## ਕਿਸਾਨ ਸਰਹੱਦ 'ਤੇ ਬਿਨਾਂ ਰੁਕਾਵਟ ਖੇਤੀ ਕਰ ਸਕਣਗੇ : ਮਾਨ

### ਕੇਂਦਰ ਸਰਕਾਰ ਨੇ ਸਰਹੱਦ 'ਤੇ ਕੰਡਿਆਲੀ ਤਾਰ ਨੂੰ ਤਬਦੀਲ ਕਰਨ ਲਈ ਦਿੱਤੀ ਸਹਿਮਤੀ



**ਨਵੀਂ ਦਿੱਲੀ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਨਿੱਚਰਵਾਰ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਨਾਲ ਸੰਬੰਧਤ ਵੱਖ-ਵੱਖ ਲੰਬਿਤ ਮੁੱਦਿਆਂ ਦੇ ਜਲਦੀ ਅਤੇ ਸਮਾਂਬੱਧ ਹੱਲ ਲਈ ਵਿਚਾਰ-ਵਟਾਂਦਰਾ ਕੀਤਾ, ਜਿਨ੍ਹਾਂ ਵਿੱਚ ਸਰਹੱਦੀ ਸੁਰੱਖਿਆ ਪ੍ਰਬੰਧ, ਖੇਤੀਬਾੜੀ ਸੰਕਟ, ਅੰਤਰਰਾਜੀ ਪਾਣੀ ਸੰਬੰਧੀ ਵਿਵਾਦ ਅਤੇ ਕੇਂਦਰ ਵੱਲੋਂ ਪੇਂਡੂ ਵਿਕਾਸ ਫੰਡ ਦੇ ਬਕਾਏ ਦੀ ਅਦਾਇਗੀ ਵਿੱਚ ਦੇਰੀ ਸ਼ਾਮਲ ਹੈ। ਇਸ ਦੇ ਨਾਲ-ਨਾਲ ਸਰਹੱਦੀ ਸੁਰੱਖਿਆ ਵਾੜ ਜ਼ੀਰੋ ਲਾਈਨ ਤੋਂ ਕਾਫ਼ੀ ਦੂਰ ਹੋਣ ਕਾਰਨ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕੌਮਾਂਤਰੀ ਸਰਹੱਦ ਅਤੇ ਕੰਡਿਆਲੀ ਤਾਰ ਦਰਮਿਆਨ ਪੈਂਦੀ ਖੇਤੀਯੋਗ ਜ਼ਮੀਨ ਦੇ ਵੱਡੇ ਹਿੱਸੇ 'ਤੇ ਚਿੰਤਾ ਪ੍ਰਗਟ ਕੀਤੀ, ਜਿਸ ਕਾਰਨ ਕਿਸਾਨਾਂ ਨੂੰ ਆਪਣੇ ਖੇਤਾਂ ਤੱਕ ਪਹੁੰਚਣ ਲਈ ਰੋਜ਼ਾਨਾ ਇਸ ਨੂੰ ਪਾਰ ਕਰਨਾ ਪੈਂਦਾ ਹੈ।

ਮੁੱਖ ਮੰਤਰੀ ਨੇ ਪ੍ਰਸਤਾਵਿਤ ਬੀਜ ਬਿੱਲ 2025, ਅਣਸੁਲਝੇ ਸਤਲੁਜ-ਯਮੁਨਾ ਲਿੰਕ (ਐੱਸ ਵਾਈ ਐੱਲ) ਵਿਵਾਦ, ਐੱਫ ਸੀ ਆਈ ਵੱਲੋਂ ਅਨਾਜ ਦੀ ਮੱਠੀ ਢੋਆ-ਢੋਆਈ, ਆੜ੍ਹਤੀਆ ਕਮਿਸ਼ਨ ਰੋਕਣ, ਪੇਂਡੂ ਵਿਕਾਸ ਫੰਡ (ਆਰ ਡੀ ਐੱਫ) ਅਤੇ ਮਾਰਕੀਟ ਫੀਸਾਂ ਦਾ ਭੁਗਤਾਨ ਨਾ ਕਰਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਦੀ ਭੂਮਿਕਾ ਨੂੰ ਘਟਾਉਣ ਸੰਬੰਧੀ ਪੰਜਾਬ ਦੇ ਇਤਰਾਜ਼ ਉਠਾਉਂਦਿਆਂ ਇਨ੍ਹਾਂ ਮੁੱਦਿਆਂ ਦੇ ਤੁਰੰਤ ਅਤੇ ਸਮਾਂਬੱਧ ਹੱਲ ਦੀ ਮੰਗ ਕੀਤੀ।

ਪ੍ਰਸਤਾਵਿਤ ਬੀਜ ਬਿੱਲ 2025 'ਤੇ ਗੰਭੀਰ ਇਤਰਾਜ਼ ਉਠਾਉਂਦਿਆਂ ਮੁੱਖ ਮੰਤਰੀ ਨੇ ਕਿਹਾ- ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਦੇਸ਼ ਦੇ ਅੰਨ ਭੰਡਾਰ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ, ਫਿਰ ਵੀ ਬੀਜ ਬਿੱਲ ਦਾ ਖਰੜਾ ਸਬੰਧਤ ਧਾਰਾ ਤਹਿਤ ਸ਼ਡਿਊਲ ਅਨੁਸਾਰ ਸੂਬੇ ਦੀ ਪ੍ਰਤੀਨਿਧਤਾ ਨੂੰ ਯਕੀਨੀ ਨਹੀਂ ਬਣਾਉਂਦਾ। ਬਿੱਲ ਵਿੱਚ ਪੇਸ਼ ਕੀਤਾ ਗਿਆ ਜ਼ੋਨ ਅਧਾਰਤ ਸਿਸਟਮ ਮੌਜੂਦਾ ਪ੍ਰਣਾਲੀ ਦੇ ਉਲਟ, ਕੇਂਦਰੀ ਬੀਜ ਕਮੇਟੀ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਦੀ ਗਰੰਟੀ ਨਹੀਂ ਦਿੰਦਾ, ਜਿਸ ਨਾਲ ਬੀਜ ਖੇਤਰ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਸੂਬੇ ਦੀ ਆਵਾਜ਼ ਨੂੰ ਦਬਾਇਆ ਗਿਆ ਹੈ।

ਉਹਨਾ ਕਿਹਾ-ਪ੍ਰਸਤਾਵਿਤ ਬੀਜ ਬਿੱਲ ਵਿੱਚ ਸੂਬੇ ਦੀ ਮੌਜੂਦਾ ਸ਼ਕਤੀ ਨੂੰ ਘਟਾ ਦਿੱਤਾ ਗਿਆ ਹੈ, ਕਿਉਂਕਿ ਬੀਜ ਰਜਿਸਟ੍ਰੇਸ਼ਨ ਵਿੱਚ ਸੂਬਾਈ ਬੀਜ ਕਮੇਟੀ ਦੀ ਕੋਈ ਭੂਮਿਕਾ ਨਹੀਂ ਹੈ ਅਤੇ ਖਰੜੇ ਵਿੱਚ ਉਨ੍ਹਾਂ ਕਿਸਾਨਾਂ ਲਈ ਇੱਕ ਮਜ਼ਬੂਤ ਮੁਆਵਜ਼ਾ ਢਾਂਚਾ ਯਕੀਨੀ ਬਣਾਉਣ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਗਈ, ਜਿਨ੍ਹਾਂ ਨੂੰ ਰਜਿਸਟਰਡ ਬੀਜ ਸੰਬੰਧੀ ਦਰਸਾਏ ਨਤੀਜੇ ਨਾ ਮਿਲਣ ਕਾਰਨ ਨੁਕਸਾਨ ਹੁੰਦਾ ਹੈ।

ਉਹਨਾ ਦੱਸਿਆ ਕਿ ਵਿਦੇਸ਼ਾਂ ਵਿੱਚ ਟੈਸਟ ਕੀਤੀਆਂ ਅਤੇ ਛੱਡੀਆਂ ਗਈਆਂ ਬੀਜ ਕਿਸਮਾਂ ਨੂੰ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਦਰਾਮਦ ਤੇ ਵਿਕਰੀ ਲਈ ਸੂਬੇ ਦੇ ਖੇਤੀਬਾੜੀ-ਜਲਵਾਯੂ ਹਾਲਾਤ ਤਹਿਤ ਲਾਜ਼ਮੀ ਸਥਾਨਕ

• ਬਾਕੀ ਸਫਾ 2 'ਤੇ

## ਐੱਕਸਪੋਰਟ ਪ੍ਰੀਪੇਅਰਡਨੈੱਸ ਇੰਡੈਕਸ-2024 'ਚ ਪੰਜਾਬ ਨੂੰ 'ਲੀਡਰ ਸਟੇਟ' ਵਜੋਂ ਮਾਨਤਾ : ਸੰਜੀਵ ਅਰੋੜਾ



**ਚੰਡੀਗੜ੍ਹ (ਗੁਰਜੀਤ ਬਿੱਲਾ)**
ਨੀਤੀ ਆਯੋਗ ਵੱਲੋਂ ਜਾਰੀ ਕੀਤੇ ਗਏ ਐੱਕਸਪੋਰਟ ਪ੍ਰੀਪੇਅਰਡਨੈੱਸ ਇੰਡੈਕਸ (ਈ ਪੀ ਆਈ) 2024 ਲਈ ਪੰਜਾਬ ਨੇ 'ਲੀਡਰ ਸਟੇਟ' ਵਜੋਂ ਨਾਮਣਾ ਖੱਟਿਆ ਹੈ।ਇਹ ਜਾਣਕਾਰੀ ਪੰਜਾਬ ਦੇ ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ, ਸਥਾਨਕ ਸਰਕਾਰਾਂ ਬਾਰੇ ਮੰਤਰੀ ਸੰਜੀਵ ਅਰੋੜਾ ਨੇ ਸਾਂਝੀ ਕੀਤੀ।ਐੱਕਸਪੋਰਟ ਪ੍ਰੀਪੇਅਰਡਨੈੱਸ ਇੰਡੈਕਸ (ਈ ਪੀ ਆਈ) ਇੱਕ ਵਿਆਪਕ, ਡੇਟਾ-ਅਧਾਰਤ ਢਾਂਚਾ ਹੈ, ਜੋ ਨੀਤੀ ਆਯੋਗ ਦੁਆਰਾ ਭਾਰਤ ਦੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਨਿਰਯਾਤ ਸਬੰਧੀ ਤਿਆਰੀ ਦਾ ਮੁਲਾਂਕਣ ਕਰਨ ਲਈ ਵਿਕਸਤ ਕੀਤਾ ਗਿਆ ਹੈ। ਇਸ ਢਾਂਚੇ ਤਹਿਤ ਚਾਰ ਮੁੱਖ ਥੰਮ੍ਹਾਂ-ਨੀਤੀ ਢਾਂਚਾ, ਵਪਾਰਕ ਵਾਤਾਵਰਣ, ਨਿਰਯਾਤ ਈਕੋ ਸਿਸਟਮ ਅਤੇ ਨਿਰਯਾਤ ਵਿੱਚ ਕੀਤੇ ਪ੍ਰਦਰਸ਼ਨ ਦੇ ਆਧਾਰ 'ਤੇ ਸੰਸਥਾਗਤ ਸਮਰੱਥਾ, ਖੋਜ ਅਤੇ ਵਿਕਾਸ ਬੁਨਿਆਦੀ ਢਾਂਚਾ, ਲੌਜਿਸਟਿਕਸ ਅਤੇ ਟਰਾਂਸਪੋਰਟ ਕਨੈਕਟੀਵਿਟੀ ਸਮੇਤ 70 ਤੋਂ ਵੱਧ ਸੂਚਕਾਂ ਦਾ ਅਧਿਐਨ ਕਰਦਿਆਂ ਮੁਲਾਂਕਣ ਕੀਤਾ ਜਾਂਦਾ ਹੈ। ਜਿੱਥੇ ਸੂਚਕ ਅੰਕ ਪ੍ਰਤੀਯੋਗੀ ਸੰਘਵਾਦ ਨੂੰ ਉਤਸ਼ਾਹਤ ਕਰਦਾ ਹੈ, ਉੱਥੇ ਹੀ ਰਾਜਾਂ ਨੂੰ ਆਲਮੀ ਵਪਾਰ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਰਣਨੀਤਕ ਖੇਤਰਾਂ ਦੀ ਪਛਾਣ ਕਰਨ ਦੇ ਯੋਗ ਵੀ ਬਣਾਉਂਦਾ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਈ ਪੀ ਆਈ-2024 ਵਿੱਚ ਪੰਜਾਬ ਨੇ ਲੈਂਡਲਾਕਡ ਸੂਬਿਆਂ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਇਸ ਨੂੰ 'ਲੀਡਰ ਸਟੇਟ' ਐਲਾਨਿਆ ਗਿਆ ਹੈ। ਇਹ ਪ੍ਰਾਪਤੀ ਇਸ ਕਰਕੇ ਵੀ ਅਹਿਮ ਤੇ ਵਿਸ਼ੇਸ਼ ਹੈ, ਕਿਉਂਕਿ ਚੋਟੀ ਦੇ ਸੱਤ ਦਰਜਾ ਪ੍ਰਾਪਤ ਰਾਜਾਂ ਵਿੱਚੋਂ ਪੰਜ ਤੱਟਵਰਤੀ ਰਾਜ ਹਨ, ਜਿਨ੍ਹਾਂ ਕੋਲ ਸਮੁੰਦਰੀ ਬੰਦਰਗਾਹਾਂ ਤੱਕ ਅੰਦਰੂਨੀ ਪਹੁੰਚ ਹੈ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਈ ਪੀ ਆਈ-2024 ਵਿੱਚ ਨੀਤੀ ਲਾਗੂ ਕਰਨ, ਪ੍ਰਸ਼ਾਸਕੀ ਸੁਧਾਰਾਂ ਅਤੇ ਨਤੀਜਾ ਅਧਾਰਤ ਪ੍ਰਦਰਸ਼ਨ 'ਤੇ ਧਿਆਨ ਕੇਂਦਰਤ ਕੀਤਾ ਗਿਆ ਹੈ, ਜੋ ਰਾਜ ਦੀ ਉਦਯੋਗਿਕ ਅਤੇ ਨਿਰਯਾਤ ਦੀ ਅਸਲ ਕਾਰਗੁਜ਼ਾਰੀ ਦੀ ਤਸਵੀਰ ਪੇਸ਼ ਕਰਦਾ ਹੈ। ਪੰਜਾਬ ਦੀ ਤਰੱਕੀ ਕੱਪੜਾ ਉਦਯੋਗ, ਖੇਤੀਬਾੜੀ ਪ੍ਰੋਸੈਸਿੰਗ, ਨਿਰਮਾਣ ਅਤੇ ਸਹਾਇਕ ਖੇਤਰਾਂ ਲਈ ਉਪਲੱਬਧ ਪ੍ਰਗਤੀਸ਼ੀਲ, ਖੇਤਰ ਵਿਸ਼ੇਸ਼ ਉਦਯੋਗਿਕ ਨੀਤੀਆਂ ਦਾ ਨਤੀਜਾ ਹੈ।

## ਬੀ ਪਰਾਕ ਨੂੰ ਮਿਲੀ ਧਮਕੀ, ਇੱਕ ਹਫਤੇ 'ਚ ਮੰਗੇ 10 ਕਰੋੜ



**ਮੁਹਾਲੀ** : ਮਸ਼ਹੂਰ ਪੰਜਾਬੀ ਅਤੇ ਬਾਲੀਵੁੱਡ ਗਾਇਕ ਬੀ ਪਰਾਕ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਲਾਰੈਂਸ ਬਿਸ਼ਨੋਈ ਗੈਂਗ ਨੇ ਗਾਇਕ ਤੋਂ 10 ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ। ਇਹ ਧਮਕੀ ਭਰਿਆ ਸੁਨੇਹਾ ਸਿੱਧਾ ਬੀ. ਪਰਾਕ ਨੂੰ ਨਹੀਂ, ਸਗੋਂ ਉਸ ਦੇ ਸਾਥੀ ਕਲਾਕਾਰ ਅਤੇ ਗਾਇਕ ਦਿਲਨੂਰ ਰਾਹੀਂ ਭੇਜਿਆ ਗਿਆ ਹੈ। ਗਾਇਕ ਦਿਲਨੂਰ ਨੇ ਮੁਹਾਲੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੂੰ ਇੱਕ ਧਮਕੀ ਭਰੀ ਕਾਲ ਮਿਲੀ ਹੈ, ਜਿਸ ਵਿੱਚ ਉਸ ਨੂੰ ਆਪਣੇ ਦੋਸਤ ਤੇ ਪੰਜਾਬੀ ਗਾਇਕ ਬੀ ਪਰਾਕ ਨੂੰ 10 ਕਰੋੜ ਰੁਪਏ ਦੇਣ ਲਈ ਆਖਿਆ ਗਿਆ। ਦਿਲਨੂਰ ਦੇ ਮੁਤਾਬਕ ਧਮਕੀ ਦੇਣ ਵਾਲੇ ਨੇ ਆਪਣੀ ਪਛਾਣ ਆਰਜ਼ੂ ਬਿਸ਼ਨੋਈ ਦੱਸਦਿਆਂ ਖੁਦ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਸਾਥੀ ਦੱਸਿਆ। ਕਾਲਰ ਨੇ ਚੇਤਾਵਨੀ ਦਿੱਤੀ ਕਿ ਜੇ ਇੱਕ ਹਫ਼ਤੇ ਦੇ ਅੰਦਰ ਪੈਸੇ ਨਾ ਦਿੱਤੇ ਗਏ ਤਾਂ ਬੀ ਪਰਾਕ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਜਾਵੇਗਾ।

ਦਿਲਨੂਰ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਬੀਤੀ 5 ਜਨਵਰੀ ਨੂੰ ਉਸ ਨੂੰ ਵਿਦੇਸ਼ੀ ਨੰਬਰ ਤੋਂ ਦੋ ਮਿਸਡ ਕਾਲਾਂ ਆਈਆਂ, ਜਿਨ੍ਹਾਂ ਨੂੰ ਉ_ ਸ

• ਬਾਕੀ ਸਫਾ 2 'ਤੇ

## ਪ੍ਰੀਖਿਆਵਾਂ ਤੋਂ ਪਹਿਲਾਂ ਸੀ ਸੀ ਟੀ ਵੀ ਕੈਮਰੇ ਲਗਾਉਣ ਦਾ ਹੁਕਮ

**ਚੰਡੀਗੜ੍ਹ** : ਪ੍ਰੀਖਿਆਵਾਂ ਵਿੱਚ ਨਕਲ ਅਤੇ ਗਲਤ ਤਰੀਕਿਆਂ ਦੀ ਵਰਤੋਂ ਨੂੰ ਰੋਕਣ ਅਤੇ ਪ੍ਰੀਖਿਆ ਪ੍ਰਣਾਲੀ ਦੀ ਪਾਰਦਰਸ਼ਤਾ ਤੇ ਮਿਆਰ ਨੂੰ ਬਰਕਰਾਰ ਰੱਖਣ ਲਈ ਪੰਜਾਬ ਯੂਨੀਵਰਸਿਟੀ ਨੇ ਆਪਣੇ ਸਾਰੇ ਸੰਵਿਧਾਨਕ ਅਤੇ ਮਾਨਤਾ ਪ੍ਰਾਪਤ ਕਾਲਜਾਂ ਨੂੰ ਅਗਲੀਆਂ ਸਾਲਾਨਾ ਪ੍ਰੀਖਿਆਵਾਂ (ਮਈ 2026) ਤੋਂ ਪਹਿਲਾਂ ਆਪਣੇ ਪ੍ਰੀਖਿਆ ਕੇਂਦਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਕਾਲਜ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣਗੇ, ਉਨ੍ਹਾਂ ਨੂੰ ਪ੍ਰੀਖਿਆ ਕੇਂਦਰ ਨਹੀਂ ਬਣਾਇਆ ਜਾਵੇਗਾ।

ਪੰਜਾਬ ਯੂਨੀਵਰਸਿਟੀ ਦਾ ਇਹ ਫੈਸਲਾ ਯੂਨੀਵਰਸਿਟੀ ਦੇ ਰਜਿਸਟਰਾਰ ਯਜਵੇਂਦਰ ਪਾਲ ਵਰਮਾ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਗੁਰੂ ਨਾਨਕ ਕਾਲਜ ਫ਼ਿਰੋਜ਼ਪੁਰ ਕੈਂਟ ਦੀ ਪ੍ਰਬੰਧਕੀ ਕਮੇਟੀ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਪੇਸ਼ ਕੀਤਾ ਗਿਆ।

ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਯੂਨੀਵਰਸਿਟੀ ਅਤੇ ਪ੍ਰੀਖਿਆ ਕੰਟਰੋਲਰ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਸਾਰੇ ਸੰਬੰਧਤ ਕਾਲਜਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਉਣ ਨੂੰ ਯਕੀਨੀ ਬਣਾਉਣ, ਤਾਂ ਜੋ ਪ੍ਰੀਖਿਆਵਾਂ ਦੀ ਪਾਰਦਰਸ਼ਤਾ ਬਣੀ ਰਹੇ। ਰਜਿਸਟਰਾਰ ਵੱਲੋਂ ਦਾਇਰ ਹਲਫ਼ਨਾਮੇ ਨੂੰ ਰਿਕਾਰਡ 'ਤੇ ਲੈਂਦਿਆਂ ਅਦਾਲਤ ਨੇ ਕਿਹਾ ਕਿ ਹੁਣ ਇਸ ਮਾਮਲੇ ਵਿੱਚ ਹੋਰ ਕਿਸੇ ਹੁਕਮ ਦੀ ਲੋੜ ਨਹੀਂ ਅਤੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ।

## ਦੇਸ਼ ਨੂੰ ਮਿਲੀ ਪਹਿਲੀ ਵੰਦੇ ਮਾਤਰਮ ਸਲੀਪਰ ਰੇਲ ਗੱਡੀ



**ਮਾਲਦਾ** : ਦੇਸ਼ ਨੂੰ ਪਹਿਲੀ ਵੰਦੇ ਮਾਤਰਮ ਸਲੀਪਰ ਰੇਲ ਗੱਡੀ ਮਿਲ ਗਈ ਹੈ, ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਝੰਡੀ ਦਿਖਾਈ। ਇਹ ਰੇਲ ਗੱਡੀ 180 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਸਫਰ ਤੈਅ ਕਰੇਗੀ। ਇਹ ਰੇਲ ਗੱਡੀ ਪੱਛਮੀ ਬੰਗਾਲ ਦੇ ਹਾਵੜਾ ਤੋਂ ਗੁਹਾਟੀ ਦੇ ਕਾਮਾਖਿਆ ਵਿਚਲੀ 958 ਕਿਲੋਮੀਟਰ ਦੀ ਦੂਰੀ 14 ਘੰਟਿਆਂ ਵਿਚ ਤੈਅ ਕਰੇਗੀ। ਰੇਲ ਗੱਡੀ ਵਿਚ 1128 ਯਾਤਰੀ ਯਾਤਰਾ ਕਰ ਸਕਦੇ ਹਨ। ਰੇਲ ਗੱਡੀ ਦੇ 16 ਡੱਬੇ ਹਨ, ਜਿਨ੍ਹਾਂ ਵਿਚੋਂ 11 ਏ ਸੀ, 3 ਟੀਅਰ, ਚਾਰ ਏ ਸੀ 2 ਟੀਅਰ ਤੇ ਇਕ ਫਸਟ ਏ ਸੀ ਡੱਬਾ ਹੋਵੇਗਾ। ਇਸ ਸਲੀਪਰ ਰੇਲ ਗੱਡੀ ਦਾ ਥਰਡ ਏ ਸੀ ਦਾ ਕਿਰਾਇਆ 2300 ਰੁਪਏ ਰੱਖਿਆ ਗਿਆ ਹੈ। ਸੈਕਿੰਡ ਏ ਸੀ ਦਾ ਕਿਰਾਇਆ 3000 ਤੇ ਫਸਟ ਏ ਸੀ ਦਾ ਕਿਰਾਇਆ 3600 ਰੁਪਏ ਹੋਵੇਗਾ। ਇਸ ਰੇਲ ਗੱਡੀ ਵਿਚ ਐਡਵਾਂਸਡ ਸੇਫਟੀ ਫੀਚਰਜ਼ ਹੋਣਗੇ।

ਇਸ ਮੌਕੇ ਰੇਲ ਮੰਤਰੀ ਨੇ ਦੱਸਿਆ ਕਿ ਗੁਹਾਟੀ-ਹਾਵੜਾ ਰੂਟ 'ਤੇ ਹਵਾਈ ਕਿਰਾਇਆ ਆਮ ਤੌਰ 'ਤੇ ਛੇ ਤੋਂ ਅੱਠ ਹਜ਼ਾਰ ਦੇ ਦਰਮਿਆਨ ਹੁੰਦਾ ਹੈ, ਪਰ ਵੰਦੇ ਮਾਤਰਮ ਸਲੀਪਰ ਵਿਚ ਯਾਤਰੀ ਸਿਰਫ 2300 ਰੁਪਏ ਵਿਚ ਸਫਰ ਤੈਅ ਕਰ ਕੇ ਆਪਣੀ ਮੰਜ਼ਲ 'ਤੇ ਪੁੱਜ ਸਕਣਗੇ।

## ਰਾਣਾ ਬਲਾਚੌਰੀਆ ਦਾ ਕਾਤਲ ਢੇਰ

**ਚੰਡੀਗੜ੍ਹ** : ਪ੍ਰਸਿੱਧ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਕਤਲ ਕੇਸ ਵਿੱਚ ਮੁੱਖ ਸ਼ੂਟਰ ਕਰਨ ਡਿਫਾਲਟ ਸ਼ਨੀਵਾਰ ਸਵੇਰੇ ਖਰੜ ਦੇ ਪਿੰਡ ਰੁੜਕੀ ਖਾਮ ਨਜ਼ਦੀਕ ਹੋਏ ਪੁਲਸ ਮੁਕਾਬਲੇ ਵਿੱਚ ਮਾਰਿਆ ਗਿਆ। ਇਸ ਸੰਬੰਧੀ ਪੁਲਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਉਹ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਸ ਨੇ ਸ਼ੁੱਕਰਵਾਰ ਰਾਤ ਸੀ ਆਈ ਏ ਸਟਾਫ ਕੋਲ ਛਾਤੀ ਵਿੱਚ ਦਰਦ ਦੀ ਸ਼ਿਕਾਇਤ ਕੀਤੀ ਸੀ। ਉਸ ਨੂੰ ਸਿਵਲ ਹਸਪਤਾਲ ਖਰੜ ਵਿਖੇ ਲੈ ਜਾਣ ਮੌਕੇ ਧੁੰਦ ਕਾਰਨ ਪੁਲਸ ਦੀ ਗੱਡੀ ਡਿਵਾਈਡਰ 'ਤੇ ਚੜ੍ਹ ਗਈ। ਇਸ ਦੌਰਾਨ ਕਰਨ ਡਿਫਾਲਟ ਮੌਕਾ ਦੇਖਦਿਆਂ ਉੱਥੋਂ ਫਰਾਰ ਹੋ ਗਿਆ ਅਤੇ 6-7 ਘੰਟੇ ਲਾਪਤਾ ਰਿਹਾ। ਇਸੇ ਦੌਰਾਨ ਪੁਲਸ ਨੇ ਚਾਰੇ ਪਾਸੇ ਅਲਰਟ ਘੋਸ਼ਿਤ ਕਰ ਦਿੱਤਾ ਅਤੇ ਉਸ ਦੀ ਭਾਲ ਸ਼ੁਰੂ ਕੀਤੀ। ਪੁਲਸ ਅਨੁਸਾਰ ਉਸ ਨੇ ਅਚਾਨਕ ਪੁਲਸ ਪਾਰਟੀ 'ਤੇ ਹਮਲਾ ਕਰ ਦਿੱਤਾ ਅਤੇ 6-7 ਰੌਂਦ ਫਾਇਰ ਕੀਤੇ।

ਪੁਲਸ ਦੀ ਜਵਾਬੀ ਕਾਰਵਾਈ ਦੌਰਾਨ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਅਤੇ ਹਸਪਤਾਲ ਪਹੁੰਚਣ ਮੌਕੇ ਉਸ ਦੀ ਮੌਤ ਹੋ ਗਈ। ਜ਼ਿਲ੍ਹਾ ਪੁਲਸ ਮੁਖੀ ਹਰਮਨਦੀਪ ਸਿੰਘ ਹੰਸ ਅਤੇ ਹੋਰ ਅਧਿਕਾਰੀ ਮੌਕੇ 'ਤੇ ਪੁੱਜੇ ਹੋਏ ਸਨ।

## ਸੀ ਪੀ ਆਈ ਦੀ ਜ਼ਿਲ੍ਹਾ ਕਾਨਫਰੰਸ ਅੱਜ

**ਸ਼ਾਹਕੋਟ (ਗਿਆਨ ਸੈਦਪੁਰੀ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਜਲੰਧਰ ਦੀ ਜ਼ਿਲ੍ਹਾ ਕਾਨਫਰੰਸ 18 ਜਨਵਰੀ (ਐਤਵਾਰ) ਨੂੰ ਜਲੰਧਰ ਵਿਖੇ ਸਵੇਰੇ 11 ਵਜੇ ਹੋਵੇਗੀ।ਪਾਰਟੀ ਦਫਤਰ (ਕਾਮਰੇਡ ਹਰੀ ਸਿੰਘ ਧੂਤ ਯਾਦਗਾਰ ਹਾਲ) ਵਿੱਚ ਹੋਣ ਵਾਲੀ ਜ਼ਿਲ੍ਹਾ ਕਾਨਫਰੰਸ ਵਿੱਚ ਸੂਬਾ ਸਕੱਤਰ ਬੰਤ ਸਿੰਘ ਬਰਾੜ ਤੇ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਸਰਹਾਲੀ ਕਲਾਂ ਨਿਗਰਾਨ ਵਜੋਂ ਸ਼ਾਮਿਲ ਹੋਣਗੇ।ਇਸ ਮੌਕੇ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਤੇ ਸਤਿਕਾਰਤ ਕਮਿਊਨਿਸਟ ਗਿਆਨ ਸਿੰਘ ਦੁਸਾਂਝ ਅਤੇ ਉਨ੍ਹਾ ਦੀ ਜੀਵਨ ਸਾਥਣ ਚਰਨਜੀਤ ਕੌਰ ਦੁਸਾਂਝ ਨਿਭਾਉਣਗੇ।ਜ਼ਿਲ੍ਹਾ ਸਕੱਤਰ ਰਸ਼ਪਾਲ ਕੈਲੇ ਰਿਪੋਰਟ ਪੇਸ਼ ਕਰਨਗੇ। ਰਿਪੋਰਟ 'ਤੇ ਬਹਿਸ ਹੋਣ ਉਪਰੰਤ ਪਾਰਟੀ ਦੀ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਹੋਵੇਗੀ। ਜ਼ਿਲ੍ਹਾ ਸਕੱਤਰ ਨੇ ਜ਼ਿਲ੍ਹਾ ਭਰ ਦੇ ਚੁਣੇ ਹੋਏ ਡੈਲੀਗੇਟਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਾਨਫਰੰਸ ਵਿੱਚ ਸਮੇਂ ਸਿਰ ਪਹੁੰਚਣ।


## ਭਾਜਪਾ ਧਾਰਮਕ ਅਸਥਿਰਤਾ ਫੈਲਾਉਣ ਦੇ ਯਤਨ 'ਚ : ਭਾਰਦਵਾਜ

**ਨਵੀਂ ਦਿੱਲੀ** : ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਸਨਿੱਚਰਵਾਰ ਕਿਹਾ ਕਿ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਵੱਲੋਂ ਸਿੱਖ ਗੁਰੂਆਂ ਦਾ ਕਥਿਤ ਨਿਰਾਦਰ ਕਰਨ ਵਾਲੀ ਵੀਡੀਓ ਦੀ ਫੋਰੈਂਸਿਕ ਸਾਇੰਸ ਲੈਬਾਰਟਰੀ ਰਿਪੋਰਟ ਆ ਗਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇਹ ਕਲਿੱਪ ਅਸਲੀ ਹੈ ਅਤੇ ਇਸ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ। ਦਿੱਲੀ 'ਆਪ' ਦੇ ਪ੍ਰਧਾਨ ਸੌਰਭ ਭਾਰਦਵਾਜ ਨੇ ਇਸ ਰਿਪੋਰਟ ਨੂੰ ਖਾਰਜ ਕਰਦਿਆਂ ਕਿਹਾ ਕਿ ਇਸ ਵਿੱਚ ਉਸ ਮੁੱਖ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ਕਿ ਕੀ ਆਤਿਸ਼ੀ ਨੇ 'ਗੁਰੂ' ਸ਼ਬਦ ਬੋਲਿਆ ਸੀ। ਉਨ੍ਹਾ ਦਾਅਵਾ ਕੀਤਾ ਕਿ ਆਤਿਸ਼ੀ ਨੇ ਅਜਿਹਾ ਕੋਈ ਸ਼ਬਦ ਨਹੀਂ ਵਰਤਿਆ ਅਤੇ ਭਾਜਪਾ ਇਸ ਵੀਡੀਓ ਰਾਹੀਂ ਧਾਰਮਕ ਅਸਥਿਰਤਾ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਤੋਂ ਪਹਿਲਾਂ 'ਆਪ' ਸ਼ਾਸਤ ਪੰਜਾਬ ਦੀ ਪੁਲਸ ਨੇ ਦਾਅਵਾ ਕੀਤਾ ਸੀ ਕਿ ਉਨ੍ਹਾ ਦੀ ਫੋਰੈਂਸਿਕ ਜਾਂਚ ਵਿੱਚ ਵੀਡੀਓ 'ਡਾਕਟਰਡ' (ਛੇੜਛਾੜ ਕੀਤੀ ਹੋਈ) ਪਾਈ ਗਈ ਸੀ ।

## ਸੰਘਣੀ ਧੁੰਦ ਦੌਰਾਨ ਵੱਖ-ਵੱਖ ਹਾਦਸਿਆਂ 'ਚ 9 ਮੌਤਾਂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਬਠਿੰਡਾ-ਬੀਕਾਨੇਰ ਕੌਮੀ ਮਾਰਗ 'ਤੇ ਸੰਘਣੀ ਧੁੰਦ ਕਾਰਨ ਵਾਪਰੇ ਭਿਆਨਕ ਸੜਕ ਹਾਦਸੇ ਵਿੱਚ ਇਕ ਲੜਕੀ ਸਮੇਤ 5 ਵਿਅਕਤੀਆਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਗੁਜਰਾਤ ਸੂਬੇ ਦੀ ਨੰਬਰ ਪਲੇਟ ਵਾਲੀ ਫਾਰਚੂਨਰ ਗੱਡੀ ਬਠਿੰਡਾ ਤੋਂ ਡੱਬਵਾਲੀ ਵੱਲ ਜਾ ਰਹੀ ਸੀ। ਧੁੰਦ ਦੌਰਾਨ ਦਿਸਣ ਹੱਦ ਘੱਟ ਹੋਣ ਕਾਰਨ ਗੱਡੀ ਚਾਲਕ ਦਾ ਸੰਤੁਲਨ ਵਿਗੜ ਗਿਆ ਅਤੇ ਗੱਡੀ ਸੜਕ ਦੇ ਡਿਵਾਈਡਰ ਨਾਲ ਟਕਰਾ ਗਈ। ਟੱਕਰ ਏਨੀ ਤੇਜ਼ ਸੀ ਕਿ ਗੱਡੀ ਵਿੱਚ ਸਵਾਰ ਪੰਜੇ ਵਿਅਕਤੀਆਂ ਦੀ ਮੌਕੇ 'ਤੇ ਹੀ ਜਾਨ ਚਲੀ ਗਈ।

ਮ੍ਰਿਤਕਾਂ ਦੀ ਉਮਰ 25 ਤੋਂ 30 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ। ਮ੍ਰਿਤਕਾਂ ਦੀ ਪਛਾਣ ਅਰਜੁਨ, ਸਤੀਸ਼, ਜਨਕ, ਭਾਰਤ ਅਤੇ ਅਮਿਤਾ ਵਜੋਂ ਹੋਈ ਹੈ। ਇਹ ਸਾਰੇ ਗੁਜਰਾਤ ਦੇ ਬਨਾਸਕਾਂਠਾ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਇਹ ਨੌਜਵਾਨ ਸ਼ਿਮਲਾ ਯਾਤਰਾ



ਤੋਂ ਬਾਅਦ ਵਾਪਸੀ ਦੌਰਾਨ ਬਠਿੰਡਾ ਰਾਹੀਂ ਡੱਬਵਾਲੀ ਵੱਲ ਜਾ ਰਹੇ ਸਨ।

### 2 ਨੌਜਵਾਨਾਂ ਦੀ ਮੌਤ

**ਜ਼ੀਰਾ (ਰੂਪ ਸਿੰਘ ਸੰਧੂ)** : ਥਾਣਾ ਸਦਰ ਜ਼ੀਰਾ ਅਧੀਨ ਪੈਂਦੇ ਪਿੰਡ ਝਤਰਾ ਅਤੇ ਸੁੱਖੇਵਾਲਾ ਵਿਚਕਾਰ ਚੋਪੜਾ ਕਿਸਾਨ ਸੇਵਾ ਕੇਂਦਰ ਨੇੜੇ ਕਰੀਬ ਸਵੇਰੇ 10.45 ਵਜੇ ਧੁੰਦ ਕਾਰਨ ਟਰੱਕ ਅਤੇ ਮੋਟਰਸਾਈਕਲ ਵਿਚਕਾਰ ਆਹਣੋ-ਸਾਹਮਣੀ ਟੱਕਰ ਵਿੱਚ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨ ਜ਼ੀਰਾ ਤੋਂ ਮੋਗਾ ਵੱਲ ਨੂੰ ਜਾ ਰਹੇ ਸਨ। ਮੋਟਰਸਾਈਕਲ ਦੀ ਪੈਟਰੋਲ ਪੰਪ ਨੇੜੇ ਮੋਗਾ ਵੱਲੋਂ ਸਾਹਮਣੇ ਤੋਂ ਆ ਰਹੇ ਟਰੱਕ ਨੰਬਰ ਪੀ ਬੀ 08 ਏ ਜ਼ੈੱਡ 9645 ਨਾਲ ਭਿਆਨਕ ਟੱਕਰ ਹੋ ਗਈ। ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕਾਂ ਦੀ ਪਛਾਣ ਪਰਮਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਪਿੰਡ ਆਸ਼ੀਕੇ, ਥਾਣਾ ਮੱਲਾਂਵਾਲਾ ਅਤੇ ਸੁਖਮਨ ਸਿੰਘ ਪੁੱਤਰ ਜਤਿੰਦਰ ਸਿੰਘ ਵਾਸੀ ਪਿੰਡ ਬਿਹਾਰੀਪੁਰ ਪੁਲਸ ਚੌਕੀ ਵੈਰੋਵਾਲ, ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ।

### ਦੋ ਔਰਤਾਂ ਦੀ ਮੌਤ

**ਸੁਨਾਮ/ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ/ ਹਾਕਮ ਭੱਟੀ)** : ਇੱਥੋਂ ਨੇੜਲੇ ਪਿੰਡ ਮੌੜਾਂ ਦੀਆਂ ਰਹਿਣ ਵਾਲੀਆਂ ਦੋ ਔਰਤਾਂ

• ਬਾਕੀ ਸਫਾ 2 'ਤੇ

## ਸੁਖਬੀਰ ਨੂੰ ਮਾਣਹਾਨੀ ਮਾਮਲੇ 'ਚ ਜ਼ਮਾਨਤ



**ਚੰਡੀਗੜ੍ਹ** : ਚੰਡੀਗੜ੍ਹ ਦੀ ਇੱਕ ਸਥਾਨਕ ਅਦਾਲਤ ਨੇ ਸ਼ਨੀਵਾਰ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਾਣਹਾਨੀ ਦੇ ਇੱਕ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪਿਛਲੀ ਸੁਣਵਾਈ ਦੌਰਾਨ ਅਦਾਲਤ ਵਿੱਚ ਪੇਸ਼ ਨਾ ਹੋਣ ਕਾਰਨ ਅਦਾਲਤ ਨੇ ਬਾਦਲ ਦੇ ਜ਼ਮਾਨਤੀ ਬਾਂਡ ਰੱਦ ਕਰ ਦਿੱਤੇ ਸਨ ਅਤੇ ਉਨ੍ਹਾ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ। ਵਧੀਕ ਮੁੱਖ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿੱਚ ਹੋਈ ਸੁਣਵਾਈ ਦੌਰਾਨ ਬਾਦਲ ਦੇ ਵਕੀਲਾਂ ਦਮਨਬੀਰ ਸਿੰਘ ਸੋਬਤੀ ਅਤੇ ਅਰਸ਼ਦੀਪ ਸਿੰਘ ਕਲੇਰ ਨੇ ਦਲੀਲ ਦਿੱਤੀ ਕਿ ਇਹ ਕੇਸ ਸਿਆਸੀ ਰੰਜਿਸ਼ ਤਹਿਤ ਦਰਜ ਕੀਤਾ ਗਿਆ ਹੈ। ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਸੁਖਬੀਰ ਸਿੰਘ ਬਾਦਲ ਦੀ ਜ਼ਮਾਨਤ ਮਨਜ਼ੂਰ ਕਰ ਲਈ।

ਇਹ ਮਾਮਲਾ ਜਨਵਰੀ 2017 ਦਾ ਹੈ, ਜਦੋਂ ਧਾਰਮਕ ਜਥੇਬੰਦੀ 'ਅਖੰਡ ਕੀਰਤਨੀ ਜਥਾ' ਦੇ ਬੁਲਾਰੇ ਰਾਜਿੰਦਰ ਪਾਲ ਸਿੰਘ ਨੇ ਸੁਖਬੀਰ ਬਾਦਲ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਅਨੁਸਾਰ ਬਾਦਲ ਨੇ ਕਥਿਤ ਤੌਰ 'ਤੇ ਇਸ ਜਥੇਬੰਦੀ ਨੂੰ ਇੱਕ ਅੱਤਵਾਦੀ ਸਮੂਹ ਦਾ ਸਿਆਸੀ ਚਿਹਰਾ ਦੱਸਿਆ ਸੀ, ਜੋ ਕਿ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਮਾਣਹਾਨੀ ਵਾਲਾ ਬਿਆਨ ਸੀ।

## ਔਰਤ ਨੇ ਬੱਚੀ ਸਮੇਤ ਨਹਿਰ 'ਚ ਮਾਰੀ ਛਾਲ

ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ) ਨਜ਼ਦੀਕੀ ਪਿੰਡ ਜਟਾਣਾ ਦੀ ਇੱਕ ਔਰਤ ਵੱਲੋਂ ਆਪਣੀ ਬੱਚੀ ਸਮੇਤ ਸਰਹਿੰਦ ਨਹਿਰ ਵਿੱਚ ਛਾਲ ਮਾਰ ਦਿੱਤੀ ਗਈ ।ਦੋਵਾਂ ਨੂੰ ਮੌਕੇ 'ਤੇ ਮੌਜੂਦ ਇੱਕ ਟੈਂਪੂ ਚਾਲਕ ਤੇ ਪੁਲਸ ਮੁਲਾਜ਼ਮ ਨੇ ਬਾਹਰ ਕੱਢਿਆ। ਥਾਣਾ ਮੁਖੀ ਰਜਿੰਦਰ ਕੁਮਾਰ ਨੇ ਦੱਸਿਆ ਕਿ ਜਸਪ੍ਰੀਤ ਕੌਰ (26) ਪਤਨੀ ਸੁਖਵਿੰਦਰ ਸਿੰਘ ਪਿੰਡ ਜਟਾਣਾ ਨੇ ਕਿਸੇ ਮਾਨਸਿਕ ਪ੍ਰੇਸ਼ਾਨੀ ਕਾਰਨ ਆਪਣੀ ਦੋ ਸਾਲਾਂ ਦੀ ਬੱਚੀ ਨਿਮਰਤ ਕੌਰ ਸਮੇਤ ਇੱਥੇ ਸਰਹਿੰਦ ਨਹਿਰ ਵਿੱਚ ਛਾਲ ਮਾਰ ਦਿੱਤੀ, ਜਿਸ ਨੂੰ ਦੇਖਦਿਆਂ ਹੀ ਜਿੱਥੇ ਇੱਕ ਟੈਂਪੂ ਚਾਲਕ ਨੇ ਨਹਿਰ ਵਿੱਚ ਛਾਲ ਮਾਰ ਕੇ ਇਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਉੱਥੇ ਹੀ ਇੱਕ ਪੁਲਸ ਮੁਲਾਜ਼ਮ ਭਾਗ ਸਿੰਘ ਨੇ ਆਪਣੀ ਦਸਤਾਰ ਉਤਾਰ ਕੇ ਜਸਪ੍ਰੀਤ ਕੌਰ ਅਤੇ ਉਸ ਦੀ ਬੱਚੀ ਨੂੰ ਬਚਾਉਣ ਲਈ ਨਹਿਰ ਵਿੱਚ ਸੁੱਟ ਕੇ ਮੌਕੇ 'ਤੇ ਹਾਜ਼ਰ ਲੋਕਾਂ ਦੇ ਸਹਿਯੋਗ ਨਾਲ ਦੋਨਾਂ ਨੂੰ ਨਹਿਰ ਵਿੱਚੋਂ ਬਾਹਰ ਕੱਢਿਆ। ਉਨ੍ਹਾ ਦੱਸਿਆ ਉਹ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਜਸਪ੍ਰੀਤ ਕੌਰ ਤੇ ਨਿਮਰਤ ਕੌਰ ਨੂੰ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਚੈੱਕ ਕਰਨ ਉਪਰੰਤ ਜਸਪ੍ਰੀਤ ਕੌਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ, ਜਦੋਂ ਕਿ ਨਿਮਰਤ ਕੌਰ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਸਰਕਾਰੀ ਹਸਪਤਾਲ ਮੁਹਾਲੀ ਵਿਖੇ ਭੇਜ ਦਿੱਤਾ ।

ਥਾਣਾ ਮੁਖੀ ਨੇ ਪੁਲਸ ਮੁਲਾਜ਼ਮ ਭਾਗ ਸਿੰਘ ਅਤੇ ਟੈਂਪੂ ਚਾਲਕ ਵੱਲੋਂ ਵਿਖਾਈ ਬਹਾਦਰੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਨ੍ਹਾਂ ਦੋਵਾਂ ਨੂੰ ਗਣਤੰਤਰ ਦਿਵਸ 'ਤੇ ਸਨਮਾਨਤ ਕਰਨ ਦੀ ਸਿਫਾਰਿਸ਼ ਕੀਤੀ ਜਾਵੇਗੀ।

## ਫੋਰੈਂਸਿਕ ਰਿਪੋਰਟ ਅਦਾਲਤੀ ਰਿਕਾਰਡ ਦਾ ਹਿੱਸਾ, ਸਿਆਸੀ ਰਾਏ ਨਹੀਂ

### 'ਆਪ' ਦੀ ਜਾਖੜ ਤੇ ਪਰਗਟ ਨੂੰ ਚੇਤਾਵਨੀ



**ਚੰਡੀਗੜ੍ਹ** : ਆਮ ਆਦਮੀ ਪਾਰਟੀ ਨੇ ਭਾਜਪਾ ਅਤੇ ਕਾਂਗਰਸ ਆਗੂਆਂ ਵੱਲੋਂ 'ਆਪ' ਨੇਤਾ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੇ ਛੇੜਛਾੜ ਵਾਲੇ ਵੀਡੀਓ ਨਾਲ ਸੰਬੰਧਤ ਮਾਮਲੇ ਵਿੱਚ ਅਦਾਲਤ ਦੁਆਰਾ ਫੋਰੈਂਸਿਕ ਰਿਪੋਰਟ ਦੇ ਅਧਾਰ 'ਤੇ ਜਾਰੀ ਕੀਤੇ ਹੁਕਮਾਂ 'ਤੇ ਸ਼ੱਕ ਜਤਾ ਕੇ ਜਨਤਾ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਪ੍ਰਧਾਨ ਅਮਨ ਅਰੋੜਾ ਨੇ ਪੰਜਾਬ ਪੁਲਸ ਦੀ ਫੋਰੈਂਸਿਕ ਰਿਪੋਰਟ 'ਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਇਹ ਮੁੱਦਾ ਹੁਣ ਸਿਆਸੀ ਅਸਹਿਮਤੀ ਤੋਂ ਕਿਤੇ ਅੱਗੇ ਵਧ ਚੁੱਕਾ ਹੈ ਅਤੇ ਇਹ ਸਿੱਧੇ ਤੌਰ 'ਤੇ ਅਦਾਲਤੀ ਹੁਕਮਾਂ ਨੂੰ ਚੁਣੌਤੀ ਦੇਣ ਦੇ ਬਰਾਬਰ ਹੈ।ਅਰੋੜਾ ਨੇ ਸਪੱਸ਼ਟ ਕੀਤਾ ਕਿ ਮਾਣਯੋਗ ਅਦਾਲਤ ਨੇ ਸਟੇਟ ਫੋਰੈਂਸਿਕ ਸਾਇੰਸ ਲੈਬਾਰਟਰੀ ਵੱਲੋਂ ਪੇਸ਼ ਕੀਤੀਆਂ ਫੋਰੈਂਸਿਕ ਰਿਪੋਰਟਾਂ ਦੀ ਜਾਂਚ ਕਰਨ ਤੋਂ ਬਾਅਦ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਵਾਇਰਲ ਹੋਈ ਵੀਡੀਓ ਨਾਲ ਛੇੜਛਾੜ ਕੀਤੀ ਗਈ ਸੀ ਅਤੇ ਅਸਲ ਆਡੀਓ ਵਿੱਚ ਕੋਈ ਵੀ ਇਤਰਾਜ਼ਯੋਗ ਸ਼ਬਦ ਮੌਜੂਦ ਨਹੀਂ ਸੀ। ਇਸੇ ਸਿੱਟੇ ਦੇ ਆਧਾਰ 'ਤੇ ਅਦਾਲਤ ਨੇ ਵੀਡੀਓ ਨੂੰ ਹਟਾਉਣ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬਲਾਕ ਕਰਨ ਦੇ ਹੁਕਮ ਦਿੱਤੇ ਸਨ।

ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਗੱਲਾਂ ਦਾ ਜਵਾਬ ਦਿੰਦਿਆਂ 'ਆਪ' ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਝੂਠੇ ਬਿਰਤਾਂਤ ਨੂੰ ਦੁਹਰਾਉਣ ਨਾਲ ਅਦਾਲਤੀ ਤੱਥ ਨਹੀਂ ਬਦਲ ਸਕਦੇ। ਉਨ੍ਹਾ ਕਿਹਾ ਕਿ ਅਦਾਲਤ ਨੇ ਫੋਰੈਂਸਿਕ ਸਬੂਤਾਂ ਦੀ ਜਾਂਚ ਕੀਤੀ ਅਤੇ ਆਪਣਾ ਨਤੀਜਾ ਦਰਜ ਕੀਤਾ।

ਕਾਂਗਰਸੀ ਆਗੂ ਪਰਗਟ ਸਿੰਘ ਦੇ ਬਿਆਨ 'ਤੇ

• ਬਾਕੀ ਸਫਾ 2 'ਤੇ

## ਚੰਡੀਗੜ੍ਹ 'ਚ ਭਲਕ ਤੋਂ ਖੁੱਲ੍ਹਣਗੇ ਸਕੂਲ

**ਚੰਡੀਗੜ੍ਹ** : ਚੰਡੀਗੜ੍ਹ ਸਿੱਖਿਆ ਵਿਭਾਗ ਨੇ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਾਰੇ ਸਕੂਲਾਂ ਨੂੰ ਮੁੜ ਖੋਲ੍ਹਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਵਿਭਾਗ ਅਨੁਸਾਰ ਸੋਮਵਾਰ 19 ਜਨਵਰੀ ਤੋਂ ਅਕਾਦਮਿਕ ਗਤੀਵਿਧੀਆਂ ਮੁੜ ਸ਼ੁਰੂ ਹੋਣਗੀਆਂ। ਸਕੂਲ ਸਿੱਖਿਆ ਨਿਰਦੇਸ਼ਕ ਨਿਤੀਸ਼ ਸਿੰਗਲਾ ਦੇ ਨਿਰਦੇਸ਼ਾਂ ਤਹਿਤ ਸਕੂਲਾਂ ਦੇ ਸਮੇਂ ਵਿੱਚ 23 ਜਨਵਰੀ ਤੱਕ ਅਸਥਾਈ ਤਬਦੀਲੀ ਕੀਤੀ ਗਈ ਹੈ। ਨਵੇਂ ਟਾਈਮ ਟੇਬਲ ਅਨੁਸਾਰ ਸਿੰਗਲ ਸ਼ਿਫਟ ਵਾਲੇ ਸਕੂਲਾਂ ਵਿੱਚ ਸਟਾਫ਼ ਦਾ ਸਮਾਂ ਸਵੇਰੇ 8:45 ਤੋਂ ਦੁਪਹਿਰ 2:45 ਵਜੇ ਤੱਕ ਅਤੇ ਵਿਦਿਆਰਥੀਆਂ ਦਾ ਸਮਾਂ ਸਵੇਰੇ 9:00 ਤੋਂ ਦੁਪਹਿਰ 2:30 ਵਜੇ ਤੱਕ ਹੋਵੇਗਾ।

## ਅੱਜ-ਨਾਮਾ

ਗਹਿਗੱਚ ਭੇੜ ਬੰਗਾਲ ਵਿੱਚ ਹੋਊ ਲੱਗਦਾ,
ਵਿੰਹਦਾ ਸਾਰਾ ਕੁਝ ਪਿਆ ਈ ਦੇਸ਼ ਬੇਲੀ।
ਟੀਮਾਂ ਕੇਂਦਰ ਦੀਆਂ ਦੌੜੀਆਂ ਜਾਣ ਓਧਰ,
ਕੇਸ ਘੜਨ ਲਈ ਲਾਈ ਪਈ ਰੇਸ ਬੇਲੀ।
ਹਾਈ ਕੋਰਟ ਵੱਲ ਮਮਤਾ ਸਰਕਾਰ ਜਾਵੇ,
ਸੁਪਰੀਮ ਕੋਰਟ ਦੇ ਹੁੰਦੀ ਆ ਪੇਸ਼ ਬੇਲੀ।
ਕੇਂਦਰ ਸਰਕਾਰ ਵਕੀਲ ਆ ਪੇਸ਼ ਕਰਦੀ,
ਵਧ ਰਿਹਾ ਦਿੱਸੇ ਇਹ ਹੋਰ ਕਲੇਸ਼ ਬੇਲੀ।
ਵਕਤ ਬਹੁਤਾ ਨਾ ਚੋਣ ਲਈ ਰਿਹਾ ਬਾਕੀ,
ਠਿੱਬੀ ਲਾਉਣ ਦੀ ਚੱਲੀ ਹੋਈ ਗੱਲ ਬੇਲੀ।
ਖਹਿਬੜ ਜਿੰਦਾਂ ਦੀ ਛਿੜੀ ਬੰਗਾਲ ਅੰਦਰ,
ਸਕਦੇ ਨਿਯਮ-ਕਾਨੂੰਨ ਨਹੀਂ ਠੱਲ੍ਹ ਬੇਲੀ।

-ਤੀਸ ਮਾਰ ਖਾਂ

## ਨਵੇਂ ਵਰ੍ਹੇ ਦੀਆਂ ਸਰਗਰਮੀਆਂ ਉਲੀਕਣ ਬਾਰੇ ਵਿਚਾਰ-ਚਰਚਾ



**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਤੇ ਸੱਭਿਆਚਾਰਕ ਵਿੰਗ ਦੇ ਨਾਲ਼ ਜੁੜੇ ਅਤੇ ਵੱਖ-ਵੱਖ ਮੇਲਾ ਪ੍ਰਬੰਧਕੀ ਕਮੇਟੀਆਂ ਅਤੇ ਸਮੇਂ-ਸਮੇਂ ਦੀਆਂ ਸਰਗਰਮੀਆਂ ਵਿੱਚ ਸਹਿਯੋਗੀ ਮੋਢਾ ਲਾਉਣ ਵਾਲੇ ਸਾਹਿਤ/ ਸੱਭਿਆਚਾਰ ਅਤੇ ਕਲਾ ਜਗਤ ਨਾਲ਼ ਜੁੜੇ ਕਾਮਿਆਂ ਦੀ ਮੀਟਿੰਗ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਈ। ਇਸ ਮੀਟਿੰਗ 'ਚ ਹਾਜ਼ਰ ਮੈਂਬਰਾਂ ਨੇ ਬਹੁਤ ਹੀ ਅਮੁੱਲੇ ਵਿਚਾਰ ਅਤੇ ਸੁਝਾਅ ਸਾਂਝੇ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਨਿਰਧਾਰਤ ਮਾਰਗ ਸੇਧ ਦੀ ਰੌਸ਼ਨੀ ਵਿੱਚ ਇਸ ਵਰ੍ਹੇ ਦੀਆਂ ਸਰਗਰਮੀਆਂ ਦਾ ਕੈਲੰਡਰ ਤਿਆਰ ਕਰਨ ਦਾ ਖ਼ਾਕਾ ਸਰਬਸੰਮਤੀ ਨਾਲ ਤਿਆਰ ਕੀਤਾ।

ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਵੇਂ ਵਰ੍ਹੇ ਦੀਆਂ ਸਰਗਰਮੀਆਂ ਦੇ ਖਾਕੇ ਉਪਰ ਰੌਸ਼ਨੀ ਪਾਈ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਸਭ ਨੂੰ ਜੀ ਆਇਆਂ ਅਤੇ ਨਵੇਂ ਵਰ੍ਹੇ ਦੀਆਂ ਮੁਬਾਰਕਾਂ ਦਿੰਦਿਆਂ ਸੱਭਿਆਚਾਰਕ ਸਰਗਰਮੀਆਂ ਲਈ ਨਵੀਆਂ ਪੁਲਾਂਘਾਂ ਭਰਨ ਦਾ ਸੱਦਾ ਦਿੱਤਾ। ਇਹ ਵਿਚਾਰਿਆ ਗਿਆ ਕਿ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹਰ ਮਹੀਨੇ ਵੱਖ-ਵੱਖ ਵਿਧਾਵਾਂ ਵਿੱਚ ਨਿਰੰਤਰ ਸਰਗਰਮੀਆਂ ਨੂੰ ਅੰਜ਼ਾਮ ਦਿੱਤਾ ਜਾਏਗਾ। ਇਹਨਾਂ ਵਿੱਚ ਭਖ਼ਵੇਂ ਮੁੱਦਿਆਂ 'ਤੇ ਵਿਚਾਰ-ਚਰਚਾ, ਸ਼ਖ਼ਸੀਅਤਾਂ ਨਾਲ ਰੂਬਰੂ, ਪੁਸਤਕ ਪੜਚੋਲ ਅਤੇ ਜਾਣ-ਪਹਿਚਾਣ, ਰੰਗਮੰਚ, ਗੀਤ-ਸੰਗੀਤ, ਚਿੱਤਰ/ ਫੋਟੋ ਕਲਾ, ਫ਼ਿਲਮ ਸ਼ੋਅ, ਵੰਨ-ਸੁਵੰਨੀਆਂ ਕਲਾ ਵਰਕਸ਼ਾਪਾਂ, ਨਵੀਂ ਪਨੀਰੀ ਅਤੇ ਚੜ੍ਹਦੀ ਜੁਆਨੀ ਨੂੰ ਦੇਸ਼ ਭਗਤ, ਵਿਗਿਆਨਕ, ਜਮਹੂਰੀ ਦ੍ਰਿਸ਼ਟੀ ਤੋਂ ਆਪਣੇ ਮਾਣਮੱਤੇ ਇਤਿਹਾਸ ਅਤੇ ਵਿਰਾਸਤ ਨਾਲ ਜੋੜਨ, ਉਸ ਨੂੰ ਅਪਨਾਉਣ ਅਤੇ ਗ਼ਦਰ ਲਹਿਰ ਦੇ ਸਿਰਜਕਾਂ ਦੇ ਸੁਪਨੇ ਸਾਕਾਰ ਕਰਨ ਲਈ ਆਪਣਾ ਯੋਗਦਾਨ ਪਾਉਣ ਵਾਸਤੇ ਤਿਆਰ ਹੋਣ ਲਈ ਪ੍ਰੇਰਤ ਕੀਤਾ ਜਾਏਗਾ।

ਇਹ ਸਰਬਸਾਂਝਾ ਵਿਚਾਰ ਵੀ ਬਣਿਆ ਕਿ 24 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਟਰੱਸਟ ਦੀ ਮੀਟਿੰਗ ਵਿੱਚ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ 1926-2026 ਮਨਾਉਣ ਦੇ ਸਮਾਗਮਾਂ ਵਿੱਚ ਸੱਭਿਆਚਾਰਕ ਵਿੰਗ ਨਾਲ ਜੁੜੇ ਕਾਮੇ ਹਰ ਸੰਭਵ ਢੰਗ ਨਾਲ ਸਾਲ ਭਰ ਦੀ ਮੁਹਿੰਮ ਨੂੰ ਸਫ਼ਲ ਕਰਨ ਲਈ ਆਪਣਾ ਭਰਵਾਂ ਯੋਗਦਾਨ ਪਾਉਣਗੇ ਅਤੇ ਇਸ ਸੰਬੰਧੀ ਫਰਵਰੀ ਵਿੱਚ ਹੋਣ ਵਾਲੇ ਵਿਸ਼ੇਸ਼ ਸਮਾਗਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਿਆ ਜਾਏਗਾ। ਮੀਟਿੰਗ 'ਚ ਇਹ ਵਿਚਾਰ ਵੀ ਬਣਿਆ ਕਿ 8 ਮਾਰਚ ਕੌਮਾਂਤਰੀ ਔਰਤ ਦਿਹਾੜਾ, 27 ਮਾਰਚ ਵਿਸ਼ਵ ਰੰਗਮੰਚ ਦਿਹਾੜਾ ਅਤੇ 21 ਅਪ੍ਰੈਲ ਗ਼ਦਰ ਪਾਰਟੀ ਸਥਾਪਨਾ ਦਿਹਾੜਾ ਸਮਾਗਮ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਮਨਾਉਣ ਲਈ ਸਾਹਿਤ ਅਤੇ ਕਲਾ ਖੇਤਰ ਵਿੱਚ ਸਰਗਰਮ ਸਮੂਹ ਸੰਸਥਾਵਾਂ ਅਤੇ ਵਿਅਕਤੀਆਂ ਦਾ ਸਹਿਯੋਗ ਲਿਆ ਜਾਏਗਾ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਬੱਬਰ ਅਕਾਲੀ ਅਤੇ ਗ਼ਦਰ ਲਹਿਰ ਦੇ ਇਤਿਹਾਸ, ਨਾਇਕਾਂ, ਨਾਇਕਾਵਾਂ ਨਾਲ ਜੁੜੇ ਪਿੰਡਾਂ ਦੇ ਨੁਮਾਇੰਦਿਆਂ ਦੀ ਦੇਸ਼ ਭਗਤ ਯਾਦਗਾਰ ਹਾਲ 'ਚ ਵਿਸ਼ੇਸ਼ ਸਾਂਝੀ ਮੀਟਿੰਗ ਕੀਤੀ

• ਬਾਕੀ ਸਫਾ 2 'ਤੇ

## ਨੌਜਵਾਨਾਂ ਦੀਆਂ ਲਾਸ਼ਾਂ ਮਿਲਣ 'ਤੇ ਸੜਕ 'ਤੇ ਧਰਨਾ, ਲੱਗਾ ਜਾਮ



**ਭੋਗਪੁਰ** : ਭੋਗਪੁਰ ਨੇੜੇ ਦੋ ਨੌਜਵਾਨਾਂ ਦੀਆਂ ਲਾਸ਼ਾਂ ਬਰਾਮਦ ਹੋਣ 'ਤੇ ਮ੍ਰਿਤਕ ਨੌਜਵਾਨਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਕਤਲ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਨ ਦੀ ਮੰਗ ਨੂੰ ਲੈ ਕੇ ਥਾਣਾ ਭੋਗਪੁਰ ਸਾਹਮਣੇ ਜਲੰਧਰ-ਪਠਾਨਕੋਟ ਰੋਡ ਉਪਰ ਜਾਮ ਲਗਾ ਦਿੱਤਾ ਗਿਆ। ਆਰੀਅਨ (17) ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਗੇਹਲੜਾਂ ਥਾਣਾ ਭੋਗਪੁਰ ਅਤੇ ਅਰਸ਼ (17) ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਭੂੰਦੀਆਂ ਥਾਣਾ ਭੋਗਪੁਰ ਦੀਆਂ ਲਾਸ਼ਾਂ ਪਿੰਡ ਬਹਿਰਾਮ ਸਰਿਸ਼ਤਾ ਨੇੜੇ ਖੇਤਾਂ 'ਚੋਂ ਮਿਲੀਆਂ ਹਨ। ਲਾਸ਼ਾਂ 'ਤੇ ਕੋਈ ਜ਼ਿਆਦਾ ਸੱਟ ਦੇ ਨਿਸ਼ਾਨ ਨਹੀਂ ਸਨ। ਪਰਵਾਰਕ ਮੈਂਬਰਾਂ ਅਨੁਸਾਰ ਬੀਤੀ 15 ਜਨਵਰੀ ਨੂੰ ਉਨ੍ਹਾਂ ਦੇ ਲੜਕਿਆ ਨੂੰ ਇਕ ਨੌਜਵਾਨ ਸਾਗਰ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਗੇਹਲੜਾਂ, ਥਾਣਾ ਭੋਗਪੁਰ, ਪਿੰਡ ਭੂੰਦੀਆਂ ਵਿਖੇ ਇਕ ਪਾਰਟੀ 'ਤੇ ਲੈ ਗਿਆ ਸੀ। ਸ਼ੁੱਕਰਵਾਰ ਦੇਰ ਰਾਤ

• ਬਾਕੀ ਸਫਾ 2 'ਤੇ

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਧਰਨਾ ਤੇ ਪ੍ਰਦਰਸ਼ਨ







**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਸੱਦੇ ਤਹਿਤ ਭਾਰਤ ਦੇ ਸਾਰੇ ਜ਼ਿਲ੍ਹਿਆਂ 'ਚ ਡੀ ਸੀ ਦਫਤਰਾਂ ਅੱਗੇ ਰੋਸ ਧਰਨੇ ਦਿੱਤੇ ਗਏ।ਇਸੇ ਕੜੀ ਤਹਿਤ ਮਾਨਸਾ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਾਨਸਾ ਵਿਖੇ ਹਜ਼ਾਰਾਂ ਦੀ ਗਿਣਤੀ 'ਚ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਮਨਰੇਗਾ ਮਜ਼ਦੂਰਾਂ ਸਮੇਤ ਪੱਤਰਕਾਰ ਜਥੇਬੰਦੀਆਂ ਵੱਲੋਂ ਵਿਸ਼ਾਲ ਧਰਨਾ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ।ਧਰਨੇ 'ਚ ਵੱਖ ਵੱਖ ਬੁਲਾਰਿਆਂ ਵੱਲੋਂ ਬਿਜਲੀ ਸੋਧ ਬਿੱਲ 2025, ਚਾਰ ਲੇਬਰ ਕੋਡ, ਬੀਜ ਬਿੱਲ 2025, ਮਨਰੇਗਾ ਨੂੰ ਰੱਦ ਕਰਕੇ ਨਵੇਂ ਲਿਆਂਦੇ ਗਏ ਵੀ ਬੀ ਜੀ ਰਾਮ ਜੀ ਐਕਟ ਤੇ ਕੀਤੀਆਂ ਗਈਆਂ ਸੋਧਾਂ ਵਾਪਸ ਲੈਣ ਅਤੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਕਿਸਾਨਾਂ ਮਜ਼ਦੂਰਾਂ ਲਈ ਪੂਰੇ ਮੁਆਵਜ਼ੇ ਦੀ ਮੰਗ ਕੇਂਦਰ ਤੇ ਸੂਬਾ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ।ਆਗੂਆਂ ਨੇ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਖ਼ਤਮ ਕੀਤਾ ਜਾਵੇ ਤੇ ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਕਿਸਾਨਾਂ ਦੀਆਂ ਜਿਣਸਾਂ ਦੇ ਭਾਅ ਤੈਅ ਕੀਤੇ ਜਾਣ, ਲਖੀਮਪੁਰ ਖੀਰੀ ਕਾਂਡ ਨਾਲ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿੱਤਾ ਜਾਵੇ ਤੇ ਕਿਸਾਨਾਂ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।ਧਰਨੇ ਵਿੱਚ ਔਰਤਾਂ ਨੇ ਵੀ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।ਰੋਸ ਪ੍ਰਦਰਸ਼ਨ ਤੇ ਧਰਨੇ ਨੂੰ ਸੰਬੋਧਨ ਕਰਨ ਵਾਲਿਆਂ 'ਚ ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਭਾਕਿਯੂ ਏਕਤਾ ਡਕੌਂਦਾ ਦੇ ਲਖਵੀਰ ਸਿੰਘ ਅਕਲੀਆ, ਭਾਕਿਯੂ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਕਰਨੈਲ ਸਿੰਘ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਸਿੰਘ ਫਫੜੇ, ਭਾਕਿਯੂ ਮਾਲਵਾ ਦੇ ਤਰਸੇਮ ਸਿੰਘ ਹੀਰਕੇ, ਸੀਟੂ ਦੇ ਜਸਵੰਤ ਸਿੰਘ, ਭਾਕਿਯੂ ਕਾਦੀਆਂ ਦੇ ਕੁਲਦੀਪ ਸਿੰਘ ਚੱਕ ਭਾਈਕੇ, ਦਿਹਾਤੀ ਮਜ਼ਦੂਰ ਸਭਾ ਦੇ ਆਤਮਾ ਰਾਮ ਸਦਰੂਲਗੜ੍ਹ, ਮਜ਼ਦੂਰ ਮੁਕਤੀ ਮੋਰਚਾ ਦੇ ਬਲਵਿੰਦਰ ਸਿੰਘ ਘਰਾਂਗਣਾ, ਭਾਕਿਯੂ ਲੱਖੋਵਾਲ ਦੇ ਨਿਰਮਲ ਸਿੰਘ ਝੰਡੂਕੇ, ਆਲ ਇੰਡੀਆ ਸੈਂਟਰਲ ਕੌਂਸਲ ਟਰੇਡ ਯੂਨੀਅਨ ਦੇ ਰਾਜਵਿੰਦਰ ਸਿੰਘ ਰਾਣਾ, ਡੈਮੋਕ੍ਰੇਟਿਕ ਮਨਰੇਗਾ ਫਰੰਟ ਦੇ ਗੁਰਮੇਲ ਸਿੰਘ ਅੱਕਾਂਵਾਲੀ, ਜੰਗਲਾਤ ਮਜ਼ਦੂਰ ਯੂਨੀਅਨ ਦੇ ਅਜੈਬ ਸਿੰਘ, ਪੰਜਾਬ ਸਟੂਡੈਂਟ ਯੂਨੀਅਨ ਦੇ ਅਰਵਿੰਦਰ ਕੌਰ, ਟੇਟ ਦੇ ਕੁਲਵਿੰਦਰ ਸਿੰਘ ਉਡਤ, ਆਰਟੀਆਈ ਐਕਟੀਵਿਸਟ ਮਾਣਕ ਗੋਇਲ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੀਸਨ ਕੁਮਾਰ, ਟਰਾਂਸਪੋਰਟ ਠੇਕਾ ਵਰਕਰ ਯੂਨੀਅਨ ਦੇ ਰਾਜੇਸ਼ ਕੁਮਾਰ, ਪੀ ਐੱਸ ਸੀ ਓ ਭੰਗਲ ਦੇ ਸਤਵਿੰਦਰ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਦੇ ਕ੍ਰਿਸ਼ਨ ਚੌਹਾਨ, ਭਾਕਿਯੂ ਮਾਨਸਾ 'ਚ ਬੋਘ ਸਿੰਘ ਮਾਨਸਾ, ਬਿਜਲੀ ਬੋਰਡ ਦੇ ਭਰਿੰਦਰ ਸਿੰਘ ਲਾਡੀ, ਭਾਕਿਯੂ ਡਕੌਂਦਾ ਦੇ ਮੁਖਵਿੰਦਰ ਸਿੰਘ ਸੱਦਾ ਸਿੰਘ ਵਾਲਾ, ਟਰੇਡ ਯੂਨੀਅਨ ਸੀਟੂ ਦੇ ਸਵਰਨਜੀਤ ਸਿੰਘ ਦਲਿਓ, ਫਰਦ ਕੇਂਦਰ ਯੂਨੀਅਨ ਦੇ ਰਮਨਦੀਪ ਸਿੰਘ, ਪਾਵਰਕਾਮ ਦੇ ਅਮਰਜੀਤ ਸਿੰਘ, ਵਿਦਿਆਰਥੀ ਆਗੂ ਸੁਖਜੀਤ ਸਿੰਘ ਰਾਮਾਨੰਦੀ ਤੇ ਵੀਰਪਾਲ ਕੌਰ ਆਦਿ ਨੇ ਸੰਬੋਧਨ ਕੀਤਾ।

**ਫਿਰੋਜ਼ਪੁਰ (ਗੁਰਬਚਨ ਸਿੰਘ)** : ਸੰਯੁਕਤ ਕਿਸਾਨ ਮੋਰਚਾ, ਮੁਲਾਜ਼ਮ, ਮਜ਼ਦੂਰ, ਵਿਦਿਆਰਥੀ, ਨੌਜਵਾਨ ਤੇ ਹੋਰ ਜਨਤਕ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਧਰਨਾ ਦਿੱਤਾ।ਇਸ ਧਰਨੇ ਵਿੱਚ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਤੇ ਆਪਣੀਆਂ ਮੰਗਾਂ ਲਈ ਆਵਾਜ਼ ਬੁਲੰਦ ਕੀਤੀ।ਸਾਰੇ ਬੁਲਾਰਿਆਂ ਨੇ ਬਿਜਲੀ ਸੋਧ ਬਿੱਲ ਰੱਦ ਕਰਨ, ਬੀਜ ਬਿੱਲ ਰੱਦ ਕਰਨ, ਮੁਕਤ ਵਪਾਰ ਸਮਝੌਤਿਆਂ ਵਿੱਚੋਂ ਖੇਤੀ ਤੇ ਲਾਗਵੇਂ ਖੇਤਰਾਂ ਨੂੰ ਬਾਹਰ ਰੱਖਣਾ, ਚਾਰ ਲੇਬਰ ਕੋਡ ਰੱਦ ਕਰਨਾ, ਸਾਰੀਆਂ ਫਸਲਾਂ ਦੀ ਐੱਮਐੱਸਪੀ ਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਖਰੀਦ ਨੂੰ ਯਕੀਨੀ ਬਣਾਉਣਾ, ਕਿਸਾਨਾਂ ਮਜ਼ਦੂਰਾਂ ਦਾ ਸਾਰਾ ਕਰਜ਼ਾ ਰੱਦ ਕਰਨਾ, ਕਿਸਾਨਾਂ ਤੇ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਪੂਰੀ ਹੋਣ 'ਤੇ 10,000 ਰੁਪਏ ਮਹੀਨਾ ਪੈਨਸ਼ਨ ਦੇਣ ਦੀ ਮੰਗ ਕੀਤੀ।ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਤੋਂ ਦਲਵਿੰਦਰ ਸਿੰਘ ਸ਼ੇਰਖਾਂ, ਬੀਕੇਯੂ ਰਾਜੇਵਾਲ ਤੋਂ ਪ੍ਰਗਟ ਸਿੰਘ ਮੱਖੂ, ਬੀਕੇਯੂ ਪੰਜਾਬ ਤੋਂ ਗੁਰਵਿੰਦਰ ਸਿੰਘ ਢਿੱਲੋਂ, ਬੀਕੇਯੂ ਕਾਦੀਆਂ ਤੋਂ ਗੁਰਦਿਤ ਸਿੰਘ ਘਰਿਆ, ਕੁਲ ਹਿੰਦ ਕਿਸਾਨ ਸਭਾ ਤੋਂ ਸ਼ਬਾਰ ਸਿੰਘ, ਬੀਕੇਯੂ ਡਕੌਂਦਾ ਬੁਰਜਗਿੱਲ ਤੋਂ ਸੂਰਜ ਪ੍ਰਕਾਸ਼ ਬਾਜੇਕੇ, ਕਿਸਾਨ ਸੰਘਰਸ਼ ਕਮੇਟੀ ਤੋਂ ਸੁਖਦੇਵ ਸਿੰਘ ਅਰਾਈਆਂ ਵਾਲਾ, ਬੀਕੇਯੂ ਡਕੌਂਦਾ ਧਨੇਰ ਤੋਂ ਜਗੀਰ ਸਿੰਘ, ਬੀਕੇਯੂ ਮਾਨਸਾ ਤੋਂ ਪ੍ਰਗਟ ਸਿੰਘ, ਬੀਕੇਯੂ ਉਗਰਾਹਾਂ ਤੋਂ ਮਹਿੰਦਰ ਸਿੰਘ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਤੋਂ ਮਲਕੀਤ ਹਰਾਜ, ਬੀਕੇਯੂ ਲੱਖੋਵਾਲ ਤੋਂ ਗੁਰਮੀਤ ਸਿੰਘ ਮੋਹਨਵਾਲੀ, ਟੀਐੱਸਯੂ ਤੋਂ ਕਲਵੰਤ ਸਿੰਘ, ਪੀਐੱਸਈਬੀ ਫੈਡਰੇਸ਼ਨ ਤੋਂ ਰਾਕੇਸ਼ ਸੈਣੀ, ਸਭ ਭਾਰਤ ਨੌਜਵਾਨ ਸਭਾ ਤੋਂ ਚਰਨਜੀਤ ਛਾਂਗਾਰਾਏ, ਠੇਕਾ ਮੁਲਾਜ਼ਮ ਯੂਨੀਅਨ ਤੋਂ ਵਿਸ਼ਾਲ ਤੇਜੀ, ਪੈਨਸ਼ਨਰ ਐਸੋਸੀਏਸ਼ਨ ਤੋਂ ਰਾਕੇਸ਼ ਸ਼ਰਮਾ, ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਤੋਂ ਕੇਵਲ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਸੰਯੁਕਤ ਕਿਸਾਨ ਮੋਰਚੇ ਦੇ ਕੌਮੀ ਸੱਦੇ ਤਹਿਤ ਪਟਿਆਲਾ ਵਿਖੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਵਿਸ਼ਾਲ ਰੈਲੀ ਕੀਤੀ ਗਈ।ਇਸ ਰੋਸ ਪ੍ਰਦਰਸ਼ਨ ਵਿੱਚ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਵਿਦਿਆਰਥੀ ਜਥੇਬੰਦੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਰੈਲੀ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਕਈ ਵਿਵਾਦਿਤ ਬਿੱਲਾਂ ਨੂੰ ਰੱਦ ਕਰਵਾਉਣ ਲਈ ਕੀਤੀ ਗਈ, ਜਿਨ੍ਹਾਂ ਵਿੱਚ ਬਿਜਲੀ ਸੋਧ ਬਿੱਲ 2025 ਜਨਤਕ ਖੇਤਰ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ, ਬੀਜ ਬਿੱਲ 2025 ਰਾਹੀਂ ਖੇਤੀਬਾੜੀ ਨੂੰ ਕਾਰਪੋਰੇਟ ਘਰਾਣਿਆਂ ਦੇ ਅਧੀਨ ਕਰਨ ਦੀ ਨੀਤੀ, ਜੀ ਰਾਮ ਜੀ ਸਕੀਮ ਨਾਲ ਸਰਕਾਰ ਵੱਲੋਂ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟਣ ਤੇ ਚਾਰ ਲੇਬਰ ਕੋਡ ਨਾਲ ਮਜ਼ਦੂਰਾਂ ਦੇ ਜਮਹੂਰੀ ਹੱਕਾਂ ਨੂੰ ਖ਼ਤਮ ਕਰਨ ਦੀ ਨੀਤੀ ਲਿਆਂਦੀ ਜਾ ਰਹੀ ਹੈ।ਰੈਲੀ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ ਤੇ ਪਬਲਿਕ ਸੈਕਟਰ ਨੂੰ ਕਾਰਪੋਰੇਟ ਕੰਪਨੀਆਂ ਨੂੰ ਵੇਚਣ ਦੀ ਤਿਆਰੀ ਵਿੱਚ ਹੈ।ਇਸ ਨੂੰ ਸੰਯੁਕਤ ਕਿਸਾਨ ਮੋਰਚਾ ਬਰਦਾਸ਼ਤ ਨਹੀਂ ਕਰੇਗਾ।ਅੱਜ ਦੇ ਇਹ ਵਿਸ਼ਾਲ ਇਕੱਠ ਕੇਂਦਰ ਸਰਕਾਰ ਲਈ ਇੱਕ ਚੇਤਾਵਨੀ ਹਨ।ਜੇਕਰ ਇਹ ਕਾਲੇ ਬਿੱਲ ਰੱਦ ਨਾ ਕੀਤੇ ਗਏ, ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਧਰਨੇ ਨੂੰ ਹੋਰਨਾਂ ਤੋਂ ਇਲਾਵਾ ਰਾਮਿੰਦਰ ਸਿੰਘ ਪਟਿਆਲਾ, ਧਰਮਪਾਲ ਸੀਲ, ਬੂਟਾ ਸਿੰਘ ਸ਼ਾਦੀਪੁਰ, ਜਸਵਿੰਦਰ ਬਰਾਸ, ਅਵਤਾਰ ਸਿੰਘ ਕੌਰਜੀਵਾਲਾ, ਜਗਮੇਲ ਸਿੰਘ, ਨਿਰਮਲ ਸਿੰਘ ਧਾਲੀਵਾਲ, ਦਲਜੀਤ ਸਿੰਘ, ਜਗਪਾਲ ਊਧਾ, ਹਰਿੰਦਰ ਲਾਖਾ, ਹਰਭਜਨ ਸਿੰਘ ਬੁੱਟਰ, ਧਰਮਵੀਰ ਹਰੀਗੜ੍ਹ, ਗੁਰਮੀਤ ਬੁਗੀ, ਹਰੀ ਸਿੰਘ, ਗੁਰਦਰਸ਼ਨ ਸਿੰਘ, ਸਤਿਨਾਮ ਅਮ੍ਰਿਤਪਾਲ ਕੌਰ, ਦਲਜਿੰਦਰ ਸਿੰਘ, ਬਲਰਾਜ ਜੋਸ਼ੀ, ਰਵਿੰਦਰ ਸਿੰਘ ਪੂਨੀਆ, ਹਰੀ ਸਿੰਘ, ਪੱਤਰਕਾਰਾਂ ਵੱਲੋਂ ਸੁਖਵਿੰਦਰ ਸਿੰਘ ਤਖਤ ਪ੍ਰਕਾਸ਼ ਚੇਤਲ, ਜਸਵਿੰਦਰ ਸੇਜਾ, ਸੁਖਦੇਵ ਸਿੰਘ ਹਰਿਆਊ, ਜਸਵਿੰਦਰ ਸਮਾਣਾ, ਪਰਵਜੀਤ ਸਿੰਘ ਐਡਵੋਕੇਟ, ਲਖਵਿੰਦਰ ਸਿੰਘ ਹਾਜ਼ਰ ਹੋਏ।ਇਸ ਸਮੇਂ ਸਟੇਜ ਦੀ ਜ਼ਿੰਮੇਵਾਰੀ ਸਾਂਝੇ ਤੌਰ 'ਤੇ ਦਰਸ਼ਨ ਬੇਲੂਮਾਜਰਾ, ਗੁਰਨਾਮ ਘਨੌਰ ਤੇ ਜਸਵਿੰਦਰ ਸਿੰਘ ਬਰਾਸ ਨੇ ਨਿਭਾਈ।

## ਅਕਾਲੀ ਦਲ ਦੀ ਤਖ਼ਤੂਪੁਰਾ ਕਾਨਫਰੰਸ ਨੇ ਸੂਬੇ ਦੀ ਸਿਆਸਤ ਨੂੰ ਦਿੱਤਾ ਨਵਾਂ ਮੋੜ : ਜਗਮੋਹਨ ਸਿੰਘ, ਚਰਨਪ੍ਰੀਤ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਤਖਤਪੁਰਾ ਸਾਹਿਬ ਵਿਖੇ ਮਾਘੀ ਦੇ ਪਾਵਨ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਗਈ ਵਿਸ਼ਾਲ ਰਾਜਨੀਤਕ ਕਾਨਫਰੰਸ ਵਿੱਚ ਹੋਏ ਇਤਿਹਾਸਕ ਇਕੱਠ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਮੁੜ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦੇ ਮੂਡ ਵਿੱਚ ਹਨ।ਇਸ ਕਾਨਫਰੰਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਲੱਖਾਂ ਦੀ ਗਿਣਤੀ ਵਿੱਚ ਪੁੱਜੀ ਸੰਗਤ ਤੇ ਪਾਰਟੀ ਵਰਕਰਾਂ ਨੇ ਅਕਾਲੀ ਦਲ ਪ੍ਰਤੀ ਆਪਣਾ ਭਰੋਸਾ 'ਤੇ ਸਮਰਥਨ ਪ੍ਰਗਟ ਕੀਤਾ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਗਮੋਹਨ ਸਿੰਘ ਤੇ ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਬਰਾੜ ਨੇ ਸਾਂਝੇ ਤੌਰ 'ਤੇ ਕਿਹਾ ਕਿ ਤਖਤਪੁਰਾ ਵਿਖੇ ਹੋਈ ਇਹ ਕਾਨਫਰੰਸ ਸਿਰਫ਼ ਇਕ ਰਾਜਨੀਤਕ ਇਕੱਠ ਨਹੀਂ, ਸਗੋਂ ਪੰਜਾਬ ਦੇ ਭਵਿੱਖ ਦੀ ਦਿਸ਼ਾ ਤੈਅ ਕਰਨ ਵਾਲਾ ਇਤਿਹਾਸਕ ਮੋੜ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਇਕੱਠ ਨੇ ਸਾਬਿਤ ਕਰ ਦਿੱਤਾ ਹੈ ਕਿ ਲੋਕ ਮੌਜੂਦਾ ਸਰਕਾਰ ਦੀਆਂ ਨਾਕਾਮ ਨੀਤੀਆਂ ਤੋਂ ਤੰਗ ਆ ਚੁੱਕੇ ਹਨ ਤੇ ਅਕਾਲੀ ਦਲ ਨੂੰ ਹੀ ਸੂਬੇ ਦੀ ਅਗਵਾਈ ਲਈ ਯੋਗ ਸਮਝਦੇ ਹਨ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਬਾਘਾ ਪੁਰਾਣਾ ਤੋਂ ਵੱਡਾ ਕਾਫ਼ਲਾ ਤਖਤਪੁਰਾ ਲਈ ਰਵਾਨਾ ਹੋਇਆ, ਜਿਸ ਵਿੱਚ ਨੌਜਵਾਨਾਂ, ਕਿਸਾਨਾਂ, ਮਹਿਲਾਵਾਂ ਤੇ ਬਜ਼ੁਰਗਾਂ ਦੀ ਭਾਰੀ ਸ਼ਮੂਲੀਅਤ ਰਹੀ।ਕਾਫ਼ਲੇ ਦੌਰਾਨ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਹਰ ਪਾਸੇ ਅਕਾਲੀ ਦਲ ਦੇ ਹੱਕ ਵਿੱਚ ਨਾਅਰੇ ਗੂੰਜੇ।ਜਗਮੋਹਨ ਸਿੰਘ ਤੇ ਚਰਨਪ੍ਰੀਤ ਸਿੰਘ ਨੇ ਕਿਹਾ ਕਿ ਕਾਨਫਰੰਸ ਵਿੱਚ ਹੋਇਆ ਵੱਡਾ ਇਕੱਠ ਇਸ ਗੱਲ ਦਾ ਸੰਕੇਤ ਹੈ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਹਲਕਾ ਬਾਘਾ ਪੁਰਾਣਾ ਤੋਂ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ।ਉਨ੍ਹਾਂ ਆਖਿਆ ਕਿ ਇਹ ਇਕੱਠ ਸੂਬੇ ਅੰਦਰ ਅਕਾਲੀ ਦਲ ਦੀ ਸਰਕਾਰ ਬਣਨ ਦਾ ਮੁੱਢ ਬੰਨ੍ਹ ਚੁੱਕਾ ਹੈ।ਉਨ੍ਹਾਂ ਅੰਤ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ, ਪੰਥ ਤੇ ਕਿਸਾਨਾਂ ਦੇ ਹੱਕਾਂ ਦੀ ਆਵਾਜ਼ ਬਣਦਾ ਆਇਆ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਪਾਰਟੀ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ।

## ਫਤਹਿਗੜ੍ਹ ਬੇਟ ਦੰਗਲ ਮੇਲੇ 'ਚ ਹਮੀਦ ਈਰਾਨ ਨੇ ਅਵਿਨਾਇਕ ਯੂ ਪੀ ਨੂੰ ਹਰਾਇਆ

**ਰਾਜਾ ਗਿੱਲ ਤੇ ਕਸਤੂਰੀ ਲਾਲ ਮਿੰਟੂ ਨੇ ਜੇਤੂਆਂ ਨੂੰ ਇਨਾਮ ਵੰਡੇ**




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਫਤਹਿਗੜ੍ਹ ਬੇਟ (ਸ਼ੇਰਪੁਰ ਬੇਟ) ਵਿਖੇ ਬਾਬਾ ਹਰਜਿੰਦਰ ਸਿੰਘ (ਘੁੱਦੇ ਸ਼ਾਹ) ਵੱਲੋਂ ਡੇਰਾ ਬਾਬਾ ਸੋਹਣੇ ਸ਼ਾਹ ਤੇ ਬੱਗੂ ਸ਼ਾਹ ਦੀ ਦਰਗਾਹ 'ਤੇ ਦੰਗਲ ਮੇਲਾ ਕਰਵਾਇਆ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਝੰਡੀ ਦੀ ਕੁਸ਼ਤੀ ਦਾ ਮੁਕਾਬਲਾ ਹਮੀਦ ਈਰਾਨ ਤੇ ਅਵਿਨਾਇਕ ਯੂ. ਪੀ. ਦੇ ਵਿਚਕਾਰ ਹੋਇਆ, ਜਿਸ ਵਿੱਚ ਹਮੀਦ ਈਰਾਨ ਜੇਤੂ ਰਿਹਾ। ਇਸ ਤੋਂ ਇਲਾਵਾ ਹੋਰਨਾਂ ਮੁਕਾਬਲਿਆਂ ਵਿੱਚ ਪਰਮਿੰਦਰ ਮਾਛੀਵਾੜਾ ਨੇ ਮਨਪ੍ਰੀਤ ਨੂੰ, ਲਿਆਕਤ ਅਲੀ ਨੇ ਵਰਿੰਦਰ ਘੋੜਾ ਨੂੰ, ਪ੍ਰਿੰਸ ਬਾਬਾ ਫਲਾਹੀ ਨੇ ਜਾਕਿਰ ਰੌਣੀ ਨੂੰ, ਜੱਸਾ ਢਿੱਲਵਾਂ ਨੇ ਜੱਸਾ ਮਾਮੂਪੁਰ ਨੂੰ, ਬਾਜ ਮਾਛੀਵਾੜਾ ਨੇ ਦੀਪੀ ਨੂੰ ਹਰਾਇਆ। ਦੰਗਲ ਮੇਲੇ ਦੌਰਾਨ ਮੁੱਖ ਮਹਿਮਾਨ ਵਜੋਂ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਜ਼ਿਲ੍ਹਾ ਉੱਪ-ਪ੍ਰਧਾਨ ਕਸਤੂਰੀ ਲਾਲ ਮਿੰਟੂ ਤੇ ਬਾਬਾ ਦੀਪਾ ਗੱਦੀ ਨਸ਼ੀਨ ਬਾਬਾ ਫਲਾਹੀ ਨੇ ਸ਼ਿਰਕਤ ਕੀਤੀ ਅਤੇ ਜੇਤੂ ਪਹਿਲਵਾਨਾਂ ਨੂੰ ਇਨਾਮ ਵੰਡੇ। ਉਕਤ ਆਗੂਆਂ ਨੇ ਕਿਹਾ ਕਿ ਅਜਿਹੇ ਦੰਗਲ ਮੇਲੇ ਸਾਡੀ ਪੰਜਾਬ ਦੀ ਜਵਾਨੀ ਨੂੰ ਨਵੀਂ ਸੇਧ ਦਿੰਦੇ ਹਨ ਤੇ ਨੌਜਵਾਨਾਂ ਨੂੰ ਆਪਣੀਆਂ ਪੁਰਾਤਨ ਖੇਡਾਂ ਨਾਲ ਜੁੜਨਾ ਚਾਹੀਦਾ ਹੈ।

ਉਨ੍ਹਾਂ ਪ੍ਰਬੰਧਕਾਂ ਵੱਲੋਂ ਕੀਤੇ ਜਾ ਰਹੇ ਕਾਰਜ ਦੀ ਸ਼ਲਾਘਾ ਕਰਦਿਆਂ ਹਰ ਤਰ੍ਹਾਂ ਦੀ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਵੱਲੋਂ ਆਏ ਮੁੱਖ ਮਹਿਮਾਨਾਂ ਤੇ ਪਹਿਲਵਾਨਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਕ੍ਰਿਸ਼ਨ ਲਾਲ ਕਾਲੜਾ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਨੰਬਰਦਾਰ ਮਨਜੀਤ ਸਿੰਘ, ਰਮਨਦੀਪ ਸਿੰਘ, ਯੁਵਰਾਜਜੀਤ ਰਾਏ ਆਦਿ ਮੌਜੂਦ ਸਨ।

## ਮੈਨੇਜਰ ਤਰਸੇਮ ਸਿੰਘ ਨੂੰ ਸਦਮਾ, ਮਾਤਾ ਦਾ ਦੇਹਾਂਤ

**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨਾਲ ਦੇ ਪਿੰਡ ਛਾਜਲੀ ਦੇ ਸਵਰਗਵਾਸੀ ਸ੍ਰ. ਮਹਿੰਦਰ ਸਾਬਕਾ ਸਰਪੰਚ ਦੀ ਧਰਮ ਪਤਨੀ, ਮਾਰਕਿਟ ਸੁਸਾਇਟੀ ਸੁਨਾਮ ਦੇ ਮੈਨੇਜਰ ਤਰਸੇਮ ਸਿੰਘ ਦੇ ਮਾਤਾ ਤੇ ਪਰਮਿੰਦਰ ਸਿੰਘ ਢੀਂਡਸਾ ਦੀ ਖੱਬੀ-ਸੱਜੀ ਬਾਂਹ ਸਮਝੇ ਜਾਂਦੇ ਬਿਕਰਮਜੀਤ ਸਿੰਘ ਵਿੱਕੀ ਦੇ ਤਾਈ ਜੀ ਸ਼੍ਰੀਮਤੀ ਜਸਵੰਤ ਕੌਰ ਮਾਮੂਲੀ ਬਿਮਾਰੀ ਕਾਰਨ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਹਨ।ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗੁਰਬਿਆਸ ਸਿੰਘ ਸਰਪੰਚ ਛਾਜਲੀ, ਇੰਦਰਜੀਤ ਸਿੰਘ (ਬਾਵਾ ਧਾਲੀਵਾਲ) ਸਾਬਕਾ ਸਰਪੰਚ, ਹਰਵਿੰਦਰ ਸਿੰਘ ਮੰਡੇਰ ਚੇਅਰਮੈਨ ਮਾਰਕਿਟ ਕਮੇਟੀ ਸਲੂਰ ਘਰਾਟ,



ਨਿਰਮਲ ਸਿੰਘ ਖੰਗੂੜਾ ਬਲਾਕ ਸੰਮਤੀ ਮੈਂਬਰ, ਨਿਸ਼ਾਨ ਸਿੰਘ ਸਰਾਓ, ਮੁਖਤਿਆਰ ਸਿੰਘ ਸਿੱਧੂ ਪ੍ਰਧਾਨ ਕੋ-ਅਪ੍ਰੇਟਿਵ ਸੁਸਾਇਟੀ ਛਾਜਲੀ, ਜਥੇਦਾਰ ਭਰਭੂਰ ਸਿੰਘ ਕਾਹਲ, ਮਾਸਟਰ ਰਣਜੀਤ ਸਿੰਘ ਛਾਜਲਾ, ਮਾਸਟਰ ਦਰਬਾਰਾ ਸਿੰਘ, ਕਾਮਰੇਡ ਸੰਪੂਰਨ ਸਿੰਘ ਐਡਵੋਕੇਟ ਛਾਜਲੀ, ਗੁਰਸੇਵਕ ਸਿੰਘ ਧਾਲੀਵਾਲ ਪੰਚ, ਸੰਸਾਰ ਸਿੰਘ ਪੰਚ, ਜੱਗੀ ਸਿੰਘ ਸਾਬਕਾ ਸਰਪੰਚ ਨੰਗਲਾ, ਬਲਵਿੰਦਰ ਸਿੰਘ ਸਾਬਕਾ ਸਰਪੰਚ ਛਾਜਲਾ, ਸੁਰਿੰਦਰ ਸਿੰਘ ਧਾਲੀਵਾਲ, ਸ਼ਹੀਦ ਭਗਤ ਸਿੰਘ ਪ੍ਰੈੱਸ ਕਲੱਬ ਛਾਜਲੀ ਦੇ ਪ੍ਰਧਾਨ ਜਸਵੀਰ ਲਾਡੀ ਤੇ ਸਮੂਹ ਮੈਂਬਰ ਇਸ ਤੋਂ ਬਿਨਾਂ ਵੱਖ ਵੱਖ ਰਾਜਨੀਤਿਕ ਪਾਰਟੀ, ਪੰਚ-ਸਰਪੰਚ ਆਦਿ ਨੇ ਵੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

## ਪੰਜਾਬੀ 'ਵਰਸਿਟੀ ਨੇ ਹਾਕੀ ਮਹਿਲਾ ਚੈਂਪੀਅਨਸ਼ਿਪ ਜਿੱਤੀ



**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਈ ਗਈ ਉੱਤਰ-ਖੇਤਰੀ ਅੰਤਰ-ਵਰਸਿਟੀ ਹਾਕੀ ਮਹਿਲਾ ਚੈਂਪੀਅਨਸ਼ਿਪ ਸਫਲਤਾਪੂਰਵਕ ਸੰਪੰਨ ਹੋ ਗਈ ਹੈ। ਯੂਨੀਵਰਸਿਟੀ ਦੇ ਹਾਕੀ ਸਟੇਡੀਅਮ ਵਿਖੇ ਕਰਵਾਈ ਇਸ ਚੈਂਪੀਅਨਸ਼ਿਪ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਪਹਿਲਾ ਸਥਾਨ ਹਾਸਲ ਕੀਤਾ।ਉੱਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਚੈਂਪੀਅਨਸ਼ਿਪ ਦੇ ਸੰਪੰਨ ਹੋਣ ਉੱਤੇ ਖੇਡ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਲੜਕੀਆਂ ਦਾ ਖੇਡਾਂ ਦੇ ਖੇਤਰ ਵਿੱਚ ਅੱਗੇ ਆਉਣਾ ਹੋਰ ਵੀ ਜ਼ਿਆਦਾ ਅਹਿਮੀਅਤ ਰੱਖਦਾ ਹੈ।ਅਜਿਹਾ ਹੋਣਾ ਜਿੱਥੇ ਉਨ੍ਹਾਂ ਦੀ ਤਰੱਕੀ ਦੇ ਰਾਹ ਖੋਲ੍ਹਦਾ ਹੈ, ਉੱਥੇ ਹੀ ਹੋਰਨਾਂ ਲੜਕੀਆਂ ਲਈ ਪ੍ਰੇਰਣਾ ਤੇ ਸਵੈ ਵਿਸ਼ਵਾਸ ਦਾ ਸਬੱਬ ਵੀ ਸਿਰਜਦਾ ਹੈ।ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਉੱਤਰ ਭਾਰਤ ਦੀਆਂ 28 ਯੂਨੀਵਰਸਿਟੀਆਂ ਨੇ ਭਾਗ ਲਿਆ।ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੂਜੇ ਸਥਾਨ 'ਤੇ ਰਹੀ।ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਗੁਰੂ ਜੰਭੇਸ਼ਵਰ ਯੂਨੀਵਰਸਿਟੀ ਹਿਸਾਰ (ਹਰਿਆਣਾ) ਨੇ ਕ੍ਰਮਵਾਰ ਤੀਜਾ ਤੇ ਚੌਥਾ ਸਥਾਨ ਪ੍ਰਾਪਤ ਕੀਤਾ।

## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸੰਬੰਧੀ ਵਿਸ਼ੇਸ਼ ਮੀਟਿੰਗ



**ਸਮਾਣਾ (ਇਕਬਾਲ ਸਿੰਘ ਬੱਲ)**-ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਦੇ ਸ਼ੁੱਭ ਅਵਸਰ ਨੂੰ ਸਮਰਪਿਤ ਇਕ ਵਿਸ਼ੇਸ਼ ਮੀਟਿੰਗ ਕਮੇਟੀ ਦੇ ਪ੍ਰਧਾਨ ਰਾਜ ਸਿੰਘ ਦੀ ਅਗਵਾਈ ਹੇਠ ਕੀਤੀ ਗਈ।ਮੀਟਿੰਗ ਦੌਰਾਨ ਪ੍ਰਕਾਸ਼ ਦਿਹਾੜੇ ਨੂੰ ਸ਼ਰਧਾ ਤੇ ਭਾਵਨਾ ਨਾਲ ਮਨਾਉਣ ਸੰਬੰਧੀ ਵਿਸਤਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਕਮੇਟੀ ਮੈਂਬਰਾਂ ਤੋਂ ਸੁਝਾਅ ਵੀ ਪ੍ਰਾਪਤ ਕੀਤੇ ਗਏ।ਮੀਟਿੰਗ ਉਪਰੰਤ ਪ੍ਰਧਾਨ ਰਾਜ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 30 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਜਾਵੇਗੀ, ਜਦਕਿ 1 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਸਾਲ 31 ਜਨਵਰੀ ਨੂੰ ਨਗਰ ਕੀਰਤਨ ਮੁਹੱਲਾ ਨਵੀਂ ਸਰਾਂਪੱਤੀ ਸਥਿਤ ਗੁਰਦੁਆਰਾ ਬਾਬਾ ਸੰਗਤ ਸਿੰਘ ਜੀ ਤੋਂ ਸ਼ਰਧਾ ਨਾਲ ਸਜਾਇਆ ਜਾਵੇਗਾ।ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਬਲਦੇਵ ਸਿੰਘ, ਅਵਤਾਰ ਸਿੰਘ (ਪੀ.ਆਰ.ਟੀ.ਸੀ.), ਕਰਮਾ ਦਿਓਲ, ਸੀਤਾ ਸਿੰਘ, ਕੁਲਦੀਪ ਸਿੰਘ, ਅਮਰੀਕ ਸਿੰਘ, ਜਗਤਾਰ ਸਿੰਘ, ਮਲਕੀਤ ਸਿੰਘ ਫੌਜੀ, ਜਗਰੂਪ ਸਿੰਘ, ਤਰਸੇਮ ਸਿੰਘ ਆਦਿ ਮੌਜੂਦ ਸਨ।

## ਬਿਰਧ ਆਸ਼ਰਮ ਵਿਖੇ ਘਰੇਲੂ ਵਰਤੋਂ ਦਾ ਰਾਸ਼ਨ ਦਿੱਤਾ



**ਲੌਂਗੋਵਾਲੀ (ਪ੍ਰਦੀਪ ਸੱਪਲ)**-ਪੂਜਨੀਕ ਪਰਮਪਿਤਾ ਸਤਿਨਾਮ ਸਿੰਘ ਜੀ ਮਹਾਰਾਜ ਦੇ ਅਵਤਾਰ ਮਹੀਨੇ ਨੂੰ ਸਮਰਪਤ ਚੀਮਾ ਮੰਡੀ ਦੇ ਵਸਨੀਕ ਗੋਬਿੰਦ ਰਾਮ ਇੰਸਾਂ ਵੱਲੋਂ ਬਿਰਧ ਆਸ਼ਰਮ ਵਿੱਚ ਘਰੇਲੂ ਵਰਤੋਂ ਯੋਗ ਰਾਸ਼ਨ ਦਿੱਤਾ ਗਿਆ।ਜਾਣਕਾਰੀ ਦਿੰਦਿਆਂ ਪ੍ਰੇਮੀ ਸੇਵਕ ਸੰਸਾਰੀ ਰਾਮ ਇੰਸਾਂ ਨੇ ਦੱਸਿਆ ਕਿ ਗੋਬਿੰਦ ਰਾਮ ਇੰਸਾਂ ਪੁੱਤਰ ਸ਼ਾਦੀ ਰਾਮ ਵਾਸੀ ਚੀਮਾ ਮੰਡੀ ਨੇ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਦੇ ਹੋਏ ਬਿਰਧ ਆਸ਼ਰਮ ਸੰਗਰੂਰ ਵਿਖੇ ਘਰੇਲੂ ਰਾਸ਼ਨ ਦਿੱਤਾ ਗਿਆ ਹੈ।ਇਸ ਮੌਕੇ ਗੋਬਿੰਦ ਰਾਮ ਨੇ ਦੱਸਿਆ ਕਿ ਉਨ੍ਹਾਂ ਨੂੰ ਬਿਰਧ ਆਸ਼ਰਮ ਵਿੱਚ ਘਰੇਲੂ ਵਰਤੋਂ ਯੋਗ ਰਾਸ਼ਨ ਦੇ ਕੇ ਮਨ ਨੂੰ ਖੁਸ਼ੀ ਮਿਲੀ ਹੈ, ਇਹ ਮਾਨਵਤਾ ਭਲਾਈ ਕਾਰਜ ਉਹ ਪੂਜਨੀਕ ਗੁਰੂ ਸੰਤ ਡਾਕਟਰ ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾ ਦੀ ਪ੍ਰੇਰਣਾ ਸਦਕਾ ਕਰ ਰਹੇ ਹਨ।

## ਚੇਅਰਮੈਨ ਜੱਸੀ ਸੋਹੀਆਂ ਵਾਲਾ ਵਿਰਾਸਤ ਸੇਵਾ ਸੰਗਠਨ ਵਿੰਗ ਦੇ ਸਟੇਟ ਸੈਕਟਰੀ ਨਿਯੁਕਤ



**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਵਿਰਾਸਤ ਸੇਵਾ ਸੰਗਠਨ (ਵੀ.ਐੱਸ.ਐੱਸ.) ਨਾਂ ਦੇ ਨਵੇਂ ਬਣਾਏ ਗਏ ਵਿੰਗ ਵਿੱਚ ਵਿਧਾਨ ਸਭਾ ਹਲਕਾ ਨਾਭਾ ਤੋਂ ਹੋਣਹਾਰ ਨੌਜਵਾਨ ਆਗੂ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਪੰਜਾਬ ਦਾ ਸਟੇਟ ਸੈਕਟਰੀ ਨਿਯੁਕਤ ਕੀਤਾ ਗਿਆ ਹੈ।ਇਸ ਤੋਂ ਪਹਿਲਾਂ ਵੀ ਉਹ ਪਾਰਟੀ ਦੇ ਸਰਕਲ ਪੱਧਰ ਤੋਂ ਲੈ ਕੇ ਪੰਜਾਬ ਪੱਧਰ ਦੇ ਵੱਖ ਵੱਖ ਅਹੁਦਿਆਂ 'ਤੇ ਰਹਿ ਕੇ ਪਾਰਟੀ ਨੂੰ ਸਮਰਪਤ ਹੋ ਕੇ ਪਾਰਟੀ ਨੂੰ ਮਜ਼ਬੂਤ ਬਣਾਉਣ ਤੇ ਚੜ੍ਹਦੀਕਲਾ ਲਈ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ ਅਤੇ ਪਾਰਟੀ ਹਾਈਕਮਾਂਡ ਵੱਲੋਂ ਉਨ੍ਹਾਂ ਦੀ ਮਿਹਨਤ ਤੇ ਇਮਾਨਦਾਰੀ ਨੂੰ ਦੇਖਦਿਆਂ ਹੁਣ ਫੇਰ ਵਿਰਾਸਤ ਸੇਵਾ ਸੰਗਠਨ ਵਿੰਗ ਦੇ ਸਟੇਟ ਸੈਕਟਰੀ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ।ਇਹ ਨਿਯੁਕਤੀ ਕਰਨ ਲਈ ਉਨ੍ਹਾਂ ਨੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਸੂਬੇ ਦੇ ਹਰਮਨ ਪਿਆਰੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ, ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ, ਪੰਜਾਬ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਸਮੇਤ ਸਮੁੱਚੀ ਪਾਰਟੀ ਹਾਈਕਮਾਂਡ ਦਾ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਉਹ ਪਾਰਟੀ ਵੱਲੋਂ ਵਿਰਾਸਤ ਸੇਵਾ ਸੰਗਠਨ ਵਿੰਗ ਦੇ ਸਟੇਟ ਸੈਕਟਰੀ ਵਜੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪਹਿਲਾਂ ਦੀ ਤਰ੍ਹਾਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।

## ਸਮਾਜ ਸੇਵੀ ਗੁਰਵੰਤ ਸਿੰਘ ਵਿਰਕ ਦੇ ਗ੍ਰਹਿ ਵਿਖੇ ਧਾਰਮਿਕ ਸਮਾਗਮ



**ਕੋਟ ਈਸੇ ਖਾਂ (ਅਰੋੜਾ)**-ਇਥੋਂ ਦੇ ਧਰਮਕੋਟ ਰੋਡ 'ਤੇ ਸਥਿਤ ਗੁਰੂ ਨਾਨਕ ਕੰਪਿਊਟਰ ਅਕੈਡਮੀ ਦੇ ਸੰਚਾਲਕ ਤੇ ਸਮਾਜ ਸੇਵੀ ਗੁਰਵੰਤ ਸਿੰਘ ਵਿਰਕ ਦੇ ਗ੍ਰਹਿ ਵਿਖੇ ਸਰਬੱਤ ਦੇ ਭਲੇ ਤੇ ਮਾਘੀ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ।ਇਸ ਸਮਾਗਮ ਵਿੱਚ ਬੀਬੀ ਦਲੇਰ ਕੌਰ ਖ਼ਾਲਸਾ ਵੱਲੋਂ ਪੁੱਜੇ ਢਾਡੀ ਜਥੇ ਤੋਂ ਇਲਾਵਾ ਗਿਆਨੀ ਅਮੀਰ ਸਿੰਘ ਜਵੱਦੀ ਟਕਸਾਲ ਵਾਲਿਆਂ ਵੱਲੋਂ ਵੀ ਵਿਸ਼ੇਸ਼ ਸ਼ਿਰਕਤ ਕੀਤੀ ਗਈ।ਇਸ ਮੌਕੇ ਉਨ੍ਹਾਂ ਵੱਲੋਂ ਮਾਘੀ ਦਿਹਾੜੇ ਨਾਲ ਸੰਬੰਧਤ ਇਤਿਹਾਸ ਤੇ ਗੁਰਬਾਣੀ ਦੁਆਰਾ ਸੰਗਤਾਂ ਨਾਲ ਵਡਮੁੱਲੇ ਵਿਚਾਰ ਸਾਂਝੇ ਕੀਤੇ ਗਏ। ਉਨ੍ਹਾ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਆਪਣੀਆਂ ਸਿੱਖ ਰਹੁ-ਰੀਤਾਂ, ਸੱਭਿਆਚਾਰ ਤੇ ਇਤਿਹਾਸ ਨਾਲ ਵੱਧ ਤੋਂ ਵੱਧ ਜੋੜਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਦਸ ਗੁਰੂ ਸਾਹਿਬਾਨ ਤੇ ਮਹਾਨ ਗੁਰਸਿੱਖਾਂ ਵੱਲੋਂ ਦਰਸਾਏ ਮਾਰਗ 'ਤੇ ਚੱਲ ਸਕੀਏ।ਇਸ ਮੌਕੇ ਸਮਾਜ ਸੇਵੀ ਗੁਰਵੰਤ ਸਿੰਘ ਵਿਰਕ ਵੱਲੋਂ ਪੁੱਜੀਆਂ ਧਾਰਮਿਕ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਪੁੱਜੀਆਂ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਸਮਾਗਮ ਵਿੱਚ ਜ਼ੀਰਾ ਤੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ, ਬਾਬਾ ਸ਼ਮਸ਼ੇਰ ਸਿੰਘ, ਕੁਲਵੰਤ ਸਿੰਘ ਸੰਧੂ ਚੇਅਰਮੈਨ ਹੇਮਕੁੰਟ ਸੰਸਥਾਵਾਂ, ਬੀਰਪ੍ਰਤਾਪ ਸਿੰਘ ਗਿੱਲ ਸਾਬਕਾ ਡਿਪਟੀ ਡਾਇਰੈਕਟਰ ਡੇਅਰੀ ਵਿਭਾਗ, ਗੁਰਪ੍ਰੀਤ ਸਿੰਘ ਭੁੱਲਰ ਅਕਾਲੀ ਆਗੂ, ਵਿਜੇ ਕੁਮਾਰ ਧੀਰ ਆਪ ਵਪਾਰ ਸੈੱਲ ਕੋਆਰਡੀਨੇਟਰ ਧਰਮਕੋਟ, ਜਸਵਿੰਦਰ ਸਿੰਘ ਸਿੱਧੂ ਡਾਇ: ਗਮਾਡਾ ਮੋਹਾਲੀ, ਸਤਪਾਲ ਸਿੰਘ ਵਿਰਕ, ਕਰਨਪਾਲ ਸਿੰਘ ਭੁੱਲਰ, ਕੁਲਵਿੰਦਰ ਮਾਨ ਜਿੰਮ ਵਾਲੇ, ਠੇਕੇਦਾਰ ਅੰਗਰੇਜ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਸੰਗਤਾਂ ਹਾਜ਼ਰ ਸਨ।

## ਸਫਾ 1 ਦੇ ਬਾਕੀ...

### ਕਿਸਾਨ ਸਰਹੱਦ 'ਤੇ ਬਿਨਾਂ...

ਟੈਸਟਿੰਗ ਤੋਂ ਬਿਨਾਂ ਆਗਿਆ ਦਿੱਤੀ ਗਈ ਹੈ, ਜਿਸ ਨਾਲ ਕਿਸਾਨਾਂ ਲਈ ਗੰਭੀਰ ਜੋਖਮ ਪੈਦਾ ਹੋ ਰਹੇ ਹਨ। ਉਨ੍ਹਾ ਕਿਹਾ ਕਿ ਖੇਤੀਬਾੜੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ, ਜਿੱਥੇ ਕਿਸਾਨ ਫਸਲਾਂ ਉਗਾਉਂਦੇ ਹਨ, ਉਪਜ ਦਾ ਕੁਝ ਹਿੱਸਾ ਵੇਚਦੇ ਹਨ ਅਤੇ ਅਗਲੇ ਸੀਜ਼ਨ ਲਈ ਬੀਜ ਸੰਭਾਲ ਕੇ ਰੱਖਦੇ ਹਨ। ਕਿਸਾਨਾਂ ਨੂੰ ਬੀਜਾਂ ਲਈ ਪੂਰੀ ਤਰ੍ਹਾਂ ਕੰਪਨੀਆਂ 'ਤੇ ਨਿਰਭਰ ਕਰਨ ਲਈ ਮਜਬੂਰ ਕਰਨਾ ਨਾ ਤਾਂ ਵਾਜਬ ਹੈ ਅਤੇ ਨਾ ਹੀ ਕਿਸਾਨਾਂ ਦੇ ਹਿੱਤ ਵਿੱਚ ਹੈ। ਉਨ੍ਹਾ ਅਪੀਲ ਕੀਤੀ ਕਿ ਬਿੱਲ ਨੂੰ ਮੌਜੂਦਾ ਰੂਪ ਵਿੱਚ ਸੰਸਦ ਦੇ ਸਾਹਮਣੇ ਨਹੀਂ ਲਿਆਂਦਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਸਮੱਸਿਆਵਾਂ ਦੀ ਜਾਂਚ ਦਾ ਭਰੋਸਾ ਦਿੱਤਾ ਹੈ।ਦਰਿਆਈ ਪਾਣੀਆਂ ਬਾਰੇ ਪੰਜਾਬ ਦੇ ਸਪੱਸ਼ਟ ਸਟੈਂਡ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ—ਪੰਜਾਬ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਕੋਈ ਵਾਧੂ ਪਾਣੀ ਨਹੀਂ। ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਉਪਲੱਬਧਤਾ ਵਿੱਚ ਕਾਫ਼ੀ ਕਮੀ ਆਈ ਹੈ ਅਤੇ ਇਸ ਲਈ ਸਤਲਜ-ਯਮੁਨਾ ਲਿੰਕ ਨਹਿਰ ਦਾ ਨਿਰਮਾਣ ਵਿਹਾਰਕ ਨਹੀਂ ਹੈ।

ਉਨ੍ਹਾ ਕਿਹਾ ਕਿ ਇਨ੍ਹਾਂ ਦਰਿਆਵਾਂ ਦੇ 34.34 ਐੱਮ ਏ ਐੱਫ ਪਾਣੀ ਵਿੱਚੋਂ ਪੰਜਾਬ ਨੂੰ ਸਿਰਫ 14.22 ਐੱਮ ਏ ਐੱਫ ਅਲਾਟ ਕੀਤਾ ਗਿਆ ਸੀ, ਜੋ ਕਿ ਲਗਭਗ 40 ਫੀਸਦੀ ਹੈ ਅਤੇ ਬਾਕੀ 60 ਫ਼ੀਸਦੀ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਅਲਾਟ ਕੀਤਾ ਗਿਆ ਸੀ। ਹਾਲਾਂਕਿ ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਅਸਲ ਵਿੱਚ ਇਨ੍ਹਾਂ ਸੂਬਿਆਂ ਵਿੱਚੋਂ ਨਹੀਂ ਵਗਦਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਨਾਲ ਘੋਰ ਬੇਇਨਸਾਫ਼ੀ ਹੈ ਅਤੇ ਇਸ ਨਹਿਰ ਨੂੰ ਬਣਾਉਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਇਹ ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹੈ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਸੁਪਰੀਮ ਕੋਰਟ ਦੇ ਅੱਗੇ ਪੰਜਾਬ ਦਾ ਸਟੈਂਡ ਸਪੱਸ਼ਟ ਹੈ ਕਿ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ। ਆੜ੍ਹਤੀਆ ਕਮਿਸ਼ਨ ਦੇ ਮੁੱਦੇ 'ਤੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਆੜ੍ਹਤੀਆ ਕਮਿਸ਼ਨ ਨੂੰ 2019-20 ਦੇ ਖਰੀਦ ਸੀਜ਼ਨ ਤੋਂ ਪੰਜਾਬ ਖੇਤੀਬਾੜੀ ਉਤਪਾਦ ਅਤੇ ਮਾਰਕੀਟਿੰਗ ਐਕਟ 1961 ਦੇ ਉਪਬੰਧਾਂ ਦੇ ਉਲਟ ਫ੍ਰੀਜ਼ ਕੀਤਾ ਗਿਆ ਹੈ ਅਤੇ ਇਸ ਵੇਲੇ ਕਣਕ ਲਈ ਕਮਿਸ਼ਨ 46 ਰੁਪਏ ਪ੍ਰਤੀ ਕੁਇੰਟਲ ਅਤੇ ਝੋਨੇ ਲਈ 45.88 ਰੁਪਏ ਪ੍ਰਤੀ ਕੁਇੰਟਲ ਤੱਕ ਸੀਮਤ ਕੀਤਾ ਗਿਆ ਹੈ।'

ਉਨ੍ਹਾ ਦੱਸਿਆ ਕਿ ਸਾਈਲੋਜ਼ 'ਤੇ ਅਨਾਜ ਦੀ ਖਰੀਦ ਲਈ ਆੜ੍ਹਤੀਆ ਕਮਿਸ਼ਨ ਘਟਾ ਕੇ ਰੈਗੂਲਰ ਮੰਡੀਆਂ ਦੇ ਮੁਕਾਬਲੇ ਅੱਧਾ ਕਰ ਦਿੱਤਾ ਗਿਆ ਹੈ ਅਤੇ ਜਨਵਰੀ 2024 ਵਿੱਚ ਆੜ੍ਹਤੀਆ ਕਮਿਸ਼ਨ ਦੀ ਸੋਧ ਲਈ ਗਠਿਤ ਕਮੇਟੀ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ। ਉਨ੍ਹਾ ਕਿਹਾ—ਆੜ੍ਹਤੀਏ ਏਜੰਟ ਨਹੀਂ ਹਨ, ਉਹ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਬਣਦਾ ਹੱਕ ਮਿਲਣਾ ਚਾਹੀਦਾ ਹੈ। ਕਮਿਸ਼ਨ ਵਿੱਚ ਸੋਧ ਕਰਨ ਵਿੱਚ ਹੋ ਰਹੀ ਦੇਰੀ ਕਾਰਨ ਸੂਬੇ ਦੀ ਨਿਰਵਿਘਨ ਖਰੀਦ ਪ੍ਰਕਿਰਿਆ ਵਿੱਚ ਅੜਿੱਕਾ ਪੈਦਾ ਹੋ ਸਕਦਾ ਹੈ ਅਤੇ ਦਰਾਂ ਨੂੰ ਜਲਦ ਤੋਂ ਜਲਦ ਅੰਤਮ ਰੂਪ ਦਿੱਤਾ ਜਾਣਾ ਚਾਹੀਦਾ ਹੈ।

ਪੇਂਡੂ ਵਿਕਾਸ ਫੰਡ ਦੀ ਅਦਾਇਗੀ ਨਾ ਹੋਣ ਦਾ ਮੁੱਦਾ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ—ਸੰਬੰਧਤ ਪੰਜਾਬ ਐਕਟਾਂ ਅਧੀਨ ਸਪੱਸ਼ਟ ਕਾਨੂੰਨੀ ਉਪਬੰਧਾਂ ਦੇ ਬਾਵਜੂਦ ਸੂਬਾ ਸਰਕਾਰ ਨੂੰ ਆਰ ਡੀ ਐੱਫ ਦੀ ਅਦਾਇਗੀ ਨਹੀਂ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਭਾਵੇਂ ਸੂਬਾ ਸਰਕਾਰ ਨੇ ਭਾਰਤ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਤਹਿਤ ਪੰਜਾਬ ਪੇਂਡੂ ਵਿਕਾਸ ਐਕਟ ਵਿੱਚ ਸੋਧ ਕੀਤੀ ਹੈ, ਪਰ ਦੁੱਖ ਦੀ ਗੱਲ ਹੈ ਕਿ ਸਾਉਣੀ ਖਰੀਦ ਸੀਜ਼ਨ 2021-22 ਤੋਂ ਆਰ ਡੀ ਐੱਫ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾ ਦੱਸਿਆ ਕਿ ਆਰ ਡੀ ਐੱਫ ਦੇ 9030.91 ਕਰੋੜ ਰੁਪਏ ਅਤੇ ਮਾਰਕੀਟ ਫੀਸ ਦੇ 2267.83 ਕਰੋੜ ਰੁਪਏ ਲੰਬਿਤ ਹਨ। ਉਨ੍ਹਾ ਕਿਹਾ ਕਿ ਬਣਦਾ ਹਿੱਸਾ ਨਾ ਮਿਲਣ ਕਾਰਨ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਮਾੜਾ ਪ੍ਰਭਾਵ ਪਿਆ ਹੈ। ਉਨ੍ਹਾ ਕਿਹਾ ਕਿ ਆਰ ਡੀ ਐੱਫ ਕੋਈ ਚੈਰਿਟੀ ਨਹੀਂ, ਇਹ ਪੰਜਾਬ ਦਾ ਹੱਕ ਹੈ ਅਤੇ ਅਸੀਂ ਆਪਣਾ ਹੱਕ ਮੰਗ ਰਹੇ ਹਾਂ। ਉਨ੍ਹਾ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਪਹਿਲੀ ਕਿਸ਼ਤ ਜਾਰੀ ਕਰਨ 'ਤੇ ਵਿਚਾਰ ਕਰਨ ਲਈ ਜਲਦ ਮੀਟਿੰਗ ਬੁਲਾਈ ਜਾਵੇਗੀ।

ਪ੍ਰਬੰਧਕੀ ਚਿੰਤਾਵਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀਆਂ ਦੇ ਲੰਮੇ ਸਮੇਂ ਤੋਂ ਚੱਲ ਰਹੇ 60:40 ਅਨੁਪਾਤ ਨੂੰ ਬਣਾਈ ਰੱਖਣਾ ਸਮੇਂ ਦੀ ਲੋੜ ਹੈ। ਪੰਜਾਬ ਦੇ ਆਈ ਏ ਐੱਸ ਅਤੇ ਪੀ ਸੀ ਐੱਸ ਅਧਿਕਾਰੀਆਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਮੁੱਖ ਅਹੁਦਿਆਂ ਤੋਂ ਬਾਹਰ ਰੱਖਿਆ ਗਿਆ ਹੈ ਅਤੇ ਆਬਕਾਰੀ, ਸਿੱਖਿਆ, ਵਿੱਤ ਅਤੇ ਸਿਹਤ ਵਰਗੇ ਵਿਭਾਗਾਂ ਵਿੱਚ ਅਸਾਮੀਆਂ ਨੂੰ ਸਟੇਟ ਯੂ ਟੀ ਕੇਡਰ ਲਈ ਖੋਲ੍ਹਿਆ ਜਾ ਰਿਹਾ ਹੈ, ਜਿਸ ਨਾਲ ਯੂ ਟੀ ਪ੍ਰਸ਼ਾਸਨ ਦੇ ਪ੍ਰਭਾਵਸ਼ਾਲੀ ਕੰਮਕਾਜ ਵਿੱਚ ਪੰਜਾਬ ਦੀ ਭੂਮਿਕਾ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾ ਨੂੰ ਭਰੋਸਾ ਦਿੱਤਾ ਕਿ ਮੌਜੂਦਾ ਅਨੁਪਾਤ ਨੂੰ ਬਰਕਰਾਰ ਰੱਖਿਆ ਜਾਵੇਗਾ।

ਮੁੱਖ ਮੰਤਰੀ ਨੇ ਪੰਜਾਬ ਕਾਡਰ ਦੇ ਅਧਿਕਾਰੀ ਨੂੰ ਐੱਫ ਸੀ ਆਈ. ਪੰਜਾਬ ਦੇ ਜਨਰਲ ਮੈਨੇਜਰ ਵਜੋਂ ਨਿਯੁਕਤ ਕਰਨ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਪੰਜਾਬ ਕਾਡਰ ਦੇ ਅਧਿਕਾਰੀਆਂ ਨੂੰ ਅਨਾਜ ਦੀ ਖਰੀਦ, ਮੰਡੀਆਂ, ਭੰਡਾਰਨ ਅਤੇ ਢੋਆ-ਢੁਆਈ ਬਾਰੇ ਲੋੜੀਂਦੀ ਜਾਣਕਾਰੀ ਹੈ। ਉਨ੍ਹਾ ਕਿਹਾ ਕਿ ਇਤਿਹਾਸਕ ਅੰਕੜੇ ਦਰਸਾਉਂਦੇ ਹਨ ਕਿ ਇਸ ਅਹੁਦੇ 'ਤੇ ਰੈਗੂਲਰ ਨਿਯੁਕਤੀਆਂ ਪੰਜਾਬ ਕਾਡਰ ਤੋਂ ਹੁੰਦੀਆਂ ਰਹੀਆਂ ਹਨ, ਜਦੋਂ ਕਿ ਦੂਜੇ ਕਾਡਰ ਦੇ ਅਧਿਕਾਰੀਆਂ ਕੋਲ ਸਿਰਫ਼ ਅਸਥਾਈ ਚਾਰਜ ਹੁੰਦਾ ਹੈ। ਉਨ੍ਹਾ ਕੁਸ਼ਲਤਾ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਦੇ ਹਿੱਤ ਵਿੱਚ ਇਸ ਨਿਯਮ ਦੀ ਪਾਲਣਾ ਕਰਨ ਦੀ ਅਪੀਲ ਕੀਤੀ।

### ਸੰਘਣੀ ਧੁੰਦ ਦੌਰਾਨ ...



ਸਰਬਜੀਤ ਕੌਰ ਉਮਰ ਲਗਭਗ 35 ਸਾਲ, ਜੋ ਕਿ ਪਿੰਡ ਦਿੜ੍ਹਬਾ ਵਿੱਚ ਇੱਕ ਪੁਲਸ ਮੁਲਾਜ਼ਮ ਵੱਲੋਂ ਡਿਊਟੀ 'ਤੇ ਤਾਇਨਾਤ ਸੀ, ਆਪਣੀ ਮਾਤਾ ਇੰਦਰਜੀਤ ਕੌਰ ਉਮਰ ਲਗਭਗ 60 ਸਾਲ ਨਾਲ ਕਾਰ ਵਿੱਚ ਸਵਾਰ ਹੋ ਕੇ ਪਿੰਡ ਭਾਈ ਕੇ ਪਿਸ਼ੌਰ ਜਾ ਰਹੀਆਂ ਸਨ। ਰਸਤੇ ਵਿੱਚ ਗੱਡੀ ਦਾ ਸੰਤੁਲਨ ਵਿਗੜਨ ਕਾਰਨ ਗੱਡੀ ਦਰੱਖਤ ਵਿੱਚ ਜਾ ਟਕਰਾਈ ਅਤੇ ਕਾਰ ਨੂੰ ਅੱਗ ਲੱਗਣ ਕਾਰਨ ਦੋਵਾਂ ਦੀ ਮੌਕੇ 'ਤੇ ਹੀ ਗੱਡੀ ਵਿੱਚ ਹੀ ਸੜਨ ਕਾਰਨ ਮੌਤ ਹੋ ਗਈ।

### ਨਵੇਂ ਵਰ੍ਹੇ ਦੀਆਂ ...

ਜਾਏਗੀ, ਤਾਂ ਜੋ ਗ਼ਦਰੀ ਬਾਬਿਆਂ ਦੇ ਮੇਲੇ ਦੇ ਮੁਹਾਂਦਰੇ ਨੂੰ ਵਿਸ਼ੇਸ਼ ਤੌਰ 'ਤੇ ਜਨਤਕ ਰੂਪ ਦੀ ਨੁਹਾਰ ਨਾਲ ਸਜਾਇਆ ਜਾ ਸਕੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ ਨੇ ਵਿਚਾਰ-ਚਰਚਾ ਦਾ ਸਾਰ ਤੱਤ ਸਾਂਝਾ ਕਰਦਿਆਂ ਕਿਹਾ ਕਿ ਨਵੇਂ ਵਰ੍ਹੇ ਦੀ ਨਵੇਂ ਅਕੀਦਿਆਂ ਨਾਲ ਸ਼ੁਰੂਆਤ ਕਰ ਰਿਹਾ ਦੇਸ਼ ਭਗਤ ਯਾਦਗਾਰ ਹਾਲ ਲੋਕਾਂ ਦੀਆਂ ਉਮੀਦਾਂ 'ਤੇ ਖੇੜਾ ਲਿਆਏਗਾ।

ਮੀਟਿੰਗ 'ਚ ਕਮੇਟੀ ਦੇ ਸਹਾਇਕ ਸਕੱਤਰ ਡਾ. ਗੋਪਾਲ ਸਿੰਘ ਬੁੱਟਰ, ਖਜ਼ਾਨਚੀ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਚਰੰਜੀ ਲਾਲ ਕੰਗਣੀਵਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਹਰਵਿੰਦਰ ਭੰਡਾਲ, ਰਣਜੀਤ ਸਿੰਘ ਔਲਖ, ਵਿਜੈ ਬੰਬੇਲੀ, ਹਰਮੇਸ਼ ਮਾਲੜੀ, ਡਾ. ਤੇਜਿੰਦਰ ਵਿਰਲੀ ਤੇ ਡਾ. ਸੈਲੇਸ਼ ਵੀ ਹਾਜ਼ਰ ਸਨ। ਹਾਜ਼ਰ ਸਮੂਹ ਕਮੇਟੀ ਮੈਂਬਰਾਂ ਸਮੇਤ ਸੁਖਦੇਵ ਸਿੰਘ ਫਗਵਾੜਾ, ਬੂਟਾ ਸਿੰਘ ਮਹਿਮੂਦਪੁਰ, ਕੇਸਰ ਸਿੰਘ, ਮਨਦੀਪ ਮਹਿਰਮ, ਮਨਪ੍ਰੀਤ ਮਹਿਰਮ, ਐੱਸ ਪੀ ਸਿੰਘ ਤੇ ਡਾ. ਹਰਜੀਤ ਸਿੰਘ ਨੇ ਵਿਚਾਰ ਰੱਖੇ। ਮੀਟਿੰਗ ਦਾ ਆਗਾਜ਼ ਬਾਬਾ ਸੋਹਣ ਸਿੰਘ ਭਕਨਾ, ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ, ਕਾਕੋਰੀ ਕਾਂਡ, ਬੁੱਧੀਮਾਨ ਗਿਆਨ ਰੰਜਨ, ਐਡਵੋਕੇਟ ਦਿਲਜੋਤ ਕੌਰ ਲੁਧਿਆਣਾ, ਵਿਨੋਦ ਕੁਮਾਰ ਸ਼ੁਕਲਾ ਅਤੇ ਹਰਬੰਸ ਸਿੰਘ ਅਕਸ ਨੂੰ ਸ਼ਰਧਾਂਜ਼ਲੀ ਦੇਣ ਨਾਲ ਹੋਇਆ।

## ਦਿੱਲੀ ਹਵਾਈ ਅੱਡੇ ਤੋਂ 8.77 ਕਰੋੜ ਦਾ ਗਾਂਜਾ ਬਰਾਮਦ

**ਨਵੀਂ ਦਿੱਲੀ** : ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਤਾਇਨਾਤ ਕਸਟਮ ਅਧਿਕਾਰੀਆਂ ਨੇ ਬੈਂਕਾਕ ਤੋਂ ਦਿੱਲੀ ਪਹੁੰਚੇ ਦੋ ਭਾਰਤੀ ਯਾਤਰੀਆਂ ਨੂੰ 8.77 ਕਿਲੋਗ੍ਰਾਮ ਗਾਂਜੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਕਸਟਮ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਯਾਤਰੀ ਟਰਮੀਨਲ-3 'ਤੇ ਉਤਰੇ ਸਨ, ਜਿਨ੍ਹਾਂ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ ਸੀ। ਜਦੋਂ ਉਨ੍ਹਾਂ ਦੇ ਸਮਾਨ ਦੀ ਐੱਕਸ-ਰੇ ਸਕ੍ਰੀਨਿੰਗ ਅਤੇ ਬਰੀਕੀ ਨਾਲ ਤਲਾਸ਼ੀ ਲਈ ਗਈ, ਤਾਂ ਇੱਕ ਗੂੜ੍ਹੇ ਨੀਲੇ ਰੰਗ ਦੇ ਬੈਗ ਵਿੱਚੋਂ ਨੌਂ ਪੋਲੀਥੀਨ ਪਾਊਚ ਬਰਾਮਦ ਹੋਏ। ਇਨ੍ਹਾਂ ਪਾਊਚਾਂ ਵਿੱਚ ਹਰੇ ਰੰਗ ਦਾ ਨਸ਼ੀਲਾ ਪਦਾਰਥ ਸੀ, ਜਿਸ ਦੀ ਜਾਂਚ ਕਰਨ 'ਤੇ ਗਾਂਜਾ ਹੋਣ ਦੀ ਪੁਸ਼ਟੀ ਹੋਈ। ਅਧਿਕਾਰੀਆਂ ਦੱਸਿਆ ਕਿ ਜ਼ਬਤ ਕੀਤੇ ਗਏ ਇਸ ਨਸ਼ੀਲੇ ਪਦਾਰਥ ਦੀ ਕੌਮਾਂਤਰੀ ਬਾਜ਼ਾਰ ਵਿੱਚ ਕੀਮਤ ਲਗਭਗ 8.77 ਕਰੋੜ ਰੁਪਏ ਦੱਸੀ ਜਾ ਰਹੀ। ਪੁਲਸ ਨੇ ਨਸ਼ੀਲੇ ਪਦਾਰਥ ਅਤੇ ਪੈਕਿੰਗ ਸਮਗਰੀ ਨੂੰ ਕਬਜ਼ੇ ਵਿੱਚ ਲੈ ਕੇ ਦੋਵਾਂ ਮੁਲਜ਼ਮਾਂ ਨੂੰ ਐੱਨ ਡੀ ਪੀ ਐੱਸ ਐਕਟ ਦੀਆਂ ਸਖ਼ਤ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਹੈ।

### ਨੌਜਵਾਨਾਂ ਦੀਆਂ...

ਨੌਜਵਾਨਾਂ ਦੇ ਪਰਵਾਰਕ ਮੈਂਬਰਾਂ ਵਲੋਂ ਲਾਸ਼ਾਂ ਪੋਸਟਮਾਰਟਮ ਤੋਂ ਬਾਅਦ ਕਸਬਾ ਟਾਂਡਾ ਵਿਖੇ ਮੋਰਚਰੀ 'ਚ ਰਖਵਾ ਦਿੱਤੀਆਂ ਗਈਆਂ। ਨੌਜਵਾਨਾਂ ਦੇ ਪਰਵਾਰਕ ਮੈਂਬਰ ਥਾਣਾ ਭੋਗਪੁਰ ਦੀ ਕਾਰਵਾਈ 'ਤੇ ਸੰਤੁਸ਼ਟ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨੌਜਵਾਨਾਂ ਦਾ ਕਰਨ ਪੁੱਤਰ ਕਿਸ਼ਨ ਵਾਸੀ ਪਿੰਡ ਬਹਿਰਾਮ ਸਰਿਸ਼ਤਾ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਕਤਲ ਕੀਤਾ ਗਿਆ ਹੈ, ਕਿਉਂਕਿ ਮ੍ਰਿਤਕ ਅਰਸ਼ਪ੍ਰੀਤ ਸਿੰਘ ਉਰਫ ਅਰਸ਼ ਦੀ ਕਰਨ ਦੀ ਭੈਣ ਨਾਲ ਨੇੜਤਾ ਸੀ, ਜਿਸ ਕਰਕੇ ਉਹ ਅਰਸ਼ ਨਾਲ ਖੁੰਦਕ ਰੱਖਦਾ ਸੀ।

### ਬੀ ਪਰਾਕ ਨੂੰ ...

ਨੇ ਨਜ਼ਰਅੰਦਾਜ਼ ਕਰ ਦਿੱਤਾ। 6 ਜਨਵਰੀ ਨੂੰ ਉਸ ਨੂੰ ਇੱਕ ਹੋਰ ਵਿਦੇਸ਼ੀ ਨੰਬਰ ਤੋਂ ਕਾਲ ਆਈ, ਪਰ ਗੱਲਬਾਤ ਸ਼ੱਕੀ ਲੱਗਣ ਕਾਰਨ ਕਾਲ ਕੱਟ ਦਿੱਤੀ। ਇਸ ਤੋਂ ਤੁਰੰਤ ਬਾਅਦ ਦਿਲਨੂਰ ਨੂੰ ਇੱਕ ਵਾਇਸ ਮੈਸੇਜ ਮਿਲਿਆ, ਜਿਸ ਵਿੱਚ 10 ਕਰੋੜ ਰੁਪਏ ਦੀ ਫ਼ਿਰੌਤੀ ਦੀ ਮੰਗ ਕੀਤੀ ਗਈ। ਆਡੀਓ ਮੈਸੇਜ ਵਿੱਚ ਕਾਲਰ ਨੇ ਧਮਕੀ ਨੂੰ ਹਲਕੇ ਵਿੱਚ ਨਾ ਲੈਣ ਦੀ ਗੱਲ ਆਖਦਿਆਂ ਦਾਅਵਾ ਕੀਤਾ ਕਿ ਉਹ ਭਾਰਤ ਤੋਂ ਬਾਹਰ ਬੈਠਾ ਕੰਮ ਕਰ ਰਿਹਾ ਹੈ।

### ਫੋਰੈਂਸਿਕ ਰਿਪੋਰਟ...

ਪ੍ਰਤੀਕਿਰਿਆ ਦਿੰਦਿਆਂ ਭੁੱਲਰ ਨੇ ਕਿਹਾ ਕਿ ਛੇੜਛਾੜ ਕੀਤੇ ਗਏ ਕੰਟੈਂਟ ਦੇ ਆਧਾਰ 'ਤੇ ਧਾਰਮਿਕ ਭਾਵਨਾਵਾਂ ਨੂੰ ਵਿਵਾਦ ਵਿੱਚ ਘਸੀਟਣਾ ਬੇਹੱਦ ਗੈਰ-ਜ਼ਿੰਮੇਵਾਰਾਨਾ ਹੈ।'ਆਪ' ਆਗੂਆਂ ਨੇ ਪਰਗਟ ਸਿੰਘ ਅਤੇ ਸੁਨੀਲ ਜਾਖੜ ਨੂੰ ਸਲਾਹ ਦਿੱਤੀ ਕਿ ਜਮਹੂਰੀ ਜ਼ਿੰਮੇਵਾਰੀ ਦੀ ਮੰਗ ਹੈ ਕਿ ਸਿਆਸੀ ਸਹੂਲਤਾਂ ਦੀ ਪਰਵਾਹ ਕੀਤੇ ਬਿਨਾਂ ਨਿਆਂਇਕ ਸੰਸਥਾਵਾਂ ਦਾ ਸਤਿਕਾਰ ਕੀਤਾ ਜਾਵੇ ਅਤੇ ਅਦਾਲਤੀ ਫੈਸਲਿਆਂ ਨੂੰ ਸਵੀਕਾਰ ਕੀਤਾ ਜਾਵੇ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਪੈਨਸ਼ਨ ਤੇ ਮੈਡੀਕਲ ਚੈੱਕ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)**-ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਕੀਤਾ ਗਿਆ।ਇਸ ਦੌਰਾਨ 132 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਦਿੱਤੇ ਗਏ।ਇਸ ਸਮੇਂ ਟਰੱਸਟ ਵੱਲੋਂ 10 ਮੈਡੀਕਲ ਸਹਾਇਤਾ ਦੇ ਚੈੱਕ ਵੀ ਲੋੜਵੰਦਾ ਨੂੰ ਦਿੱਤੇ ਗਏ।ਇਸ ਸਮੇਂ ਦੌਰਾਨ ਟਰੱਸਟ ਦੀ ਜ਼ਿਲ੍ਹਾ ਟੀਮ ਮੈਂਬਰ ਵਿੱਚੋਂ ਫਤਿਹ ਪ੍ਰਭਾਕਰ, ਹਰਮੇਲ ਸਿੰਘ ਲੱਡਾ, ਸੁਖਵਿੰਦਰ ਸ਼ਰਮਾ, ਸਤਨਾਮ ਸਿੰਘ ਦਮਦਮੀ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।ਇਸ ਸਮੇਂ ਟਰੱਸਟ ਦੇ ਪ੍ਰਧਾਨ ਸੁਖਵਿੰਦਰ ਸਿੰਘ ਹਰਮਨ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਪਿੰਡ ਖੇੜੀ-ਜੱਟਾਂ ਵਿਖੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 1 ਸਤੰਬਰ 2015 ਤੋਂ ਕੰਪਿਊਟਰ ਸੈਂਟਰ ਚੱਲ ਰਿਹਾ।ਵਰਣਨਯੋਗ ਹੈ ਕਿ ਪਿੰਡ ਖੇੜੀ ਜੱਟਾਂ ਵਿੱਖੇ ਨੇੜੇ ਦੇ 7-8 ਪਿੰਡਾਂ ਦੇ ਮੁੰਡੇ ਤੇ ਕੁੜੀਆਂ ਇਸ ਕੰਪਿਊਟਰ ਸੈਂਟਰ ਦਾ ਲਗਾਤਾਰ ਲਾਹਾ ਲੈ ਕੇ ਰੁਜ਼ਗਾਰ ਦੇ ਯੋਗ ਹੋ ਰਹੇ ਹਨ।ਉਨ੍ਹਾਂ ਦੱਸਿਆ ਕਿ ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਕਿਸੇ ਤੋਂ ਆਰਥਕ ਮਦਦ ਲਏ ਬਿਨਾਂ ਆਪਣੇ ਸੋਮੇ ਸਾਧਨਾਂ ਵਿੱਚੋਂ 98 ਪ੍ਰਤੀਸ਼ਤ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਆ ਰਹੇ ਹਨ।

## ਮਰੀਜ਼ ਸੁਰੱਖਿਆ ਹੀ ਉੱਚ ਗੁਣਵੱਤਾ ਵਾਲੀ ਸਿਹਤ ਸੇਵਾ ਦੀ ਨੀਂਹ : ਡਾਇਰੈਕਟਰ ਪੀ ਜੀ ਆਈ



**ਸਮਰਾਲਾ (ਸੁਰਜੀਤ ਸਿੰਘ)**-ਮਰੀਜ਼ ਸੁਰੱਖਿਆ ਉੱਚ ਗੁਣਵੱਤਾ ਵਾਲੀ ਸਿਹਤ ਸੇਵਾ ਦੀ ਨੀਂਹ ਹੈ। ਮਜ਼ਬੂਤ ਤੇ ਸੁਰੱਖਿਅਤ ਹਸਪਤਾਲਾਂ ਦੀ ਤਿਆਰੀ ਲਈ ਲਗਾਤਾਰ ਤਾਲੀਮ, ਐਮਰਜੈਂਸੀ ਤਿਆਰੀਆਂ ਤੇ ਹੈਲਥ ਵਰਕਰਾਂ ਵਿੱਚ ਸਾਂਝੀ ਜ਼ਿੰਮੇਵਾਰੀ ਦੀ ਸੰਸਕ੍ਰਿਤੀ ਬਹੁਤ ਜ਼ਰੂਰੀ ਹੈ, ਤਾਂ ਜੋ ਸੁਰੱਖਿਅਤ, ਨੈਤਿਕ ਤੇ ਮਰੀਜ਼-ਕੇਂਦਰਿਤ ਦੇਖਭਾਲ ਯਕੀਨੀ ਬਣਾਈ ਜਾ ਸਕੇ।ਇਹ ਵਿਚਾਰ ਪ੍ਰੋ. ਵਿਵੇਕ ਲਾਲ ਡਾਇਰੈਕਟਰ ਪੀਜੀਆਈ ਚੰਡੀਗੜ੍ਹ ਨੇ ਪੀਜੀਆਈ ਸੈਟੇਲਾਈਟ ਸੈਂਟਰ ਸੰਗਰੂਰ ਵਿਖੇ ਆਯੋਜਿਤ 'ਸੇਫ ਹਸਪਤਾਲ- ਹੈਲਥ ਕੇਅਰ ਵਰਕਰਜ਼ ਨੂੰ ਮਜ਼ਬੂਤ ਬਣਾਉਣਾ' ਵਿਸ਼ੇ 'ਤੇ ਦੋ ਦਿਨਾਂ ਸਮਰੱਥਾ ਵਿਕਾਸ ਕਾਰਜਕ੍ਰਮ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕਹੀ। ਇਸ ਕਾਰਜਕ੍ਰਮ ਦਾ ਮੁੱਖ ਉਦੇਸ਼ ਹਸਪਤਾਲ ਸੁਰੱਖਿਆ ਢਾਂਚੇ ਨੂੰ ਮਜ਼ਬੂਤ ਕਰਨਾ ਤੇ ਸਿਹਤਕਰਮੀਆਂ ਦੇ ਗਿਆਨ, ਹੁਨਰ ਵਿੱਚ ਵਾਧਾ ਕਰਨਾ ਹੈ।ਇਸ ਦੌਰਾਨ ਪੀਜੀਆਈ ਦੇ ਪ੍ਰਸਿੱਧ ਫੈਕਲਟੀ ਮੈਂਬਰਾਂ, ਖ਼ਾਸ ਕਰਕੇ ਹਸਪਤਾਲ ਪ੍ਰਸ਼ਾਸਨ ਤੇ ਮੈਡੀਕਲ ਮਾਈਕ੍ਰੋਬਾਇਓਲੋਜੀ ਵਿਭਾਗਾਂ ਦੇ ਮਾਹਰਾਂ ਵੱਲੋਂ ਸਬੂਤ-ਅਧਾਰਤ ਸਰਵੋਤਮ ਅਭਿਆਸਾਂ ਤੇ ਰਣਨੀਤਕ ਦ੍ਰਿਸ਼ਟੀਕੋਣ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।ਇਸ ਕਾਰਜਕ੍ਰਮ ਵਿੱਚ 100 ਤੋਂ ਵੱਧ ਪ੍ਰਤੀਨਿਧੀਆਂ ਨੇ ਸਰਗਰਮ ਭਾਗੀਦਾਰੀ ਕੀਤੀ, ਜਿਨ੍ਹਾਂ ਵਿੱਚ ਗਵਰਨਮੈਂਟ ਮੈਡੀਕਲ ਕਾਲਜ ਫਰੀਦਕੋਟ, ਟੀਐੱਮਸੀ ਸੰਗਰੂਰ, ਆਈਐੱਮਏ ਸੰਗਰੂਰ, ਸਿਵਲ ਹਸਪਤਾਲ ਸੰਗਰੂਰ ਸਮੇਤ ਹੋਰ ਪ੍ਰਮੁੱਖ ਸਿਹਤ ਸੰਸਥਾਵਾਂ ਦੇ ਭਾਗੀਦਾਰ ਸ਼ਾਮਲ ਸਨ।ਪ੍ਰੋ. ਵਿਪਿਨ ਕੌਸ਼ਲ ਮੈਡੀਕਲ ਸੁਪਰਿੰਟੈਂਡੈਂਟ ਪੀਜੀਆਈ ਚੰਡੀਗੜ੍ਹ ਨੇ ਕਿਹਾ ਕਿ ਸੁਰੱਖਿਅਤ ਹਸਪਤਾਲ ਸਿਰਫ਼ ਢਾਂਚੇ ਨਾਲ ਨਹੀਂ ਬਣਦੇ, ਸਗੋਂ ਮਜ਼ਬੂਤ ਪ੍ਰਣਾਲੀਆਂ, ਪ੍ਰਸ਼ਿਕਸ਼ਿਤ ਮਨੁੱਖੀ ਸਰੋਤ ਤੇ ਸੁਰੱਖਿਆ ਪ੍ਰੋਟੋਕੋਲਾਂ ਦੀ ਸਖ਼ਤ ਪਾਲਣਾ ਨਾਲ ਬਣਦੇ ਹਨ।ਪ੍ਰੋਗਰਾਮ ਦੇ ਅਖੀਰ ਵਿੱਚ ਇੰਟਰਐਕਟਿਵ ਪ੍ਰਸ਼ਨ-ਉੱਤਰ ਸੈਸ਼ਨ ਹੋਇਆ, ਜਿਸ ਉਪਰੰਤ ਡਾ. ਸ੍ਰਿਤੀ ਸ਼ਰਮਾ, ਸਹਾਇਕ ਪ੍ਰੋਫੈਸਰ, ਹਸਪਤਾਲ ਪ੍ਰਸ਼ਾਸਨ ਵਿਭਾਗ, ਪੀਜੀਆਈ ਸੈਟੇਲਾਈਟ ਸੈਂਟਰ ਸੰਗਰੂਰ ਵੱਲੋਂ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਗਿਆ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਹੈਰੋਇਨ ਅਤੇ ਨਜਾਇਜ਼ ਸ਼ਰਾਬ ਸਮੇਤ ਦੋ ਗ੍ਰਿਫਤਾਰ

**ਗੁਰਦਾਸਪੁਰ, (ਜਨਕ ਮਹਾਜਨ)**- ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਅਤੇ



ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਸ ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਸਿਟੀ ਗੁਰਦਾਸਪੁਰ ਵਿਖੇ ਅਸ਼ਵਨੀ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸੇ ਤਰ੍ਹਾਂ ਥਾਣਾ ਦੀਨਾਨਗਰ ਵਿਖੇ ਇੱਕ ਔਰਤ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 22500 ਐੱਮ. ਐੱਲ. ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਇਸ ਤੋਂ ਇਲਾਵਾ ਉਕਤ ਔਰਤ ਪਾਸੋਂ 6 ਗ੍ਰਾਮ ਹੈਰੋਇਨ ਵੀ ਬਰਾਮਦ ਹੋਈ ਹੈ। ਪੁਲਸ ਨੇ ਇਨ੍ਹਾਂ ਦੋਵਾਂ ਕਥਿਤ ਨਸ਼ਾ ਤਸਕਰਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਜ਼ਿਲ੍ਹਾ ਪੁਲਸ ਮੁਖੀ ਅਦਿੱਤਿਆ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਜੇ ਕੋਈ ਵੀ ਗੈਰ-ਕਾਨੂੰਨੀ ਨਸ਼ੇ ਦਾ ਕਾਰੋਬਾਰ ਕਰਨ ਵਾਲਾ ਵਿਅਕਤੀ ਦਿਸਦਾ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਤਾਂ ਜੋ ਨਸ਼ੇ ਦੇ ਸੌਦਾਗਰਾਂ ਖਿਲਾਫ ਸਖਤੀ ਨਾਲ ਕਾਰਵਾਈ ਕੀਤੀ ਜਾ ਸਕੇ ਅਤੇ ਨਸ਼ੇ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

## ਨਰਸਿੰਗ ਇੰਸਟੀਚਿਊਟ 'ਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਛੇਹਰਟਾ, (ਮਨੋਜ ਕੁਮਾਰ)**- ਝਬਾਲ ਰੋਡ 'ਤੇ ਸਥਿਤ ਸ੍ਰੀ ਗੁਰੂ ਅਰਜਨ ਦੇਵ ਨਰਸਿੰਗ ਇੰਸਟੀਚਿਊਟ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਸੰਸਥਾ ਦੀ ਡਾਇਰੈਕਟਰ ਰਾਧਿਕਾ ਚੁੱਘ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ



ਰਾਧਿਕਾ ਚੁੱਘ ਨੇ ਕਿਹਾ ਕਿ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਮਨ, ਵਿਚਾਰ ਤੇ ਕਰਮ ਤਿੰਨਾਂ ਪਨੂੰ ਸ਼ੁੱਧਤਾ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਨਰਸਿੰਗ ਵਰਗੇ ਸੇਵਾ-ਮੁਖੀ ਕਿੱਤੇ ਵਿਚ ਦਯਾ, ਧੀਰਜ ਤੇ ਸਮਰਪਣ ਬਹੁਤ ਜ਼ਰੂਰੀ ਹਨ ਅਤੇ ਗੁਰਬਾਣੀ ਸਾਡਾ ਇਨ੍ਹਾਂ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਲਈ ਮਾਰਗਦਰਸ਼ਨ ਕਰਦੀ ਹੈ। ਚੁੱਘ ਨੇ ਕਿਹਾ ਕਿ ਸੰਸਥਾ ਦਾ ਉਦੇਸ਼ ਸਿਰਫ਼ ਅਕਾਦਮਿਕ ਸਿੱਖਿਆ ਦੇਣਾ ਹੀ ਨਹੀਂ ਹੈ, ਸਗੋਂ ਮਨੁੱਖੀ ਕਦਰਾਂ-ਕੀਮਤਾਂ ਨਾਲ ਭਰਪੂਰ ਸੰਵੇਦਨਸ਼ੀਲ ਸਿਹਤ ਮੁਲਾਜ਼ਮ ਤਿਆਰ ਕਰਨਾ ਵੀ ਹੈ। ਉਨ੍ਹਾਂ ਮੌਜੂਦ ਸਾਰੇ ਸਟਾਫ ਮੈਂਬਰਾਂ ਦਾ ਧੰਨਵਾਦ ਕਰਦਿਆਂ ਸਮਾਜ ਪ੍ਰਤੀ ਸਕਾਰਾਤਮਕ ਯੋਗਦਾਨ ਪਾਉਣ ਦੇ ਆਪਣੇ ਸੰਕਲਪ ਨੂੰ ਦੁਹਰਾਇਆ। ਇਸ ਮੌਕੇ ਮੋਨਿਕਾ ਤਲਵਾਰ, ਡੌਲੀ ਸਮਿਤਾ, ਸੁਨੇਹਾ, ਬੱਬਲੀਜੀਤ ਕੌਰ, ਰੋਮੀ, ਸਵਿਤਾ, ਅਨਮੋਲ, ਸੁਨੈਨਾ, ਪਾਇਲ ਤੇ ਹਰਸੁਮੀਤ ਕੌਰ ਵੀ ਮੌਜੂਦ ਸਨ।

## ਆਦਰਸ਼ ਬਿਰਧ ਆਸ਼ਰਮ ਨੇ ਕਰਵਾਈ ਇਕ ਹੋਰ ਬਜ਼ੁਰਗ ਮਾਤਾ ਦੀ ਘਰ ਵਾਪਸੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਨੇ ਇੱਕ ਹੋਰ ਬਜ਼ੁਰਗ ਮਾਤਾ ਦੀ ਘਰ ਵਾਪਸੀ ਕਰਵਾਈ।ਇਹ ਮਾਤਾ ਬ੍ਰਹਮੋ ਦੇਵੀ ਪਤਨੀ ਬੂਆ ਦੱਤਾ ਨਿਵਾਸੀ ਧਲੋਰੀਆ, ਉਮਰ 78 ਸਾਲ ਹੈ।ਬਜ਼ੁਰਗ ਮਾਤਾ ਨੇ ਦੱਸਿਆ ਕਿ ਮੇਰਾ ਇਥੋਂ ਦਾ ਸਫਰ ਬਹੁਤ ਵਧੀਆ ਰਿਹਾ। ਮੈਨੂੰ ਆਸ਼ਰਮ ਵਿੱਚੋਂ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ



ਹੋਈ ਪਰ ਅੱਜ ਮੈਂ ਆਪਣੇ ਭਤੀਜੇ ਰੇਸ਼ਮ ਸਿੰਘ ਪੁੱਤਰ ਪ੍ਰਹਿਲਾਦ ਸਿੰਘ, ਨਿਵਾਸੀ ਮਲਕਪੁਰ ਨਾਲ ਉਸਦੇ ਘਰ ਜਾਣਾ ਚਾਹੁੰਦੀ ਹਾਂ।ਰੇਸ਼ਮ ਸਿੰਘ ਨੇ ਕਿਹਾ ਕਿ ਅੱਜ ਤੋਂ ਬਾਅਦ ਭੂਆ ਦੇ ਪ੍ਰਤੀ ਸਾਰੀ ਜ਼ਿੰਮੇਵਾਰੀ ਮੇਰੀ ਹੋਵੇਗੀ।ਆਸ਼ਰਮ ਪ੍ਰਬੰਧਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।ਰੱਬ ਨਾ ਕਰੇ ਜੇਕਰ ਮਾਤਾ ਨਾਲ ਕੋਈ ਵੀ ਘਟਨਾ ਵਾਪਰਦੀ ਹੈ ਤਾਂ ਉਸ ਦਾ ਜ਼ਿੰਮੇਵਾਰ ਮੈਂ ਹੀ ਹੋਵਾਂਗਾ।ਮੈਂ ਇਹ ਯਕੀਨ ਦਿਲਾਉਂਦਾ ਹਾਂ ਕਿ ਮਾਤਾ ਨੂੰ ਦੁਬਾਰਾ ਆਸ਼ਰਮ ਵਿੱਚ ਨਹੀਂ ਭੇਜਿਆ ਜਾਵੇਗਾ।ਇਹ ਸੁਣ ਕੇ ਸੁਪਰਡੈਂਟ ਅੰਜਲੀ ਸ਼ਰਮਾਂ ਤੇ ਪ੍ਰਧਾਨ ਸਤਨਾਮ ਸਿੰਘ ਨੇ ਬਜ਼ੁਰਗ ਮਾਤਾ ਨੂੰ ਆਸ਼ਰਮ ਵਿੱਚੋਂ ਰੇਸ਼ਮ ਸਿੰਘ ਨਾਲ ਘਰ ਜਾਣ ਦੀ ਆਗਿਆ ਦੇ ਦਿੱਤੀ।ਇਸ ਮੌਕੇ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਅੰਜਲੀ ਸ਼ਰਮਾ, ਸਵਿਤਾ, ਵਿਜੈ ਕੁਮਾਰੀ, ਸੁਰਜੀਤ ਕੌਰ, ਆਸ਼ਾ ਰਾਣੀ, ਜਸਵੀਰ ਕੌਰ, ਵਿਪਨ ਕੁਮਾਰ, ਰਮੇਸ਼ ਚੰਦਰ ਅਤੇ ਆਸੀ ਦੇਵੀ ਵੀ ਮੌਜੂਦ ਸਨ।

## ਮੀਂਹ ਦੀ ਉਡੀਕ ਤੋਂ ਬਾਅਦ ਕਿਸਾਨਾਂ ਵੱਲੋਂ ਕਣਕ ਦੀ ਸਿੰਚਾਈ ਸ਼ੁਰੂ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਲੋਹੜੀ ਦੇ ਤਿਉਹਾਰ ਨੇੜੇ ਆਮ ਤੌਰ 'ਤੇ ਹੁੰਦੀ ਵਰਖਾ ਕਣਕ ਦੀ ਫ਼ਸਲ ਲਈ ਅਤਿ ਜ਼ਰੂਰੀ ਹੋਣ ਦੇ ਨਾਲ-ਨਾਲ ਕਿਸਾਨਾਂ ਲਈ ਇੱਕ ਵੱਡੀ ਨਿਆਮਤ ਸਾਬਿਤ ਹੁੰਦੀ ਹੈ ਪਰ ਇਸ ਵਾਰ ਲੰਮੀ ਉਡੀਕ ਦੇ ਬਾਵਜੂਦ ਵਰਖਾ ਨਾ ਹੋਣ ਕਾਰਨ ਕਿਸਾਨਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ।ਮੀਂਹ ਦੀ ਲੰਮੀ ਉਡੀਕ ਤੋਂ ਬਾਅਦ ਕਿਸਾਨਾਂ ਨੇ ਹੁਣ ਕਣਕ ਦੀ ਦੋਹਰੀ ਸਿੰਚਾਈ ਆਮ ਸਾਧਨਾਂ ਦੇ ਨਾਲ ਸ਼ੁਰੂ ਕਰ ਦਿੱਤੀ ਹੈ।ਕਿਸਾਨ ਗੁਰਲਾਲ ਸਿੰਘ, ਸੁਖਵੰਤ ਸਿੰਘ ਅਤੇ



ਅਭੀਜੋਤ ਸਿੰਘ ਨੇ ਦੱਸਿਆ ਕਿ ਕਣਕ ਦੀ ਫ਼ਸਲ ਬਿਜਾਈ ਤੋਂ ਬਾਅਦ ਸਿੰਚਾਈ ਅਤੇ ਖਾਦ ਵਗੈਰਾ ਪਾਉਣ ਤੋਂ ਬਾਅਦ ਆਪਣੀ ਵਾਧੇ ਲਈ ਮੀਂਹ 'ਤੇ ਨਿਰਭਰ ਕਰਦੀ ਹੈ।ਸਰਦੀਆਂ ਵਿੱਚ ਪੈਂਦੀ ਠੰਡ ਅਤੇ ਸੰਘਣਾ ਕੋਰਾ ਕਣਕ ਦੀ ਫ਼ਸਲ ਨੂੰ ਪ੍ਰਭਾਵਿਤ ਕਰਦੇ ਹਨ ਤੇ ਅਜਿਹੇ ਵਿੱਚ ਮੀਂਹ ਫ਼ਸਲ ਲਈ ਅਤਿ ਜ਼ਰੂਰੀ ਹੁੰਦਾ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਧਰਤੀ ਉਪਰ ਟਿਊਬਵੈੱਲ ਜਾਂ ਨਹਿਰੀ ਪਾਣੀ ਰਾਹੀਂ ਕੀਤੀ ਸਿੰਚਾਈ ਬਾਰਸ਼ ਨਾਲੋਂ ਘੱਟ ਲਾਹੇਵੰਦ ਹੁੰਦੀ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਲੋਹੜੀ ਮੌਕੇ ਸਮੇਂ ਸਿਰ ਹੋਈ ਬਾਰਿਸ਼ ਨਾਲ ਕਣਕ ਦੇ ਝਾੜ ਉੱਪਰ ਘੱਟੋ-ਘੱਟ ਪੰਜ ਕੁਇੰਟਲ ਦਾ ਫ਼ਰਕ ਪੈਂਦਾ ਹੈ।ਇਸ ਵਾਰ ਬਾਰਿਸ਼ ਨਾ ਹੋਣ ਕਾਰਨ ਕਿਸਾਨ ਵੀਰ ਇਸ ਗੱਲ ਤੋਂ ਡਰ ਰਹੇ ਹਨ ਕਿ ਜਦੋਂ ਕਣਕ ਦੀ ਫ਼ਸਲ ਸਿੱਟਿਆਂ ਉੱਪਰ ਆ ਜਾਵੇਗੀ ਤਾਂ ਉਸ ਵਕਤ ਹੋਈ ਬੇਮੌਸਮੀ ਬਾਰਿਸ਼ ਨਾਲ ਫ਼ਸਲ ਦਾ ਵੱਡਾ ਨੁਕਸਾਨ ਹੋ ਸਕਦਾ ਹੈ।ਕਿਸਾਨਾਂ ਦਾ ਕਹਿਣਾ ਸੀ ਕਿ ਹੁਣ ਖੇਤੀ ਕਰਮਾਂ ਸੇਤੀ ਵਾਲੀ ਕਹਾਵਤ ਨੂੰ ਮੁੱਖ ਰੱਖਦਿਆਂ ਮੀਂਹ ਦੀ ਲੰਮੀ ਉਡੀਕ ਕਰਨ ਤੋਂ ਬਾਅਦ ਟਿਊਬਵੈੱਲਾਂ ਨਾਲ ਸਿੰਚਾਈ ਸ਼ੁਰੂ ਕਰ ਦਿੱਤੀ ਹੈ।ਜੇਕਰ ਇਹ ਰਵਾਇਤੀ ਪਾਣੀ ਨਾ ਦਿੱਤਾ ਤਾਂ ਉਸ ਨਾਲ ਫ਼ਸਲ ਨੂੰ ਮਾੜਾ ਪ੍ਰਭਾਵ ਹੋਵੇਗਾ।ਉਨ੍ਹਾਂ ਕਿਹਾ ਕਿ ਠੰਡ ਦਾ ਪ੍ਰਭਾਵ ਰੋਕਣ ਲਈ ਇਹ ਸਿੰਚਾਈ ਸ਼ੁਰੂ ਕੀਤੀ ਗਈ ਹੈ ਤੇ ਹੁਣ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਕਿਸਾਨਾਂ ਉੱਪਰ ਰੱਬ ਅਤੇ ਮੌਸਮ ਕਿਸ ਤਰ੍ਹਾਂ ਮਿਹਰਬਾਨ ਹੁੰਦਾ ਹੈ।

## ਸੈਲਫ ਡਿਫੈਂਸ ਐਂਡ ਫਿਟਨੈੱਸ ਸੈਂਟਰ ਦਾ ਉਦਘਾਟਨ



**ਖਾਸਾ, (ਸ਼ਸ਼ਪਾਲ ਸਿੰਘ)**- ਬੁੱਧਵਾਰ ਨੂੰ ਮੋਹਨੀ ਪਾਰਕ ਵਿਚ ਸਰੀਰਿਕ ਫਿਟਨੈਸ ਤੇ ਆਤਮ ਰੱਖਿਆ ਲਈ ਗਰਿਪ ਐਂਡ ਗੇਨ ਸੈਲਫ ਡਿਫੈਂਸ ਐਂਡ ਫਿਟਨੈੱਸ ਸੈਂਟਰ ਦਾ ਉਦਘਾਟਨ ਕੀਤਾ ਗਿਆ।ਉਦਘਾਟਨ ਤੋਂ ਪਹਿਲਾਂ ਵਾਹਿਗੁਰੂ ਦੇ ਓਟ-ਆਸਰੇ ਲਈ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਜੂਡੋ ਕੋਚ ਕਰਮਜੀਤ ਸਿੰਘ ਨੇ ਕਿਹਾ ਕਿ ਹਰ ਇਕ ਵਿਅਕਤੀ ਲਈ ਸਰੀਰਿਕ ਤੰਦਰੁਸਤੀ ਬਹੁਤ ਜ਼ਰੂਰੀ ਹੈ। ਸਰੀਰ ਤਾਂ ਹੀ ਤੰਦਰੁਸਤ ਰਹਿ ਸਕਦਾ ਹੈ ਜੇ ਅਸੀਂ ਰੋਜ਼ਾਨਾ ਯੋਗ ਤੇ ਕਸਰਤ ਕਰਦੇ ਹਾਂ। ਇਸ ਦੇ ਨਾਲ ਹੀ ਵਰਤਮਾਨ ਮਾਹੌਲ ਵਿਚ ਹਰ ਕਿਸੇ ਨੂੰ ਆਤਮ-ਰੱਖਿਆ ਦੇ ਗੁਰ ਵੀ ਆਉਣੇ ਹਨ। ਉਨ੍ਹਾਂ ਕਿਹਾ ਕਿ ਇਸ ਸੈਂਟਰ 'ਚ ਹਰ ਉਮਰ ਵਰਗ ਦੇ ਵਿਅਕਤੀਆਂ ਨੂੰ ਵਾਜਬ ਫੀਸ 'ਤੇ ਮਾਹਰ ਕੋਚਾਂ ਵੱਲੋਂ ਸਰੀਰਿਕ ਫਿਟਨੈੱਸ, ਯੋਗਾ, ਕੁਰਾਸ਼, ਜੂਡੋ, ਕੁਸ਼ਤੀ ਤੇ ਰਿਦਮਿਕ ਜਿਮਨਾਸਟਿਕ ਦੀ ਸਿਖਲਾਈ ਦਿੱਤੀ ਜਾਵੇਗੀ। ਇਸ ਮੌਕੇ ਪੰਜਾਬ ਖੇਡ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਗੁਰਲਾਲ ਸਿੰਘ ਰਿਆੜ, ਪੰਜਾਬ ਪੁਲਸ ਦੇ ਡੀਐੱਸਪੀ ਰਾਜ ਕੁਮਾਰ (ਕੌਮਾਂਤਰੀ ਜੂਡੋ ਖਿਡਾਰੀ), ਜ਼ਿਲ੍ਹਾ ਜੂਡੋ ਐਸੋਸੀਏਸ਼ਨ ਦੇ ਪ੍ਰਧਾਨ ਸਾਬਕਾ ਇੰਸਪੈਕਟਰ ਹਰਜਿੰਦਰ ਸਿੰਘ ਬਿਜਲੀ (ਕੌਮਾਂਤਰੀ ਜੂਡੋ ਖਿਡਾਰੀ), ਐੱਸ. ਐੱਚ. ਓ. ਸੁਲਤਾਨਵਿੰਡ ਬਲਵਿੰਦਰ ਸਿੰਘ (ਕੌਮਾਂਤਰੀ ਜੂਡੋ ਖਿਡਾਰੀ), ਸਬ ਇੰਸਪੈਕਟਰ ਸ਼ਮਸ਼ੇਰ ਸਿੰਘ (ਕੌਮਾਂਤਰੀ ਜੂਡੋ ਖਿਡਾਰੀ), ਸਾਬਕਾ ਜੂਡੋ ਖਿਡਾਰੀ ਮਨੋਜ ਕੁਮਾਰ, ਬਾਕਸਿੰਗ ਕੋਚ ਜਸਪ੍ਰੀਤ ਸਿੰਘ, ਜਿਮਨਾਸਟਿਕ ਕੋਚ ਨੀਤੂ ਬਾਲਾ, ਫੁੱਟਬਾਲ ਕੋਚ ਦਲਜੀਤ ਸਿੰਘ, ਕੁਸ਼ਤੀ ਕੋਚ ਕਰਨ ਸ਼ਰਮਾ ਤੇ ਸਾਹਿਲ, ਪ੍ਰਗਟ ਸਿੰਘ, ਲਵਰੂਪ ਸਿੰਘ ਭੁੱਲਰ, ਅਜੈ ਸ਼ਰਮਾ, ਬੰਟੀ ਸ਼ਰਮਾ, ਰਾਜੀਵ ਸ਼ਰਮਾ ਆਦਿ ਮੌਜੂਦ ਸਨ।

## ਸੜਕ ਕੰਢੇ ਬਣੇ ਬਰਮ ਉੱਚੇ-ਨੀਵੇਂ ਹੋਣ ਕਰਕੇ ਰਾਹਗੀਰ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਸੜਕ ਕੰਢੇ ਬਰੁਮ ਉਚੇ-ਨੀਵੇਂ ਹੋਣ ਕਾਰਨ ਸੜਕ ਦੀ ਚੌੜਾਈ ਕਾਫ਼ੀ ਘੱਟ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ



ਸੜਕ ਲਗਭਗ 24 ਕਿੱਲੋਮੀਟਰ ਲੰਬੀ ਹੈ ਅਤੇ ਦਰਿਆ ਬਿਆਸ ਤੱਕ ਇਸ ਦੀ ਲੰਬਾਈ ਲਗਭਗ 16 ਕਿੱਲੋਮੀਟਰ ਪੈ ਜਾਂਦੀ ਹੈ। ਸੜਕ ਦਾ ਅਗਲਾ ਹਿੱਸਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈ ਜਾਂਦਾ ਹੈ। ਇਸ 16 ਕਿੱਲੋਮੀਟਰ ਸੜਕ ਕੰਢੇ ਬਰੁਮ ਬਹੁਤ ਘੱਟ ਅਤੇ ਉਚੇ-ਨੀਵੇਂ ਹੋਣ ਕਰਕੇ ਰਾਹਗੀਰ ਕਾਫ਼ੀ ਪ੍ਰੇਸ਼ਾਨ ਹਨ। ਇਸ ਸੜਕ ਕੰਢੇ ਵੱਡੀ ਵੱਡੀ ਮਾਤਰਾ ਵਿਚ ਘਾਹ ਬੂਟੀ ਉੱਗੀ ਪਈ ਹੈ ਜਿਸ ਨੇ ਸੜਕ ਦਾ ਕੱਚਾ ਹਿੱਸਾ ਆਪਣੀ ਲਪੇਟ ਵਿਚ ਲੈ ਲਿਆ ਹੈ। ਸੜਕ ਉਪਰੋਂ ਦੀ ਜਦੋਂ ਦੋ ਵੱਡੇ ਵਾਹਨ ਆਪਸ ਵਿਚ ਗੁਜ਼ਰਦੇ ਹਨ ਤਾਂ ਜਗ੍ਹਾ ਘੱਟ ਹੋਣ ਕਰਕੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਦੀ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਸੜਕ ਕੰਢੇ ਉਚੇ-ਨੀਵੇਂ ਬਰੁਮਾਂ ਨੂੰ ਪੱਧਰਾ ਕਰਨ ਦੇ ਨਾਲ-ਨਾਲ ਉਗੀ ਜੜ੍ਹੀ ਬੂਟੀ ਨੂੰ ਵੱਢਿਆ ਜਾਵੇ ਅਤੇ ਤਾਂ ਜੋ ਸੜਕ ਤੋਂ ਗੁਜ਼ਰਨ ਸਮੇਂ ਦੋਪਹੀਆ ਵਾਹਨ ਚਾਲਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਪੁਲ ਦੇ ਨੀਂਹ ਪੱਥਰ ਰੱਖੇ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ 4.49 ਕਰੋੜ ਰੁਪਏ ਦੀ ਲਾਗਤ ਵਾਲੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ 1.22 ਕਰੋੜ ਰੁਪਏ ਦੀ ਲਾਗਤ ਵਾਲੇ ਨਵੇਂ ਬਣਨ ਵਾਲੇ ਪੁਲ ਦੇ ਨੀਂਹ ਪੱਥਰ ਰੱਖ ਗਏ।4.32 ਕਰੋੜ ਰੁਪਏ ਦੀ ਲਾਗਤ ਨਾਲ 7 ਕਿਲੋਮੀਟਰ ਲੰਮੀ ਘਰੋਟਾ ਦੀਨਾਨਗਰ ਗੁਰਦਾਸਪੁਰ ਤ੍ਰਿਮੂ ਰੋਡ ਚੌਂਤਾ ਦੀਨਾਨਗਰ ਵਾਇਆ ਪੱਚੋਵਾਲ, ਸਦਾਨਾ ਭਗਵਾਨਪੁਰ ਅਤੇ 17.60 ਲੱਖ ਰੁਪਏ ਦੀ ਲਾਗਤ ਨਾਲ ਕੋਠੇ ਈਸਰਪੁਰ ਵਿਖੇ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਆਨੰਦਪੁਰ ਅਤੇ ਜਕੜੀਆ ਪਿੰਡਾਂ ਦਰਮਿਆਨ 1.22 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪੁਲ ਦਾ ਨੀਂਹ ਪੱਥਰ ਰੱਖਣ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਨਾਨਗਰ ਵਿਧਾਨਸਭਾ ਹਲਕੇ ਦੇ ਵਿਕਾਸ ਵਿੱਚ ਕੋਈ ਵੀ ਕਸਰ ਨਹੀਂ ਛੱਡੇਗੀ।ਉਨ੍ਹਾਂ ਨੇ ਕਿਹਾ ਕਿ ਇਸ ਵੇਲੇ ਦੀਨਾਨਗਰ ਵਿਧਾਨਸਭਾ ਹਲਕੇ ਅੰਦਰ ਵਿਕਾਸ ਦੇ ਕੰਮ ਜੰਗੀ ਪੱਧਰ ਤੇ ਚੱਲ ਰਹੇ ਹਨ, ਜਿਸ ਵਿੱਚ ਲਿੰਕ ਸੜਕਾਂ ਦੇ ਨਵੀਨੀਕਰਨ ਦਾ ਕੰਮ, ਨਵੇਂ ਪੁਲ, ਖੇਡ ਸਟੇਡੀਅਮ ਅਤੇ ਗਲੀਆਂ ਨਾਲੀਆਂ ਦੇ ਇਲਾਵਾ ਹੋਰ ਖੇਤਰਾਂ 'ਚ ਸੁਧਾਰ ਦੇ ਕੰਮ ਕੀਤੇ ਜਾ ਰਹੇ ਹਨ ਅਤੇ ਹਲਕੇ ਅੰਦਰ ਵਿਕਾਸ ਦੇ ਕੰਮ ਆਉਣ ਵਾਲੇ ਦਿਨਾਂ ਅੰਦਰ ਹੋਰ ਵੀ ਤੇਜ਼ ਹੋਣਗੇ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਣ ਅਤੇ ਉਹ ਇਸ ਕੰਮ ਲਈ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।

## ਕੌਮੀ ਪੱਧਰ 'ਤੇ ਮਾਰਸ਼ਲ ਆਰਟ 'ਚ ਮਨਜੋਤ ਸਿੰਘ ਨੇ ਪੰਜਾਬ ਦਾ ਨਾਂਅ ਚਮਕਾਇਆ

**ਅਜਨਾਲਾ (ਸੁਖਦਿੰਦਰ ਸਿੰਘ ਰਾਜੂ)**- ਨੈਸ਼ਨਲ ਲੈਵਲ 'ਤੇ ਜੀ. ਆਰ. ਡੀ. ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ ਮਾਰਸ਼ਲ ਆਰਟ (ਗਤਕਾ) ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਮਰਦਾਨੀ ਸਪੋਰਟਸ ਐਸੋਸੀਏਸ਼ਨ ਉੱਤਰ ਪ੍ਰਦੇਸ਼ ਵੱਲੋਂ ਲਖਨਊ ਵਿਖੇ ਮਰਦਾਨੇ ਮਾਰਸ਼ਲ ਆਰਟ (ਗਤਕਾ) ਦੀ ਖੇਡ ਕਰਵਾਈ ਗਈ ਜਿਸ ਵਿੱਚ ਪੰਜਾਬ ਦੀ ਟੀਮ ਨੇ ਵੱਧ



ਚੜ੍ਹ ਕੇ ਹਿੱਸਾ ਲਿਆ।ਇਸ ਟੀਮ ਵਿੱਚ ਜੀ. ਆਰ. ਡੀ. ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਮਨਜੋਤ ਸਿੰਘ ਨੇ ਫਾਈਟ ਈਵੈਂਟ ਵਿੱਚ ਗੋਲਡ ਮੈਡਲ ਅਤੇ ਤਲਵਾਰ ਘੁਮਾਉਣ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ।ਮਨਜੋਤ ਸਿੰਘ ਨੇ ਨੈਸ਼ਨਲ ਲੈਵਲ 'ਤੇ ਪਹਿਲਾ ਸਥਾਨ ਹਾਸਲ ਕਰਕੇ ਪੰਜਾਬ ਦਾ ਅਤੇ ਆਪਣੇ ਸਕੂਲ ਦਾ ਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਪਹੁੰਚਣ 'ਤੇ ਮਨਜੋਤ ਸਿੰਘ ਦਾ ਸਕੂਲ ਦੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ ਅਤੇ ਐੱਮਡੀ ਮੈਡਮ ਸੰਤੋਸ਼ ਬਜਾਜ ਅਤੇ ਸਕੂਲ ਦੀ ਮੈਨੇਜਮੈਂਟ ਤੇ ਵਿਦਿਆਰਥੀਆਂ ਵੱਲੋਂ ਸਵਾਗਤ ਕੀਤਾ ਗਿਆ।ਵਿਦਿਆਰਥੀ ਅਤੇ ਉਸਦੇ ਮਾਤਾ ਪਿਤਾ ਨੂੰ ਬਹੁਤ ਵਧਾਈ ਦਿੱਤੀ ਗਈ।ਮਨਜੋਤ ਸਿੰਘ ਨੂੰ ਸਕੂਲ ਦੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ ਵੱਲੋਂ ਨਕਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਵੀ ਦਿੱਤਾ ਗਿਆ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਕੂਲ ਵਿੱਚ ਕਈ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ।ਸਕੂਲ ਦੇ ਕਈ ਵਿਦਿਆਰਥੀ ਹਰ ਖੇਡ ਵਿੱਚ ਨੈਸ਼ਨਲ ਲੈਵਲ ਤੇ ਸਟੇਟ ਲੈਵਲ 'ਤੇ ਖੇਡ ਚੁੱਕੇ ਹਨ ਤੇ ਐਵਾਰਡ ਹਾਸਲ ਕਰ ਚੁੱਕੇ ਹਨ।ਆਉਣ ਵਾਲੇ ਸਮੇਂ ਵਿੱਚ ਵੀ ਜੀ. ਆਰ. ਡੀ. ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੀ ਪੂਰੀ ਕੋਸ਼ਿਸ਼ ਹੈ ਕਿ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਹਿੱਸਾ ਦਿਲਵਾਇਆ ਜਾਵੇ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ, ਐੱਮਡੀ ਮੈਡਮ ਸੰਤੋਸ਼ ਬਜਾਜ, ਰੇਨੂੰ, ਕਵਿਤਾ, ਦਿਲਪ੍ਰੀਤ, ਮੀਨੂੰ, ਰਜਿੰਦਰ ਕੌਰ ਧੂਰੀਆਂ, ਜਸਦੀਪ ਕੌਰ, ਰਜਿੰਦਰ ਕੌਰ ਗੁੰਥਗੜ੍ਹ, ਬਲਜਿੰਦਰ ਕੌਰ, ਮਨਪ੍ਰੀਤ ਕੌਰ, ਸਿਮਰਪ੍ਰੀਤ ਕੌਰ, ਹਰਜੋਤ ਕੌਰ, ਲਵਪ੍ਰੀਤ ਕੌਰ, ਪ੍ਰਭਜੋਤ ਕੌਰ, ਸੁਖਰਾਜ ਕੌਰ, ਜੋਤੀ ਆਦਿ ਅਧਿਆਪਕਾਵਾਂ ਸ਼ਾਮਿਲ ਸਨ।

## ਸਕੂਲੀ ਵੈਨ ਹਾਦਸਾਗ੍ਰਸਤ; ਦਰਜਨ ਦੇ ਕਰੀਬ ਅਧਿਆਪਕ ਜ਼ਖਮੀ



**ਗੁਰਦਾਸਪੁਰ, (ਜਨਕ ਮਹਾਜਨ)**- ਸੰਘਣੀ ਧੁੰਦ ਦੇ ਦੌਰਾਨ ਨੈਸ਼ਨਲ ਹਾਈਵੇ 'ਤੇ ਕਲਾਨੌਰ-ਗੁਰਦਾਸਪੁਰ ਮਾਰਗ 'ਤੇ ਪੈਂਦੇ ਅੱਡਾ ਨੜਾਂ ਵਾਲੀ ਨਜ਼ਦੀਕ ਗੁਰਦਾਸਪੁਰ ਵਾਲੇ ਪਾਸੇ ਤੋਂ ਆ ਰਹੀ ਸਕੂਲ ਟੀਚਰਾਂ ਨਾਲ ਭਰੀ ਵੈਨ ਹਾਦਸਾਗ੍ਰਸਤ ਹੋਣ ਕਾਰਨ ਦਰਜਨ ਦੇ ਕਰੀਬ ਅਧਿਆਪਕਾਂ ਦੇ ਫੱਟੜ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਠਾਨਕੋਟ ਏਰੀਏ ਨਾਲ ਸੰਬੰਧਿਤ ਫਤਿਹਗੜ੍ਹ ਚੂੜੀਆਂ ਦੇ ਵੱਖ-ਵੱਖ ਸਕੂਲਾਂ ਵਿੱਚ ਤੈਨਾਤ ਸਰਕਾਰੀ ਮਹਿਲਾ ਅਤੇ ਪੁਰਸ਼ ਅਧਿਆਪਕ ਰੋਜ਼ਾਨਾ ਦੀ ਤਰ੍ਹਾਂ ਸਕੂਲ ਵੈਨ ਰਾਹੀਂ ਫਤਿਹਗੜ੍ਹ ਚੂੜੀਆਂ ਨੂੰ ਜਾ ਰਹੇ ਸਨ ਕਿ ਨੜਾਂ ਵਾਲੀ ਨੇੜੇ ਸੰਘਣੀ ਧੁੰਦ ਦੌਰਾਨ ਉਨ੍ਹਾਂ ਦੀ ਵੈਨ ਹਾਦਸਾਗ੍ਰਸਤ ਹੋ ਗਈ ਜਿਸ ਕਾਰਨ ਜਿੱਥੇ ਗੱਡੀ ਦਾ ਵੱਡਾ ਨੁਕਸਾਨ ਹੋਇਆ ਉਥੇ ਹੀ ਵੈਨ ਵਿੱਚ ਸਵਾਰ ਅਧਿਆਪਕ ਗੰਭੀਰ ਜ਼ਖ਼ਮੀ ਹੋ ਗਏ। ਇਲਾਕੇ ਦੇ ਲੋਕਾਂ ਅਤੇ ਰਾਹਗੀਰਾਂ ਵੱਲੋਂ ਜ਼ਖਮੀ ਅਧਿਆਪਕਾਂ ਨੂੰ ਗੱਡੀ ਵਿੱਚੋਂ ਬਾਹਰ ਕੱਢਿਆ ਗਿਆ ਤੇ 108 ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ।

## ਐੱਨ ਐੱਚ ਐੱਮ ਯੂਨੀਅਨ ਵੱਲੋਂ 19 ਨੂੰ ਬਰਨਾਲਾ ਵਿਖੇ ਰੋਸ ਰੈਲੀ ਦਾ ਐਲਾਨ

**ਚੋਹਲਾ ਸਾਹਿਬ (ਰਮਨ ਚੱਢਾ)**- ਪਿਛਲੇ 15-20 ਸਾਲ ਤੋਂ ਨਿਗੁਣੀਆਂ ਤਨਖਾਹਾਂ ਤੇ ਨੈਸ਼ਨਲ ਹੈਲਥ ਮਿਸ਼ਨ ਦੇ ਅਧੀਨ ਕੰਮ ਕਰਦੇ 8000 ਕੱਚੇ ਮੁਲਾਜ਼ਮਾਂ ਵੱਲੋਂ 19 ਜਨਵਰੀ ਨੂੰ ਸਰਕਾਰ ਦੇ ਝੂਠੇ ਵਾਅਦਿਆਂ ਦੀ ਪੋਲ ਖੋਲ੍ਹ ਰੈਲੀ ਦਾ ਐਲਾਨ ਕਰ ਦਿੱਤਾ ਗਿਆ ਹੈ। ਐੱਨਐੱਚਐੱਮ ਯੂਨੀਅਨ ਦੇ ਸੂਬਾ ਪ੍ਰਧਾਨ ਸੰਦੀਪ ਕੌਰ ਬਰਨਾਲਾ ਵੱਲੋਂ ਦੱਸਿਆ ਗਿਆ ਕਿ ਮੌਜੂਦਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਾਡੇ ਰੈਲੀਆਂ



ਧਰਨਿਆਂ ਵਿਚ ਆ ਕੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਵਾਅਦੇ ਕੀਤੇ ਗਏ ਸਨ। ਲੱਗਭਗ 4 ਸਾਲ ਬੀਤ ਜਾਣ 'ਤੇ ਵੀ ਸਰਕਾਰ ਵੱਲੋਂ ਨਾ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਅਤੇ ਨਾ ਹੀ ਤਨਖਾਹਾਂ ਵਿਚ ਵਾਧਾ ਕੀਤਾ ਗਿਆ। ਨੈਸ਼ਨਲ ਹੈਲਥ ਮਿਸ਼ਨ ਦੇ ਅਧੀਨ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਤਨਖਾਹਾਂ ਵੀ ਸਮੇਂ ਸਿਰ ਨਹੀਂ ਦਿੱਤੀਆਂ ਜਾ ਰਹੀਆਂ। ਸਰਕਾਰ ਦੁਆਰਾ 25-30 ਮੀਟਿੰਗਾਂ ਵੀ ਕੀਤੀਆਂ ਗਈਆਂ ਪਰ ਸਿਵਾਏ ਲਾਰਿਆਂ ਤੋਂ ਮੁਲਾਜ਼ਮਾਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ। ਸਰਕਾਰ ਦੇ ਇਸ ਮਤਰੇਈ ਮਾਂ ਵਾਲੇ ਸਲੂਕ ਤੋਂ ਤੰਗ ਪ੍ਰੇਸ਼ਾਨ ਹੋ ਕੇ ਇਨ੍ਹਾਂ ਮੁਲਾਜ਼ਮਾਂ ਵੱਲੋਂ 19 ਜਨਵਰੀ ਨੂੰ ਜ਼ਿਲ੍ਹਾ ਬਰਨਾਲਾ ਵਿਖੇ ਪਿੰਡ ਠੀਕਰੀਵਾਲ ਵਿਖੇ ਅਮਰ ਸ਼ਹੀਦ ਸ. ਸੇਵਾ ਸਿੰਘ ਦੀ ਬਰਸੀ ਮੌਕੇ ਸਰਕਾਰ ਖਿਲਾਫ਼ ਰੋਸ ਪ੍ਰਗਟ ਕਰਦਿਆਂ ਪੋਲ ਖੋਲ੍ਹ ਰੈਲੀ ਕੀਤੀ ਜਾਵੇਗੀ। ਇਸ ਮੌਕੇ ਸੂਬਾ ਪ੍ਰਧਾਨ ਸੰਦੀਪ ਕੌਰ ਬਰਨਾਲਾ, ਅਰੁਣ ਕੁਮਾਰ, ਮੰਜੂ, ਗੁਰਦੀਪ ਸਿੰਘ, ਹਰਜੀਤ ਸਿੰਘ, ਮਨਜੀਤ ਸਿੰਘ, ਦਵਿੰਦਰ ਸਿੰਘ, ਜਸਵਿੰਦਰ ਸਿੰਘ, ਜੁਝਾਰ ਸਿੰਘ, ਜਸਪ੍ਰੀਤ ਕੌਰ, ਸੁਖਦੀਪ ਕੌਰ, ਅਨੀਤਾ ਰਾਣੀ ਹਾਜ਼ਰ ਸਨ।

## ਅਕਾਲੀ ਦਲ ਪੂਰੀ ਤਰ੍ਹਾਂ ਦਿਸ਼ਾਹੀਣ ਹੋ ਗਿਆ : ਜ਼ਿਲ੍ਹਾ ਪ੍ਰਧਾਨ ਬਿੱਟੂ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਆਮ ਆਦਮੀ ਪਾਰਟੀ ਦੇ ਆਗੂ ਅਤੇ ਤਰਨਤਾਰਨ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਬਿੱਟੂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਖਾਸ ਕਰਕੇ ਇਸਦੇ ਆਗੂ ਪ੍ਰੋ. ਵਿਰਸਾ ਸਿੰਘ ਵਲਟੋਹਾ 'ਤੇ ਤਿੱਖਾ ਹਮਲਾ ਕੀਤਾ।ਬਿੱਟੂ ਨੇ ਕਿਹਾ ਕਿ ਵਿਰਸਾ



ਸਿੰਘ ਵਲਟੋਹਾ ਨੂੰ ਦੂਜਿਆਂ ਵਿਰੁੱਧ ਬਿਆਨ ਦੇਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।ਜਿਸ ਵਿਅਕਤੀ ਦਾ ਆਪਣਾ ਰਾਜਨੀਤਿਕ ਅਤੇ ਨੈਤਿਕ ਰਿਕਾਰਡ ਸ਼ੱਕੀ ਹੈ, ਉਸ ਲਈ ਮੁੱਖ ਮੰਤਰੀ ਦੇ ਪਰਿਵਾਰ 'ਤੇ ਟਿੱਪਣੀ ਕਰਨਾ ਹਾਸੋਹੀਣਾ ਅਤੇ ਸ਼ਰਮਨਾਕ ਹੈ। ਬਿੱਟੂ ਨੇ ਕਿਹਾ ਕਿ ਵਲਟੋਹਾ ਵਰਗੇ ਆਗੂ ਸਿਰਫ਼ ਵਿਵਾਦਪੂਰਨ ਬਿਆਨਾਂ ਤੱਕ ਹੀ ਸੀਮਤ ਹਨ।ਜਦੋਂ ਜਨਤਾ ਦੇ ਸਵਾਲਾਂ ਦੇ ਜਵਾਬ ਦੇਣ ਲਈ ਕੁਝ ਨਹੀਂ ਬਚਦਾ ਤਾਂ ਉਹ ਨਿੱਜੀ ਹਮਲੇ ਕਰਦੇ ਹਨ।ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਵਲਟੋਹਾ ਨੂੰ ਪਹਿਲਾਂ ਇਹ ਦੱਸਣਾ ਚਾਹੀਦਾ ਹੈ ਕਿ ਅਕਾਲੀ ਰਾਜ ਦੌਰਾਨ ਪੰਜਾਬ ਨੇ ਕੀ ਕੁਝ ਝੱਲਿਆ: ਬੇਰੁਜ਼ਗਾਰੀ, ਨਸ਼ਾਖੋਰੀ, ਡਰ ਅਤੇ ਭ੍ਰਿਸ਼ਟਾਚਾਰ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਅੱਜ ਪੂਰੀ ਤਰ੍ਹਾਂ ਦਿਸ਼ਾਹੀਣ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਅਕਾਲੀ ਰਾਜ ਦੌਰਾਨ ਝੂਠੇ ਕੇਸ ਦਰਜ ਕਰਕੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਰਬਾਦ ਕੀਤੀਆਂ ਗਈਆਂ ਸਨ, ਜਦੋਂ ਕਿ ਭਗਵੰਤ ਮਾਨ ਸਰਕਾਰ ਦੇ ਅਧੀਨ ਬਿਨਾਂ ਸਿਫਾਰਸ਼, ਬਿਨਾਂ ਰਿਸ਼ਵਤ ਅਤੇ ਸਿਰਫ਼ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।ਇਹੀ ਪੁਰਾਣੀ ਰਾਜਨੀਤੀ ਅਤੇ ਨਵੀਂ ਰਾਜਨੀਤੀ ਵਿੱਚ ਅੰਤਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਆਉਣ ਵਾਲੀਆਂ ਚੋਣਾਂ ਵਿੱਚ ਇੱਕ ਵਾਰ ਫਿਰ ਆਮ ਆਦਮੀ ਪਾਰਟੀ ਵਿੱਚ ਆਪਣਾ ਭਰੋਸਾ ਜਤਾਉਣਗੇ ਅਤੇ ਭਗਵੰਤ ਮਾਨ ਮੁੱਖ ਮੰਤਰੀ ਬਣੇ ਰਹਿਣਗੇ।

## ਬਦਫੈਲੀ ਦੇ ਦੋਸ਼ 'ਚ 20 ਸਾਲ ਦੀ ਸਜ਼ਾ, ਚਾਲੀ ਹਜ਼ਾਰ ਜੁਰਮਾਨਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਮਾਨਯੋਗ ਜੱਜ, ਵਧੀਕ ਜਿਲ੍ਹਾ ਤੇ ਸੈਸ਼ਨਜ ਜੱਜ (ਫਾਸਟ ਟਰੈਕ ਸਪੈਸ਼ਲ ਕੋਰਟ), ਅੰਮ੍ਰਿਤਸਰ ਦੀ ਅਦਾਲਤ ਦੁਆਰਾ ਮੁਕੱਦਮਾ ਨੰਬਰ 106/2022, ਥਾਣਾ ਵੇਰਕਾ ਅੰਮ੍ਰਿਤਸਰ, ਅਧੀਨ 377 ਆਈਪੀਸੀ ਅਤੇ 6 ਪੋਕਸੋ ਐਕਟ ਤਹਿਤ ਦੋਸ਼ੀ ਰਾਜਾ ਪੁੱਤਰ ਜਸਪਾਲ ਸਿੰਘ ਵਾਸੀ ਪ੍ਰੀਤ ਨਗਰ, ਵੇਰਕਾ, ਅੰਮ੍ਰਿਤਸਰ ਨੂੰ ਪੰਜ ਸਾਲ ਦੇ ਬੱਚੇ ਨਾਲ ਜਬਰ-ਜ਼ਨਾਹ ਦੇ ਦੋਸ਼ ਵਿੱਚ 20 ਸਾਲ ਦੀ ਸਜ਼ਾ ਅਤੇ 40,000 ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਦੋਸ਼ੀ ਜੋ ਕਿ ਉਸਦਾ ਗੁਆਂਢੀ ਸੀ ਸ਼ਿਕਾਇਤਕਰਤਾ ਦੇ ਘਰ ਉਸਦੇ ਮਾਤਾ-ਪਿਤਾ ਦੀ ਗੈਰ-ਹਾਜ਼ਰੀ ਵਿੱਚ ਆਇਆ ਅਤੇ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਕੀਤਾ।ਇਸ ਸਜ਼ਾ ਰਾਹੀਂ ਅਦਾਲਤ ਨੇ ਸੁਨੇਹਾ ਦਿੱਤਾ ਹੈ ਕਿ ਇਸ ਤਰ੍ਹਾ ਦੇ ਜੁਰਮ ਭਵਿੱਖ ਵਿੱਚ ਨਾ ਹੋਣ ਅਤੇ ਬੁਰੇ ਅਨਸਰਾਂ ਉਪਰ ਕਾਨੂੰਨ ਦਾ ਡਰ ਬਣਿਆ ਰਹੇ।

## ਸਰਕਾਰੀ ਹਾਈ ਸਕੂਲ ਫੈਜ਼ਉਲਾ ਚੱਕ 'ਚ ਐੱਨ ਆਰ ਆਈਜ਼ ਵੱਲੋਂ ਵਿਦਿਆਰਥਣਾਂ ਨੂੰ 10 ਸਾਈਕਲ ਭੇਟ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸਰਕਾਰੀ ਹਾਈ ਸਕੂਲ ਫੈਜ਼ਉਲਾ ਚੱਕ ਵਿਖੇ ਵਿਦੇਸ਼ ਵਸਦੇ ਐੱਨਆਰਆਈਜ਼ ਵੱਲੋਂ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਵਿਦਿਆਰਥਣਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਦੀਆਂ




ਲੜਕੀਆਂ ਨੂੰ 10 ਸਾਈਕਲ ਭੇਟ ਕੀਤੇ ਗਏ।ਇਸ ਸਬੰਧੀ ਕਰਵਾਏ ਸਮਾਗਮ ਦੌਰਾਨ ਐੱਨਆਰਆਈ ਹਰਪਾਲ ਸਿੰਘ ਅਤੇ ਸ਼ਮਸ਼ੇਰ ਸਿੰਘ ਆਪਣੀ ਮਾਤਾ ਮਨਜੀਤ ਕੌਰ ਅਤੇ ਪਿਤਾ ਸ. ਮੱਖਣ ਸਿੰਘ ਸਮੇਤ ਵਿਸ਼ੇਸ਼ ਤੌਰ 'ਤੇ ਸਕੂਲ ਵਿਖੇ ਪਹੁੰਚੇ।ਇਸ ਮੌਕੇ ਵਿਦਿਆਰਥਣਾਂ ਨੂੰ ਸਾਈਕਲ ਭੇਟ ਕਰਦੇ ਹੋਏ ਐੱਨਆਰਆਈ ਭਰਾਵਾਂ ਨੇ ਕਿਹਾ ਕਿ ਸਿੱਖਿਆ ਹੀ ਸਮਾਜ ਦੀ ਤਰੱਕੀ ਦੀ ਮਜ਼ਬੂਤ ਨੀਂਹ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਲੜਕੀਆਂ ਨੂੰ ਸਕੂਲ ਆਉਣ-ਜਾਣ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਇਹ ਇਕ ਨਿਮਾਣਾ ਯਤਨ ਹੈ ਤਾਂ ਜੋ ਕੋਈ ਵੀ ਧੀ ਸਿਰਫ਼ ਆਵਾਜਾਈ ਦੀ ਕਮੀ ਕਾਰਨ ਪੜ੍ਹਾਈ ਤੋਂ ਵਾਂਝੀ ਨਾ ਰਹਿ ਜਾਵੇ।ਉਨ੍ਹਾਂ ਨੇ ਕਿਹਾ ਕਿ ਲੜਕੀਆਂ ਨੂੰ ਉੱਚ ਸਿੱਖਿਆ ਹਾਸਲ ਕਰਨ ਲਈ ਹੌਸਲਾ ਮਿਲਣਾ ਬਹੁਤ ਜ਼ਰੂਰੀ ਹੈ ਅਤੇ ਭਵਿੱਖ ਵਿੱਚ ਵੀ ਉਹ ਸਮਾਜ ਭਲਾਈ ਦੇ ਅਜਿਹੇ ਕਾਰਜਾਂ ਨਾਲ ਜੁੜੇ ਰਹਿਣਗੇ।ਸਕੂਲ ਦੀ ਹੈੱਡ ਮਿਸਟ੍ਰੈੱਸ ਮਨਜੀਤ ਕੌਰ ਅਤੇ ਸਮੂਹ ਸਟਾਫ ਨੇ ਐੱਨਆਰਆਈ ਮਹਿਮਾਨਾਂ ਦਾ ਭਰਵਾਂ ਸਵਾਗਤ ਕਰਦੇ ਹੋਏ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਅਜਿਹੇ ਸਹਿਯੋਗ ਨਾਲ ਨਾ ਸਿਰਫ਼ ਵਿਦਿਆਰਥਣਾਂ ਦਾ ਮਨੋਬਲ ਵਧਦਾ ਹੈ, ਸਗੋਂ ਪਿੰਡ ਪੱਧਰ 'ਤੇ ਸਿੱਖਿਆ ਪ੍ਰਤੀ ਸਕਾਰਾਤਮਕ ਸੋਚ ਨੂੰ ਵੀ ਹੌਸਲਾ ਮਿਲਦਾ ਹੈ।ਉਨ੍ਹਾਂ ਨੇ ਕਿਹਾ ਕਿ ਸਾਈਕਲ ਮਿਲਣ ਨਾਲ ਵਿਦਿਆਰਥਣਾਂ ਦੀ ਨਿਯਮਤ ਹਾਜ਼ਰੀ ਵਿੱਚ ਸੁਧਾਰ ਆਵੇਗਾ ਅਤੇ ਉਹ ਹੋਰ ਮਨ ਲਾ ਕੇ ਪੜ੍ਹਾਈ ਕਰ ਸਕਣਗੀਆਂ। ਵਿਦਿਆਰਥਣਾਂ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਐੱਨਆਰਆਈ ਭਰਾਵਾਂ ਦਾ ਧੰਨਵਾਦ ਕੀਤਾ ਗਿਆ।

## ਮਹਾਰਾਸ਼ਟਰ ਨਿਗਮ ਚੋਣਾਂ 'ਚ ਜਿੱਤ ਉੱਤੇ ਭਾਜਪਾ ਵਰਕਰਾਂ ਮਨਾਇਆ ਜਸ਼ਨ

**ਛੇਹਰਟਾ, (ਮਨੋਜ ਕੁਮਾਰ)**- ਮਹਾਰਾਸ਼ਟਰ ਦੀਆਂ ਨਗਰ ਨਿਗਮ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਇਤਿਹਾਸਕ ਜਿੱਤ ਤੋਂ ਬਾਅਦ ਅੰਮ੍ਰਿਤਸਰ ਵਿਚ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਦੇ ਲਾਹੌਰੀ ਗੇਟ ਦਫ਼ਤਰ ਵਿਚ ਜਸ਼ਨ ਦਾ ਮਾਹੌਲ



ਦੇਖਣ ਨੂੰ ਮਿਲਿਆ। ਇਸ ਮੌਕੇ ਭਾਜਪਾ ਵਰਕਰਾਂ ਨੇ ਇਕ-ਦੂਜੇ ਨੂੰ ਮਠਿਆਈਆਂ ਖੁਆਈਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਸਮਰਥਨ ਵਿਚ ਨਾਅਰੇਬਾਜ਼ੀ ਕੀਤੀ। ਇਸ ਮੌਕੇ ਭਾਜਪਾ ਜ਼ਿਲ੍ਹਾ ਮੀਤ ਪ੍ਰਧਾਨ ਸਰਬਜੀਤ ਸਿੰਘ ਸ਼ੰਟੀ ਨੇ ਕਿਹਾ ਕਿ ਮਹਾਰਾਸ਼ਟਰ ਦੀਆਂ ਨਗਰ ਨਿਗਮ ਚੋਣਾਂ ਦੇ ਨਤੀਜੇ ਸਿੱਧ ਕਰਦੇ ਹਨ ਕਿ ਅੱਜ ਜਨਤਾ ਵਿਕਾਸ, ਸੁਸ਼ਾਸਨ ਤੇ ਮਜ਼ਬੂਤ ਰਾਸ਼ਟਰਵਾਦੀ ਲੀਡਰਸ਼ਿਪ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਨੇ ਜਿਸ ਤੇਜ਼ੀ ਨਾਲ ਵਿਕਾਸ ਕੀਤਾ ਹੈ, ਉਸ 'ਤੇ ਜਨਤਾ ਨੇ ਮੋਹਰ ਲਗਾ ਦਿੱਤੀ ਹੈ। ਇਸ ਮੌਕੇ ਰਾਜੇਸ਼ ਮਹਿਤਾ, ਸਾਬਕਾ ਕੌਂਸਲਰ ਨਰੇਸ਼ ਕਾਕਾ, ਮੰਡਲ ਪ੍ਰਧਾਨ ਟਹਿਲ ਸਿੰਘ, ਸਾਬਕਾ ਮੰਡਲ ਪ੍ਰਧਾਨ ਸ਼ੰਕਰ ਲਾਲ, ਮੰਡਲ ਮੀਤ ਪ੍ਰਧਾਨ ਰਾਕੇਸ਼ ਮੰਨਾ, ਮੰਡਲ ਜਨਰਲ ਸਕੱਤਰ ਸੁਨੀਲ ਸਹਿਗਲ, ਹਰਸ਼ ਖੰਨਾ, ਵਿਸ਼ਾਲ ਸੂਰ, ਸੰਜੀਵ ਅਰੋੜਾ, ਮਨਿੰਦਰ ਸਿੰਘ, ਸਵੱਛ ਭਾਰਤ ਮਹਿੰਮ ਪੰਜਾਬ ਦੇ ਕੋ ਕਨਵੀਨਰ ਤਰੁਣ ਅਰੋੜਾ, ਵਿੱਕੀ ਅਰੋੜਾ, ਭਜਨ ਲਾਲ ਡਾ. ਵਧਵਾ, ਅਨਿਲ ਖੰਨਾ, ਜ਼ਿਲ੍ਹਾ ਪ੍ਰੈੱਸ ਸਕੱਤਰ ਰਾਘਵ ਖੰਨਾ, ਸੁਰਿੰਦਰ ਮਹਿਰਾ, ਅਮਿਤ ਸੇਠ, ਹਰੀਓਮ, ਸੁਸ਼ੀਲ ਭੱਲਾ, ਸੰਜੇ ਖੰਨਾ, ਅਨਿਲ ਮਹਿਰਾ, ਮਹਿਲਾ ਮੋਰਚਾ ਤੋਂ ਮਨਜੀਤ ਚੰਡੋਕ, ਯੁਵਾ ਮੋਰਚਾ ਤੋਂ ਗੌਤਮ ਉਮਟ, ਸੰਜੀਵ ਸ਼ਰਮਾ, ਵਿਸ਼ਾਲ ਆਰੀਆ, ਰਮਨ ਮਹਿਤਾ, ਵਰੁਣ ਅਗਰਵਾਲ, ਵਰੁਣ ਅਰੋੜਾ, ਕਾਰਤਿਕ ਮਹਾਜਨ, ਨਿਤਿਨ ਮਹਿਤਾ, ਸਿਮਰਨਪ੍ਰੀਤ ਸਿੰਘ, ਅਤੁਲ ਵਰਮਾ, ਗੁਰਪ੍ਰੀਤ ਸਿੰਘ, ਰਣਜੀਤ, ਨਿਪੁਨ ਸ਼ਰਮਾ, ਰਿੰਕੂ, ਸ਼ੰਮੀ ਕੁਮਾਰ, ਸੌਰਵ ਕੁਮਾਰ, ਵਿਨੈ ਸੇਠ, ਪ੍ਰਦੀਪ ਭੋਲਾ, ਰੋਮੀ ਚੋਪੜਾ ਆਦਿ ਹਾਜ਼ਰ ਸਨ।

## ਡਾ. ਅਜੈ ਗੁਪਤਾ ਦੀ ਪਤਨੀ ਰੇਣੂੰ ਗੁਪਤਾ ਦੀ ਆਤਮਿਕ ਸ਼ਾਂਤੀ ਲਈ ਸ਼ੋਕ ਸਭਾ ਆਯੋਜਿਤ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਅੰਮ੍ਰਿਤਸਰ ਦੇ ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੈ ਗੁਪਤਾ ਦੀ ਪਤਨੀ ਰੇਣੂ ਗੁਪਤਾ ਦਾ 13 ਜਨਵਰੀ ਦੀ ਰਾਤ ਨੂੰ ਦੇਹਾਂਤ ਹੋ ਗਿਆ।ਸਵਰਗੀ ਰੇਣੂ ਗੁਪਤਾ ਦੀ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਸ਼ੋਕ ਸਭਾ ਸ਼ੁੱਕਰਵਾਰ ਨੂੰ ਦੁਪਹਿਰ 2:00 ਵਜੇ ਤੋਂ 3:00 ਵਜੇ ਤੱਕ ਮਾਲਈ ਗਾਰਡਨ, ਵੇਰਕਾ-ਮਜੀਠਾ ਬਾਈਪਾਸ ਰੋਡ, ਅੰਮ੍ਰਿਤਸਰ ਵਿਖੇ ਆਯੋਜਿਤ ਕੀਤੀ ਗਈ। ਹਜ਼ਾਰਾਂ ਲੋਕਾਂ ਨੇ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਆਪਣਾ ਦੁੱਖ ਪ੍ਰਗਟ ਕੀਤਾ।ਸ਼ੋਕ ਸਭਾ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭੇਜਿਆ ਗਿਆ ਇੱਕ ਸ਼ੋਕ ਸੰਦੇਸ਼ ਪੜ੍ਹਿਆ ਗਿਆ। ਪ੍ਰਾਰਥਨਾ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ, ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, ਵਿਧਾਇਕ ਜਸਬੀਰ ਸਿੰਘ ਸੰਧੂ, ਵਿਧਾਇਕ ਜੀਵਨਜੋਤ ਕੌਰ, ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ,



ਪੁਲਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ, ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਸਾਬਕਾ ਕੈਬਨਿਟ ਮੰਤਰੀ ਡਾ. ਰਾਜਕੁਮਾਰ ਵੇਰਕਾ, ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ, ਸਾਬਕਾ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ, ਸਾਬਕਾ ਵਿਧਾਇਕ ਸੁਨੀਲ ਦੱਤੀ, ਸਾਬਕਾ ਡਿਪਟੀ ਸਪੀਕਰ ਪ੍ਰੋਫੈਸਰ ਦਰਬਾਰੀ ਲਾਲ, ਡਿਪਟੀ ਮੇਅਰ ਅਨੀਤਾ ਰਾਣੀ ਦੇ ਪੁੱਤਰ ਤਰੁਣਵੀਰ ਕੈਂਡੀ, ਕੌਂਸਲਰ ਜਰਨੈਲ ਸਿੰਘ ਢੋਟ, ਕਾਂਗਰਸ ਕੌਂਸਲਰ ਵਿਕਾਸ ਸੋਨੀ, ਆਪ ਜ਼ਿਲ੍ਹਾ ਪ੍ਰਧਾਨ ਪ੍ਰਭਜੋਤ ਸਿੰਘ ਬਰਾੜ, ਆਮ ਆਦਮੀ ਪਾਰਟੀ ਦੇ ਅਧਿਕਾਰੀਆਂ, ਨਗਰ ਨਿਗਮ, ਪਾਵਰਕਾਮ, ਪ੍ਰਸ਼ਾਸਨਿਕ, ਪੁਲਸ, ਸਿਵਲ ਅਧਿਕਾਰੀਆਂ ਅਤੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ., ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਲਵਿੰਦਰਜੀਤ ਸਿੰਘ ,ਕਰਮਜੀਤ ਸਿੰਘ ਰਿੰਟੂ, ਚੇਅਰਮੈਨ, ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ ਅਤੇ ਹੋਰ ਪਤਵੰਤੇ ਵਿਧਾਇਕ ਡਾ. ਅਜੇ ਗੁਪਤਾ ਦੇ ਘਰ ਪਹੁੰਚੇ ਅਤੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ।

## ਕਟਾਰੂਚੱਕ ਨੇ 3.60 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦਾ ਰੱਖਿਆ ਨੀਹ ਪੱਥਰ

**ਪਠਾਨਕੋਟ (ਦਵਿੰਦਰ ਸਿੰਘ)**- ਵਿਧਾਨ ਸਭਾ ਹਲਕਾ ਭੋਆ ਦੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ 3. 60 ਕਰੋੜ ਰੁਪਏ ਦੀ ਲਾਗਤ ਨਾਲ ਕਰੀਬ 7.15 ਕਿਲੋਮੀਟਰ ਸੜਕਾਂ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ ਗਿਆ ਹੈ ਅਤੇ ਜਲਦੀ ਹੀ ਇਨ੍ਹਾਂ ਸੜਕਾਂ ਦਾ ਨਿਰਮਾਣ ਕਰਕੇ ਲੋਕਾਂ ਨੂੰ ਸਮਰਪਿਤ ਕੀਤੀਆਂ ਜਾਣਗੀਆਂ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ



ਵੱਖ-ਵੱਖ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਨੀਂਹ ਪੱਥਰ ਰੱਖਣ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ ਐਕਸੀਅਨ ਮੰਡੀ ਬੋਰਡ, ਨਿਤਿਨ ਠਾਕੁਰ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਨਰੇਸ਼ ਸੈਣੀ ਜ਼ਿਲਾ ਪ੍ਰਧਾਨ ਬੀਸੀ ਵਿੰਗ, ਅਸ਼ਵਨੀ ਕੁਮਾਰ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਠਾਕੁਰ ਮਨੋਹਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਨਰੋਟ ਜੈਮਲ ਸਿੰਘ, ਪਵਨ ਕੁਮਾਰ ਫੌਜੀ ਸੰਮਤੀ ਮੈਂਬਰ, ਰਜਿੰਦਰ ਭਿੱਲਾ ਬਲਾਕ ਪ੍ਰਧਾਨ, ਕਰਨ ਕੁਮਾਰ ਸੰਮਤੀ ਮੈਂਬਰ, ਕਰਮਜੀਤ ਸਰਪੰਚ ਡੇਰਾ ਬਾਬਾ ਬਸੰਤਪੁਰੀ, ਕੁਲਜੀਤ ਸੈਣੀ, ਕੁਲਦੀਪ ਪਟਵਾਂ, ਅਸ਼ੋਕ ਕੁਮਾਰ ਸਰਪੰਚ ਚੌਹਾਨਾ, ਲਾਡਾ ਸਰਪੰਚ ਬਗਿਆਲ, ਬਲਜੀਤ ਸਿੰਘ ਸੰਮਤੀ ਮੈਂਬਰ, ਸੁਮਨ ਸੈਣੀ ਸੰਮਤੀ ਮੈਂਬਰ, ਸਰਪੰਚ ਰਜਨੀਸ਼, ਪ੍ਰਵੇਸ਼ ਸਰਪੰਚ ਖੰਨੀ ਖੂਹੀ, ਰਾਜਪਾਲ ਸਰਪੰਚ ਮਾੜੀ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਕਾਰਜਕਰਤਾ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੀਆਂ ਤਿੰਨ ਸੜਕਾਂ ਪਹਿਲੀ ਨਰੋਟ ਮਹਿਰਾ ਤੋਂ ਬਾਰਠ ਸਾਹਿਬ ਜਿਸ ਦੀ ਲੰਬਾਈ 2.15 ਕਿਲੋਮੀਟਰ ਬਣਦੀ ਹੈ ਅਤੇ ਇਸ 'ਤੇ 1.72 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ।ਦੂਸਰੀ ਸੜਕ ਏਪੀਕੇ ਰੋਡ ਪਰਮਾਨੰਦ ਤੋਂ ਲਾਹੜੀ ਗੁੱਜਰਾਂ ਜਿਸ ਦੀ ਲੰਬਾਈ 3 ਕਿਲੋਮੀਟਰ ਬਣਦੀ ਹੈ, 'ਤੇ 1.10 ਕਰੋੜ ਰੁਪਏ ਖਰਚ ਕੀਤਾ ਜਾਣੇ ਹਨ।ਤੀਸਰਾ ਰੋਡ ਭੀਮਪੁਰ ਪੁਲ ਤੋਂ ਪਿੰਡ ਚੌਹਾਨਾਂ-ਘਰੋਟਾ ਤੱਕ ਬਣਾਇਆ ਜਾਣਾ ਹੈ ਜਿਸ ਦੀ ਲੰਬਾਈ ਕਰੀਬ 2 ਕਿਲੋਮੀਟਰ ਬਣਦੀ ਹੈ ਅਤੇ ਇਸ 'ਤੇ 76.67 ਲੱਖ ਰੁਪਏ ਖਰਚ ਕੀਤੇ ਜਾਣੇ ਹਨ।ਜਿਨ੍ਹਾਂ ਸੜਕਾਂ ਦੇ ਨਿਰਮਾਣ ਕਾਰਜ ਆਰੰਭ ਕਰਾਏ ਗਏ ਹਨ ਉਨ੍ਹਾਂ ਦੀ ਕੁੱਲ ਲੰਬਾਈ 7.15 ਕਿਲੋਮੀਟਰ ਬਣਦੀ ਹੈ ਅਤੇ 3.60 ਕਰੋੜ ਰੁਪਏ ਖਰਚ ਕੀਤੇ ਜਾਣਗੇ ।ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੀ ਚੌੜਾਈ 10 ਫੁੱਟ ਤੋਂ ਵਧਾ ਕੇ 16 ਫੁੱਟ ਕੀਤੀ ਗਈ ਹੈ ਤਾਂ ਜੋ ਲੋਕਾਂ ਨੂੰ ਆਵਾਜਾਈ ਵਿੱਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਪਲੇਸਮੈਂਟ ਕੈਂਪ ਭਲਕੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ ਅਧੀਨ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਮਨਦੀਪ ਕੌਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)-ਕਮ-ਮੁੱਖ ਕਾਰਜਕਾਰੀ ਅਫਸਰ ਡੀਬੀਈਈ ਅੰਮ੍ਰਿਤਸਰ ਨੇ ਕੀਤਾ।ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਮੁਕੇਸ਼ ਸਰੰਗਲ ਨੇ ਦੱਸਿਆ ਕਿ 19 ਜਨਵਰੀ ਦਿਨ ਸੋਮਵਾਰ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਡੀ. ਸੀ. ਦਫਤਰ, ਜ਼ਮੀਨੀ ਮੰਜ਼ਿਲ ਨੇੜੇ ਸੁਵਿਧਾ ਕੇਂਦਰ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ।ਇਸ ਪਲੇਸਮੈਂਟ ਕੈਂਪ ਵਿੱਚ ਡਾਇਰੈਕਟੋਰੇਟ ਆਫ ਸੈਨਸਸ ਆਪਰੇਸ਼ਨ ਪੰਜਾਬ ਅੰਮ੍ਰਿਤਸਰ ਵੱਲੋਂ ਟੈਕਨੀਕਲ ਅਸਿਸਟੈਂਟ ਦੀ ਅਸਾਮੀ ਦੇ ਲਈ ਆਊਟਸੋਰਸਿੰਗ ਏਜੰਸੀ ਦੇ ਰੋਲ ਤੇ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ।ਇਹ ਕੰਟਰੈਕਟ ਪਹਿਲਾਂ 18 ਮਹੀਨੇ ਦਾ ਹੋਵੇਗਾ।ਇਸ ਪਲੇਸਮੈਂਟ ਕੈਂਪ ਵਿਚ ਬੀਸੀਏ, ਬੀ.ਐੱਸਸੀ (ਆਈ.ਟੀ), ਐੱਮਸੀਏ ਅਤੇ ਐੱਮ.ਐੱਸਸੀ (ਆਈ.ਟੀ.) ਦੀ ਯੋਗਤਾ ਵਾਲੇ ਉਮੀਦਵਾਰ (ਦੋਵੇਂ ਲੜਕੇ ਅਤੇ ਲੜਕੀਆਂ) ਭਾਗ ਲੈ ਸਕਦੇ ਹਨ।ਇਸ ਕੰਪਨੀ ਵੱਲੋਂ ਪ੍ਰਾਰਥੀਆਂ ਨੂੰ 25,000 ਤੱਕ ਤਨਖਾਹ ਦਿੱਤੀ ਜਾਵੇਗੀ।ਇਸ ਕੈਂਪ ਵਿੱਚ ਭਾਗ ਲੈਣ ਲਈ ਉਮੀਦਵਾਰ ਦਾ ਨਾਂਅ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਰਜਿਸਟਰ ਹੋਣਾ ਲਾਜ਼ਮੀ ਹੈ। ਚਾਹਵਾਨ ਉਮੀਦਵਾਰ ਆਪਣੇ ਯੋਗਤਾ ਦੇ ਸਰਟੀਫਿਕੇਟ ਲੈ ਕੇ ਸੋਮਵਾਰ ਸਵੇਰੇ 10:30 ਵਜੇ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਹੁੰਚ ਸਕਦੇ ਹਨ।ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਹੈਲਪਲਾਈਨ ਨੰਬਰ 9915789068 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਬਾਸਕਿਟਬਾਲ ਚੈਂਪੀਅਨਸ਼ਿਪ 'ਚ ਕੁੜੀਆਂ ਨੇ ਸੋਨ ਤਮਗਾ ਜਿੱਤਿਆ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਡੀਏਵੀ ਨੈਸ਼ਨਲ ਸਪੋਰਟਸ 25 ਸਪੋਰਟਸ ਸਟੇਡੀਅਮ ਦੇ ਆਊਟਡੋਰ ਕੈਂਪਸ ਵਿੱਚ ਹੋਏ ਤਿੰਨ ਦਿਨਾ ਡੀਏਵੀ ਸਪੋਰਟਸ ਬਾਸਕਟਿਬਾਲ ਨੈਸ਼ਨਲ (ਲੜਕੀਆਂ) ਟੂਰਨਾਮੈਂਟ ਵਿੱਚ ਕੁੜੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। 10 ਤੋਂ 12 ਜਨਵਰੀ ਤੱਕ ਚੱਲੇ ਇਸ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਟੀਮ ਨੇ ਸਖ਼ਤ ਮੁਕਾਬਲੇ ਦੇ ਵਿਚਕਾਰ ਸੋਨ ਤਮਗਾ ਜਿੱਤਿਆ।ਅੰਡਰ-19 ਬਾਸਕਟਿਬਾਲ ਚੈਂਪੀਅਨਸ਼ਿਪ ਵਿੱਚ ਟੀਮ ਦੀ ਜਿੱਤ ਵਿੱਚ ਗਰਿਮਾ, ਕਾਮਾਕਸ਼ੀ, ਭਾਵਿਆ ਅਤੇ ਪਲਕ ਨੇ ਮੁੱਖ ਭੂਮਿਕਾ ਨਿਭਾਈ।ਦੇਸ਼ ਭਰ ਦੇ ਵੱਖ-ਵੱਖ ਖੇਤਰਾਂ ਦੀਆਂ ਡੀਏਵੀ ਟੀਮਾਂ ਨੇ ਇਸ ਰਾਸ਼ਟਰੀ ਮੁਕਾਬਲੇ ਵਿੱਚ ਹਿੱਸਾ ਲਿਆ।ਫਾਈਨਲ ਮੈਚ ਵਿੱਚ ਟੀਮ ਨੇ ਆਪਣੀ ਸ਼ਾਨਦਾਰ ਤਕਨੀਕ ਅਤੇ ਤਾਲਮੇਲ ਦਾ ਪ੍ਰਦਰਸ਼ਨ ਕਰਦੇ ਹੋਏ ਸੋਨ ਤਮਗਾ ਜਿੱਤਿਆ।ਪ੍ਰਿੰਸੀਪਲ ਮੰਜੂ ਬਜਾਜ ਨੇ ਜੇਤੂ ਖਿਡਾਰੀਆਂ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਇਸ ਇਤਿਹਾਸਕ ਜਿੱਤ ਨੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਬਹੁਤ ਉਤਸ਼ਾਹ ਪੈਦਾ ਕੀਤਾ ਹੈ।

## ਸਕੱਤਰ-ਕਮ-ਮੁੱਖ ਨਿਆਇਕ ਮੈਜਿਸਟ੍ਰੇਟ ਨੇ ਜੇਲ 'ਚ ਕੈਦੀਆਂ ਦੀਆਂ ਸ਼ਿਕਾਇਤਾਂ ਸੁਣੀਆਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਮਾਨਯੋਗ ਜੱਜ ਅਸ਼ਵਨੀ ਕੁਮਾਰ ਮਿਸ਼ਰਾ ਪ੍ਰਸ਼ਾਸਕੀ ਜੱਜ, ਅੰਮ੍ਰਿਤਸਰ ਸੈਸ਼ਨ ਡਿਵੀਜ਼ਨ-ਕਮ-ਐਗਜ਼ੀਕਿਊਟਿਵ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ; ਜੱਜ ਰੋਹਿਤ ਕਪੂਰ, ਪ੍ਰਸ਼ਾਸਕੀ ਜੱਜ, ਅੰਮ੍ਰਿਤਸਰ ਸੈਸ਼ਨ ਡਿਵੀਜ਼ਨ; ਅਤੇ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ ਦੀ ਮਾਣਯੋਗ ਅਗਵਾਈ ਅਤੇ ਸ਼੍ਰੀਮਤੀ ਜਤਿੰਦਰ ਕੌਰ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਯੋਗ ਰਹਿਨੁਮਾਈ



ਹੇਠ ਕੇਂਦਰੀ ਜੇਲ੍ਹ, ਅੰਮ੍ਰਿਤਸਰ ਵਿੱਚ ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ-ਕਮ-ਮੁੱਖ ਨਿਆਇਕ ਮੈਜਿਸਟ੍ਰੇਟ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਵੱਲੋਂ ਜੇਲ੍ਹ ਦੌਰਾ ਅਤੇ ਕੈਦੀਆਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ।ਇਸ ਮੌਕੇ ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ-ਕਮ-ਮੁੱਖ ਨਿਆਇਕ ਮੈਜਿਸਟ੍ਰੇਟ ਨੇ ਦੌਰੇ ਦੌਰਾਨ ਕੈਦੀਆਂ ਦੀਆਂ ਸ਼ਿਕਾਇਤਾਂ ਦਾ ਮੌਕੇ ਉਤੇ ਨਿਪਟਾਰਾ ਕੀਤਾ ।ਮਾਨਵਤਾ ਭਰਿਆ ਕਦਮ ਚੁੱਕਦੇ ਹੋਏ ਗੈਰ-ਸਰਕਾਰੀ ਸੰਸਥਾ ਲੀਗਲ ਐਕਸ਼ਨ ਏਡ ਵੈੱਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਵਿਦੇਸ਼ੀ ਨਾਗਰਿਕਾਂ ਸਮੇਤ ਕੈਦੀਆਂ ਲਈ ਸਰਦੀ ਦੇ ਕੱਪੜੇ ਵੰਡੇ ਗਏ।ਇਸ ਮੌਕੇ ਸ਼੍ਰੀ ਸ਼ਾਰਤ ਵਸ਼ਿਸ਼ਠ, ਸੰਸਥਾਪਕ ਅਤੇ ਪ੍ਰਧਾਨ, ਐੱਨਜੀਓ ਆਪਣੀ ਟੀਮ ਸਮੇਤ ਮੌਜੂਦ ਰਹੇ।ਦੂਰਦਰਸ਼ੀ ਸੋਚ, ਅਗਵਾਈ ਅਤੇ ਯੋਗ ਰਹਿਨੁਮਾਈ ਕਾਰਨ ਇਹ ਕਾਰਜ ਸਫਲਤਾਪੂਰਵਕ ਸੰਪੰਨ ਹੋਇਆ।

## ਸਰਕਾਰ ਸੜਕ ਸੁਰੱਖਿਆ ਨੂੰ ਸਭ ਤੋਂ ਵੱਡੀ ਤਰਜੀਹ ਦੇ ਰਹੀ ਹੈ : ਅਮਨ ਅਰੋੜਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ ਮੰਤਰੀ ਸ੍ਰੀ ਲਾਲਜੀਤ ਸਿੰਘ ਭੁੱਲਰ ਅਤੇ ਸਪੈਸ਼ਲ ਡੀ.ਜੀ.ਪੀ ਸ੍ਰੀ ਏ.ਐਸ.ਰਾਏ ਆਈ.ਪੀ.ਐੱਸ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਅਤੇ ਸੜਕ ਹਾਦਸਿਆਂ ਨੂੰ ਘਟਾਉਣ ਦੇ ਉਦੇਸ਼ ਨਾਲ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 1 ਜਨਵਰੀ 2026 ਤੋਂ 31 ਜਨਵਰੀ 2026 ਤੱਕ ਮਨਾਇਆ ਜਾ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਕੈਬਨਟ ਮੰਤਰੀ ਅਮਨ ਅਰੋੜਾ ਨੇ ਸੜਕ ਸੁਰੱਖਿਆ ਦਾ ਪੋਸਟਰ ਰਿਲੀਜ਼ ਕਰਦੇ ਹੋਏ ਕਿਹਾ ਕਿ ਸੜਕ ਸੁਰੱਖਿਆ ਸਰਕਾਰ ਪ੍ਰਸ਼ਾਸਨ ਤੇ ਜਨਤਾ ਦੀ ਸਾਂਝੀ ਜ਼ਿੰਮੇਵਾਰੀ ਹੈ।ਪੰਜਾਬ ਰੋਡ ਸੇਫਟੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਪੰਕਜ ਅਰੋੜਾ ਨੇ ਕਿਹਾ ਕਿ ਸੂਬੇ ਭਰ ਵਿੱਚ ਇਹ ਮਹੀਨਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਨਾਇਆ ਜਾ ਰਿਹਾ ਹੈ ਸੂਬੇ ਵਿੱਚ ਇਸ ਮੁਹਿਮ ਦੇ ਵਿੱਚ ਜਾਗਰੂਕਤਾ ਸੈਮੀਨਾਰ ਹੈਲਮਟ ਸੀਟ ਬੈਲਟ ਲਾਜ਼ਮੀ ਵਰਤੋ ਨਸ਼ੇ ਵਿੱਚ ਡਰਾਈਵਿੰਗ ਖਿਲਾਫ ਵਿਸ਼ੇਸ਼ ਨਾਕਾਬੰਦੀ ਬਲੈਕ ਸਪੋਟ ਤੇ ਇੰਜੀਨੀਅਰਿੰਗ ਸੁਧਾਰ ਤੇ ਨਵੇਂ ਸਾਈਨੇਜ ਅਤੇ ਹੋਰ ਵੀ ਕਈ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਪੰਜਾਬ ਸਰਕਾਰ ਸੜਕ ਸੁਰੱਖਿਆ ਨੂੰ ਸਭ ਤੋਂ ਵੱਡੀ ਤਰਜੀਹ ਦੇ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਰੋਡ ਸੇਫਟੀ ਐਡਵਾਈਜ਼ਰ ਕਮੇਟੀ ਦੇ ਮੈਂਬਰ ਪੰਕਜ ਅਰੋੜਾ, ਸੁਨਾਮ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਡੀ.ਐਸ.ਪੀ ਹਰਵਿੰਦਰ ਸਿੰਘ ਖਹਿਰਾ ਤੇ ਟ੍ਰੈਫਿਕ ਪੁਲਸ ਸੁਨਾਮ ਦੇ ਇੰਚਾਰਜ ਏਐਸਆਈ ਨਿਰਭੈ ਸਿੰਘ ਤੇ ਹੋਰ ਸ਼ਹਿਰ ਦੇ ਮੁਖੀ ਹਾਜ਼ਰ ਸਨ।

## ਸੁਖਬੀਰ ਬਾਦਲ ਨੇ ਕੀਤਾ ਜੱਸੇਆਣਾ ਦੇ ਪਰਵਾਰ ਨਾਲ ਦੁੱਖ ਸਾਂਝਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਥੋਂ ਨੇੜਲੇ ਪਿੰਡ ਜੱਸੇਆਣਾ ਵਾਸੀ ਜਗਸੀਰ ਸਿੰਘ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ (59), ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਦਿਹਾਂਤ ਤੇ ਮ੍ਰਿਤਕ ਦੀ ਪਤਨੀ ਮੌਜੂਦਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਪੁੱਤਰ ਬੱਗੀ ਸਿੰਘ ਨਾਲ ਅਫਸੋਸ ਪ੍ਰਗਟ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਿੰਡ ਜੱਸੇਆਣਾ ਵਿਖੇ ਪੁੱਜੇ, ਜਿੱਥੇ ਉਹਨਾਂ ਨੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਉਹਨਾਂ ਨਾਲ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਵੀ ਮੌਜੂਦ ਸਨ।ਉਹਨਾਂ ਕਿਹਾ ਕਿ ਜਗਸੀਰ ਸਿੰਘ ਇੱਕ ਇਮਾਨਦਾਰ ਅਤੇ ਮਿਲਣਸਾਰ ਵਿਅਕਤੀ ਸਨ। ਉਹਨਾਂ ਦੇ ਚਲੇ ਜਾਣ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਜੋ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।ਇਸ ਦੌਰਾਨ ਹਨੀ ਫੱਤਣਵਾਲਾ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦੱਸਿਆ ਕਿ ਜਗਸੀਰ ਸਿੰਘ ਦੇ ਪਿਤਾ ਨੇ 1982 ਦੇ ਧਰਮ ਯੁੱਧ ਮੋਰਚੇ ਦੌਰਾਨ ਮੇਰੇ ਦਾਦਾ ਸਵ. ਹਰਚੰਦ ਸਿੰਘ ਬਰਾੜ ਫੱਤਣਵਾਲਾ ਸਾਬਕਾ ਵਿਧਾਇਕ ਨਾਲ ਨਾਭਾ ਜੇਲ੍ਹ ਵਿੱਚ 25 ਦਿਨ ਰਹੇ।ਇਸ ਕਰਕੇ ਇਹ ਟਕਸਾਲੀ ਅਕਾਲੀ ਪਰਿਵਾਰ ਹੈ। ਇਸ ਮੌਕੇ ਨਰਦੇਵ ਸਿੰਘ ਬੌਬੀ ਮਾਨ, ਪੂਰਨ ਸਿੰਘ ਲੰਡੇਰੋਡੇ, ਹਰਬਲਾਸ ਸਿੰਘ ਮੈਂਬਰ ਬਲਾਕ ਸੰਮਤੀ ਤੋਂ ਇਲਾਵਾ ਪਰਿਵਾਰ ਦੇ ਮੈਂਬਰ ਤੇ ਰਿਸ਼ਤੇਦਾਰ ਹਾਜ਼ਰ ਸਨ।

## ਹੜ੍ਹ ਪ੍ਰਭਾਵਤ ਕਿਸਾਨਾਂ ਦੀ ਭੁੱਖ ਹੜਤਾਲ ਜਾਰੀ



**ਮੱਖੂ (ਰਛਪਾਲ ਸਿੰਘ ਸੰਧੂ)**-ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹੜ੍ਹ ਪੀੜਤ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਦੇ ਸਬੰਧ ਵਿੱਚ ਹਰੀਕੇ ਹੈੱਡ ਵਰਕਸ 'ਤੇ 15 ਦਿਨਾਂ ਤੋਂ ਲਗਾਇਆ ਹੋਇਆ ਧਰਨਾ ਲਗਾਤਾਰ ਜਾਰੀ ਹੈ, ਜਿਸ ਵਿੱਚ ਵੱਖ-ਵੱਖ ਕਿਸਾਨ ਯੂਨੀਅਨ ਦੇ ਆਗੂਆਂ ਤੇ ਵਰਕਰਾਂ ਨੇ ਭਾਗ ਲਿਆ ਹੋਇਆ ਹੈ।ਇਸ ਧਰਨੇ ਦੌਰਾਨ ਰੋਜ਼ਾਨਾ ਵੱਖ ਵੱਖ ਕਿਸਾਨ ਭੁੱਖ ਹੜਤਾਲ 'ਤੇ ਬੈਠ ਰਹੇ ਹਨ। ਇਸ ਵਾਰ ਭੁੱਖ ਹੜਤਾਲ ਵਿੱਚ ਫੱਤੇ ਵਾਲਾ ਪਿੰਡ ਦੇ ਕਿਸਾਨ ਸਰਬਜੀਤ ਸਿੰਘ ਜ਼ਿਲ੍ਹਾ ਕਮੇਟੀ ਮੈਂਬਰ, ਭਾਗ ਸਿੰਘ, ਗੁਰਸੇਵਕ ਸਿੰਘ, ਹਰਪ੍ਰੀਤ ਸਿੰਘ, ਮਨਜੀਤ ਸਿੰਘ ਤੇ ਬਖਸ਼ੀਸ਼ ਸਿੰਘ ਭੋਜੋਕੇ ਬੈਠੇ ਹੋਏ ਸਨ।ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦ ਤੱਕ ਹੜ੍ਹ ਪ੍ਰਭਾਵਿਤ ਕਿਸਾਨਾਂ ਦੀਆਂ ਹੱਕੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਦ ਤੱਕ ਇਹ ਧਰਨਾ ਜਾਰੀ ਰਹੇਗਾ।ਪਿਛਲੇ 15 ਦਿਨਾਂ ਤੋਂ ਹੜ੍ਹ ਪੀੜਤਾਂ ਵੱਲੋਂ ਲਗਾਤਾਰ ਭੁੱਖ ਹੜਤਾਲ ਤੋਂ ਕੀਤੀ ਜਾ ਰਹੀ ਹੈ, ਜੇਕਰ ਕਿਸੇ ਵੀ ਕਿਸਾਨ ਨੂੰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।ਉਨ੍ਹਾਂ ਕਿਹਾ ਕਿ ਸਾਡੀਆਂ ਮੁੱਖ ਮੰਗਾਂ ਸਿਲਟ ਦੀ ਸਫਾਈ, ਜ਼ਮੀਨ ਦੀ ਗਿਰਦਾਵਰੀ, ਮੁਆਵਜ਼ਾ ਕਰਜ਼ ਮੁਆਫੀ, ਬੱਚਿਆਂ ਦੀ ਪੜ੍ਹਾਈ ਲਈ ਪੈਸਾ, ਰੇਤਾ ਨਿਕਾਸੀ ਦੀ ਮਿਆਦ ਵਧਾਈ ਜਾਵੇ ਆਦਿ ਹਨ।ਇਸ ਮੌਕੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ, ਰਸਲ ਸਿੰਘ ਸੁਲਤਾਨ ਵਾਲਾ, ਕਰਨੈਲ ਸਿੰਘ, ਮਲਕੀਤ ਸਿੰਘ, ਸੁਖਦੇਵ ਸਿੰਘ, ਗੁਰਚਰਨ ਸਿੰਘ, ਰਣਜੋਧ ਸਿੰਘ, ਸਿੰਕਦਰ ਸਿੰਘ, ਕਰਨਜੀਤ ਸਿੰਘ, ਜਸਵਿੰਦਰ ਸਿੰਘ, ਗੁਰਜੀਤ ਸਿੰਘ, ਜਸ਼ਨਪ੍ਰੀਤ ਸਿੰਘ ਪ੍ਰੈਸ ਸਕੱਤਰ ਸੁਖਵੰਤ ਸਿੰਘ ਖਜਾਨਚੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੜ੍ਹ ਪ੍ਰਭਾਵਿਤ ਕਿਸਾਨ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਨੇ ਬੂਥ ਪੱਧਰ 'ਤੇ ਕਮੇਟੀਆਂ ਬਣਾਉਣ ਲਈ ਮੁਹਿੰਮ ਆਰੰਭੀ : ਹਮੀਦੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਬੂਥ ਪੱਧਰ 'ਤੇ ਕਮੇਟੀਆਂ ਬਣਾਉਣ ਲਈ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ।ਇਹ ਪ੍ਰਗਟਾਵਾ ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਨੇ ਪਿੰਡ ਸਹਿਜੜਾ ਵਿਖੇ ਵਰਕਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਜਥੇਦਾਰ ਹਮੀਦੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ ਅਨੁਸਾਰ ਬੂਥ ਪੱਧਰ 'ਤੇ ਵਰਕਰ ਕਮੇਟੀਆਂ ਬਣਾਉਣ ਲਈ ਪੰਜਾਬ ਭਰ ਵਿੱਚ ਮੁਹਿੰਮ ਸ਼ੁਰੂ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ ਦੋਵਾਂ ਨੂੰ ਪਰਖ ਲਿਆ ਹੈ।ਅੱਕੇ ਹੋਏ ਲੋਕ ਅੱਜ ਸੱਥਾਂ 'ਚ ਬੈਠੇ ਅਕਾਲੀ ਸਰਕਾਰ ਦੇ ਕਾਰਜਕਾਲ ਨੂੰ ਚੇਤੇ ਕਰਨ ਲੱਗੇ ਹਨ।ਉਨ੍ਹਾਂ ਕਿਹਾ ਕਿ ਮਾਘੀ ਮੌਕੇ ਮੁਕਤਸਰ ਸਾਹਿਬ ਵਿਖੇ ਹੋਈ ਇਤਿਹਾਸਕ ਕਾਨਫਰੰਸ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਹੱਕ 'ਚ ਹਵਾ ਚੱਲ ਰਹੀ ਹੈ। ਇਸ ਮੌਕੇ ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ, ਬੀ. ਸੀ. ਸੈੱਲ ਦੇ ਪ੍ਰਧਾਨ ਕੁਲਵੰਤ ਸਿੰਘ ਜਗਦੇ ਨੇ ਵੀ ਵਿਚਾਰ ਰੱਖੇ।ਅਕਾਲੀ ਆਗੂ ਜਸਵਿੰਦਰ ਸਿੰਘ ਸਹਿਜੜਾ ਦੀ ਅਗਵਾਈ ਹੇਠ ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਨੈਬ ਸਿੰਘ, ਕੁਲਜੀਤ ਸਿੰਘ, ਭਰਪੂਰ ਸਿੰਘ, ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ, ਕੁਲਦੀਪ ਸਿੰਘ, ਮਹਿੰਦਰ ਸਿੰਘ, ਰੇਸਮ ਸਿੰਘ, ਪਿਆਰਾ ਸਿੰਘ, ਮੇਜਰ ਸਿੰਘ, ਹਰਜੀਤ ਸਿੰਘ ਆਦਿ ਹਾਜ਼ਰ ਸਨ।

## ਸਰਕਾਰ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਵਚਨਬੱਧ : ਰਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਲਾਕ ਸਰਹਿੰਦ ਦੇ ਪਿੰਡ ਲਟੌਰ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ।ਇਸ ਮੌਕੇ ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਦੇ ਹੇਠ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਤੇ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖਤਮ ਕਰਨ ਦੇ ਲਈ ਪੂਰੀ ਤਰਹਾਂ ਵਚਨਬੱਧ ਹੈ।ਪੰਜਾਬ ਸਰਕਾਰ ਆਪਣੇ ਮਕਸਦ ਵਿੱਚ ਤਦ ਹੀ ਕਾਮਯਾਬ ਹੋ ਸਕਦੀ ਹੈ, ਜੇ ਸੂਬੇ ਦੀ ਜਨਤਾ ਸਰਗਰਮ ਸਹਿਯੋਗ ਕਰੇ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਨੌਜਵਾਨ ਪੀੜ੍ਹੀ ਨੂੰ ਨਸ਼ੇ ਨੇ ਆਪਣੀ ਗ੍ਰਿਫਤ ਵਿੱਚ ਲੈ ਲਿਆ ਸੀ, ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਆਗਾਜ਼ ਕੀਤਾ ਗਿਆ, ਜਿਸ ਤਹਿਤ ਨਸ਼ਾ ਸਪਲਾਈ ਕਰਨ ਵਾਲੇ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਤੇ ਨਸ਼ਾ ਛੱਡਣ ਦੇ ਇੱਛਕ ਨੌਜਵਾਨਾਂ ਨੂੰ ਨਸ਼ਾ ਛਡਾਊ ਕੇਂਦਰਾਂ ਵਿੱਚ ਭਰਤੀ ਕਰਕੇ ਨਸ਼ਾ ਛਡਵਾਇਆ ਗਿਆ।ਇੱਥੇ ਹੀ ਬੱਸ ਨਹੀਂ ਬਹੁਤ ਸਾਰੇ ਨਸ਼ਾ ਤਸਕਰਾਂ ਦੇ ਘਰਾਂ ਨੂੰ ਵੀ ਢਾਹਿਆ ਗਿਆ, ਤਾਂ ਜੋ ਪੰਜਾਬ ਵਿੱਚ ਨਸ਼ੇ ਦੀ ਸਪਲਾਈ ਨੂੰ ਤੋੜਿਆ ਜਾ ਸਕੇ।ਪੰਜਾਬ ਸਰਕਾਰ ਆਪਣੇ ਮਕਸਦ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਈ ਹੈ।ਹੁਣ ਦੂਸਰੇ ਪੜਾਅ ਵਿੱਚ ਮੁਹਿੰਮ ਚਲੀ ਗਈ ਹੈ, ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਪੰਜਾਬ ਸਰਕਾਰ ਦੀ ਇਸ ਮੁਹਿੰਮ ਨੂੰ ਵੱਧ ਚੜ੍ਹ ਕੇ ਸਹਿਯੋਗ ਕਰੀਏ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ੇ ਵਰਗੀਆਂ ਕੁਰੀਤੀਆਂ ਤੋਂ ਬਚਾ ਸਕਾਂਗੇ।ਇਸ ਮੌਕੇ ਡਾਕਟਰ ਸੁਰਿੰਦਰ ਸਿੰਘ ਐੱਸਐੱਮਓ ਚਨਾਰਥਲ ਕਲਾਂ, ਗੁਰਜੀਤ ਸਿੰਘ ਬਿੱਟਾ ਬਲਾਕ ਸੰਮਤੀ ਮੈਂਬਰ, ਸਰਪੰਚ ਰੋਹਿਤ ਸਿੰਗਲਾ, ਸਾਬਕਾ ਸਰਪੰਚ ਮਨਜੀਤ ਸਿੰਘ, ਸਾਬਕਾ ਸਰਪੰਚ ਹਰਨੇਕ ਸਿੰਘ, ਦਿਆਲ ਸਿੰਘ, ਤਰਸੇਮ ਦਾਸ, ਬਲਜੀਤ ਸਿੰਘ, ਜਰਨੈਲ ਸਿੰਘ, ਐੱਸਐੱਚਓ ਮੂਲੇਪੁਰ ਜਤਿੰਦਰ ਪਾਲ ਆਦਿ ਹਾਜ਼ਰ ਸਨ।

## ਸੰਦੀਪ ਬੀਰੋਕੇ ਨੇ ਲੱਭਿਆ ਮੋਬਾਇਲ ਵਾਪਸ ਕੀਤਾ



**ਬੁਢਲਾਡਾ (ਅਸ਼ੋਕ ਲਾਕੜਾ)**-ਇੱਥੋਂ ਨੇੜਲੇ ਪਿੰਡ ਬੀਰੋਕੇ ਕਲਾਂ ਦੇ ਨੌਜਵਾਨ ਸਮਾਜ ਸੇਵੀ ਸੰਦੀਪ ਸਿੰਘ ਬੀਰੋਕੇ ਨੂੰ ਲੱਭਿਆ ਇੱਕ ਮੋਬਾਇਲ ਉਸ ਦੇ ਮਾਲਕ ਕਮਲਜੀਤ ਸਿੰਘ ਵਾਸੀ ਮਾਨਸਾ ਨੂੰ ਵਾਪਸ ਕਰਕੇ ਇਮਾਨਦਾਰੀ ਦੀ ਮਿਸਾਲ ਪੇਸ਼ ਕੀਤੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਮਲਜੀਤ ਸਿੰਘ ਵਾਸੀ ਮਾਨਸਾ ਆਪਣੇ ਕਿਸੇ ਕੰਮ ਲਈ ਪਿੰਡ ਬੱਛੋਆਣਾ ਤੋਂ ਬਾਅਦ ਮਾਨਸਾ ਜਾ ਰਿਹਾ ਸੀ ਕਿ ਉਸ ਦਾ ਮੋਬਾਇਲ ਸੈੱਟ ਰਸਤੇ ਵਿੱਚ ਡਿੱਗ ਗਿਆ, ਜੋ ਕਿ ਕਾਫ਼ੀ ਕੀਮਤੀ ਸੀ।ਮੋਬਾਇਲ ਵਿੱਚ ਉਸ ਦਾ ਡਾਟਾ ਵੀ ਬਹੁਮੁੱਲਾ ਸੀ।ਨੌਜਵਾਨ ਸਮਾਜ ਸੇਵੀ ਸੰਦੀਪ ਸਿੰਘ ਬੀਰੋਕੇ, ਜੋ ਬਰੇਟਾ ਵਾਲੇ ਪਾਸੇ ਤੋਂ ਆਪਣੇ ਪਿੰਡ ਵਾਪਸ ਆ ਰਿਹਾ ਸੀ, ਉਸ ਨੂੰ ਉਕਤ ਮੋਬਾਇਲ ਮਿਲ ਗਿਆ, ਜਿਸ ਨੇ ਉਕਤ ਕਮਲਜੀਤ ਸਿੰਘ ਨੂੰ ਮੋਬਾਇਲ ਫੋਨ ਵਾਪਸ ਕਰ ਦਿੱਤਾ।ਕਮਲਜੀਤ ਸਿੰਘ ਨੇ ਸੰਦੀਪ ਸਿੰਘ ਦੀ ਇਮਾਨਦਾਰੀ ਦੀ ਕਾਫੀ ਪ੍ਰਸੰਸਾ ਕੀਤੀ।ਉਕਤ ਕਮਲਜੀਤ ਨੇ ਇਸ ਸਬੰਧੀ ਖੁਸ਼ੀ ਵਜੋਂ ਸੰਦੀਪ ਸਿੰਘ ਨੂੰ ਇਨਾਮ ਦੇਣਾ ਚਾਹਿਆ ਤਾਂ ਉਸ ਨੇ ਸਤਿਕਾਰ ਨਾਲ ਮਨ੍ਹਾਂ ਕਰ ਦਿੱਤਾ।ਪਿੰਡ ਦੇ ਮੋਹਤਬਰਾਂ ਤੇ ਪੰਚਾਇਤ ਨੇ ਸਮਾਜ ਸੇਵੀ ਸੰਦੀਪ ਸਿੰਘ ਬੀਰੋਕੇ ਦੀ ਸ਼ਲਾਘਾ ਕੀਤੀ। ਦੱਸਣਾ ਬਣਦਾ ਹੈ ਕਿ ਸੰਦੀਪ ਸਿੰਘ ਬੀਰੋਕੇ ਦੀ ਧਰਮ ਪਤਨੀ ਐਤਕੀਂ ਬਲਾਕ ਸੰਮਤੀ ਦੀ ਚੋਣ ਵੀ ਲੜ ਚੁੱਕੇ ਹਨ।

## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਬਟੋਰਨ ਵਾਲਾ ਟਰੈਵਲ ਏਜੰਟ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਇੱਕ ਬਜ਼ੁਰਗ ਨੌਜਵਾਨ ਤੋਂ ਪੈਸੇ ਬਟੋਰਨ ਦੇ ਮਾਮਲੇ ਵਿੱਚ ਜ਼ਿਲ੍ਹਾ ਪੁਲਸ ਫਿਰੋਜ਼ਪੁਰ ਵੱਲੋਂ ਨਾਮਜ਼ਦ ਕਰਮਜੀਤ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਮੰਡਤ ਉਤਾੜ ਨੂੰ ਦਿੱਲੀ ਦੀ ਪੁਲਸ ਨੇ ਉਸ ਵਕਤ ਆਪਣੀ ਹਿਰਾਸਤ ਵਿੱਚ ਲੈ ਲਿਆ, ਜਦੋਂ ਉਸ ਨੇ ਅੰਤਰਰਾਸ਼ਟਰੀ ਹਵਾਈ ਅੱਡੇ ਦਿੱਲੀ ਉੱਪਰ ਲੈਂਡ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਗੁਰੂ ਹਰਸਹਾਏ ਨੇ ਦੱਸਿਆ ਕਿ ਐੱਫ ਆਈ ਆਰ ਨੰਬਰ 175 ਵਿੱਚ ਇਸ ਦੋਸ਼ੀ ਦੇ ਰਿਸ਼ਤੇਦਾਰ ਗੁਰਜੰਟ ਸਿੰਘ ਪੁੱਤਰ ਗਿਰਗਾ ਸਿੰਘ ਖਿਲਾਫ ਵੀ ਆਈ ਪੀ ਸੀ ਦੀ ਧਾਰਾ 420 , 120 2 ਅਧੀਨ ਅਪਰਾਧਿਕ ਮੁਕੱਦਮਾ ਦਰਜ ਹੈ।ਮੁੱਦਈ ਸ਼ਿਕਾਇਤਕਰਤਾ ਹਰਪ੍ਰੀਤ ਕੁਮਾਰ ਪੁੱਤਰ ਗੁਰਦੇਵ ਚੰਦ ਵਾਸੀ ਪਿੰਡ ਬਸਤੀ ਮੋਹਣ ਕੇ ਹਿਠਾੜ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਸੀ ਕਿ 2021 ਦੇ ਵਿੱਚ ਜਦੋਂ ਉਹ ਕੈਨੇਡਾ ਜਾਣਾ ਚਾਹੁੰਦਾ ਸੀ ਤਾਂ ਉਸ ਨੇ ਉਨ੍ਹਾਂ ਦੇ ਜਾਣਕਾਰ ਉਪਰੋਕਤ ਕਰਮਜੀਤ ਸਿੰਘ ਤੇ ਗੁਰਜੰਟ ਸਿੰਘ ਜੋ ਕਿ ਇਮੀਗ੍ਰੇਸ਼ਨ ਦਾ ਕੰਮ ਕਰਦੇ ਸਨ, ਦੇ ਖਾਤੇ ਵਿੱਚ 6 ਲੱਖ ਰੁਪਏ ਟ੍ਰਾਂਸਫਰ ਕੀਤੇ।

ਇਸ ਤੋਂ ਬਾਅਦ ਇੱਕ ਸਾਲ ਤੱਕ ਉਸ ਨੇ ਵੀਜ਼ਾ ਮਿਲਣ ਦੀ ਉਡੀਕ ਕੀਤੀ, ਪਰ ਜਦੋਂ ਉਸ ਨੂੰ ਲੱਗਿਆ ਕਿ ਉਸ ਨਾਲ ਕੀਤੇ ਵਾਅਦੇ 'ਤੇ ਉਹ ਪੂਰਾ ਨਹੀਂ ਉੱਤਰ ਰਹੇ ਤਾਂ ਹਰਪ੍ਰੀਤ ਵੱਲੋਂ ਪੈਸਿਆਂ ਦੀ ਮੰਗ ਕਰਨ 'ਤੇ ਉਸ ਨੂੰ 2 ਲੱਖ 50 ਹਜ਼ਾਰ ਰੁਪਏ ਵਾਪਸ ਕਰ ਦਿੱਤੇ ਅਤੇ 3:30 ਸਾਢੇ ਤਿੰਨ ਲੱਖ ਰੁਪਏ ਇਨ੍ਹਾਂ ਵੱਲ ਬਕਾਇਆ ਖੜਾ ਰਹਿ ਗਿਆ।ਇਸ ਤੋਂ ਬਾਅਦ ਹਰਪ੍ਰੀਤ ਵੱਲੋਂ ਵਾਰ-ਵਾਰ ਇਨ੍ਹਾਂ ਦੇ ਘਰ ਜਾ ਕੇ ਪੈਸਿਆਂ ਦੀ ਮੰਗ ਕਰਨ ਤੇ ਪੰਚਾਇਤੀ ਵਿਅਕਤੀ ਲੈ ਕੇ ਜਾਣ 'ਤੇ ਵੀ ਇਨ੍ਹਾਂ ਨੇ ਕੋਈ ਨਿਆਂ ਨਹੀਂ ਦਿੱਤਾ ਤੇ ਫੋਨ ਸੁਣਨਾ ਵੀ ਬੰਦ ਕਰ ਗਏ।ਇਸ ਤੋਂ ਬਾਅਦ ਪੁਲਸ ਕੋਲ ਆਈ ਸ਼ਿਕਾਇਤ ਦੇ ਆਧਾਰ 'ਤੇ ਹੋਈਆਂ ਟਰਾਂਜੈਕਸ਼ਨਾਂ ਦੀ ਤਸਦੀਕ ਕਰਨ ਬਾਅਦ ਦੋਸ਼ੀਆਂ ਖਿਲਾਫ ਧੋਖਾਧੜੀ ਕਰਨ ਦਾ ਮਾਮਲਾ ਸੰਗੀਨ ਧਰਾਵਾਂ ਅਧੀਨ ਮੁਕੱਦਮਾ ਦਰਜ ਕੀਤਾ ਗਿਆ ਸੀ।ਹੁਣ ਜਦੋਂ ਦੇਸ਼ ਭਰ ਦੇ ਰੇਲਵੇ ਸਟੇਸ਼ਨਾਂ ਉੱਪਰ ਇਸ ਵਿਅਕਤੀ ਖਿਲਾਫ ਲੁੱਕ ਆਊਟ ਜਾਰੀ ਹੋ ਚੁੱਕਿਆ ਸੀ ਤਾਂ ਕਰਮਜੀਤ ਸਿੰਘ ਨੇ ਜਦੋਂ ਕੈਨੇਡਾ ਤੋਂ ਵਾਪਸ ਆਉਂਦਿਆਂ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਉੱਪਰ ਪੈਰ ਰੱਖਿਆ ਤਾਂ ਸੈਂਟਰਲ ਇੰਡਸਟਰੀਅਲ ਸਕਿਉਰਟੀ ਫੋਰਸ ਨੇ ਇਸ ਨੂੰ ਆਪਣੀ ਹਿਰਾਸਤ ਵਿੱਚ ਲੈ ਕੇ ਤੁਰੰਤ ਇਸ ਦੀ ਜਾਣਕਾਰੀ ਜ਼ਿਲ੍ਹਾ ਪੁਲਸ ਫਿਰੋਜ਼ਪੁਰ ਨੂੰ ਦਿੱਤੀ।ਪੁਲਸ ਥਾਣਾ ਗੁਰੂ ਹਰਸਹਾਏ ਦੇ ਪ੍ਰਮੁੱਖ ਐੱਸ ਐੱਚ ਓ ਗੁਰਜੰਟ ਸਿੰਘ ਅਨੁਸਾਰ ਇਸ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਪ੍ਰਾਪਤ ਕੀਤਾ ਜਾਵੇਗਾ।

## ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੀਨੀਅਰ ਸਿਟੀਜ਼ਨ ਕੌਂਸਲ ਦੀ ਅਗਜ਼ੈਕਟਿਵ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੀਨੀਅਰ ਸਿਟੀਜ਼ਨ ਕੌਂਸਲ (ਸੇਵਾਮੁਕਤ ਕਰਮਚਾਰੀ) ਮੋਗਾ ਦੀ ਨਵੇਂ ਵਰ੍ਹੇ ਦੀ ਪਲੇਠੀ ਅਗਜ਼ੈਕਟਿਵ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੀਨੀਅਰ ਸਿਟੀਜ਼ਨ ਕੌਂਸਲ (ਸੇਵਾਮੁਕਤ ਕਰਮਚਾਰੀ), ਮੋਗਾ ਦੀ ਨਵੇਂ ਵਰ੍ਹੇ ਦੀ ਪਲੇਠੀ ਅਗਜ਼ੈਕਟਿਵ ਮੀਟਿੰਗ ਫੈਡਰੇਸ਼ਨ ਪੰਜਾਬ ਦੇ ਉਪ ਪ੍ਰਧਾਨ ਤੇ ਕੌਂਸਲ ਪ੍ਰਧਾਨ ਸਰਦਾਰੀ ਲਾਲ ਕਾਮਰਾ ਦੀ ਅਗਵਾਈ ਹੇਠ ਡੇਅ ਕੇਅਰ ਤੇ ਕੇਅਰ ਸੈਂਟਰ ਵਿਖੇ ਹੋਈ।ਮੀਟਿੰਗ ਦੀ ਸ਼ੁਰੂਆਤ ਵਿੱਚ ਪ੍ਰਧਾਨ ਨੇ ਨਵੇਂ ਸਾਲ ਦੀ ਆਮਦ ਤੇ ਮੈਂਬਰਾਂ ਨੂੰ ਵਧਾਈਆਂ, ਸਿਹਤਯਾਬ, ਤੰਦਰੁਸਤੀ ਤੇ ਪਰਿਵਾਰਕ ਖੇੜੇ ਬਣੇ ਰਹਿਣ ਦੀਆਂ ਸ਼ੁਭ-ਕਾਮਨਾਵਾਂ ਦੇਣ ਉਪਰੰਤ ਬਜ਼ੁਰਗਾਂ ਨੂੰ ਬਜ਼ੁਰਗ ਭਲਾਈ ਐਕਟ 2007 ਸਬੰਧੀ ਗਰੀਬ ਲੋਕਾਂ ਵਿੱਚ ਜਾ ਕੇ ਪ੍ਰਚਾਰ ਕਰਨ 'ਤੇ ਵਧੇਰੇ ਜ਼ੋਰ ਦਿੱਤਾ ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਬਹੁਤੇ ਬਜ਼ੁਰਗ ਘਰਾਂ ਵਿੱਚ ਅਪਨੀ ਔਲਾਦ ਤੋਂ ਤੰਗੀ ਤੁਰਸ਼ੀ ਤਾਂ ਝਲ ਰਹੇ ਹਨ, ਪਰ ਸਮਾਜਿਕ, ਰਿਸ਼ਤੇਦਾਰੀ ਦੇ ਡਰੋਂ, ਝਿਜਕ ਵਜੋਂ ਜਾਂ ਫਿਰ ਜਾਗਰੂਕਤਾ ਦੀ ਘਾਟ ਕਾਰਨ ਜ਼ਿਲ੍ਹਾ ਨੋਡਲ ਅਫਸਰ ਐੱਸ.ਪੀ. (ਐੱਚ) ਕੋਲ ਸ਼ਿਕਾਇਤ ਕਰਨ ਲਈ ਪਹੁੰਚ ਨਹੀਂ ਕਰਦੇ ਜੋ ਕਿ ਅਜਿਹੇ ਕੇਸਾਂ ਦਾ 90 ਦਿਨਾਂ ਵਿੱਚ ਫੈਸਲਾ ਕਰਦੇ ਹਨ।ਕੌਂਸਲ ਨਾਲ ਕਿਸੇ ਵੀ ਸਮੱਸਿਆ ਚਾਹੇ ਘਰੇਲੂ ਜਾਂ ਸਰਕਾਰੀ ਹੋਵੇ ਤੁਰੰਤ ਰਾਬਤਾ ਕਾਇਮ ਕਰਕੇ ਅਪਨੀ ਬਜ਼ੁਰਗੀ ਨੂੰ ਸੁਖਾਲਾ ਬਣਾਉਣ ਲਈ ਕਿਹਾ।ਉਪਰੰਤ ਦਰਬਾਰ ਸਿੰਘ ਗਿੱਲ ਨੇ ਪਿਛਲੇ ਸਾਲ 2025 ਦਾ ਲੇਖਾ ਜੋਖਾ ਵੀ ਪੇਸ਼ ਕੀਤਾ।ਉਨ੍ਹਾਂ ਜ਼ਿਲ੍ਹਾ ਮਾਨਸਾ ਵਿਖੇ ਫੈਡਰੇਸ਼ਨ ਦੀ ਸਟੇਟ ਪੱਧਰੀ ਹੋਈ ਤਿਮਾਹੀ ਮੀਟਿੰਗ ਵਿੱਚ ਬਜ਼ੁਰਗਾਂ ਦੀਆਂ ਮੰਗਾਂ ਬਾਰੇ ਚਾਨਣਾ ਪਾਇਆ।ਕਾਮਰਾ ਨੇ 18 ਜਨਵਰੀ ਨੂੰ ਮਾਘੀ ਰਿਜ਼ੋਰਟ ਵਿਖੇ ਸਮਾਂ ਸਵੇਰ 11ਵਜੇ ਤੋਂ 2 ਵਜੇ ਤੱਕ ਸੀ.ਪੀ.ਆਰ. ਟ੍ਰੇਨਿੰਗ ਸਬੰਧੀ ਕੈਂਪ ਵਿੱਚ ਵਧ ਤੋਂ ਵਧ ਮੈਂਬਰਾਂ ਨੂੰ ਪਹੁੰਚਣ ਲਈ ਪ੍ਰੇਰਿਤ ਕੀਤਾ।ਇਸ ਮੀਟਿੰਗ ਵਿੱਚ ਨਿਰੰਜਣ ਸਿੰਘ, ਵਿਜੈ ਸੂਦ, ਵਿਜੇ ਬਾਂਸਲ, ਪ੍ਰੇਮ ਮਾਸ਼ਟਰ, ਸੁਖਦੇਵ ਸਿੰਘ ਜਸਲ, ਸਵਤੰਤਰ ਕੁਮਾਰ, ਸੁਖਚੈਨ ਸਿੰਘ,ਨਾਹਰ ਸਿੰਘ, ਇੰਦਰਜੀਤ ਨਾਰੰਗ, ਜੋਗਿੰਦਰ ਸਿੰਘ ਸੰਘਾ, ਸੁਰਿੰਦਰ ਬਾਂਸਲ, ਜਗਦੀਪ ਸਿੰਘ ਕੈਂਥ, ਹਰਪ੍ਰੀਤ ਸਿੰਘ, ਸੁਰੇਸ਼ ਕੁਮਾਰ, ਹਰਭਜਨ ਸਿੰਘ ਨਾਗਰਾ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਸੂਬਾ ਜਥੇਬੰਦਕ ਕਨਵੈਨਸ਼ਨ ਸਫਲਤਾ-ਪੂਰਵਕ ਸੰਪੰਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਨਵੈਨਸ਼ਨ ਤਿਆਰੀ ਕਮੇਟੀ ਦੇ ਮੈਂਬਰ ਗਿਆਨ ਸਿੰਘ ਸਾਹਵਾਲਾ ਦੱਸਿਆ ਕਿ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਜਥੇਬੰਦਕ ਕਨਵੈਨਸ਼ਨ ਪਿੰਡ ਸਿੰਘਾਂਵਾਲਾ ਵਿਖੇ ਸਫ਼ਲਤਾ ਪੂਰਵਕ ਸਮਾਪਤ ਹੋਈ। ਕਨਵੈਨਸ਼ਨ ਨੇ ਪ੍ਰਗਟ ਸਿੰਘ ਕਾਲਾਝਾੜ ਤੇ ਕੁਲਵੰਤ ਸਿੰਘ ਸੇਲਬਰਾਹ ਨੂੰ ਜਥੇਬੰਦੀ ਵਿੱਚੋਂ ਬਾਹਰ ਕੱਢ ਦਿੱਤਾ ਹੈ।ਲਖਵੀਰ ਸਿੰਘ ਲੱਖਾ ਤੇ ਸੰਦੀਪ ਸਿੰਘ ਪੰਡੋਰੀ ਨੂੰ ਸੂਬਾ ਕਮੇਟੀ ਮੈਂਬਰ ਦੇ ਤੌਰ 'ਤੇ ਬਹਾਲ ਕਰ ਦਿੱਤਾ ਹੈ। 2021 ਵਿੱਚ ਬਰਨਾਲਾ ਕਨਵੈਨਸ਼ਨ ਵੱਲੋਂ ਚੁਣੀ ਸੂਬਾ ਕਮੇਟੀ ਭੰਗ ਕਰ ਦਿੱਤੀ ਹੈ।ਨਵੀਂ ਸੂਬਾ ਅਡਹਾਕ ਕਮੇਟੀ ਚੁਣੀ ਗਈ ਹੈ।ਸਭ ਤੋਂ ਪਹਿਲਾਂ ਲਖਵੀਰ ਸਿੰਘ ਲੱਖਾ ਦੀ ਅਗਵਾਈ ਵਿੱਚ ਤਿਆਰੀ ਕਮੇਟੀ ਨੇ ਸ਼ਹੀਦਾਂ ਦੀ ਯਾਦ ਵਿੱਚ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦਾ ਝੰਡਾ ਲਹਿਰਾਇਆ ਤੇ ਝੰਡਾ ਨਿਵਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਗੀਤਕਾਰ ਜਗਸੀਰ ਮਹਿਰਾਜ ਨੇ ਝੰਡੇ ਦਾ ਇਨਕਲਾਬੀ ਗੀਤ ਗਾਇਆ।ਇਸ ਪਿੱਛੋਂ ਕਮਿਊਨਿਟੀ ਹਾਲ ਦੇ ਅੰਦਰ ਕਨਵੈਨਸ਼ਨ ਸ਼ੁਰੂ ਕੀਤੀ ਗਈ।ਮੀਟਿੰਗ ਹਾਲ ਦਾ ਨਾਮ ਸ਼ਹੀਦ ਗੁਲਜਾਰਾ ਸਿੰਘ ਭੱਠਲ ਯਾਦਗਾਰੀ ਹਾਲ ਰੱਖਿਆ ਗਿਆ।ਕਨਵੈਨਸ਼ਨ ਤਿਆਰੀ ਕਮੇਟੀ ਦੇ ਮੈਂਬਰ ਗਿਆਨ ਸਿੰਘ ਸਾਹਵਾਲਾ ਨੇ ਸਟੇਜ ਦਾ ਸੰਚਾਲਨ ਸ਼ੁਰੂ ਕੀਤਾ।ਸਭ ਤੋਂ ਪਹਿਲਾਂ ਸਟੇਜ ਉਤੇ ਪ੍ਰਧਾਨਗੀ ਮੰਡਲ ਨੂੰ ਬੁਲਾਇਆ ਗਿਆ।ਕਨਵੈਨਸ਼ਨ ਤਿਆਰੀ ਕਮੇਟੀ ਦੇ ਮੈਂਬਰ ਲਖਵੀਰ ਸਿੰਘ ਲੱਖਾ, ਸੰਦੀਪ ਸਿੰਘ ਪੰਡੋਰੀ, ਕਰਮ ਸਿੰਘ ਦਿਓਲ, ਭਰਾਤਰੀ ਜਥੇਬੰਦੀ ਬੀਕੇਯੂ ਕ੍ਰਾਂਤੀਕਾਰੀ ਦੇ ਚੇਅਰਮੈਨ ਸੁਰਜੀਤ ਸਿੰਘ ਫੂਲ ਤੇ ਲੋਕ ਸੰਗਰਾਮ ਮੋਰਚੇ ਦੇ ਜਰਨਲ ਸਕੱਤਰ ਸੁਖਮੰਦਰ ਸਿੰਘ ਨੇ ਪ੍ਰਧਾਨਗੀ ਮੰਡਲ ਵਿੱਚ ਥਾਂ ਲਈ।ਭਰਾਤਰੀ ਜਥੇਬੰਦੀਆਂ ਵੱਲੋਂ ਸੁਖਮੰਦਰ ਸਿੰਘ ਤੇ ਬਲਦੇਵ ਸਿੰਘ ਜ਼ੀਰਾ ਨੇ ਭਰਾਤਰੀ ਸੰਦੇਸ਼ ਦਿੱਤੇ।ਕਨਵੈਨਸ਼ਨ ਦੀ ਸ਼ੁਰੂਆਤ ਮੌਕੇ ਜਥੇਬੰਦੀ ਵਿੱਚ ਪੈਦਾ ਹੋਏ ਸੰਕਟ ਦਾ ਹੱਲ ਕਰਦਾ ਸਿਆਸੀ-ਜਥੇਬੰਦਕ ਮਤਾ ਲਖਵੀਰ ਸਿੰਘ ਲੱਖਾ ਵੱਲੋਂ ਪੜ੍ਹਿਆ ਗਿਆ, ਜਿਸ ਨੂੰ ਬਹਿਸ ਵਟਾਂਦਰੇ ਤੋਂ ਬਾਅਦ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਬਹਿਸ ਵਿੱਚ ਰੇਸ਼ਮ ਸਿੰਘ ਰਟੋਲ, ਜੱਗਾ ਸਿੰਘ ਜ਼ੀਰਾ, ਨਰਿੰਦਰ ਨਿੰਦੀ, ਕਰਮ ਸਿੰਘ ਦਿਓਲ, ਜਗਸੀਰ ਮਹਿਰਾਜ, ਵਿਸਾਖਾ ਸਿੰਘ ਨੇ ਹਿੱਸਾ ਲਿਆ।ਇੱਕ ਮਤੇ ਰਾਹੀਂ, ਲਖਵੀਰ ਸਿੰਘ ਲੱਖਾ, ਗਿਆਨ ਸਿੰਘ ਸਾਹਵਾਲਾ, ਸੰਦੀਪ ਸਿੰਘ ਪੰਡੋਰੀ ਤੇ ਕਰਮ ਦਿਓਲ, ਉਤੇ ਅਧਾਰਤ ਸੂਬਾ ਐਡਹਾਕ ਕਮੇਟੀ ਚੁਣੀ ਗਈ।

## ਨਮੋਲ ਨੂੰ ਸਦਮਾ, ਮਾਤਾ ਦਾ ਦੇਹਾਂਤ

**ਸੰਗਾਲਾ (ਰਣਜੀਤ ਸਿੰਘ ਪੇਧਨੀ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਸਤਿਗੁਰ ਸਿੰਘ ਨਮੋਲ ਦੀ ਸਤਿਕਾਰਯੋਗ ਮਾਤਾ ਨਛੱਤਰ ਕੌਰ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ।ਪਰਿਵਾਰ ਦੇ ਨਾਲ ਧੂਰੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਪੰਮਾ ਬਾਠ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਤਾ ਨਛੱਤਰ ਕੌਰ ਦੇ ਜਾਣ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ।ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਚੇਅਰਮੈਨ ਸੁਖਪਾਲ ਸ਼ਰਮਾ, ਤਲਬੀਰ ਸਿੰਘ ਧਨੇਸਰ, ਸਾਬਕਾ ਸਰਪੰਚ ਕੁਲਦੀਪ ਸਿੰਘ ਬਟੂਹਾ, ਸਾਬਕਾ ਸਰਪੰਚ ਸੁਰਜੀਤ ਸਿੰਘ ਮੂਲੋਵਾਲ, ਸਾਬਕਾ ਸਰਪੰਚ ਜਸਵੰਤ ਸਿੰਘ ਭੱਠਲ, ਜਸਨ ਮੂਲੋਵਾਲ, ਗੁਰਵਿੰਦਰ ਸਿੰਘ ਗੋਗੀ ਪੁੰਨਾਵਾਲ, ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਵਾਈਸ ਚੇਅਰਮੈਨ ਜਸਬੀਰ ਸਿੰਘ ਭਲਵਾਨ, ਗੁਰਮੀਤ ਸਿੰਘ ਬਰੜਵਾਲ, ਜਸਵੀਰ ਸਿੰਘ ਬਰੜਵਾਲ, ਗੁਰਜੀਤ ਸਿੰਘ ਚਾਗਲੀ ਹਾਜ਼ਰ ਸਨ।

## ਚਾਵਲਾ ਪਰਵਾਰ ਨੇ ਦੋਹਤੀ-ਦੋਹਤੇ ਦੀ ਲੋਹੜੀ ਸਕੂਲੀ ਬੱਚਿਆਂ ਨਾਲ ਮਨਾਈ



**ਕੋਟਕਪੂਰਾ (ਸ਼ਾਮ ਲਾਲ ਚਾਵਲਾ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੁਆਰੇਆਣਾ ਵਿਖੇ ਪ੍ਰਸਿੱਧ ਸਮਾਜਸੇਵੀ ਤੇ ਪੱਤਰਕਾਰ ਸ਼ਾਮ ਲਾਲ ਚਾਵਲਾ, ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਸ਼ਮ੍ਹਾ ਚਾਵਲਾ ਆਪਣੇ ਸਾਥੀ ਸਾਬਕਾ ਤਹਿਸੀਲਦਾਰ ਰਜਿੰਦਰ ਸਿੰਘ ਸਰਾਂ ਤੇ ਪ੍ਰਕਾਸ ਸਿੰਘ ਕਲਸੀ ਸਮੇਤ ਆਪਣੀ ਨਵਜੰਮੀ ਦੋਹਤੀ ਉਮਾਇਰਾ ਦੀ ਪਹਿਲੀ ਲੋਹੜੀ ਤੇ ਦੋਹਤੇ ਜਿਆਨ (ਆਸਟ੍ਰੇਲੀਆ) ਦਾ ਜਨਮ ਦਿਨ ਮਨਾਉਣ ਲਈ ਸਕੂਲੀ ਬੱਚਿਆਂ ਤੇ ਸਟਾਫ ਵਿਚਕਾਰ ਪਹੁੰਚੇ, ਜਿੱਥੇ ਉਨ੍ਹਾਂ ਬੱਚਿਆਂ ਦੇ ਰੂਬਰੂ ਹੋ ਕੇ ਵਿਚਾਰ ਵਟਾਂਦਰਾ ਕੀਤਾ। ਇਸ ਸਮੇਂ ਸਾਬਕਾ ਤਹਿਸੀਲਦਾਰ ਰਜਿੰਦਰ ਸਿੰਘ ਸਰਾਂ ਤੇ ਪ੍ਰਕਾਸ ਸਿੰਘ ਕਲਸੀ ਨੇ ਬੱਚਿਆਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਅੱਜਕੱਲ੍ਹ ਧੀਆਂ, ਪੁੱਤਰਾਂ ਨਾਲੋਂ ਅੱਗੇ ਹਨ, ਪੜ੍ਹਨ ਵਿੱਚ ਹੁਸ਼ਿਆਰ, ਆਪਣੇ ਮਾਂ-ਬਾਪ ਦੀ ਸੇਵਾ ਵਿੱਚ ਲੀਨ ਅਤੇ ਜੱਗ ਜਨਣੀ ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਹਨ। ਉਨ੍ਹਾਂ ਸਮਾਜ ਵਿੱਚ ਧੀਆਂ ਦਾ ਪੂਰਾ ਸਤਿਕਾਰ ਕਰਨ ਲਈ ਲੋਕਾਂ ਨੂੰ ਅਪੀਲ ਕੀਤੀ। ਸਕੂਲ ਪ੍ਰਬੰਧਕ ਮੈਡਮ ਪਰਮਜੀਤ ਕੌਰ ਸਰਾਂ ਨੇ ਚਾਵਲਾ ਪਰਿਵਾਰ ਵੱਲੋਂ ਆਪਣੀ ਵਿਦੇਸ਼ ਵਿੱਚ ਜਨਮੀ ਦੋਹਤੀ ਉਮਾਇਰਾ ਦੀ ਪਹਿਲੀ ਲੋਹੜੀ ਸਮੇਂ ਖੁਸਰਿਆਂ ਨੂੰ ਘਰ ਬੁਲਾ ਕੇ ਨਚਾਉਣਾ ਤੇ ਲੜਕਿਆਂ ਵਾਂਗ ਸਾਰੇ ਸ਼ਗਨ ਮਨਾਉਣ ਅਤੇ ਸਾਰੇ ਰੀਤੀ ਰਿਵਾਜਾਂ ਨੂੰ ਜ਼ਿੰਦਾ ਰੱਖਣ ਨੂੰ ਇੱਕ ਪ੍ਰੇਰਣਾ ਸਰੋਤ ਦੱਸਿਆ। ਚਾਵਲਾ ਪਰਵਾਰ ਵੱਲੋਂ ਸਕੂਲੀ ਬੱਚਿਆਂ ਨੂੰ ਬੂਟ ਜੁਰਾਬਾਂ ਦੇ ਨਾਲ ਨਾਲ ਲੋਹੜੀ ਵੀ ਵੰਡੀ ਗਈ। ਸਕੂਲ ਮੁਖੀ ਮਨਦੀਪ ਸਿੰਘ ਢਿੱਲੋਂ, ਮੈਡਮ ਪਰਮਜੀਤ ਕੌਰ ਸਰਾਂ ਤੇ ਬਾਕੀ ਸਟਾਫ ਨੇ ਸਭ ਨੂੰ ਜੀ ਆਇਆਂ ਕਿਹਾ। ਚਾਵਲਾ ਪਰਵਾਰ ਕੋਟਕਪੂਰਾ ਨੇ ਆਪਣੀ ਦੋਹਤੀ ਤੇ ਦੋਹਤੇ ਦੀ ਲੋਹੜੀ ਸਕੂਲੀ ਬੱਚਿਆਂ ਨਾਲ ਮਨਾਈ।

## ਭਿੰਦਾ ਵਿਰਕ ਬਣੇ ਵਿਰਾਸਤੀ ਸੰਭਾਲ ਸੇਵਾਵਾਂ ਦੇ ਕੋਆਰਡੀਨੇਟ



**ਧੂਰੀ (ਰਣਜੀਤ ਸਿੰਘ ਪੇਧਨੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫਤਰ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਦੇ ਭਤੀਜੇ ਭੁਪਿੰਦਰ ਸਿੰਘ ਭਿੰਦਾ ਵਿਰਕ ਨੂੰ ਪਾਰਟੀ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦਿਆਂ ਭਿੰਦਾ ਵਿਰਕ ਨੂੰ ਵਿਧਾਨ ਸਭਾ ਹਲਕਾ ਧੂਰੀ ਦੇ ਵਿਰਾਸਤ ਸੰਭਾਲ ਸੇਵਾਵਾਂ ਦਾ ਕੋਆਰਡੀਨੇਟਰ ਲਗਾਇਆ ਗਿਆ ਹੈ।ਇਸ ਮੌਕੇ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਭਿੰਦਾ ਵਿਰਕ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ, ਪਾਰਟੀ ਦੇ ਲਈ ਪਹਿਲਾਂ ਵਾਂਗ ਦਿਨ-ਰਾਤ ਮਿਹਨਤ ਕਰਕੇ ਪਾਰਟੀ ਨੂੰ ਉਚਾਈਆਂ ਤੱਕ ਲੈ ਕੇ ਜਾਣ ਦੇ ਲਈ ਆਪਣਾ ਅਹਿਮ ਯੋਗਦਾਨ ਪਾਉਣਗੇ।ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਮੁੱਖ ਮੰਤਰੀ ਦੇ ਓਐੱਸਡੀ ਸੁਖਬੀਰ ਸਿੰਘ ਸੁੱਖੀ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ।

## ਸ਼ਹਿਰ 'ਚ ਨਜਾਇਜ਼ ਕਬਜ਼ਿਆਂ 'ਤੇ ਫੇਰਿਆ ਪੀਲਾ ਪੰਜਾ

### ਮਾਰਕੀਟ ਕਮੇਟੀ ਦੇ ਚੇਅਰਮੈਨ ਨੇ ਦੁਕਾਨਦਾਰਾਂ ਤੋਂ ਮੰਗਿਆ ਸਹਿਯੋਗ



**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਵੱਲੋਂ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਮੁਹਿੰਮ ਦੇ ਤਹਿਤ ਸਮੇਂ ਸਮੇਂ 'ਤੇ ਸਖਤ ਹੁਕਮ ਕੀਤੇ ਜਾ ਰਹੇ ਹਨ।ਅਨੇਕਾਂ ਵਾਰ ਲੋਕਾਂ ਵੱਲੋਂ ਉੱਚ ਅਧਿਕਾਰੀਆਂ ਧਿਆਨ ਚ ਲਿਆਉਣ ਦੇ ਬਾਵਜੂਦ ਇਸ ਸਮੱਸਿਆ ਦਾ ਹੱਲ ਨਹੀਂ ਹੋਇਆ ਤੇ ਪ੍ਰਸ਼ਾਸਨ ਵੱਲੋਂ ਵਾਰ ਵਾਰ ਸੂਚਿਤ ਕਰਨ ਦੇ ਬਾਵਜੂਦ ਸ਼ਹਿਰ ਵਿੱਚ ਨਜਾਇਜ਼ ਕਬਜ਼ਿਆਂ ਦੀ ਭਰਮਾਰ ਹੈ, ਜਿਸ ਦੇ ਚਲਦਿਆਂ ਬਰੇਟਾ ਮੰਡੀ ਵਿੱਚ ਮਾਰਕੀਟ ਕਮੇਟੀ ਬਰੇਟਾ ਵੱਲੋਂ ਚੇਅਰਮੈਨ ਚਮਕੌਰ ਸਿੰਘ ਦੀ ਅਗਵਾਈ ਵਿੱਚ ਮੁੱਖ ਬਜ਼ਾਰ ਵਿਖੇ ਸਥਿਤ ਸ੍ਰੀ ਕ੍ਰਿਸ਼ਨਾ ਮੰਦਰ ਚੌਕ ਵਿੱਚ ਕਮੇਟੀ ਦੀ ਜਗ੍ਹਾ ਤੋਂ ਪੀਲੇ ਪੰਜੇ ਦੀ ਮੱਦਦ ਨਾਲ ਨਜਾਇਜ਼ ਕਬਜ਼ਾ ਛੁਡਵਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਜਗ੍ਹਾ 'ਤੇ ਪਬਲਿਕ ਦੇ ਬੈਠਣ ਲਈ ਪ੍ਰਬੰਧ ਕੀਤਾ ਜਾਵੇਗਾ, ਕਿਉਂਕਿ ਇੱਥੇ ਬੱਸਾਂ ਦੇ ਰੁਕਣ ਕਰਕੇ ਪਹਿਲਾਂ ਹੀ ਮਾਰਕੀਟ ਕਮੇਟੀ ਵੱਲੋਂ ਸਵਾਰੀਆਂ ਦੇ ਬੈਠਣ ਲਈ ਸ਼ੈੱਡ ਪਾ ਕੇ ਜਗ੍ਹਾ ਬਣਾਈ ਹੋਈ ਸੀ, ਜੋ ਕਿ ਹੁਣ ਨਜਾਇਜ਼ ਕਬਜ਼ੇ ਅਧੀਨ ਰੋਕੀ ਗਈ ਸੀ।ਉਨ੍ਹਾਂ ਕਿਹਾ ਕਿ ਇੱਥੇ ਮੇਨ ਚੌਕ ਹੋਣ ਕਰਕੇ ਟ੍ਰੈਫਿਕ ਦੀ ਸਮੱਸਿਆ ਬਣੀ ਰਹਿੰਦੀ ਹੈ, ਕਿਉਂਕਿ ਇਹ ਚੌਕ ਰੇਲਵੇ ਸਟੇਸ਼ਨ, ਕੁਲਰੀਆਂ ਰੋਡ, ਬੱਸ ਅੱਡਾ ਤੇ ਬੁਢਲਾਡਾ-ਜਾਖਲ ਰੋਡ ਕੈਂਚੀਆਂ ਨੂੰ ਜੋੜਦਾ ਹੈ।ਇਸ ਚੌਕ ਵਿੱਚ ਟ੍ਰੈਫਿਕ ਕੰਟਰੋਲ ਕਰਨ ਦਾ ਕੋਈ ਯੋਗ ਪ੍ਰਬੰਧ ਕਰਨ ਦੀ ਵੀ ਜ਼ਰੂਰਤ ਹੈ, ਜਿਸ ਕਾਰਨ ਆਮ ਟ੍ਰੈਫਿਕ 'ਚ ਵਿਘਨ ਪੈਂਦਾ ਰਹਿੰਦਾ ਹੈ ਅਤੇ ਰੇਹੜੀਆਂ ਆਦਿ ਕਾਰਨ ਵੀ ਚੌਕ ਰੁਕਿਆ ਰਹਿਣ ਤੇ ਦੁਰਘਟਨਾ ਦਾ ਡਰ ਬਣਿਆ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਵੀ ਕਈ ਵਾਰ ਇਸ ਸਮੱਸਿਆ ਦਾ ਮਾਮਲਾ ਉੱਠਿਆ ਹੈ, ਪਰ ਕੁੱਝ ਦਿਨ ਹੱਲ ਹੋ ਵੀ ਜਾਂਦਾ ਹੈ ਤੇ ਕਿਸੇ ਸਿਆਸੀ ਦਖਲ ਅੰਦਾਜ਼ੀ ਕਾਰਨ ਫਿਰ ਢਿੱਲ ਵਰਤਦੇ ਹੋਏ ਇਸ ਸਮੱਸਿਆ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਰਿਹਾ ਹੈ, ਪ੍ਰੰਤੂ ਹੁਣ ਆਮ ਲੋਕਾਂ ਦੀ ਸਰਕਾਰ ਵਿੱਚ ਨਜਾਇਜ਼ ਕਬਜ਼ਿਆਂ ਲਈ ਕੋਈ ਦਖਲਅੰਦਾਜ਼ੀ ਨਹੀਂ ਚੱਲੇਗੀ। ਚੇਅਰਮੈਨ ਚਮਕੌਰ ਸਿੰਘ ਨੇ ਦੁਕਾਨਦਾਰਾਂ ਤੋਂ ਸਹਿਯੋਗ ਮੰਗਿਆ ਤਾਂ ਕਿ ਲੋਕਾਂ ਤੋਂ ਨਜਾਇਜ਼ ਕਬਜ਼ੇ ਛੁਡਵਾਏ ਜਾਣ ਤੇ ਰੇਹੜੀਆਂ ਵਾਲਿਆਂ ਲਈ ਯੋਗ ਥਾਂ ਦਾ ਪ੍ਰਬੰਧ ਕੀਤਾ ਜਾਵੇ।ਇਸ ਤੋਂ ਇਲਾਵਾ ਨਜਾਇਜ਼ ਕਬਜ਼ਿਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਪ੍ਰਕਿਰਿਆ ਸਬੰਧੀ ਲੋਕਾਂ ਨੇ ਭਰਪੂਰ ਸ਼ਲਾਘਾ ਕੀਤੀ।

## ਏ ਐੱਸ ਆਈ ਬਣਨ 'ਤੇ ਪ੍ਰਿਤਪਾਲ ਕਿੰਗਰਾ ਦਾ ਕਲੱਬ ਵੱਲੋਂ ਸਨਮਾਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਬਾ ਗੰਗਾ ਰਾਮ ਕੁਸ਼ਤੀ ਕਲੱਬ ਅਖਾੜਾ ਗਿੱਦੜਬਾਹਾ ਵੱਲੋਂ ਕੁਸ਼ਤੀ ਕਲੱਬ ਦੇ ਸਾਬਕਾ ਖਿਡਾਰੀ ਪ੍ਰਿਤਪਾਲ ਸਿੰਘ ਕਿੰਗਰਾ ਨੂੰ ਵਿਭਾਗ ਵੱਲੋਂ ਪਦ-ਉਨਤੀ ਕਰਕੇ ਏਐੱਸਆਈ ਬਣਨ 'ਤੇ ਕਲੱਬ ਵੱਲੋਂ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਿਤਪਾਲ ਕਿੰਗਰਾ ਨੇ ਸਮੂਹ ਕਲੱਬ ਦੇ ਅਹੁਦੇਦਾਰਾਂ ਮੈਂਬਰਾਂ ਤੇ ਖਿਡਾਰੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਉਹ ਇਸ ਅਖਾੜੇ ਦੀ ਬਦੌਲਤ ਹੀ ਅੱਜ ਇਸ ਪੱਦਵੀ 'ਤੇ ਪਹੁੰਚਿਆ ਹੈ। ਉਨ੍ਹਾਂ ਖਿਡਾਰੀਆਂ ਨੂੰ ਲਗਨ ਨਾਲ ਮਿਹਨਤ ਕਰਨ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿਤਪਾਲ ਕਿੰਗਰਾ ਦੀ ਤਰੱਕੀ ਲਈ ਖੁਸ਼ੀ ਸਾਂਝੀ ਕਰਦੇ ਹੋਏ ਗੁਰਪ੍ਰੀਤ ਸਿੰਘ ਭਲਵਾਨ ਕੋਚ ਕੁਸ਼ਤੀ ਕਲੱਬ ਤੇ ਮਾਧੋਦਾਸ ਸਿੰਘ ਖਾਲਸਾ ਨੇ ਦੱਸਿਆ ਕਿ ਹਰ ਖਿਡਾਰੀ ਅਖਾੜੇ ਦੀ ਸ਼ਾਨ ਹਨ ਤੇ ਆਪਣੀ ਵੱਖਰੀ ਪਹਿਚਾਣ ਬਣਾਉਣ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨਾ ਚਾਹੀਦਾ ਹੈ।ਇਸ ਮੌਕੇ ਸਰਪ੍ਰਸਤ ਬਲਵੀਰ ਸਿੰਘ, ਚੇਅਰਮੈਨ ਬਲਰਾਜ ਸਿੰਘ ਮਾਨ, ਪ੍ਰਧਾਨ ਹਰਿਮੰਦਰ ਸਿੰਘ ਮਾਨ, ਸੀਨੀਅਰ ਮੀਤ ਪ੍ਰਧਾਨ ਖੁਸ਼ਵੰਤ ਸਿੰਘ, ਗੁਰਚਰਨ ਸਿੰਘ, ਕੱਕੂ ਨੰਬਰਦਾਰ, ਸੂਬਾ ਸਿੰਘ, ਕਮਰਜੀਤ ਸਿੰਘ ਕੰਗ, ਖੁਸ਼ਪਾਲ ਸਿੰਘ, ਅਜੇ ਯਾਦਵ, ਹਰਮੇਲ ਸਿੰਘ, ਪਵਨੀਤ ਵਰਮਾ, ਜਸਵੀਰ ਸਿੰਘ ਖਾਲਸਾ, ਸਤਨਾਮ ਸਿੰਘ ਤੋਂ ਇਲਾਵਾ ਸਮੂਹ ਮੈਂਬਰ ਤੇ ਖਿਡਾਰੀ ਹਾਜ਼ਰ ਸਨ।

## ਵਿਧਾਇਕ ਬਿਲਾਸਪੁਰ ਨੇ ਤਿੰਨ ਸੜਕਾਂ ਦਾ ਕੰਮ ਸ਼ੁਰੂ ਕਰਵਾਇਆ

### ਪੰਜਾਬ 'ਚ ਵਿਕਾਸ ਕਾਰਜਾਂ ਦੀ ਰਫਤਾਰ ਇਸੇ ਤਰ੍ਹਾਂ ਹੀ ਜਾਰੀ ਰਹੇਗੀ : ਚੇਅਰਮੈਨ ਮਧੇਕੇ



**ਅਜੀਤਵਾਲ (ਨਛੱਤਰ ਸੰਧੂ)**-ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀਆਂ ਸਾਰੀਆਂ ਨਵੀਆਂ ਤੇ ਪੁਰਾਣੀਆਂ ਸੜਕਾਂ ਦੀ ਕਾਇਆਕਲਪ ਕਰਨ ਲਈ ਪੂਰੇ ਪੰਜਾਬ ਵਿੱਚ 44 ਹਜ਼ਾਰ 920 ਕਿਲੋਮੀਟਰ ਸੜਕਾਂ ਲਈ 16902 ਹਜ਼ਾਰ ਕਰੋੜ ਰੁਪਏ ਦਾ ਬਜਟ ਐਲਾਨਿਆ ਹੈ।ਇਸੇ ਲੜੀ ਤਹਿਤ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਸੈਦੋਕੇ ਵਿੱਚ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਵੱਲੋਂ 4.49 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਤਿੰਨ ਨਵੀਆਂ ਸੜਕਾਂ ਦਾ ਟੱਕ ਲਾ ਕੇ ਕੰਮ ਸ਼ੁਰੂ ਕਰਵਾਇਆ ਗਿਆ।ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਪਲੈਨਿੰਗ ਬੋਰਡ ਤੇ ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮਧੇਕੇ ਤੇ ਐੱਸ ਡੀ ਓ ਮੰਡੀ ਬੋਰਡ ਜਸਵੀਰ ਸਿੰਘ ਵੀ ਹਾਜ਼ਰ ਸਨ।ਇਨ੍ਹਾਂ ਸੜਕਾਂ ਵਿੱਚ ਸੈਦੋਕੇ ਤੋਂ ਦੀਨਾ ਸਾਹਿਬ ਲੰਬਾਈ 3.76 ਕਿਲੋਮੀਟਰ, ਸੈਦੋਕੇ ਤੋਂ ਹਿੰਮਤਪੁਰਾ ਲੰਬਾਈ 6.63 ਕਿਲੋਮੀਟਰ ਸੈਦੋਕੇ ਤੋਂ ਭਦੌੜ ਲੰਬਾਈ 2.19 ਕਿਲੋਮੀਟਰ ਸ਼ਾਮਲ ਹਨ।ਇਸ ਮੌਕੇ ਬੋਲਦਿਆਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹਲਕੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਕਾਰਜ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਵਿੱਚ ਜਿੱਥੇ ਨਹਿਰੀ ਕੱਸੀਆਂ, ਖਾਲ, ਪਾਇਪ ਲਾਈਨਾਂ ਪੈ ਰਹੀਆਂ ਹਨ, ਉੱਥੇ ਹੀ ਬਿਜਲੀ ਦੀ ਨਿਰਵਿਘਨ ਸਪਲਾਈ ਲਈ ਗਰਿੱਡਾਂ ਨੂੰ ਅੱਪਡੇਟ ਕੀਤਾ ਜਾ ਰਿਹਾ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਬਰਿੰਦਰ ਕੁਮਾਰ ਮਧੇਕੇ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਪੂਰੇ ਪੰਜਾਬ ਵਿੱਚ ਵਿਕਾਸ ਕਾਰਜ ਪੂਰੇ ਜ਼ੋਰਾਂ ਨਾਲ ਕਰਵਾਏ ਜਾ ਰਹੇ ਹਨ, ਉੱਥੇ ਹੀ ਮੋਗਾ ਜ਼ਿਲ੍ਹੇ ਦੇ ਚਾਰੇ ਹਲਕਿਆਂ ਵਿੱਚ ਵੀ ਵਿਕਾਸ ਕਾਰਜ ਤੇਜ਼ੀ ਨਾਲ ਹੋ ਰਹੇ ਹਨ ਅਤੇ ਇਸੇ ਰਫਤਾਰ ਨਾਲ ਜਾਰੀ ਰਹਿਣਗੇ।ਅਖੀਰ ਵਿੱਚ ਜਿੱਥੇ ਵਿਧਾਇਕ ਬਿਲਾਸਪੁਰ ਨੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕੀਤਾ, ਉੱਥੇ ਹੀ ਪਿੰਡ ਸੈਦੋਕੇ ਦੇ ਸਰਪੰਚ ਹਰਪ੍ਰੀਤ ਸਿੰਘ ਗੱਗੀ ਨੇ ਨਗਰ ਨਿਵਾਸੀਆਂ ਵੱਲੋਂ ਮੁੱਖ ਮੰਤਰੀ ਸਾਹਿਬ, ਵਿਧਾਇਕ ਬਿਲਾਸਪੁਰ ਤੇ ਚੇਅਰਮੈਨ ਬਰਿੰਦਰ ਕੁਮਾਰ ਮਧੇਕੇ ਦਾ ਧੰਨਵਾਦ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰੈੱਸ ਸਕੱਤਰ ਅੰਮ੍ਰਿਤਪਾਲ ਸਿੰਘ ਖਾਲਸਾ, ਬਲਾਕ ਪ੍ਰਧਾਨ ਸਰਪੰਚ ਬਾਦਲ ਸਿੰਘ ਹਿੰਮਤਪੁਰਾ, ਸਰਪੰਚ ਰਣਜੀਤ ਸਿੰਘ ਦੀਨਾ ਸਾਹਿਬ, ਬਲਾਕ ਸੰਮਤੀ ਮੈਂਬਰ ਖੜਕਸੈਨ ਸਿੰਘ, ਬਲਾਕ ਸੰਮਤੀ ਮੈਂਬਰ, ਕੁਲਵੰਤ ਸਿੰਘ ਗਰੇਵਾਲ, ਬਲਾਕ ਪ੍ਰਧਾਨ ਜੀਵਨ ਸਿੰਘ ਸੈਦੋਕੇ, ਕੇਵਲ ਸਿੰਘ ਸਾਬਕਾ ਮੈਂਬਰ, ਬਬਲੂ ਮੈਂਬਰ ਦੀਨਾ, ਸਮੂਹ ਗ੍ਰਾਮ ਪੰਚਾਇਤ ਪਿੰਡ ਸੈਦੋਕੇ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਔਰਤ ਨੇ ਫਾਹਾ ਲਗਾ ਕੀਤੀ ਖੁਦਕੁਸ਼ੀ

**ਬਰੇਟਾ (ਰੀਤਵਾਲ)**-ਪਿੰਡ ਅਕਬਰਪੁਰ ਖੁਡਾਲ 'ਚ 32 ਸਾਲਾ ਔਰਤ ਵੱਲੋਂ ਘਰ ਦੇ ਕਮਰੇ ਵਿੱਚ ਪੱਖੇ ਨਾਲ ਫਾਹਾ ਲਗਾ ਕੇ ਆਤਮ ਹੱਤਿਆ ਕਰ ਲਈ ਹੈ।ਇਸ ਮਾਮਲੇ 'ਚ ਥਾਣਾ ਬਰੇਟਾ ਪੁਲਸ ਨੇ ਮ੍ਰਿਤਕ ਔਰਤ ਦੇ ਪਤੀ ਸਮੇਤ ਤਿੰਨ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।ਥਾਣਾ ਬਰੇਟਾ ਦੇ ਜਾਂਚ ਅਧਿਕਾਰੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਰਾਤ ਅਕਬਰਪੁਰ ਖੁਡਾਲ 'ਚ ਵੀਰਪਾਲ ਕੌਰ ਪਤਨੀ ਜਗਰਾਜ ਸਿੰਘ ਨੇ ਪੇਟੀ ਵਾਲੇ ਕਮਰੇ 'ਚ ਪੱਖੇ ਨਾਲ ਫਾਹਾ ਲਗਾ ਕੇ ਖੁਦਕੁਸ਼ੀ ਕਰ ਲਈ।ਮ੍ਰਿਤਕਾ ਵੀਰਪਾਲ ਕੌਰ ਦੇ ਪਿਤਾ ਭੋਲਾ ਸਿੰਘ ਦੁਆਰਾ ਪੁਲਸ ਨੂੰ ਦਰਜ ਕਰਵਾਏ ਬਿਆਨਾਂ 'ਚ ਉਨ੍ਹਾਂ ਦੱਸਿਆ ਕਿ ਉਸ ਦੀ ਲੜਕੀ ਵੀਰਪਾਲ ਕੌਰ ਨਾਲ ਉਸ ਦੇ ਪਤੀ ਜਗਰਾਜ ਸਿੰਘ ਦਾ ਝਗੜਾ ਰਹਿੰਦਾ ਸੀ।ਉਨ੍ਹਾਂ ਦੱਸਿਆ ਕਿ ਜਗਰਾਜ ਸਿੰਘ ਦੀ ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ, ਪਰ ਪਹਿਲੇ ਵਿਆਹ 'ਚੋਂ ਰਿਸ਼ਤੇ 'ਚ ਉਸ ਦੀ ਸਾਲੀ ਤੇ ਸੱਸ ਅਜੇ ਵੀ ਉਨ੍ਹਾਂ ਦੇ ਘਰ 'ਚ ਆ ਕੇ ਦਖਲ ਅੰਦਾਜ਼ੀ ਕਰਦੇ ਸਨ।ਜਾਂਚ ਅਧਿਕਾਰੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਵੀਰਪਾਲ ਕੌਰ ਦੇ ਪਿਤਾ ਭੋਲਾ ਸਿੰਘ ਦੇ ਬਿਆਨਾਂ 'ਤੇ ਪਤੀ ਜਗਰਾਜ ਸਿੰਘ, ਜਗਰਾਜ ਸਿੰਘ ਦੇ ਪਹਿਲੇ ਵਿਆਹ ਦੇ ਰਿਸ਼ਤੇ 'ਚੋਂ ਸਾਲੀ ਕਿਰਨਾ ਤੇ ਸੱਸ ਪਰਮਜੀਤ ਕੌਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

## ਸੜਕੀ ਨਿਯਮਾਂ ਤੋਂ ਵਿਦਿਆਰਥੀਆਂ ਨੂੰ ਕਰਵਾਇਆ ਜਾਣੂ



**ਬੁਢਲਾਡਾ (ਅਸ਼ੋਕ ਲਾਕੜਾ)**-ਸੜਕੀ ਆਵਾਜਾਈ ਤੇ ਰਾਜਮਾਰਗ ਮੰਤਰਾਲੇ ਵੱਲੋਂ 31 ਜਨਵਰੀ ਤੱਕ ਕੌਮੀ ਸੜਕ ਸੁਰੱਖਿਆ ਮਹੀਨਾ ਮਨਾਉਣ ਤਹਿਤ ਬੁਢਲਾਡਾ ਦੇ ਗੁਰੂ ਨਾਨਕ ਕਾਲਜ ਵਿਖੇ ਐੱਸ.ਡੀ.ਐੱਮ.-ਕਮ-ਰਿਜਨਲ ਟਰਾਂਸਪੋਰਟ ਅਫ਼ਸਰ ਗਗਨਦੀਪ ਸਿੰਘ ਦੀ ਅਗਵਾਈ ਹੇਠ ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਡੀ ਐੱਮ ਗਗਨਦੀਪ ਸਿੰਘ ਨੇ ਦੱਸਿਆ ਕਿ ਜਾਗਰੂਕਤਾ ਕੈਂਪ ਦੌਰਾਨ ਕਾਲਜ ਦੇ ਵਿਦਿਆਰਥੀਆਂ ਨੂੰ ਐੱਚ. ਸੀ. ਟ੍ਰੈਫਿਕ ਪੁਲਸ ਸਤਪਾਲ ਸਿੰਘ ਵੱਲੋਂ ਟ੍ਰੈਫਿਕ ਨਿਯਮਾਂ, ਸੜਕੀ ਆਵਾਜਾਈ ਦੇ ਚਿੰਨ੍ਹਾਂ, ਡਰਾਇਵਿੰਗ ਲਾਇਸੰਸ ਤੇ ਹੋਰ ਜਾਣਕਾਰੀ ਪੀ.ਪੀ.ਟੀ. ਦੇ ਮਾਧਿਅਮ ਰਾਹੀਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵਿਦਿਆਰਥੀਆਂ ਤੋਂ ਟ੍ਰੈਫਿਕ ਨਿਯਮਾਂ ਸਬੰਧੀ ਪ੍ਰਸ਼ਨ ਪੁੱਛੇ ਗਏ ਤੇ ਜਿਨ੍ਹਾਂ ਵਿਦਿਆਰਥੀਆਂ ਵੱਲੋਂ ਸਹੀ ਉੱਤਰ ਦਿੱਤੇ ਗਏ, ਉਨ੍ਹਾਂ ਨੂੰ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਏ.ਟੀ.ਓ. ਅੰਕੁਸ਼ ਗੋਇਲ ਤੇ ਪ੍ਰਿੰਸੀਪਲ ਨਰਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਕਾਲਜ ਦਾ ਸਟਾਫ਼ ਮੌਜੂਦ ਸੀ।

## ਸੁਖਬੀਰ ਬਾਦਲ ਬਾਘਾ ਪੁਰਾਣਾ ਪਹੁੰਚੇ, ਜਥੇਦਾਰ ਮਾਹਲਾ ਦੀਆਂ ਤਾਰੀਫ਼ਾਂ ਦੇ ਬੰਨ੍ਹੇ ਪੁਲ

### ਬਾਲ ਕ੍ਰਿਸ਼ਨ ਬਾਲੀ ਨਾਲ ਮੇਰੇ ਪਰਿਵਾਰਕ ਸੰਬੰਧ : ਸੁਖਬੀਰ ਬਾਦਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬੀਤੇ ਦਿਨੀਂ ਬਾਘਾ ਪੁਰਾਣਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਬਾਲ ਕ੍ਰਿਸ਼ਨ ਬਾਲੀ ਦੇ ਗ੍ਰਹਿ ਵਿਖੇ ਉਨ੍ਹਾਂ ਦੀ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕਰਨ ਲਈ ਪੁੱਜੇ।ਇਸ ਮੌਕੇ ਉਨ੍ਹਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਪ੍ਰਭੂ ਅੱਗੇ ਵਿੱਛੜੀ ਆਤਮਾ ਦੀ ਚਰਨਾਂ 'ਚ ਨਿਵਾਸ ਬਖਸ਼ਣ ਦੀ ਅਰਦਾਸ ਕੀਤੀ।ਉਨ੍ਹਾਂ ਕਿਹਾ ਕਿ ਬਾਲ ਕ੍ਰਿਸ਼ਨ ਬਾਲੀ ਨਾਲ ਮੇਰੇ ਪਰਿਵਾਰਕ ਸਬੰਧ ਹਨ। ਇਸ ਦੌਰਾਨ ਬਾਘਾ ਪੁਰਾਣਾ ਵਿਖੇ ਹੋਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਅਜਿਹੇ ਧਾਕੜ ਜਰਨੈਲ ਹਨ, ਜੋ ਸਿਰਫ਼ ਪਾਰਟੀ ਲਈ ਹੀ ਨਹੀਂ, ਸਗੋਂ ਆਪਣੇ ਹਲਕੇ ਦੇ ਲੋਕਾਂ ਲਈ ਵੀ 24 ਘੰਟੇ ਸੇਵਾਦਾਰ ਬਣ ਕੇ ਕੰਮ ਕਰ ਰਹੇ ਹਨ। ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਜਥੇਦਾਰ ਮਾਹਲਾ ਦੀ ਖਾਸ ਪਛਾਣ ਇਹ ਹੈ ਕਿ ਉਹ ਹਰ ਸਮੇਂ ਆਪਣੇ ਵਰਕਰਾਂ ਤੇ ਲੋਕਾਂ ਦੀ ਸੇਵਾ ਲਈ ਤਿਆਰ ਰਹਿੰਦੇ ਹਨ।ਪਾਰਟੀ ਪ੍ਰਧਾਨ ਨੇ ਸਮੂਹ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਹਰ ਆਗੂ ਤੇ ਵਰਕਰ ਜਥੇਦਾਰ ਤੀਰਥ ਸਿੰਘ ਮਾਹਲਾ ਵਰਗੀ ਸੋਚ ਤੇ ਸੇਵਾ ਭਾਵਨਾ ਅਪਨਾ ਲਏ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਕੋਈ ਤਾਕਤ ਰੋਕ ਨਹੀਂ ਸਕਦੀ।ਇਸ ਮੌਕੇ ਸੁਖਬੀਰ ਸਿੰਘ ਬਾਦਲ ਵੱਲੋਂ ਹਲਕਾ ਬਾਘਾ ਪੁਰਾਣਾ ਅੰਦਰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਜਿੱਤਣ ਵਾਲੇ ਅਕਾਲੀ ਆਗੂਆਂ ਤੇ ਮੈਂਬਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਉਨ੍ਹਾਂ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਪਾਰਟੀ ਦੀ ਨੀਵਾਂ ਪੱਧਰ 'ਤੇ ਮਜ਼ਬੂਤ ਪਕੜ ਦਾ ਸਬੂਤ ਹੈ ਤੇ ਭਵਿੱਖ ਦੀਆਂ ਵੱਡੀਆਂ ਚੋਣਾਂ ਲਈ ਮੀਲ ਪੱਥਰ ਸਾਬਿਤ ਹੋਵੇਗੀ।ਇਸ ਮੌਕੇ ਸੁਖਜੀਤ ਸਿੰਘ ਮਾਹਲਾ, ਸਰਪੰਚ ਜਗਮੋਹਨ ਸਿੰਘ ਜੈ ਸਿੰਘ ਵਾਲਾ, ਸੰਜੀਵ ਬਿੱਟੂ ਰੋਡੇ, ਵਿਜੇ ਬਾਂਸਲ, ਪ੍ਰਧਾਨ ਬਲਵਿੰਦਰ ਗਰਗ, ਸੁਨੀਲ ਗਰਗ ਸੋਮੀ, ਸੁਖਬੀਰ ਬਰਾੜ ਸੁੱਖਾ, ਵਿੱਕੀ ਫੁੱਲੇਵਾਲੀਆ, ਪ੍ਰਧਾਨ ਰਾਮ ਬਾਂਸਲ ਸ਼ਹਿਰੀ ਪ੍ਰਧਾਨ, ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ, ਅਮਰਜੀਤ ਸਿੰਘ ਮਾਣੂਕੇ, ਤਰਲੋਚਨ ਸਿੰਘ ਕਾਲੇਕੇ, ਗੋਰਾ ਸੰਗਤਪੁਰਾ, ਜਗਸੀਰ ਸਿੰਘ ਸਿੱਧੂ, ਪਵਨ ਗੋਇਲ, ਰਣਜੀਤ ਸਿੰਘ ਚੀਤੇ, ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਹਰਿੰਦਰਪਾਲ ਸਿੰਘ ਪਾਲੀ, ਸ਼ਹਿਰੀ ਪ੍ਰਧਾਨ ਪਵਨ ਢੰਡ ਆਦਿ ਹਾਜ਼ਰ ਸਨ।

## 'ਕੋਮਲ ਸਟੱਡ ਫਾਰਮ' ਪੁੱਜੇ ਹਨੀ ਫੱਤਣਵਾਲਾ, ਕੋਮਲ ਤੇ ਹਰਪ੍ਰੀਤ ਦੀ ਕੀਤੀ ਹੌਸਲਾ-ਅਫਜ਼ਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਸ਼ੂ ਪ੍ਰੇਮੀ ਸੂਰਤ ਸਿੰਘ ਥਾਂਦੇਵਾਲਾ, ਜੋ ਜਾਨਵਰਾਂ ਨੂੰ ਬੇਹੱਦ ਪਿਆਰ ਕਰਦੇ ਹਨ ਤੇ ਉਨ੍ਹਾਂ ਤੋਂ ਹੀ ਉਨ੍ਹਾਂ ਦੇ ਸਪੁੱਤਰ ਸੁਖਚੈਨ ਸਿੰਘ ਨੂੰ ਵੀ ਗੁੜ੍ਹਤੀ ਮਿਲੀ, ਜਿਸ ਕਾਰਨ ਉਹ ਵੀ ਪਸ਼ੂਆਂ ਨੂੰ ਪਿਆਰ ਕਰਦੇ ਹਨ।ਇਸੇ ਦੌਰਾਨ ਪੀੜ੍ਹੀ ਦਰ ਪੀੜ੍ਹੀ ਚੱਲ ਰਿਹਾ ਪਸ਼ੂ ਪ੍ਰੇਮੀਆਂ ਦਾ ਇਹ ਪਿਆਰ ਉਨ੍ਹਾਂ ਦੀ ਪੋਤਰੀ ਕੋਮਲ ਕੌਰ ਤੇ ਪੋਤਰੇ ਹਰਪ੍ਰੀਤ ਸਿੰਘ 'ਚ ਵੀ ਜਾ ਵਸਿਆ, ਜਿਸ ਸਦਕਾ ਉਹ ਘੋੜਿਆਂ ਨਾਲ ਪਿਆਰ ਕਰਦੇ ਹੋਏ ਅੱਜ ਪੂਰੀ ਦੁਨੀਆ 'ਚ ਆਪਣਾ ਨਾਮ ਕਮਾ ਰਹੇ ਹਨ ਤੇ ਉਨ੍ਹਾਂ ਦਾ ਘੋੜਾ 'ਸ਼ਾਨ' ਜੋ ਦੇਸ਼ਾਂ ਵਿਦੇਸ਼ਾਂ 'ਚ ਮਸ਼ਹੂਰ ਹੋ ਚੁੱਕਾ ਹੈ ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਪੁੱਜੇ ਮੇਲਾ ਮਾਘੀ ਦੌਰਾਨ ਇਹ ਘੋੜਾ 'ਸ਼ਾਨ' ਖਿੱਚ ਦਾ ਕੇਂਦਰ ਬਣਿਆ ਰਿਹਾ।ਉਪਰੋਕਤ ਜਾਣਕਾਰੀ ਸਾਂਝੀ ਕਰਦੇ ਹੋਏ ਪਸ਼ੂ ਮੰਡੀ 'ਚ ਪੁੱਜੇ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ 'ਕੋਮਲ ਸਟੱਡ ਫਾਰਮ' 'ਚ ਪਹੁੰਚ ਕੇ ਜਿੱਥੇ ਕੋਮਲ ਕੌਰ ਤੇ ਹਰਪ੍ਰੀਤ ਸਿੰਘ ਦੀ ਹੌਸਲਾ ਅਫਜ਼ਾਈ ਕੀਤੀ ਤੇ ਨਾਲ ਕਿਹਾ ਕਿ ਜਿੱਥੇ ਸਮਾਜ 'ਚ ਕੁਝ ਲੋਕਾਂ ਵੱਲੋਂ ਲੜਕੀਆਂ ਨੂੰ ਬੜ੍ਹਾਵਾ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ, ਉਥੇ ਹੀ ਬਾਪੂ ਸੂਰਤ ਸਿੰਘ ਥਾਂਦੇਵਾਲਾ ਨੇ ਆਪਣੀ ਪੋਤਰੀ ਨੂੰ ਹੱਲਾਸ਼ੇਰੀ ਦਿੰਦੇ ਹੋਏ ਉਸ ਦੇ ਸਟੱਡ ਦਾ ਨਾਮ ਵੀ ਉਸੇ ਦੇ ਨਾਮ ਤੋਂ ਰੱਖਿਆ ਤੇ ਅੱਜ ਦੁਨੀਆ ਵਿੱਚ ਕੋਮਲ ਕੌਰ ਨੂੰ 'ਕੋਮਲ ਸਟੱਡ ਫਾਰਮ' ਦੇ ਨਾਮ 'ਤੇ ਜਾਣਿਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਖੁੱਦ ਕੋਮਲ ਕੌਰ ਤੇ ਹਰਪ੍ਰੀਤ ਸਿੰਘ ਘੋੜ ਦੌੜ ਦੇ ਸ਼ੌਕੀਨ ਹਨ। ਇਸ ਮੌਕੇ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਪਸ਼ੂ ਪ੍ਰੇਮੀ ਸ੍ਰ. ਸੂਰਤ ਸਿੰਘ ਨੂੰ ਕੋਮਲ ਕੌਰ ਦੀ ਇਸ ਕਾਮਯਾਬੀ 'ਤੇ ਵਧਾਈ ਦਿੱਤੇ ਤੇ ਹੋਰਨਾਂ ਨੂੰ ਵੀ ਪਸ਼ੂਆਂ ਨਾਲ ਪਿਆਰ ਕਰਨ ਲਈ ਪ੍ਰੇਰਿਤ ਕੀਤਾ।

18-JAN-PAGE-5.qxd 1/17/2026 10:47 PM Page 1



# ਫਿਰੌਤੀ ਮੰਗਣ ਦੇ ਮਾਮਲੇ 'ਚ ਨਾਮਜ਼ਦ ਦੋਸ਼ੀ ਪੁਲਸ ਮੁੱਠਭੇੜ 'ਚ ਗੋਲੀ ਲੱਗਣ ਕਾਰਨ ਜ਼ਖ਼ਮੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਥਾਣਾ ਸਦਰ ਬਠਿੰਡਾ ਵਿੱਚ ਦਰਜ ਫਿਰੌਤੀ ਮੰਗਣ ਦੇ ਮਾਮਲੇ ਵਿੱਚ ਨਾਮਜ਼ਦ ਦੋਸ਼ੀ ਨਾਲ ਅੱਜ ਪੁਲਸ ਦੀ ਮੁੱਠਭੇੜ ਹੋਣ ਦੀ ਖ਼ਬਰ ਸਾਹਮਣੇ ਆਈ ਹੈ।ਪੁਲਸ ਵੱਲੋਂ ਕੀਤੀ ਗਈ ਜੁਆਬੀ ਕਾਰਵਾਈ ਦੌਰਾਨ ਦੋਸ਼ੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਬਠਿੰਡਾ ਦਾਖਲ ਕਰਵਾਇਆ ਗਿਆ ਹੈ।ਪੁਲਸ ਤੋਂ ਮਿਲੀ ਜਾਣਕਾਰੀ ਮੁਤਾਬਕ ਮੁਕੱਦਮਾ ਨੰਬਰ 08 ਮਿਤੀ 10 ਜਨਵਰੀ 2026 ਅਧੀਨ ਧਾਰਾ 308(4), 351(3) ਬੀ ਐਨ ਐਸ ਹੇਠ ਬੇਅੰਤ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਪਿੰਡ ਗੁਲਾਬਗੜ, ਜ਼ਿਲ੍ਹਾ ਬਠਿੰਡਾ ਦੇ ਬਿਆਨਾਂ ਦੇ ਆਧਾਰ 'ਤੇ ਦਰਜ ਕੀਤਾ ਗਿਆ ਸੀ।ਸ਼ਿਕਾਇਤਕਰਤਾ ਨੇ ਦੱਸਿਆ ਕਿ 10 ਜਨਵਰੀ ਨੂੰ ਦੁਪਹਿਰ ਕਰੀਬ 12.43 ਵਜੇ ਉਸ ਦੇ ਦੂਬਈ ਵਾਲੇ ਮੋਬਾਈਲ ਨੰਬਰ 'ਤੇ ਵੱਟਸਐਪ ਕਾਲ ਰਾਹੀਂ ਇਕ ਅਣਜਾਣ ਵਿਅਕਤੀ ਵੱਲੋਂ ਇੱਕ ਕਰੋੜ ਰੁਪਏ ਫਿਰੌਤੀ ਦੀ ਮੰਗ ਕੀਤੀ ਗਈ ਸੀ।

ਏ ਐੱਸ ਆਈ ਚਮਕੌਰ ਸਿੰਘ ਵੱਲੋਂ ਕੀਤੀ ਗਈ ਜਾਂਚ ਦੌਰਾਨ ਮੁਦੱਈ ਦੇ ਬਿਆਨਾਂ ਦੇ ਆਧਾਰ 'ਤੇ ਸੇਵਕ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਮਾਹੀਨੰਗਲ, ਜ਼ਿਲ੍ਹਾ ਬਠਿੰਡਾ ਨੂੰ 14 ਜਨਵਰੀ ਨੂੰ ਰਪਟ ਨੰਬਰ 18 ਰਾਹੀਂ ਨਾਮਜ਼ਦ ਕੀਤਾ ਗਿਆ।ਅੱਜ 17 ਜਨਵਰੀ ਨੂੰ ਚੌਕੀ ਇੰਡਸਟਰੀਅਲ ਏਰੀਆ ਦੇ ਇੰਚਾਰਜ ਧਰਮਵੀਰ ਸਿੰਘ ਨੂੰ ਮੁਖਬਰੀ ਮਿਲੀ ਕਿ ਦੋਸ਼ੀ ਸੇਵਕ ਸਿੰਘ ਲਾਲ ਰੰਗ ਦੀ ਹੀਰੋ ਪੈਸ਼ਨ ਮੋਟਰਸਾਈਕਲ 'ਤੇ ਪਿੰਡ ਕਟਾਰ ਸਿੰਘ ਵਾਲਾ ਤੋਂ ਪਿੰਡ ਕੋਟਮਸੀਰ ਵਾਲੇ ਕੱਚੇ ਰਾਹ ਰਾਹੀਂ ਆ ਰਿਹਾ ਹੈ। ਜਦੋਂ ਪੁਲਸ ਪਾਰਟੀ ਵੱਲੋਂ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਦੋਸ਼ੀ ਨੇ ਦੇਸੀ ਕੱਟਾ 12 ਬੋਰ ਨਾਲ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ।ਧਰਮਵੀਰ ਸਿੰਘ ਨੇ ਆਪਣੀ ਸੁਰੱਖਿਆ ਲਈ ਸਰਕਾਰੀ ਰਿਵਾਲਵਰ ਨਾਲ ਜੁਆਬੀ ਫਾਇਰਿੰਗ ਕੀਤੀ, ਜਿਸ ਦੌਰਾਨ ਦੋਸ਼ੀ ਦੀ ਸੱਜੀ ਲੱਤ 'ਚ ਗੋਡੇ ਤੋਂ ਹੇਠਾਂ ਗੋਲੀ ਲੱਗੀ।ਬਾਅਦ 'ਚ ਉਸ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਬਠਿੰਡਾ ਭਰਤੀ ਕਰਵਾਇਆ ਗਿਆ।

ਪੁਲਸ ਰਿਕਾਰਡ ਅਨੁਸਾਰ ਦੋਸ਼ੀ ਸੇਵਕ ਸਿੰਘ ਖ਼ਿਲਾਫ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚ ਸਾਲ 2021 'ਚ ਥਾਣਾ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਵਿੱਚ ਚੋਰੀ ਸਬੰਧੀ ਮਾਮਲਾ ਤੇ ਸਾਲ 2025 'ਚ ਥਾਣਾ ਤਲਵੰਡੀ ਸਾਬੋ ਵਿੱਚ ਐੱਨ ਡੀ ਪੀ ਐੱਸ ਐਕਟ ਅਧੀਨ ਕੇਸ ਦਰਜ ਹੈ।ਮੁਕਾਬਲੇ ਵਾਲੀ ਥਾਂ ਦਾ ਜਾਇਜ਼ਾ ਲੈਣ ਲਈ ਐੱਸ ਐੱਸ ਪੀ ਬਠਿੰਡਾ ਮੈਡਮ ਜੋਯਤੀ ਯਾਦਵ ਤੇ ਹੋਰ ਉੱਚ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਜੋਯਤੀ ਯਾਦਵ ਨੇ ਦੱਸਿਆ ਕਿ ਅਪਰਾਧੀ ਖ਼ਿਲਾਫ ਪਹਿਲਾਂ ਵੀ ਕਈ ਮਾਮਲੇ ਦਰਜ ਹਨ ਤੇ ਪੁਲਸ ਪਾਰਟੀ ਲਗਾਤਾਰ ਇਸ ਦੀ ਭਾਲ ਕਰ ਰਹੀ ਸੀ ਕਿ ਅੱਜ ਸਵੇਰੇ ਇਹ ਕੋਟਸ਼ਮੀਰ ਤੋਂ ਕਟਾਰ ਸਿੰਘ ਵਾਲਾ ਨੂੰ ਕੱਚੇ ਰਸਤੇ 'ਤੇ ਜਾ ਰਿਹਾ ਸੀ ਕਿ ਮੁਖਬਰੀ ਦੇ ਅਧਾਰ 'ਤੇ ਪੁਲਸ ਨੇ ਇਸ ਦਾ ਪਿੱਛੇ ਕੀਤਾ, ਆਪਣੇ ਪਿੱਛੇ ਪੁਲਸ ਲੱਗੀ ਦੇਖ ਇਸੇ ਨੇ ਪੁਲਸ ਪਾਰਟੀ 'ਤੇ ਫਾਇਰਿੰਗ ਕੀਤੀ।ਜਵਾਬੀ ਕਾਰਵਾਈ 'ਤੇ ਪੁਲਸ ਨੇ ਲੱਤ 'ਚ ਗੋਲੀ ਮਾਰ ਕੇ ਇਸ ਨੂੰ ਫੜ ਲਿਆ।

# ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਕਲਾਸਰੂਮਾਂ 'ਚ ਏ ਆਈ ਦੀ ਵਰਤੋਂ ਸੰਬੰਧੀ ਵਰਕਸ਼ਾਪ



*ਸਮਰੱਥਾ ਨਿਰਮਾਣ ਵਰਕਸ਼ਾਪ ਦੌਰਾਨ ਸਿੱਖਿਅਕ ਮਾਹਰਾਂ ਨਾਲ ਹਾਜ਼ਰ ਸਕੂਲ ਦੇ ਅਧਿਆਪਕ।*

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਗਲੋਬਲ ਸਕੂਲ (ਡੀਬੀਜੀਐੱਸ) ਵੱਲੋਂ ਕਲਾਸਰੂਮਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ 'ਤੇ ਸੀਬੀਐੱਸਈ ਸਮਰੱਥਾ ਨਿਰਮਾਣ ਵਰਕਸ਼ਾਪ ਕਰਵਾਈ, ਜੋ ਸਿੱਖਿਆ ਵਿੱਚ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਏਕੀਕ੍ਰਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।ਇਸ ਵਰਕਸ਼ਾਪ ਵਿੱਚ ਸਿੱਖਿਆ ਤੇ ਸਿੱਖਣ ਵਿੱਚ ਏਆਈ ਦੀ ਪਰਿਵਰਤਨਸ਼ੀਲ ਭੂਮਿਕਾ ਦੀ ਪੜਚੋਲ ਕਰਨ ਲਈ ਉਤਸੁਕ ਅਧਿਆਪਕਾਂ ਨੇ ਉਤਸ਼ਾਹੀ ਭਾਗੀਦਾਰੀ ਵਿਖਾਈ।

ਇਸ ਸੈਸ਼ਨ ਦੀ ਅਗਵਾਈ ਪ੍ਰਸਿੱਧ ਸਿੱਖਿਅਕ ਸੋਨੀਆ ਵਿਕਟਰ ਤੇ ਨੈਪੋਲੀਅਨ ਨੈਲਸਨ ਨੇ ਕੀਤੀ, ਜਿਨ੍ਹਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਬੁਨਿਆਦੀ ਸਿਧਾਂਤਾਂ ਤੇ ਸਿੱਖਿਆ ਵਿੱਚ ਇਸ ਦੇ ਵਿਹਾਰਕ ਉਪਯੋਗਾਂ ਬਾਰੇ ਕੀਮਤੀ ਸੂਝ ਸਾਂਝੀ ਕੀਤੀ।ਇਕੱਠ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਡੀ.ਬੀ.ਜੀ.ਐੱਸ. ਦੀ ਸੰਪੂਰਨ ਵਿਕਾਸ ਤੇ ਸਿੱਖਿਅਕਾਂ ਦੇ ਨਿਰੰਤਰ ਪੇਸ਼ੇਵਰ ਵਿਕਾਸ ਪ੍ਰਤੀ ਦ੍ਰਿੜ੍ਹ ਵਚਨਬੱਧਤਾ 'ਤੇ ਜ਼ੋਰ ਦਿੱਤਾ।

ਇਸ ਮੌਕੇ ਪ੍ਰਿੰਸੀਪਲ ਇੰਦੂ ਸ਼ਰਮਾ ਨੇ ਡੀਬੀਜੀਐੱਸ ਟੀਮ ਦੇ ਨਾਲ ਇਸ ਸੂਝਵਾਨ ਤੇ ਅਗਾਂਹਵਧੂ ਵਰਕਸ਼ਾਪ ਦੇ ਸਫਲਤਾਪੂਰਵਕ ਆਯੋਜਨ ਲਈ ਵਿਆਪਕ ਤੌਰ 'ਤੇ ਪ੍ਰਸ਼ੰਸਾ ਕੀਤੀ।ਇਸ ਪ੍ਰੋਗਰਾਮ ਦਾ ਉਦੇਸ਼ ਅਧਿਆਪਕਾਂ ਨੂੰ ਕਲਾਸਰੂਮ ਸਿੱਖਿਆ ਵਿੱਚ ਏ ਆਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੋੜਨ ਲਈ ਵਿਹਾਰਕ ਗਿਆਨ ਨਾਲ ਲੈਸ ਕਰਨਾ ਸੀ।

# ਲੋਕ ਮਿਲਣੀ ਪ੍ਰੋਗਰਾਮ ਰਾਹੀਂ ਸਰਕਾਰ ਤੇ ਲੋਕਾਂ ਵਿਚਕਾਰ ਸਿੱਧਾ ਸੰਪਰਕ ਕਾਇਮ : ਹਰਚੰਦ ਬਰਸਟ

## ਪਟਿਆਲਾ ਦਫ਼ਤਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਮੌਕੇ 'ਤੇ ਕੀਤਾ ਹੱਲ



**ਪਟਿਆਲਾ/ਸਮਾਣਾ (ਰਾਜਿੰਦਰ ਸਿੰਘ ਥਿੰਦ/ਇਕਬਾਲ ਸਿੰਘ ਬੱਲ)**

ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿੱਚ ਆਏ ਲੋਕਾਂ ਨਾਲ ਮੁਲਾਕਾਤ ਕੀਤੀ ਗਈ।ਉਨ੍ਹਾਂ ਨੇ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੇ ਪਹੁੰਚੇ ਸਰਪੰਚਾਂ ਤੇ ਹੋਰ ਖੇਤਰਾਂ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਮੌਕੇ 'ਤੇ ਉਨ੍ਹਾਂ ਦਾ ਹੱਲ ਕੀਤਾ ਗਿਆ।ਸ. ਬਰਸਟ ਨੇ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮਾਂ ਰਾਹੀਂ ਸਰਕਾਰ ਤੇ ਲੋਕਾਂ ਦਰਮਿਆਨ ਸਿੱਧਾ ਰਾਬਤਾ ਕਾਇਮ ਹੁੰਦਾ ਹੈ।ਇਸ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਂਦਾ ਹੈ।ਉਨ੍ਹਾਂ ਲੋਕਾਂ ਨੂੰ ਯਕੀਨ ਦਿਵਾਇਆ ਕਿ ਲੋਕਾਂ ਨੂੰ ਕਿਸੇ ਕਿਸਮ ਦੀਆਂ ਮੁਸ਼ਕਲਾਂ ਪੇਸ਼ ਨਹੀਂ ਆਉਣ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਦੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਇਨ੍ਹਾਂ ਯੋਜਨਾਵਾਂ ਦਾ ਲਾਭ ਸਮਾਜ ਦੇ ਹਰ ਵਰਗ ਤੱਕ ਪਹੁੰਚੇ।ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਇਮਾਨਦਾਰੀ ਤੇ ਪਾਰਦਰਸ਼ਿਤਾ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨਾ ਤੇ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਅੱਗੇ ਵਧਾਉਣਾ ਹੈ। ਸ. ਬਰਸਟ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੀ ਚਹੁੰਪੱਖੀ ਵਿਕਾਸ ਤੇ ਤਰੱਕੀ ਲਈ ਵਚਨਬੱਧ ਹੈ ਅਤੇ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਭਵਿੱਖ ਵਿੱਚ ਵੀ ਕੀਤੇ ਜਾਂਦੇ ਰਹਿਣਗੇ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਪੰਜਾਬ ਦੇ ਵਿਕਾਸ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ, ਪਰ ਕੇਂਦਰ ਸਰਕਾਰ ਪੰਜਾਬ ਸਰਕਾਰ ਦੀ ਕੋਈ ਮਦਦ ਨਹੀਂ ਕਰ ਰਹੀ ਅਤੇ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਰੂਰਲ ਡਿਵਲਪਮੈਂਟ ਫੰਡ ਸਮੇਤ ਹੋਰ ਫੰਡ ਵੀ ਰੋਕੇ ਹੋਏ ਹਨ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਲਦ ਤੋਂ ਜਲਦ ਪੰਜਾਬ ਦੇ ਰੋਕੇ ਹੋਏ ਫੰਡਾਂ ਨੂੰ ਜਾਰੀ ਕਰੇ।ਇਸ ਮੌਕੇ ਸੋਮਚੰਦ ਸੋਮੀ ਸਰਪੰਚ ਤਰਖਾਣ ਮਾਜਰਾ, ਮਨਪ੍ਰੀਤ ਸਿੰਘ ਸਰਪੰਚ ਵਜੀਦਪੁਰ, ਭਿੰਦਰ ਸਿੰਘ ਸਰਪੰਚ ਨਵੀਂ ਰੌਣੀ, ਪਰਗਟ ਸਿੰਘ ਸਰਪੰਚ ਢਕੜਬਾ, ਸਤਗੁਰ ਸਿੰਘ ਸਰਪੰਚ ਤਰੌੜਾ ਕਲਾਂ, ਸੁਰਜੀਤ ਸਿੰਘ ਪੰਚਾਇਤ ਮੈਂਬਰ, ਨਾਇਬ ਸਿੰਘ ਸਾਬਕਾ ਸਰਪੰਚ ਕਾਦਰਾਬਾਦ, ਸ਼ਾਮ ਲਾਲ ਦੱਤ, ਜਸਪਾਲ ਸਿੰਘ ਬੀਬੀਪੁਰ, ਮਨਦੀਪ ਸਿੰਘ ਗਿੰਨੀ, ਕਰਮਜੀਤ ਸਿੰਘ ਹੈਪੀ, ਕੁਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਸਾਹਿਬ ਸਿੰਘ, ਜਸਵਿੰਦਰ ਸਿੰਘ, ਕਿਰਨਜੀਤ ਸਿੰਘ, ਨਰਦੀਪ ਸਿੰਘ, ਪਰਗਟ ਸਿੰਘ, ਰੁਪਿੰਦਰ ਸਿੰਘ, ਗੁਰਮੁੱਖ ਸਿੰਘ, ਬਲਕਾਰ ਸਿੰਘ, ਮਨਦੀਪ ਸਿੰਘ ਨੰਬਰਦਾਰ ਸਮੇਤ ਹੋਰ ਲੋਕ ਮੌਜੂਦ ਰਹੇ।

## ਕਾਤਰਾਂ

### ਖੱਤਰੀ ਅਰੋੜਾ ਵੈੱਲਫੇਅਰ ਬੋਰਡ ਦੇ ਕਾਕਾ ਮਾਛੀਵਾੜਾ ਮੈਂਬਰ ਬਣੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਖੱਤਰੀ ਅਰੋੜਾ ਵੈੱਲਫੇਅਰ ਬੋਰਡ ਦਾ ਗਠਨ ਕੀਤਾ ਗਿਆ ਹੈ। ਮੁੱਖ ਮੰਤਰੀ ਵੱਲੋਂ ਜਾਰੀ ਪੱਤਰ ਅਨੁਸਾਰ ਇਸ ਸੂਬਾ ਪੱਧਰੀ ਬੋਰਡ ਵਿੱਚ ਚੇਅਰਮੈਨ ਤੋਂ ਇਲਾਵਾ 4 ਮੈਂਬਰ ਨਿਯੁਕਤ ਕੀਤੇ ਗਏ ਹਨ। ਆਮ ਆਦਮੀ ਪਾਰਟੀ ਦੇ ਆਗੂ ਜਸਪ੍ਰੀਤ ਸਿੰਘ ਕਾਕਾ ਮਾਛੀਵਾੜਾ ਨੂੰ ਇਸ ਬੋਰਡ ਵਿੱਚ ਬਤੌਰ ਮੈਂਬਰ ਨਿਯੁਕਤ ਕੀਤਾ ਗਿਆ ਹੈ। ਕਾਕਾ ਮਾਛੀਵਾੜਾ ਨੇ 'ਆਪ' ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਸੰਜੀਵ ਅਰੋੜਾ ਦਾ ਇਹ ਮਾਣ ਦੇਣ 'ਤੇ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰ ਇਸ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨਗੇ।

### ਸਾਲਾਨਾ ਜੋੜ ਮੇਲਾ 20 ਤੋਂ

**ਦੋਰਾਹਾ (ਹਰਮਿੰਦਰ ਸੇਠ)**-ਸਥਾਨਕ ਸ਼ਹਿਰ ਦੋਰਾਹਾ ਦੇ ਨੇੜਲੇ ਪਿੰਡ ਰਾਮਪੁਰ (ਜ਼ਿਲ੍ਹਾ ਲੁਧਿਆਣਾ) ਸਥਿਤ ਗੁਰਦੁਆਰਾ ਸ਼੍ਰੀ ਰੇਰੂ ਸਾਹਿਬ ਵਿਖੇ ਸ਼੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ 99ਵੀਂ ਬਰਸੀ ਦੇ ਸਬੰਧ ਵਿੱਚ ਸਾਲਾਨਾ ਜੋੜ ਮੇਲਾ ਧਾਰਮਿਕ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।ਇਹ ਧਾਰਮਿਕ ਸਮਾਗਮ 7, 8 ਤੇ 9 ਮਾਘ, ਸੰਮਤ ਨਾਨਕਸ਼ਾਹੀ 557 ਅਨੁਸਾਰ 20, 21 ਤੇ 22 ਜਨਵਰੀ 2026 ਨੂੰ ਆਯੋਜਿਤ ਕੀਤਾ ਜਾਵੇਗਾ।ਇਸ ਦੌਰਾਨ 21 ਤੇ 22 ਜਨਵਰੀ ਨੂੰ ਗੁਰੂਘਰ ਦੇ ਪ੍ਰਸਿੱਧ ਕੀਰਤਨੀਏ, ਢਾਡੀ ਜਥੇ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਗੁਰੂ ਨਾਲ ਜੋੜਨਗੇ।ਸਮਾਗਮ ਦੀ ਸ਼ੁਰੂਆਤ 20 ਜਨਵਰੀ 2026 ਨੂੰ ਨਗਰ ਕੀਰਤਨ ਨਾਲ ਹੋਵੇਗੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਧ-ਸੰਗਤ ਦੀ ਸ਼ਮੂਲੀਅਤ ਦੀ ਉਮੀਦ ਹੈ।ਸਮੂਹ ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਇਸ ਪਵਿੱਤਰ ਜੋੜ ਮੇਲੇ ਵਿੱਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ ਗਈ।

### ਨਗਰ ਨਿਗਮ ਮੇਅਰ ਦੀ ਚੋਣ ਭਲਕੇ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਨਗਰ ਨਿਗਮ ਦੇ ਮੇਅਰ ਨੂੰ ਪਿਛਲੇ ਦਿਨੀਂ ਸਸਪੈਂਡ ਕਰਨ ਤੋਂ ਬਾਅਦ ਕਾਰਜਕਾਰੀ ਮੇਅਰ ਸੀਨੀਅਰ ਡਿਪਟੀ ਮੇਅਰ ਨੂੰ ਨਿਯੁਕਤ ਕੀਤਾ ਗਿਆ, ਜਿਸ ਤੋਂ ਬਾਅਦ ਵਿਰੋਧੀ ਧਿਰ ਵੱਲੋਂ ਹਾਈਕੋਰਟ ਵਿੱਚ ਰਿਟ ਪਾ ਕੇ ਮੋਗਾ ਨਿਗਰ ਨਗਰ ਨਿਗਮ ਦੇ ਮੇਅਰ ਦੀ ਚੋਣ ਨਵੇਂ ਸਿਰਿਓਂ ਕਰਵਾਉਣ ਦੀ ਅਪੀਲ ਕੀਤੀ ਸੀ, ਜਿਸ 'ਤੇ ਹਾਈਕੋਰਟ ਵੱਲੋਂ ਫੈਸਲਾ ਦਿੰਦੇ ਹੋਏ 31 ਜਨਵਰੀ ਤੋਂ ਪਹਿਲਾਂ ਚੋਣ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਸਨ।ਉਸ ਤੋਂ ਬਾਅਦ ਮੋਗਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਮੇਅਰ ਦੀ ਚੋਣ 19 ਜਨਵਰੀ ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਮੋਗਾ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਬਲਜੀਤ ਸਿੰਘ ਚਾਨੀ, ਜੋ ਪਹਿਲਾਂ ਨਗਰ ਨਿਗਮ ਦੇ ਮੇਅਰ ਸਨ ਕਿਸੇ ਕਾਰਨਾ ਕਰਕੇ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ ਪੀਨਾ ਨੂੰ ਕਾਰਜਕਾਰੀ ਮੇਅਰ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਿਸ ਦੇ ਚਲਦਿਆਂ ਵਿਰੋਧੀ ਧਿਰ ਕਾਂਗਰਸ ਦੇ ਕੌਂਸਲਰਾਂ ਵੱਲੋਂ ਹਾਈ ਕੋਰਟ ਦੇ ਵਿੱਚ ਰਿਟ ਪਾਈ ਗਈ। ਅਸੀਂ ਇਸ ਫੈਸਲੇ ਦਾ ਸਵਾਗਤ ਕਰਦੇ ਹਾਂ ਕਿਉਂਕਿ ਬਹੁਮੱਤ ਅਜੇ ਵੀ ਆਮ ਆਦਮੀ ਪਾਰਟੀ ਕੋਲ ਹੈ।

# ਆਦਰਸ਼ ਕੰਨਿਆ ਸਕੂਲ ਦੇ ਸੰਸਥਾਪਕ ਸ਼ਾਸਤਰੀ ਜਗਨ ਨਾਥ ਦਾ ਜਨਮ ਦਿਹਾੜਾ ਮਨਾਇਆ



**ਜਗਰਾਉਂ (ਸੰਜੀਵ ਅਰੋੜਾ)**-ਆਦਰਸ਼ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦੇ ਸੰਸਥਾਪਕ ਪਰਮ ਸਤਿਕਾਰਯੋਗ ਸ਼ਾਸ਼ਤਰੀ ਜਗਨ ਨਾਥ ਜੀ ਮਹਾਰਾਜ ਦੇ ਜਨਮ ਦਿਹਾੜੇ ਮੌਕੇ ਸਕੂਲ ਵਿੱਚ ਸਮਾਜ ਸੇਵੀ ਸੰਸਥਾਵਾ ਦੇ ਸਹਿਯੋਗ ਨਾਲ ਸਮਾਗਮ ਕੀਤਾ ਗਿਆ। ਮੰਚ ਸੰਚਾਲਨ ਕਰਦੇ ਹੋਏ ਮੈਨੇਜਮੈਂਟ ਮੈਂਬਰ ਕੈਪਟਨ ਨਰੇਸ਼ ਵਰਮਾ ਨੇ ਕਿਹਾ ਕਿ ਅੱਜ ਦੇ ਸਮਾਗਮ ਵਿੱਚ ਸਮਾਜ ਸੇਵੀ ਸੰਸਥਾਵਾਂ ਵੱਲੋਂ ਭਰਪੂਰ ਯੋਗਦਾਨ ਪਾਇਆ ਗਿਆ। ਇਸ ਮੌਕੇ ਡਾਕਟਰ ਪੰਕਜ ਅਗਰਵਾਲ ਨੇ ਆਪਣੇ ਵੱਲੋਂ ਸਾਰੇ ਬੱਚਿਆਂ ਲਈ ਕਾਪੀਆਂ, ਪੈੱਨ ਤੇ ਸਟੇਸ਼ਨਰੀ ਵੰਡੀ। ਕੇਵਲ ਮਲਹੋਤਰਾ ਤੇ ਰਵੀ ਮਲਹੋਤਰਾ (ਦਿੱਲੀ) ਨੇ ਸਥਾਪਨਾ ਦਿਵਸ ਮੌਕੇ ਸਾਰੇ ਅਧਿਆਪਕਾਂ ਤੇ ਪ੍ਰਿੰਸੀਪਲ ਨੂੰ ਸਨਮਾਨਤ ਕੀਤਾ। ਕੈਨੇਡਾ ਦੇ ਵਸਨੀਕ ਦਿਨੇਸ਼ ਮਲਹੋਤਰਾ (ਰਿਟਾਇਰਡ ਬੈਂਕ ਮੈਨੇਜਰ) ਤੇ ਜਰਨੈਲ ਸਿੰਘ ਸਹੋਤਾ ਨੇ ਸਕੂਲ ਦੇ ਫੋਰਥ ਕਲਾਸ ਮੁਲਾਜ਼ਮਾਂ ਲਈ ਨਵੇਂ ਸੂਟ ਵੰਡੇ। ਬੱਚਿਆਂ ਨੇ ਸ਼ਾਸ਼ਤਰੀ ਜੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਭਜਨ ਅਤੇ ਸ਼ਬਦ ਗਾ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਡਾਕਟਰ ਪੰਕਜ ਅਗਰਵਾਲ, ਕੇਵਲ ਮਲਹੋਤਰਾ, ਰਵੀ ਮਲਹੋਤਰਾ, ਸਮਾਜ ਸੇਵੀ ਕੇਵਲ ਮਲਹੋਤਰਾ, ਦਿਨੇਸ਼ ਮਲਹੋਤਰਾ ਤੇ ਕੈਪਟਨ ਨਰੇਸ਼ ਵਰਮਾ ਨੇ ਕਿਹਾ ਕਿ ਉਹ ਸੰਨ 1955 ਵਿੱਚ ਬਣੇ ਇਸ ਲੜਕੀਆਂ ਦੇ ਇਤਿਹਾਸਿਕ ਸਕੂਲ ਦੀ ਵੱਧ ਤੋਂ ਵੱਧ ਸਹਾਇਤਾ ਕਰਨਗੇ। ਇਸ ਮੌਕੇ ਪ੍ਰਿੰਸੀਪਲ ਸੁਨੀਤਾ ਅਰੋੜਾ ਤੇ ਕੈਪਟਨ ਨਰੇਸ਼ ਵਰਮਾ ਨੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਸਮਾਗਮ 'ਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸੁਨੀਤਾ ਰਾਣੀ, ਮੈਡਮ ਸ਼ਿਫਾਲੀ, ਮੈਡਮ ਜਸਵਿੰਦਰ ਸਮੇਤ ਸਮੂਹ ਸਟਾਫ ਤੇ ਬੱਚੇ ਆਦਿ ਹਾਜ਼ਰ ਸਨ।

# ਹਰਿਆਣਾ ਸਿੱਖ ਕਤਲੇਆਮ ਦੇ ਪੀੜਤ ਪਰਵਾਰਾਂ ਨੇ ਨੌਕਰੀਆਂ ਦੇ ਨਿਯੁਕਤੀ ਪੱਤਰ ਕੀਤੇ ਵਾਪਸ

## ਮੱਧ ਪ੍ਰਦੇਸ਼, ਦਿੱਲੀ, ਯੂ.ਪੀ. ਦੀ ਤਰਜ਼ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ : ਘੋਲੀਆ



**ਜਗਰਾਉਂ (ਸੰਜੀਵ ਅਰੋੜਾ)**

ਨਵੰਬਰ 1984 ਦੇ ਹਰਿਆਣਾ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੇ ਸਰਕਾਰ ਵੱਲੋਂ ਦਿੱਤੇ ਗਏ ਨਿਯੁਕਤੀ ਪੱਤਰ ਵਾਪਸ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਪ੍ਰਾਈਵੇਟ ਨੌਕਰੀਆਂ ਕਬੂਲ ਨਹੀਂ ਕਰਨਗੇ। ਪੀੜਤ ਪਰਿਵਾਰਾਂ ਨੇ ਮੱਧ ਪ੍ਰਦੇਸ਼, ਦਿੱਲੀ ਤੇ ਉੱਤਰ ਪ੍ਰਦੇਸ਼ ਦੀ ਤਰਜ਼ 'ਤੇ ਪੂਰੀਆਂ ਸਰਕਾਰੀ ਸਹੂਲਤਾਂ ਸਮੇਤ ਪੱਕੀਆਂ ਸਰਕਾਰੀ ਨੌਕਰੀਆਂ ਦੇਣ ਦੀ ਮੰਗ ਕੀਤੀ ਹੈ। ਇਹ ਫੈਸਲਾ ਗੁਰਦੁਆਰਾ ਸਿੰਘ ਸਭਾ ਗੁੜਵਾਉ ਵਿਖੇ ਹੋਈ ਅਹਿਮ ਮੀਟਿੰਗ ਦੌਰਾਨ ਲਿਆ ਗਿਆ, ਜੋ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸਨ ਸਿੰਘ ਘੋਲੀਆ ਦੀ ਅਗਵਾਈ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਈ ਦਰਸਨ ਸਿੰਘ ਘੋਲੀਆ ਨੇ ਕਿਹਾ ਕਿ 42 ਸਾਲ ਬੀਤ ਜਾਣ ਦੇ ਬਾਵਜੂਦ ਵੀ ਕੇਂਦਰ ਤੇ ਹਰਿਆਣਾ ਦੀ ਸਰਕਾਰ ਵੱਲੋਂ 1984 ਦੇ ਪੀੜਤਾਂ ਨੂੰ ਨਿਆ ਅਤੇ ਇਨਸਾਫ਼ ਨਹੀਂ ਮਿਲਿਆ, ਜੋ ਭਾਰਤੀ ਨਿਆ ਪ੍ਰਣਾਲੀ 'ਤੇ ਪ੍ਰਸ਼ਨ ਚਿੰਨ੍ਹ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਹਰਿਆਣਾ ਦੀ ਸੈਣੀ ਸਰਕਾਰ ਪੀੜਤਾਂ ਨਾਲ ਭੇਦਭਾਵ ਕਰ ਰਹੀ ਹੈ ਤੇ ਸਰਕਾਰੀ ਨੌਕਰੀਆਂ ਦੇ ਵਾਅਦੇ ਸਿਰਫ਼ ਡਰਾਮਾ ਸਾਬਤ ਹੋਏ ਹਨ। ਪੀੜਤਾਂ ਨੂੰ ਜੋ ਨੌਕਰੀਆਂ ਦਿੱਤੀਆਂ ਗਈਆਂ ਹਨ, ਉਹ ਪ੍ਰਾਈਵੇਟ ਹਨ, ਜੋ ਕਿਸੇ ਵੀ ਹਾਲਤ ਵਿੱਚ ਮਨਜ਼ੂਰ ਨਹੀਂ। ਭਾਈ ਘੋਲੀਆ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਪੀੜਤ ਪਰਿਵਾਰਾਂ ਨੇ ਨਿਯੁਕਤੀ ਪੱਤਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵਾਪਸ ਕਰ ਦਿੱਤੇ ਹਨ। ਕੁਝ ਪੀੜਤ ਜਿਨ੍ਹਾਂ ਨੇ ਨੌਕਰੀ ਜੁਆਇਨ ਵੀ ਕੀਤੀ ਸੀ, ਉਨ੍ਹਾਂ ਨੇ ਵੀ ਆਪਣਾ ਵਿਰੋਧ ਦਰਜ ਕਰਵਾਉਂਦਿਆਂ ਨਿਯੁਕਤੀ ਪੱਤਰ ਵਾਪਸ ਕੀਤੇ। ਉਨ੍ਹਾਂ ਸਾਫ਼ ਕਿਹਾ ਕਿ ਜਦ ਤੱਕ ਮੱਧ ਪ੍ਰਦੇਸ਼, ਦਿੱਲੀ ਤੇ ਉੱਤਰ ਪ੍ਰਦੇਸ਼ ਦੀ ਤਰ੍ਹਾਂ ਪੂਰੀਆਂ ਸਰਕਾਰੀ ਸਹੂਲਤਾਂ ਨਾਲ ਨੌਕਰੀਆਂ ਨਹੀਂ ਮਿਲਦੀਆਂ, ਤਦ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਰਾਮ ਸਿੰਘ ਪਟਿਆਲਾ, ਗੁਰਪ੍ਰੀਤ ਸਿੰਘ ਸਾਹਨੀ ਗੁੜਵਾਉ, ਗੁਰਜੀਤ ਸਿੰਘ ਪਟੌਦੀ, ਪੀੜਤ ਊਸਾਦੇਵੀ ਗੁੜਵਾਉ, ਬਸਰਾ ਕੌਰ, ਪਵਨ ਕੁਮਾਰ ਰੇਵਾੜੀ, ਗੋਪਾਲ ਸਿੰਘ ਰੇਵਾੜੀ, ਅੰਕਿਤ ਹਨੂੰਮਾਨਗੜ੍ਹ, ਜਸਪ੍ਰੀਤ ਕੌਰ, ਅਮਨਦੀਪ ਕੌਰ ਹੇਲੀਮੰਡੀ, ਦੀਵਿਆਂ ਪਟੌਦੀ, ਗੁਰਦੀਪ ਸਿੰਘ ਕੁਰੂਕਸ਼ੇਤਰ, ਸਰਵਜੀਤ ਕੌਰ ਸਿਰਸਾ, ਪਰੀਤੀ ਫਰੀਦਾਬਾਦ, ਹਰਦੀਪ ਸਿੰਘ, ਅਮਰੀਕ ਸਿੰਘ, ਰਵਿੰਦਰ ਸਿੰਘ ਹਰਿਆਣਾ, ਓਮਪ੍ਰਕਾਸ਼ ਜਾਟੂਥਾਨਾ ਰੇਵਾੜੀ, ਦੀਵਾਨ ਚੰਦ ਮਹਾਰਾਸ਼ਟਰ, ਪਰਮਜੀਤ ਸਿੰਘ ਉੱਤਰ ਪ੍ਰਦੇਸ਼ ਸਮੇਤ ਵੱਡੀ ਗਿਣਤੀ ਵਿੱਚ ਪੀੜਤ ਪਰਿਵਾਰ ਹਾਜ਼ਰ ਸਨ। ਇਸ ਮੌਕੇ ਹਾਈਕੋਰਟ ਦੇ ਸੀਨੀਅਰ ਵਕੀਲ ਬਰਜਿੰਦਰ ਸਿੰਘ ਲੂੰਬਾ ਵੀ ਮੌਜੂਦ ਰਹੇ।

# ਮ੍ਰਿਤਕ ਅਧਿਆਪਕ ਜੋੜੇ ਦੇ ਬੱਚਿਆਂ ਨੂੰ ਇਨਸਾਫ਼ ਦਿਵਾਉਣ ਲਈ ਕੈਂਡਲ ਮਾਰਚ



**ਸੰਗਰੂਰ/ਲੌਂਗੋਵਾਲ (ਪ੍ਰਦੀਪ ਸੱਪਲ)**-ਲੰਘੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਮੋਗਾ ਜ਼ਿਲ੍ਹੇ ਵਿੱਚ ਚੋਣ ਡਿਊਟੀ ਤੇ ਜਾਂਦੇ ਸਮੇਂ ਐਕਸੀਡੈਂਟ ਦਾ ਸ਼ਿਕਾਰ ਹੋ ਕੇ ਹਲਾਕ ਹੋਏ ਅਧਿਆਪਕ ਜੋੜੇ ਜਸਕਰਨ ਸਿੰਘ ਤੇ ਕਮਲਜੀਤ ਕੌਰ ਨੂੰ ਯੋਗ ਮੁਆਵਜ਼ਾ, ਉਨ੍ਹਾਂ ਦੇ ਬੱਚਿਆਂ ਦੀ ਮੁਫ਼ਤ ਪੜ੍ਹਾਈ ਤੇ ਬਾਲਗ ਹੋਣ 'ਤੇ ਸਰਕਾਰੀ ਨੌਕਰੀ ਦੇਣ ਦੀ ਮੰਗ ਨੂੰ ਲੈ ਕੇ ਅੱਜ ਸੰਗਰੂਰ ਜ਼ਿਲ੍ਹੇ ਦੀਆਂ ਅਧਿਆਪਕ ਤੇ ਜਨਤਕ ਜ਼ਮਹੂਰੀ ਜਥੇਬੰਦੀਆਂ ਵੱਲੋਂ ਸੰਗਰੂਰ ਦੇ ਬਜ਼ਾਰ ਵਿੱਚ ਕੈਂਡਲ ਮਾਰਚ ਤੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ।ਵੱਡੇ ਚੌਕ ਵਿੱਚ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਡੀ.ਟੀ.ਐੱਫ. ਦੇ ਦਾਤਾ ਸਿੰਘ ਨਮੋਲ, ਜੀ. ਟੀ.ਯੂ. ਦੇ ਦੇਵੀ ਦਿਆਲ, ਡੀ.ਟੀ.ਐੱਫ. (ਸਬੰਧਤ ਡੀ.ਐੱਮ.ਐੱਫ.) ਦੇ ਸੁਖਵਿੰਦਰ ਗਿਰ, ਈ.ਟੀ.ਯੂ. ਦੇ ਜੋਤਿੰਦਰ ਜੋਤੀ, ਅਧਿਆਪਕ ਦਲ ਦੇ ਗੁਰਜੰਟ ਵਾਲੀਆ ਤੇ ਜਮਹੂਰੀ ਅਧਿਕਾਰ ਸਭਾ ਦੇ ਮਨਧੀਰ ਸਿੰਘ ਤੇ ਅਮਰੀਕ ਖੋਖਰ ਅਤੇ ਬੇਰੁਜ਼ਗਾਰ ਸਾਂਝਾ ਮੋਰਚਾ ਦੇ ਅਮਨ ਸੇਖਾ ਨੇ ਕਿਹਾ ਕਿ ਸਰਕਾਰ ਵੱਲੋਂ ਉਕਤ ਅਧਿਆਪਕ ਜੋੜੇ ਲਈ ਐਲਾਨੀ 10-10 ਲੱਖ ਦੀ ਰਾਸ਼ੀ ਕੋਝਾ ਮਜ਼ਾਕ ਹੈ।ਉਨ੍ਹਾਂ ਮੰਗ ਕੀਤੀ ਕਿ ਘੱਟੋ-ਘੱਟ ਦੋ-ਦੋ ਕਰੋੜ ਦੀ ਰਾਸ਼ੀ ਮੁਆਵਜ਼ੇ ਦੇ ਤੌਰ 'ਤੇ ਦਿੱਤੀ ਜਾਵੇ।ਚੋਣਾਂ ਦੌਰਾਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਔਰਤ ਮੁਲਾਜ਼ਮਾਂ ਦੀ ਡਿਊਟੀ ਉਨ੍ਹਾਂ ਦੀ ਰਿਹਾਇਸ਼ ਦੇ ਨੇੜੇ ਲਗਾਈ ਜਾਵੇ ਤਾਂ ਕਿ ਅਜਿਹੀਆਂ ਦੁਰਘਟਨਾਵਾਂ ਤੋਂ ਬਚਾਅ ਹੋ ਸਕੇ।ਸੰਗਰੂਰ ਜ਼ਿਲ੍ਹੇ ਵਿੱਚ ਮੂਣਕ ਦੇ ਨੇੜੇ ਚੋਣ ਡਿਊਟੀ ਉੱਤੇ ਜਾਂਦੇ ਸਮੇਂ ਐਕਸੀਡੈਂਟ ਦਾ ਸ਼ਿਕਾਰ ਹੋ ਕੇ ਫੱਟੜ ਹੋਏ ਐਸੋਸੀਏਟ ਅਧਿਆਪਕਾ ਰਾਜਵੀਰ ਕੌਰ ਤੇ ਦਿੜ੍ਹਬੇ ਦੇ ਅਧਿਆਪਕ ਮਨਪ੍ਰੀਤ ਸਿੰਘ ਨੂੰ 20 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਇਨ੍ਹਾਂ ਦੇ ਸਿਹਤਯਾਬ ਹੋ ਕੇ ਡਿਊਟੀ ਉੱਤੇ ਪਰਤਣ ਤੱਕ ਤਨਖਾਹ ਸਮੇਤ ਛੁੱਟੀ ਦਿੱਤੀ ਜਾਵੇ।ਭਵਿੱਖ ਵਿੱਚ ਅਜਿਹੀਆਂ ਦੁਰਘਟਨਾਵਾਂ ਦਾ ਸ਼ਿਕਾਰ ਹੋਏ ਮੁਲਾਜ਼ਮਾਂ ਨੂੰ ਫੌਰੀ ਰਾਹਤ ਲਈ ਸਥਾਈ ਨੀਤੀ ਬਣਾਈ ਜਾਵੇ।ਆਗੂਆਂ ਨੇ ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਮੋਗਾ ਵਿਖੇ 18 ਜਨਵਰੀ ਨੂੰ ਉਕਤ ਹਲਾਕ ਅਤੇ ਫੱਟੜ ਹੋਏ ਅਧਿਆਪਕਾਂ ਨੂੰ ਇਨਸਾਫ਼ ਲਈ ਰੱਖੀ ਰੈਲੀ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ।ਮਾਰਚ ਵਿੱਚ ਉਕਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਨੇ ਭਾਗ ਲਿਆ।

# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜਗਸੀਰ ਜੱਗਾ ਜ਼ਿਲ੍ਹਾ ਪ੍ਰਧਾਨ ਤੇ ਪਰਵਿੰਦਰ ਭੀਖੀ ਸਕੱਤਰ ਬਣੇ

## ਮਨਰੇਗਾ ਦੀ ਮੁੜ ਬਹਾਲੀ ਲਈ ਸੰਘਰਸ਼ ਤਿੱਖਾ ਕਰਾਂਗੇ : ਕਾਮਰੇਡ ਚੰਨੋਂ



**ਮਾਨਸਾ (ਆਤਮਾ ਸਿੰਘ ਪਮਾਰ)**

ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਮਾਨਸਾ ਦੇ ਅਜਲਾਸ 'ਚ ਜ਼ਿਲ੍ਹਾ ਮਾਨਸਾ ਦੀ ਨਵੀਂ ਟੀਮ ਦੀ ਚੋਣ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਜੱਗਾ ਬਰੇਟਾ, ਜ਼ਿਲ੍ਹਾ ਸਕੱਤਰ ਪਰਵਿੰਦਰ ਸਿੰਘ ਭੀਖੀ ਤੇ ਵਿੱਤ ਸਕੱਤਰ ਘਨੀਸ਼ਾਮ ਨਿੱਕੂ ਚੁਣੇ ਗਏ।ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਜਗਸੀਰ ਸਿੰਘ ਜੱਗਾ ਬਰੇਟਾ ਨੇ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ।

ਇਸ ਤੋਂ ਇਲਾਵਾ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਰਾਸ਼ਟਰੀ ਉੱਪ ਪ੍ਰਧਾਨ ਸਾਥੀ ਭੂਪ ਚੰਦ ਚੰਨੋਂ ਨੇ ਉਦਘਾਟਨੀ ਸੰਬੋਧਨ ਵਿੱਚ ਕਿਹਾ ਕਿ ਕਿਰਤੀ ਤੇ ਕਿਸਾਨ ਦੀ ਕਿਰਤ ਅਤੇ ਜਿਣਸ ਦਾ ਪੂਰਾ ਮੁੱਲ ਦਿੱਤੇ ਬਿਨਾਂ ਦੇਸ਼ ਅੱਗੇ ਨਹੀਂ ਵਧ ਸਕਦਾ।ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਆਪਣੇ ਚਹੇਤੇ ਚੰਦ ਕੁ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਨੂੰ ਪੂਰ ਰਹੀ ਹੈ ਤੇ ਕਿਰਤੀਆਂ ਕਿਸਾਨਾਂ ਦੇ ਵਿਰੁੱਧ ਭੁਗਤ ਰਹੀ ਹੈ।ਉਨ੍ਹਾਂ ਕਿਹਾ ਕਿ ਮਨਰੇਗਾ ਕਾਨੂੰਨ ਦੀ ਥਾਂ ਵੀ ਬੀ ਜੀ ਰਾਮ ਜੀ ਲਾਗੂ ਕਰਨ ਦਾ ਮਕਸਦ ਪੇਂਡੂ ਮਜ਼ਦੂਰਾਂ ਤੋਂ 100 ਦਿਨ ਦਾ ਰੁਜ਼ਗਾਰ ਖੋਹਣਾ ਹੈ, ਜਿਸ ਲਈ ਹਾਕਮ ਜਮਾਤਾਂ ਲੰਬੇ ਸਮੇਂ ਤੋਂ ਸਾਜ਼ਿਸ਼ਾਂ ਰਚ ਰਹੀਆਂ ਸਨ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਮੁਹਾਜ਼ 'ਤੇ ਫੇਲ੍ਹ ਹੋ ਚੁੱਕੀ ਹੈ।ਹਰ ਵਰਗ ਦੇ ਲੋਕ ਸੰਘਰਸ਼ ਦੇ ਰਾਹ ਪਏ ਹੋਏ ਹਨ।

ਕਿਸਾਨ ਆਗੂ ਨੇ ਖੇਤ ਮਜ਼ਦੂਰਾਂ ਨੂੰ ਵਿਚਾਰਧਾਰਕ ਤੌਰ 'ਤੇ ਚੇਤੰਨ ਹੋ ਕੇ ਸੰਘਰਸ਼ਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ 'ਤੇ ਜ਼ੋਰ ਦਿੱਤਾ।ਜਥੇਬੰਦੀ ਦੀ ਜ਼ਿਲ੍ਹਾ ਪੱਧਰੀ ਨਵੀਂ ਟੀਮ ਦੇ ਬਾਕੀ ਅਹੁਦੇਦਾਰਾਂ 'ਚ ਬਲਜੀਤ ਸਿੰਘ ਖੀਵਾ ਕਲਾਂ, ਤੇਜਾ ਸਿੰਘ ਹੀਰਕੇ (ਦੋਵੇਂ ਮੀਤ ਪ੍ਰਧਾਨ), ਗੁਰਪ੍ਰੀਤ ਸਿੰਘ ਬਰਨ, ਰਣਜੀਤ ਸਿੰਘ ਬਰਨ (ਦੋਵੇਂ ਜੁਆਇੰਟ ਸਕੱਤਰ) ਤੋਂ ਇਲਾਵਾ ਜਗਦੇਵ ਸਿੰਘ ਖੀਵਾ ਕਲਾਂ, ਸੰਤ ਰਾਮ ਬੀਰੋਕੇ, ਪ੍ਰੀਤਮ ਸਿੰਘ ਝੰਡੂਕੇ, ਗੁਰਮੇਲ ਸਿੰਘ ਬਰਨ, ਮੇਲਾ ਸਿੰਘ ਖੀਵਾ ਕਲਾਂ ਆਦਿ ਵਰਕਿੰਗ ਕਮੇਟੀ ਮੈਂਬਰ ਚੁਣੇ ਗਏ।ਇਸ ਮੌਕੇ ਜਸਵੰਤ ਸਿੰਘ ਬੀਰੋਕੇ, ਹਰਜਿੰਦਰ ਸਿੰਘ ਬਰੇਟਾ, ਜਗਦੇਵ ਸਿੰਘ ਢੈਪਈ ਆਦਿ ਆਗੂ ਮੌਜੂਦ ਸਨ।

# ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਸਮੇਤ ਪਤੀ-ਪਤਨੀ ਤੇ ਦੋ ਹੋਰ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਨੇ ਪਤੀ-ਪਤਨੀ ਨੂੰ 7 ਗ੍ਰਾਮ 85 ਮਿਲੀਗ੍ਰਾਮ ਹੈਰੋਇਨ ਤੇ 30 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਮੁਲਜ਼ਮਾਂ ਦੀ ਪਹਿਚਾਣ ਨਵਦੀਪ ਸਿੰਘ ਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਵਾਸੀ ਅਢਿਆਣਾ ਵਜੋਂ ਹੋਈ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਅਢਿਆਣਾ ਰੋਡ ਵੱਲ ਗਸ਼ਤ ਕੀਤੀ ਜਾ ਰਹੀ ਸੀ ਕਿ ਸਟੇਡੀਅਮ ਨੇੜੇ ਜੰਗਲਨੁਮਾ ਜਗ੍ਹਾ ਕੋਲ ਇੱਕ ਨੌਜਵਾਨ ਤੇ ਲੜਕੀ ਬੈਠੇ ਦਿਖਾਈ ਦਿੱਤੇ। ਪੁਲਸ ਪਾਰਟੀ ਨੂੰ ਦੇਖ ਘਬਰਾ ਕੇ ਇਹ ਇੱਕ ਪਾਰਦਰਸ਼ੀ ਵਜ਼ਨਦਾਰ ਮੋਮੀ ਲਿਫ਼ਾਫ਼ੀ ਤੇ 2 ਪੱਤੇ ਨਸ਼ੀਲੀਆਂ ਗੋਲੀਆਂ ਅਤੇ ਹੈਰੋਇਨ ਪੀਣ ਵਾਲਾ ਸਿਲਵਰ ਪੇਪਰ ਸੁੱਟ ਕੇ ਖਿਸਕਣ ਲੱਗੇ। ਪੁਲਸ ਵੱਲੋਂ ਸ਼ੱਕ ਦੇ ਅਧਾਰ 'ਤੇ ਜਦੋਂ ਇਨ੍ਹਾਂ ਨੂੰ ਕਾਬੂ ਕੀਤਾ ਗਿਆ ਤਾਂ ਇਨ੍ਹਾਂ 'ਚੋਂ ਇੱਕ ਨੇ ਆਪਣਾ ਨਾਮ ਨਵਦੀਪ ਸਿੰਘ ਤੇ ਲੜਕੀ ਨੇ ਗੁਰਪ੍ਰੀਤ ਕੌਰ ਦੱਸਿਆ, ਜੋ ਕਿ ਆਪਸ ਵਿੱਚ ਪਤੀ-ਪਤਨੀ ਹਨ। ਪੁਲਸ ਵੱਲੋਂ ਜਦੋਂ ਇਨ੍ਹਾਂ ਵੱਲੋਂ ਸੁੱਟੀ ਗਈ ਲਿਫ਼ਾਫ਼ੀ, ਗੋਲੀਆਂ ਦੇ ਪੱਤੇ ਤੇ ਹੈਰੋਇਨ ਪੀਣ ਲਈ ਵਰਤਿਆ ਜਾਣ ਵਾਲਾ ਸਿਲਵਰ ਪੇਪਰ ਚੁੱਕਿਆ ਤਾਂ ਉਸ 'ਚੋਂ 7.85 ਗ੍ਰਾਮ ਹੈਰੋਇਨ ਤੇ 30 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਨ੍ਹਾਂ ਦੋਵਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਨਵਦੀਪ ਸਿੰਘ ਅਢਿਆਣਾ ਖਿਲਾਫ਼ ਪਹਿਲਾਂ ਵੀ ਨਸ਼ੀਲੇ ਪਦਾਰਥਾਂ ਦੇ ਕਈ ਮਾਮਲੇ ਦਰਜ ਹਨ। ਉਨ੍ਹਾਂ ਕਿਹਾ ਕਿ ਇਸ ਗ੍ਰਿਫ਼ਤਾਰ ਕੀਤੇ ਜੋੜੇ ਨੂੰ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਪੁੱਛਗਿੱਛ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇੱਕ ਹੋਰ ਮਾਮਲੇ ਵਿੱਚ ਪੁਲਸ ਨੇ 3 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਲਖਵੀਰ ਸਿੰਘ ਵਾਸੀ ਲੁਬਾਣਗੜ੍ਹ ਤੇ ਹਰਮਨਜੋਤ ਸਿੰਘ ਵਾਸੀ ਉਧੋਵਾਲ ਕਲਾਂ ਵਜੋਂ ਹੋਈ ਹੈ। ਪੁਲਸ ਵੱਲੋਂ ਇਨ੍ਹਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਧੂਰੀ ਸ਼ਹਿਰ ਦੇ ਸੁੰਦਰੀਕਰਨ ਕੰਮਾਂ ਦੀ ਓ ਐੱਸ ਡੀ ਸੁਖਵੀਰ ਸਿੰਘ ਨੇ ਕਰਵਾਈ ਸ਼ੁਰੂਆਤ

## ਸ਼ਹਿਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਤੇ ਸੁੰਦਰੀਕਰਨ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਧੂਰੀ ਸ਼ਹਿਰ ਨੂੰ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਸੁੰਦਰੀਕਰਨ ਵਿੱਚ ਵੀ ਮੋਹਰੀ ਸ਼ਹਿਰ ਬਣਾਉਣ ਲਈ ਲਗਭਗ 4 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਮਹੱਤਵਪੂਰਨ ਸੁੰਦਰੀਕਰਨ ਤੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਵੱਲੋਂ ਕੀਤੀ ਗਈ।ਇਨ੍ਹਾਂ ਪ੍ਰੋਜੈਕਟਾਂ ਨਾਲ ਧੂਰੀ ਸ਼ਹਿਰ ਦੀ ਦਿੱਖ ਨੂੰ ਨਵੀਂ ਪਹਿਚਾਣ ਮਿਲੇਗੀ ਤੇ ਸ਼ਹਿਰ ਵਾਸੀਆਂ ਨੂੰ ਆਧੁਨਿਕ ਸਹੂਲਤਾਂ ਮਿਲਣਗੀਆਂ।ਇਸ ਮੌਕੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਵੀ ਮੌਜੂਦ ਸਨ।ਮੁੱਖ ਮੰਤਰੀ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਆਰ.ਓ.ਬੀ. ਅਧੀਨ ਸ਼ੇਰਪੁਰ ਚੌਕ ਦੇ ਸੁੰਦਰੀਕਰਨ ਲਈ 309.54 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਕੰਮ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਇਹ ਪ੍ਰੋਜੈਕਟ ਧੂਰੀ ਸ਼ਹਿਰ ਲਈ ਇੱਕ ਨਵਾਂ ਮੀਲ ਪੱਥਰ ਸਾਬਿਤ ਹੋਵੇਗਾ।ਉਨ੍ਹਾਂ ਦੱਸਿਆ ਕਿ ਲਗਭਗ 1500 ਫੁੱਟ ਲੰਬੇ ਤੇ 42 ਫੁੱਟ ਚੌੜੇ ਖੇਤਰ ਵਿੱਚ ਵਿਕਸਤ ਹੋਣ ਵਾਲਾ ਇਹ ਪਾਰਕ ਸ਼ਹਿਰ ਵਾਸੀਆਂ ਲਈ ਮਨੋਰੰਜਨ, ਸੈਰ ਤੇ ਸਿਹਤਮੰਦ ਜੀਵਨ ਸ਼ੈਲੀ ਦਾ ਕੇਂਦਰ ਬਣੇਗਾ। ਓਐੱਸਡੀ ਨੇ 90.54 ਲੱਖ ਰੁਪਏ ਦੀ ਲਾਗਤ ਨਾਲ ਆਰ.ਓ.ਬੀ. ਸੰਗਰੂਰ ਸਾਈਡ ਧੂਰੀ ਵਿਖੇ ਬਣਨ ਵਾਲੇ ਵਾਈਲਡ ਅਰੀਨਾ ਪਾਰਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪਾਰਕ ਦੀ ਕੁੱਲ ਲੰਬਾਈ 500 ਫੁੱਟ ਤੇ ਚੌੜਾਈ 42 ਫੁੱਟ ਹੋਵੇਗੀ।ਪਾਰਕ ਵਿੱਚ ਸ਼ਹਿਰ ਵਾਸੀਆਂ ਲਈ ਸੈਰ ਕਰਨ ਤੇ ਕਸਰਤ ਲਈ ਟਰੈਕ ਬਣਾਇਆ ਜਾਵੇਗਾ, ਜਦਕਿ ਪੁੱਲ ਦੇ ਥੱਲੇ ਵਾਹਨਾਂ ਲਈ ਪਾਰਕਿੰਗ ਦੀ ਸੁਵਿਧਾ ਵੀ ਉਪਲਬਧ ਹੋਵੇਗੀ।ਉਨ੍ਹਾਂ ਦੱਸਿਆ ਕਿ ਵਾਈਲਡ ਅਰੀਨਾ ਪਾਰਕ ਵਿੱਚ ਬੱਚਿਆਂ ਲਈ ਝੂਲੇ, ਖੇਡ ਸਮੱਗਰੀ, ਘਾਹ ਨਾਲ ਬਣੀਆਂ ਵੱਖ-ਵੱਖ ਪਸ਼ੂ-ਪੰਛੀਆਂ ਦੀਆਂ ਆਕਰਸ਼ਕ ਆਕ੍ਰਿਤੀਆਂ, ਸੈਲਫੀ ਪੁਆਇੰਟ ਅਤੇ ਨਵੇਂ ਬਾਥਰੂਮ ਤਿਆਰ ਕੀਤੇ ਜਾਣਗੇ।ਉਨ੍ਹਾ ਕਿਹਾ ਕਿ ਧੂਰੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਤੇ ਸੁੰਦਰੀਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਇਹ ਪ੍ਰੋਜੈਕਟ ਪੂਰੇ ਹੋਣ ਉਪਰੰਤ ਧੂਰੀ ਸ਼ਹਿਰ ਨਾਗਰਿਕ ਸਹੂਲਤਾਂ ਦੇ ਮਾਮਲੇ ਵਿੱਚ ਇੱਕ ਨਵਾਂ ਮਿਆਰ ਸਥਾਪਤ ਕਰੇਗਾ।ਇਸ ਮੌਕੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਜ਼ਿਲ੍ਹਾ ਪ੍ਰਧਾਨ ਸ਼ਾਮ ਸਿਗਲਾ, ਸਾਬਕਾ ਪ੍ਰਧਾਨ ਐਡਵੋਕੇਟ ਹੈਪੀ ਗਰਗ, ਨਰੇਸ਼ ਸਿੰਗਲਾ, ਸੰਦੀਪ ਤਾਇਲ ਸਮੇਤ ਹੋਰ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਰਹੇ।

# ਚੇਤਨਾ ਦੀ ਲੋਅ ਵੰਡਦਾ ਤਿੰਨ ਰੋਜ਼ਾ ਤਰਕਸ਼ੀਲ ਨਾਟ ਮੇਲਾ ਸੰਪੰਨ

## ਕਲਾ ਦੇ ਵੱਖ-ਵੱਖ ਰੂਪਾਂ ਨਾਲ ਦਿੱਤਾ ਤਰਕਸ਼ੀਲਤਾ ਦਾ ਹੋਕਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਘੀ ਮੇਲਾ ਮੁਕਤਸਰ ਵਿਖੇ ਵਿਗਿਆਨਕ ਚੇਤਨਾ ਦਾ ਪ੍ਰਤੀਕ ਬਣਿਆ ਤਿੰਨ ਰੋਜ਼ਾ ਤਰਕਸ਼ੀਲ ਨਾਟਕ ਮੇਲਾ ਜ਼ਿੰਦਗੀ ਤੇ ਸਮਾਜ ਨੂੰ ਚੰਗਾ ਬਣਾਉਣ ਲਈ ਚੇਤਨਾ ਦੀ ਲੋਅ ਨਾਲ ਰਾਹ ਰੁਸ਼ਨਾਉਣ ਦਾ ਸੱਦੇ ਨਾਲ ਸੰਪੰਨ ਹੋ ਗਿਆ।ਨਾਟ ਮੇਲੇ ਵਿੱਚ ਅੱਜ ਚੰਡੀਗੜ੍ਹ ਸਕੂਲ ਆਫ ਡਰਾਮਾ ਦੀ ਟੀਮ ਨੇ ਲੋਕ ਨਾਟਕਕਾਰ ਗੁਰਸ਼ਰਨ ਸਿੰਘ ਦੇ ਦੋ ਨਾਟਕ 'ਇਹ ਜ਼ਮੀਨ ਸਾਡੀ ਹੈ' ਤੇ 'ਰਾਹਤ' ਨਾਟਕਾਂ ਦਾ ਸਫਲ ਮੰਚਨ ਕੀਤਾ, ਜਿਸ ਵਿੱਚ ਸਰਕਾਰਾਂ ਦੀ ਬਦਨੀਤੀ ਦੇ ਮੁੱਦੇ ਉਭਾਰੇ ਗਏ ਸਨ।ਨਾਟਕ ਮੇਲੀਆਂ ਨੂੰ ਇਹ ਸੁਨੇਹਾ ਦੇਣ ਵਿੱਚ ਸਫਲ ਰਹੇ ਕਿ ਸਮਾਜ ਦੇ ਵਿਹੜੇ 'ਚ ਚਾਨਣ ਤਰਕਸ਼ੀਲਤਾ ਦੇ ਪ੍ਰਚਾਰ ਪਸਾਰ ਨਾਲ ਹੀ ਹੋ ਸਕਦਾ ਹੈ।ਨਾਟਕ ਵਿੱਚ ਪੇਸ਼ ਕੀਤੀ ਕੋਰਿਓਗ੍ਰਾਫੀ ਅੰਧ ਵਿਸ਼ਵਾਸਾਂ ਦੇ ਵਪਾਰੀਆਂ ਤੇ ਦੰਭੀ ਸਾਧ ਸਿਆਣਿਆਂ ਦੀ ਅਸਲੀਅਤ ਉਜਾਗਰ ਕਰ ਗਈ।ਮੇਲੇ 'ਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਜ਼ੋਨ ਪ੍ਰਧਾਨ ਪਰਵੀਨ ਜੰਡਵਾਲਾ ਨੇ ਆਖਿਆ ਕਿ ਦੇਸ਼ ਵਿੱਚ ਧਰਮ ਤੇ ਆਸਥਾ ਦੀ ਦੁਰਵਰਤੋਂ ਕਰਕੇ ਸਰਕਾਰਾਂ ਭਾਰਤੀ ਸੰਵਿਧਾਨ ਵੱਲੋਂ ਲਗਾਈ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਦੀ ਜ਼ਿੰਮੇਵਾਰੀ ਨਾਲ ਖਿਲਵਾੜ ਕਰ ਰਹੀਆਂ ਹਨ।ਉਨ੍ਹਾਂ ਅਜੋਕੇ ਜੀਵਨ ਤੇ ਸਮਾਜ ਨੂੰ ਸਫ਼ਲਤਾ ਦੇ ਰਾਹ ਤੋਰਨ ਲਈ ਤਰਕਸ਼ੀਲ ਚੇਤਨਾ ਨੂੰ ਸੁਵੱਲੜਾ ਰਾਹ ਦੱਸਿਆ।ਨਾਟ ਮੇਲੇ ਵਿੱਚ ਲੋਕ ਸੰਗੀਤ ਮੰਡਲੀ ਜੀਦਾ ਨੇ ਜਗਸੀਰ ਜੀਦਾ ਦੀ ਅਗਵਾਈ ਵਿੱਚ ਸਰਕਾਰਾਂ, ਸਿਆਸਤਦਾਨਾਂ ਤੇ ਕਾਰਪੋਰੇਟ ਪੱਖੀ ਨੀਤੀ 'ਤੇ ਚੋਟ ਕਰਦੀਆਂ ਬੋਲੀਆਂ ਤੇ ਗੀਤਾਂ ਨਾਲ ਲੋਕਾਂ ਨੂੰ ਹਲੂਣਿਆ।ਮੰਚ ਤੋਂ ਸੁਖਦੇਵ ਮਲੂਕਪੁਰੀ ਨੇ ਜਾਦੂ ਦੇ ਭੇਦ ਸਮਝਾਉਣ ਤੇ ਸਿਖਾਉਣ ਲਈ ਜਾਦੂ ਕਲਾ ਦਾ ਰੰਗ ਵਿਖਾਇਆ। ਮੇਲੇ ਦੀ ਸਫਲਤਾ ਲਈ ਗੁਰਮੀਤ ਭਲਵਾਨ, ਕੇ. ਸੀ. ਰੁਪਾਣਾ, ਬਲਦੇਵ ਲੱਧੂਵਾਲਾ, ਬੂਟਾ ਸਿੰਘ ਵਾਕਫ਼, ਗੁਰਦੇਵ ਵਾਦੀਆਂ, ਅੰਗਰੇਜ਼ ਖੋਖਰ, ਦੇਵ ਮਹਿਰਾਜ, ਕਾਕਾ ਸਿੰਘ ਖੁੰਡੇ ਹਲਾਲ, ਅਜਾਇਬ ਸਿੰਘ ਤੇ ਰਾਮ ਸਵਰਨ ਲੱਖੇਵਾਲੀ ਨੇ ਭਰਵਾਂ ਸਹਿਯੋਗ ਦਿੱਤਾ।

# ਜ਼ੀਰਾ-ਮੋਗਾ ਵਾਇਆ ਝੱਤਰੇ ਸੜਕ ਦੀ ਹਾਲਤ ਬਦਤਰ

## ਸੈਂਕੜੇ ਪਿੰਡਾਂ ਦੇ ਲੋਕ ਭਾਰੀ ਪਰੇਸ਼ਾਨ, ਤੁਰੰਤ ਮੁਰੰਮਤ ਦੀ ਮੰਗ



**ਜ਼ੀਰਾ (ਰੂਪ ਸਿੰਘ ਸੰਧੂ)**-ਪੰਜਾਬ ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਪੰਜਾਬ ਦੀਆਂ ਸੜਕਾਂ ਦੀ ਮੁਰੰਮਤ, ਨਵੀਨੀਕਰਨ ਤੋਂ ਇਲਾਵਾ ਪੰਜਾਬ ਵਿੱਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ, ਪਰ ਜ਼ੀਰਾ ਮੋਗਾ ਵਾਇਆ ਝੱਤਰੇ ਸੜਕ ਦੀ ਤਰਸਯੋਗ ਹਾਲਤ ਕੁਝ ਇਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹਦੀ ਹੋਈ ਨੂੰ ਐਕਸੀਡੈਂਟਾਂ ਨੂੰ ਸੱਦਾ ਤੇ ਮਸ਼ੀਨਰੀ ਦਾ ਭਾਰੀ ਨੁਕਸਾਨ ਕਰ ਰਹੀ ਹੈ। ਇਸ ਸੜਕ ਦੀ ਮੁਰੰਮਤ ਹੋਈ ਨੂੰ ਲਗਭਗ 8 ਸਾਲ ਦਾ ਸਮਾਂ ਬੀਤ ਚੁੱਕਾ ਹੈ, ਇਸ ਤੋਂ ਬਾਅਦ ਇਹ ਸੜਕ ਦੀ ਕਿਸੇ ਵੀ ਤਰ੍ਹਾਂ ਦੀ ਰਿਪੇਅਰ ਅਤੇ ਰੱਖ ਰਾਖਾਵ ਨਹੀਂ ਕੀਤਾ ਗਿਆ, ਜਦਕਿ ਸੜਕਾਂ ਦੀ ਮਰੁਮੰਤ, ਸਾਂਭ ਸੰਭਾਲ ਤੇ ਰੱਖ ਰਖਾਵ ਲਈ ਕਰੋੜਾਂ ਰੁਪਏ ਦੇ ਫੰਡ ਕੇਂਦਰ ਸਰਕਾਰ ਵੱਲੋਂ ਸੂਬਾ ਸਰਕਾਰਾਂ ਨੂੰ ਸਮੇਂ ਸਮੇਂ 'ਤੇ ਰਿਲੀਜ਼ ਕੀਤੇ ਜਾਂਦੇ ਹਨ, ਜੇਕਰ ਕੇਂਦਰ ਵੱਲੋਂ ਮਿਲੇ ਫੰਡਾਂ ਦੀ ਉੱਚ-ਪੱਧਰੀ ਇਨਕੁਆਇਰੀ ਤੇ ਜਾਂਚ ਕੀਤੀ ਜਾਵੇ ਤਾਂ ਬਹੁਤ ਵੱਡਾ ਸਕੈਂਡਲ ਸਾਹਮਣੇ ਆ ਸਕਦਾ ਹੈ। ਇਸ ਸੜਕ ਦੀ ਹਾਲਤ ਇੰਨੀ ਬਦਤਰ ਹੋ ਚੁੱਕੀ ਹੈ ਕਿ ਕੋਈ ਵੀ ਵਿਅਕਤੀ ਆਪਣੀ ਜਾਨ ਨੂੰ ਜੋਖਮ ਵਿੱਚ ਪਾਉਣ ਤੋਂ ਗੁਰੇਜ਼ ਕਰਕੇ ਆਪਣੀ ਕੀਮਤੀ ਮਸ਼ੀਨਰੀ ਦਾ ਸੱਤਿਆਨਾਸ ਨਹੀਂ ਕਰਨਾ ਚਾਹੁੰਦਾ ਹੈ। ਜ਼ੀਰਾ ਤੋਂ ਮੋਗਾ ਆਪਣੇ ਵਹੀਕਲਾਂ ਰਾਹੀਂ ਜਾਣ ਵਾਲੇ ਲੋਕ ਵਾਇਆ ਕੋਟ ਈਸੇ ਖਾਂ ਰਾਹੀਂ ਆਉਣ-ਜਾਣ ਨੂੰ ਤਰਜੀਹ ਦਿੰਦੇ ਹਨ, ਜਿਸ ਕਰਕੇ ਮੋਗਾ ਜ਼ੀਰਾ ਵਾਇਆ ਕੋਟ ਈਸੇ ਖਾਂ ਰੋਡ 'ਤੇ ਟ੍ਰੈਫਿਕ ਦੇ ਵਧਣ ਕਰਕੇ ਐਕਸੀਡੈਂਟ ਹੋਣ ਦੇ ਖਤਰੇ ਤੋਂ ਇਲਾਵਾ ਪੰਜ ਕਿਲੋਮੀਟਰ ਦੀ ਦੂਰੀ ਵੱਧ ਤੈਅ ਕਰਨੀ ਪੈਂਦੀ ਹੈ, ਜ਼ੀਰਾ ਮੋਗਾ ਵਾਇਆ ਝੱਤਰੇ ਸੜਕ ਪ੍ਰਧਾਨ ਮੰਤਰੀ ਸੜਕ ਗ੍ਰਾਮ ਯੋਜਨਾ ਰਾਹੀਂ ਕੋਟ ਈਸੇ ਖਾਂ ਨੂੰ ਤਲਵੰਡੀ ਭਾਈ ਫਰੀਦਕੋਟ ਅੰਮ੍ਰਿਤਸਰ ਰੋਡ ਨੂੰ ਆਪਸ ਵਿੱਚ ਮਿਲਾਉਂਦੀ ਹੈ।

ਇਸ ਸੜਕ ਦਾ 8 ਕਿਲੋਮੀਟਰ ਹਿੱਸਾ ਮੋਗਾ ਜ਼ਿਲ੍ਹੇ ਵਿੱਚ 14 ਕਿਲੋਮੀਟਰ ਫਿਰੋਜ਼ਪੁਰ ਤੇ ਦੋ ਕਿਲੋਮੀਟਰ ਨਗਰ ਕੌਂਸਲ ਜ਼ੀਰਾ ਅਧੀਨ ਪੈਂਦਾ ਹੈ, ਇਸ ਸੜਕ ਨੂੰ ਕੱਟਦਾ ਹੋਇਆ ਇਕ ਨਹਿਰੀ ਬਾਈਪਾਸ ਪਿੰਡ ਰਟੌਲਬੇਟ ਤੋਂ ਜ਼ੀਰਾ ਟਰੱਕ ਯੂਨੀਅਨ ਪਾਸ ਅੰਮ੍ਰਿਤਸਰ ਫਰੀਦਕੋਟ ਰੋਡ ਤੋਂ ਅੱਗੇ ਹਾਈਵੇ ਚੜ੍ਹਦਾ ਹੈ ਤੋਂ ਇਲਾਵਾ ਇਹ ਸੜਕ ਸੇਖਵਾ, ਮਨਸੂਰਵਾਲ, ਪੰਡੋਰੀ ਖੱਤਰੀਆਂ, ਲੌਂਗੋਦੇਵਾ, ਵਾੜਾ ਚੈਨ ਸਿੰਘ ਤੇ ਹੋਰ ਕਈ ਪਿੰਡਾਂ ਨੂੰ ਕੋਟ ਈਸੇ ਖਾਂ ਪ੍ਰਧਾਨ ਮੰਤਰੀ ਸੜਕ ਗ੍ਰਾਮ ਯੋਜਨਾ ਅਧੀਨ ਤਲਵੰਡੀ ਭਾਈ ਨਾਲ ਜੋੜਦੀ ਹੈ। ਕਸਬਾ ਕੋਟ ਈਸੇ ਖਾਂ ਧਰਮਕੋਟ ਤਹਿਸੀਲ ਦਾ ਕਸਬਾ ਹੋਣ ਕਰਕੇ ਨਿਯਮਾਂ ਮੁਤਾਬਕ ਸੜਕ ਦੀ ਮਰੰਮਤ ਲਈ ਤਿੰਨ ਵਿਧਾਇਕਾਂ ਦੀ ਸਹਿਮਤੀ ਤੇ ਮਨਜ਼ੂਰੀ ਲੈਣਾ ਅਤੀ ਜ਼ਰੂਰੀ ਹੈ, ਪਰ ਆਮ ਆਦਮੀ ਪਾਰਟੀ ਦੇ ਤਿੰਨੋਂ ਵਿਧਾਇਕ ਧਰਮਕੋਟ ਤੋਂ ਦਵਿੰਦਰ ਸਿੰਘ ਲਾਡੀ ਢੋਸ ਜ਼ੀਰਾ ਤੋਂ ਸ੍ਰੀ ਨਰੇਸ਼ ਕਟਾਰੀਆ ਤੇ ਮੋਗਾ ਤੋਂ ਡਾ. ਅਮਨਜੀਤ ਕੌਰ ਆਦਿ ਤਿੰਨਾਂ ਵਿਚਕਾਰ ਆਪਸੀ ਤਾਲਮੇਲ ਨਾ ਹੋਣ ਕਰਕੇ ਇਸ ਸੜਕ ਦੀ ਮੁਰੰਮਤ ਲਈ ਆਏ ਫੰਡ ਵਾਪਸ ਕੇਂਦਰ ਸਰਕਾਰ ਕੋਲ ਚਲੇ ਗਏ, ਜਿਸ ਦਾ ਖਮਿਆਜ਼ਾ ਇਸ ਸੜਕ ਤੋਂ ਲੰਘਣ ਤੇ ਇਸ ਸੜਕ 'ਤੇ ਵਸਣ ਵਾਲੇ ਪਿੰਡਾਂ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਸੜਕ ਗਰਾਮ ਯੋਜਨਾ ਅਧੀਨ ਖੁੱਲ੍ਹੇ ਫੰਡ ਰਿਲੀਜ਼ ਕੀਤੇ ਜਾਂਦੇ ਹਨ, ਪਰ ਅਧਿਕਾਰੀਆਂ ਤੇ ਠੇਕੇਦਾਰਾਂ ਵੱਲੋਂ ਮਿਲੀ ਭੁਗਤ ਰਾਹੀ ਮਿੱਥੇ ਮਾਪ ਦੰਡਾਂ ਦੀ ਅਣਦੇਖੀ ਕਰਕੇ ਨਿਯਮਾਂ ਨੂੰ ਛਿੱਕੇ ਟੰਗਣਾ, ਘਟੀਆ ਮਟੀਰੀਅਲ ਦੀ ਵਰਤੋਂ ਤੋਂ ਇਲਾਵਾ ਸੜਕਾਂ ਤੋਂ ਬਾਰਿਸ, ਪਿੰਡਾਂ ਦੇ ਸੀਵਰੇਜ ਦੇ ਪਾਣੀ ਦੀ ਨਿਕਾਸੀ ਲਈ ਢੁਕਵੇ ਪ੍ਰਬੰਧ ਆਦਿ ਨਾ ਕਰਨਾ ਸੜਕਾਂ ਟੁੱਟਣ ਦਾ ਕਾਰਨ ਬਣਦਾ ਹੈ.ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਹ ਸੜਕ ਆਰਮੀ ਲਈ ਰਾਖਮੀ ਹੈ, ਜਿਸ ਕਰਕੇ ਇਹ ਸੜਕ ਤੇ ਕਿਸੇ ਵੀ ਪ੍ਰਾਈਵੇਟ ਬਸ ਕੰਪਨੀ ਦਾ ਰੂਟ ਪਰਮਿਟ ਨਹੀਂ ਨਹੀਂ ਮਿਲਦਾ।

ਇਸ ਸੜਕ ਨਾਲ ਸਬੰਧਤ ਪਿੰਡਾਂ ਮਨਸੂਰਦੇਵਾ, ਰਟੌਲਬੇਟ, ਸੁੱਖੇ ਵਾਲਾ ਝੱਤਰੇ, ਮਨਾਵਾਂ, ਉਮਰੀਆਣਾ ਅਟਾਰੀ, ਬਲਖੰਡੀ, ਖੋਸਾ ਪਾਂਡੋ ਨਾਲ ਸੰਬੰਧਤ ਗ੍ਰਾਮ ਪੰਚਾਇਤਾਂ ਤੇ ਲੋਕਾਂ ਦੀ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਤੋਂ ਪੁਰਜ਼ੋਰ ਮੰਗ ਹੈ ਕਿ ਜ਼ੀਰਾ ਮੋਗਾ ਵਾਇਆ ਝਤਰੇ ਸੜਕ ਦੀ ਮੁਰੰਮਤ ਜਲਦੀ ਤੋਂ ਜਲਦੀ ਕਰਵਾਈ ਜਾਵੇ।

# ਪੰਜਾਬ ਸਿਹਤ ਵਿਭਾਗ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਲੁਧਿਆਣਾ (ਸਤੀਸ਼ ਸਚਦੇਵਾ)**

ਪੰਜਾਬ ਸਿਹਤ ਵਿਭਾਗ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਰਾਮ ਪ੍ਰਕਾਸ਼ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮੂਹ ਪੈਨਸ਼ਨਰਜ਼ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ ਗਈ।ਪਿਛਲੇ ਦਿਨੀਂ ਇਸ ਸੰਸਥਾ ਦੇ ਰਹਿ ਚੁੱਕੇ ਚੇਅਰਮੈਨ ਜੀ ਐੱਲ ਬਜਾਜ ਦੀ ਜੀਵਨ ਸਾਥਣ ਦੀ ਹੋਈ ਅਚਾਨਕ ਮੌਤ 'ਤੇ ਅਫ਼ਸੋਸ ਪ੍ਰਗਟ ਕੀਤਾ ਗਿਆ, ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।

ਸਿਹਤ ਵਿਭਾਗ ਦੇ ਮੋਢੀ ਮੈਂਬਰ ਪੈਨਸ਼ਨਰ ਭਵਨ ਸਤੀਸ਼ ਸਚਦੇਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਸਾਨੂੰ 16% ਡੀ ਏ ਘੱਟ ਦੇ ਰਹੀ ਹੈ, ਮਹਿੰਗਾਈ ਲਗਾਤਾਰ ਵਧਦੀ ਜਾ ਰਹੀ ਹੈ।ਪੈਨਸ਼ਨਰਜ਼ ਦਾ ਪਿਛਲਾ ਡੀ ਏ ਦਾ ਏਰੀਅਰ ਲੱਖਾਂ ਰੁਪਈਆ ਸਰਕਾਰ ਵੱਲ ਬਕਾਇਆ ਹੈ, ਜਿਸ ਨੂੰ ਯਕਮੁਸ਼ਤ ਕਲੀਅਰ ਕੀਤਾ ਜਾਵੇ, ਮੈਡੀਕਲ ਭੱਤਾ ਘੱਟੋ-ਘੱਟ 2000 ਰੁਪਏ ਮਹੀਨਾ ਕੀਤਾ ਜਾਵੇ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, 2004 ਤੋਂ ਬੰਦ ਕੀਤੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।ਸਮਰਾਲਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸ੍ਰੀ ਹਰਜਿੰਦਰ ਪਾਲ ਸਿੰਘ ਫਾਰਮਾਸਿਸਟ ਤੇ ਉਨ੍ਹਾਂ ਦੀ ਜੀਵਨ ਸਾਥਣ ਸ੍ਰੀਮਤੀ ਊਸ਼ਾ ਮੈਡਮ ਨੂੰ ਜੀ ਆਇਆਂ ਕਿਹਾ ਗਿਆ।ਉਨ੍ਹਾਂ ਸਭਨਾਂ ਦੀ ਤੰਦਰੁਸਤੀ, ਨਰੋਈ ਸਿਹਤ ਦੀ ਕਾਮਨਾ ਕੀਤੀ।ਹਾਜ਼ਰ ਮੈਂਬਰਾਂ ਵਿੱਚ ਸ੍ਰੀ ਕੁਲਭੂਸ਼ਨ, ਮੈਡਮ ਸੰਤੋਸ਼ ਭਾਟੀਆ, ਕਵਿੰਦਰ ਕੁਮਾਰ, ਅਨੋਖ ਸਿੰਘ, ਸ਼ਸ਼ੀ, ਗਿਆਨ ਚੰਦ, ਮਨੋਹਰ ਲਾਲ, ਇੰਦਰਜੀਤ ਸਿੰਘ, ਐੱਚ ਐੱਸ ਬੇਦੀ, ਦਰਸ਼ਨਾਂ ਸ਼ਰਮਾ, ਸ਼ੀਲਾ ਮਦਨ ਲਾਲ ਆਦਿ ਹਾਜ਼ਰ ਸਨ। ਪੈਨਸ਼ਨਰ ਭਵਨ ਦੇ ਚੇਅਰਮੈਨ ਦਲੀਪ ਸਿੰਘ ਨੇ ਆਏ ਸਾਰੇ ਪੈਨਸ਼ਨਰਜ਼ ਦਾ ਧੰਨਵਾਦ ਕੀਤਾ।

# ਗੈਰ-ਕਾਨੂੰਨੀ ਮਾਈਨਿੰਗ ਰੋਕਣ ਲਈ ਮੰਤਰੀ ਵੱਲੋਂ ਇਲਾਕਾ ਸੰਘਰਸ਼ ਕਮੇਟੀ ਨਾਲ 20 ਨੂੰ ਮੀਟਿੰਗ ਦਾ ਸੱਦਾ

**ਨੰਗਲ (ਸੁਰਜੀਤ ਸਿੰਘ ਢੇਰ)** ਇਲਾਕੇ ਵਿੱਚ ਹੋ ਰਹੀ ਧੜੱਲੇ ਨਾਲ ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਇਲਾਕਾ ਸੰਘਰਸ਼ ਕਮੇਟੀ ਵੱਲੋਂ ਆਰੰਭੇ ਸੰਘਰਸ਼ ਨੂੰ ਦੇਖਦੇ ਹੋਏ ਮੰਤਰੀ ਨੇ 20 ਜਨਵਰੀ ਨੂੰ ਮੀਟਿੰਗ ਕਰਨ ਦੇ ਦਿੱਤੇ ਭਰੋਸੇ ਤੋਂ ਬਾਅਦ ਕਮੇਟੀ ਨੇ ਆਪਣੀ ਮੀਟਿੰਗ ਕਰਕੇ 19 ਜਨਵਰੀ ਦਾ ਸੰਕੇਤਕ ਧਰਨਾ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਹੈ। ਇਲਾਕਾ ਸੰਘਰਸ਼ ਕਮੇਟੀ ਦੀ ਇੱਕ ਮੀਟਿੰਗ ਪ੍ਰਧਾਨ ਹਰਦੇਵ ਸਿੰਘ ਦੀ ਪ੍ਰਧਾਨਗੀ ਹੇਠ ਇੱਥੇ ਹੋਈ। ਜਿਸ ਵਿੱਚ ਇਹ ਫੈਸਲਾ ਕਮੇਟੀ ਮੈਂਬਰ ਨੇ ਸਰਬਸੰਮਤੀ ਨਾਲ ਕੀਤਾ ਕਿ ਮੰਤਰੀ ਨੇ ਇਲਾਕਾ ਸੰਘਰਸ਼ ਕਮੇਟੀ ਨੂੰ 20 ਤਰੀਕ ਨੂੰ ਮੀਟਿੰਗ ਕਰਨ ਦਾ ਭਰੋਸਾ ਦਿੱਤਾ। ਜਿਸ ਵਿੱਚ ਉਹਨਾਂ ਨੇ ਪੁਲਸ ਪ੍ਰਸ਼ਾਸਨ, ਏ ਡੀ ਸੀ, ਮਾਈਨਿੰਗ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਵੀ ਮੀਟਿੰਗ ਵਿੱਚ ਸ਼ਾਮਲ ਕਰਨ ਦਾ ਭਰੋਸਾ ਦਿੱਤਾ। ਕਮੇਟੀ ਮੈਂਬਰਾਂ ਨੇ ਕਿਹਾ ਕਿ 20 ਜਨਵਰੀ ਮੀਟਿੰਗ ਤੋਂ ਬਾਅਦ ਜੇਕਰ ਗੈਰ ਕਾਨੂੰਨੀ ਮਾਈਨਿੰਗ ਨਹੀਂ ਰੁਕਦੀ ਤਾਂ ਅਗਲੇ ਸੰਘਰਸ਼ ਦੀ ਰੂਪ ਰੇਖਾ ਉਸੇ ਦਿਨ ਤੈਅ ਕਰ ਦਿੱਤੀ ਜਾਵੇਗੀ।ਪਿਛਲੀ ਦਿਨੀਂ ਆਪਣੀ ਮੀਟਿੰਗ ਵਿੱਚ ਜ਼ਿਲਾ ਰੋਪੜ ਨਾਲ ਸੰਬੰਧਤ ਮੰਤਰੀ, ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਸੀ। ਮੰਤਰੀ ਨੇ ਮੰਗ ਪੱਤਰ ਤੋਂ ਬਾਅਦ ਅੱਜ ਇਲਾਕਾ ਸਿੰਘ ਸੰਘਰਸ਼ ਕਮੇਟੀ ਨਾਲ ਮੀਟਿੰਗ ਕਰਨ ਦਾ ਸੁਨੇਹਾ ਭੇਜ ਦਿੱਤਾ। ਜਿਸ ਨੂੰ ਕਮੇਟੀ ਮੈਂਬਰਾਂ ਨੇ ਕਬੂਲ ਕੀਤਾ । ਇਸ ਮੀਟਿੰਗ ਵਿੱਚ ਟਿੱਕਾ ਸ਼ਿਵ ਚੰਦ ਭਲਾਣ, ਬਲਵੀਰ ਸਿੰਘ ਸ਼ਾਹਪੁਰ, ਸਾਬਕਾ ਸਰਪੰਚ ਰਘਬੀਰ ਸਿੰਘ ਬੇਲਾ, ਕਾਮਰੇਡ ਸੁਰਜੀਤ ਸਿੰਘ ਢੇਰ, ਗਿਆਨੀ ਜਸਵਿੰਦਰ ਸਿੰਘ, ਸੁਰਿੰਦਰ ਸਿੰਘ ਛਿੰਦਾ ਅਤੇ ਕੁਲਦੀਪ ਸਿੰਘ ਬੇਲਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੀਟਿੰਗ ਵਿੱਚ ਐਡਵੋਕੇਟ ਵਿਸ਼ਾਲ ਸੈਣੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ, ਪਰਵਾਰ ਨੂੰ ਗਾਲ੍ਹਾਂ ਫੇਸਬੁੱਕ 'ਤੇ ਜਾਅਲੀ ਅਕਾਊਂਟ ਬਣਾ ਕੇ ਦੇਣ ਦਾ ਗੰਭੀਰ ਨੋਟਿਸ ਲਿਆ ਹੈ। ਕਮੇਟੀ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਜਲਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜਾਅਲੀ ਅਕਾਊਂਟ ਤੇ ਹੋਰ ਮੈਂਬਰਾਂ ਨੂੰ ਅਪਸ਼ਬਦ ਬੋਲਣ ਦੀ ਨਿੰਦਾ ਕੀਤੀ ਹੈ।





# ਅਕਬਿੰਦਰ ਸਿੰਘ ਗੋਸਲ ਨੂੰ ਕੀਤਾ ਸਨਮਾਨਤ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਵਪਾਰ ਮੰਡਲ ਮੋਹਾਲੀ ਬੂਥ ਇੰਚਾਰਜ ਸਰਬਜੀਤ ਸਿੰਘ ਪ੍ਰਿੰਸ ਮਾਰਕੀਟ ਫੇਜ਼ 7 ਵਲੋਂ ਟ੍ਰੇਡਰਜ਼ ਕਮਿਸ਼ਨ, ਵਿਧਾਨ ਸਭਾ ਹਲਕਾ ਮੋਹਾਲੀ ਦਾ ਚੇਅਰਪਰਸਨ ਅਤੇ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਐਸ ਏ ਐਸ ਨਗਰ ਦੇ ਮੈਂਬਰ ਅਕਬਿੰਦਰ ਸਿੰਘ ਗੋਸਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਬੂਥ ਮਾਰਕੀਟ ਦੇ ਦੁਕਾਨਦਾਰਾਂ ਹਰਲੀਨ ਸਿੰਘ ਸੇਠੀ, ਡੀ. ਐਸ ਬੈਨੀਪਾਲ, ਪਰਮਜੀਤ ਸਿੰਘ, ਸੁਖਵੀਰ ਸਿੰਘ ਬਵੇਜਾ, ਰਵਿੰਦਰ ਕੁਮਾਰ, ਅੰਕੁਸ਼ ਗੁਪਤਾ, ਰਾਜੀਵ ਟੰਡਨ, ਦੀਪਕ ਜਿੰਦਲ, ਵਿਕਰਮਜੀਤ ਸਿੰਘ ਵਿੱਕੀ ਅਤੇ ਹੋਰਨਾਂ ਨੇ ਕਿਹਾ ਕਿ ਗੋਸਲ ਜ਼ਮੀਨ ਨਾਲ ਜੁੜੇ ਆਗੂ ਹਨ ਅਤੇ ਵਪਾਰ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਵਪਾਰੀਆਂ ਦੇ ਹੱਕ ਲਈ ਕੰਮ ਕਰਦੇ ਆ ਰਹੇ ਹਨ ਅਤੇ ਆਸ ਹੈ ਕਿ ਹੁਣ ਕਮਿਸ਼ਨ ਦਾ ਚੇਅਰਪਰਸਨ ਬਣਾਏ ਜਾਣ ਤੋਂ ਬਾਅਦ ਵਪਾਰੀਆਂ ਦੇ ਹਿੱਤ ਲਈ ਹੋਰ ਮਜ਼ਬੂਤੀ ਨਾਲ ਕੰਮ ਕਰਨਗੇ।ਇਸ ਮੌਕੇ ਆਮ ਆਦਮੀ ਪਾਰਟੀ ਦੇ ਟ੍ਰੇਡ ਵਿੰਗ ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਤਰਲੋਚਨ ਸਿੰਘ ਬੈਦਵਾਣ, ਜਸਪਾਲ ਸਿੰਘ, ਪਦਮ ਭੂਸ਼ਣ, ਅਮਿਤ ਕੁਮਾਰ, ਪੰਕਜ ਸ਼ਰਮਾ ਮੈਂਬਰ ਅਤੇ ਅਸ਼ੋਕ ਕੁਮਾਰ ਨੀਟਾ (ਸਾਰੇ ਮੈਂਬਰ, ਟ੍ਰੇਡਰਜ਼ ਕਮਿਸ਼ਨ ਵਿਧਾਨ ਸਭਾ ਹਲਕਾ ਮੋਹਾਲੀ) ਵੀ ਹਾਜ਼ਰ ਸਨ।

# ਹੁਸ਼ਿਆਰਪੁਰ 'ਚ 10 ਤੋਂ 14 ਫਰਵਰੀ ਤੱਕ ਹੋਵੇਗਾ 'ਨੇਚਰ ਫੈਸਟ'

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਜ਼ਿਲ੍ਹਾ ਪ੍ਰਸ਼ਾਸਨ ਨੇ 10 ਤੋਂ 14 ਫਰਵਰੀ ਤੱਕ ਸਥਾਨਕ ਲਾਜਵੰਤੀ ਖੇਡ ਸਟੇਡੀਅਮ ਵਿਖੇ ਹੋਣ ਵਾਲੇ ਪੰਜ ਰੋਜ਼ਾ 'ਨੇਚਰ ਫੈਸਟ' ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।ਇਸ ਸੰਬੰਧ ਵਿੱਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ



ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਜ਼ਰੂਰੀ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ 'ਨੇਚਰ ਫੈਸਟ' ਹੁਸ਼ਿਆਰਪੁਰ ਜ਼ਿਲ੍ਹੇ ਦੀ ਅਮੀਰ ਕੁਦਰਤੀ ਵਿਰਾਸਤ, ਸੈਰ-ਸਪਾਟਾ ਸਥਾਨਾਂ ਅਤੇ ਵਾਤਾਵਰਨ ਸਰੋਤਾਂ ਨੂੰ ਪ੍ਰਦਰਸ਼ਿਤ ਕਰਨ ਲਈ ਇਕ ਸ਼ਕਤੀਸ਼ਾਲੀ ਪਲੇਟਫਾਰਮ ਪ੍ਰਦਾਨ ਕਰੇਗਾ।ਉਨ੍ਹਾਂ ਕਿਹਾ ਕਿ ਇਹ ਫੈਸਟ ਨਾ ਸਿਰਫ਼ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰੇਗਾ ਬਲਕਿ ਆਮ ਲੋਕਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਜੋੜਨ ਲਈ ਇਕ ਮਹੱਤਵਪੂਰਨ ਜ਼ਰੀਆ ਵੀ ਬਣੇਗਾ।ਉਨ੍ਹਾਂ ਕਿਹਾ ਕਿ ਇਸ ਨੇਚਰ ਫੈਸਟ ਵਿੱਚ ਜ਼ਿਲ੍ਹੇ ਦੇ ਕੁਦਰਤੀ ਸਰੋਤਾਂ ਦੇ ਨਾਲ-ਨਾਲ ਦਸਤਕਾਰਾਂ, ਸਵੈ-ਸਹਾਇਤਾ ਸਮੂਹਾਂ ਦੁਆਰਾ ਤਿਆਰ ਕੀਤੇ ਗਏ ਉਤਪਾਦਾਂ, ਵਾਤਾਵਰਨ ਸੰਭਾਲ ਗਤੀਵਿਧੀਆਂ ਅਤੇ ਜ਼ਿਲ੍ਹੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਦੁਆਰਾ ਬਣਾਈਆਂ ਗਈਆਂ ਵਸਤਾਂ ਦਾ ਪ੍ਰਦਰਸ਼ਨ ਕੀਤਾ ਜਾਵੇਗਾ।ਇਹ ਸਥਾਨਕ ਕਾਰੀਗਰਾਂ, ਸਵੈ-ਸਹਾਇਤਾ ਸਮੂਹਾਂ ਅਤੇ ਉੱਦਮੀਆਂ ਨੂੰ ਉਤਸ਼ਾਹਿਤ ਕਰੇਗਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੇਚਰ ਫੈਸਟ ਵਿੱਚ ਪੰਜਾਬੀ ਵਿਰਾਸਤ ਅਤੇ ਸੱਭਿਆਚਾਰ ਨੂੰ ਦਰਸਾਉਂਦੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਆਯੋਜਿਤ ਕੀਤੇ ਜਾਣਗੇ।ਇਨ੍ਹਾਂ ਪ੍ਰੋਗਰਾਮਾਂ ਵਿੱਚ ਪੰਜਾਬ ਦੇ ਲੋਕ ਨਾਚ, ਰਵਾਇਤੀ ਪ੍ਰਦਰਸ਼ਨ ਅਤੇ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਸ਼ਾਮਲ ਹੋਣਗੇ।ਇਸ ਤੋਂ ਇਲਾਵਾ, ਲਾਜਵੰਤੀ ਸਟੇਡੀਅਮ ਵਿੱਚ ਇਕ ਫੂਡ ਮਾਰਕੀਟ, ਕਿਸਾਨ ਬਾਜ਼ਾਰ, ਸਵੈ-ਸਹਾਇਤਾ ਸਮੂਹਾਂ ਦੁਆਰਾ ਪ੍ਰਦਰਸ਼ਨੀਆਂ, ਸੰਗੀਤਕ ਸ਼ਾਮਾਂ, ਪਤੰਗਬਾਜ਼ੀ ਅਤੇ ਕੈਫੇ ਜ਼ੋਨ ਵੀ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ।ਉਨ੍ਹਾਂ ਅੱਗੇ ਕਿਹਾ ਕਿ ਐਡਵੈਂਚਰ ਦੇ ਸ਼ੌਕੀਨਾਂ ਲਈ, ਕੈਂਪਿੰਗ, ਟ੍ਰੈਕਿੰਗ, ਨਾਈਟ ਲਾਈਵ ਬੈਂਡ, ਕੂਕਾਨੇਟ ਤੋਂ ਦੇਹਰੀਆਂ ਤੱਕ ਆਫ-ਰੋਡਿੰਗ, ਥਾਨਾ ਡੈਮ ਵਿਖੇ ਈਕੋ-ਹੱਟਸ, ਹਾਈ-ਸਪੀਡ ਬੋਟਿੰਗ, ਜੰਗਲ ਸਫ਼ਾਰੀ, ਚੌਹਾਲ ਡੈਮ ਵਿਖੇ ਸਫ਼ਾਰੀ, ਸਪੀਡ ਬੋਟਿੰਗ ਅਤੇ ਕੁਦਰਤ ਸੈਰ ਵਰਗੀਆਂ ਗਤੀਵਿਧੀਆਂ ਦੀ ਵੀ ਯੋਜਨਾ ਬਣਾਈ ਗਈ ਹੈ।ਆਸ਼ਿਕਾ ਜੈਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜ਼ਰੂਰੀ ਪ੍ਰਕਿਰਿਆਵਾਂ ਪੂਰੀਆਂ ਕਰਨ ਉਪਰੰਤ ਰਜਿਸਟ੍ਰੇਸ਼ਨ ਸ਼ੁਰੂ ਹੋ ਜਾਵੇਗੀ ਅਤੇ ਸਾਰੀਆਂ ਗਤੀਵਿਧੀਆਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਬੀਰ ਕੌਰ ਭੁੱਲਰ, ਐਸ ਡੀ ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸਿੱਧ ਯੋਗੀ ਬਾਬਾ ਬਾਲਕ ਨਾਥ ਮੰਦਰ ਵਿਖੇ ਸਾਲਾਨਾ ਭੰਡਾਰਾ ਅੱਜ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਸਿੱਧ ਯੋਗੀ ਬਾਬਾ ਬਾਲਕ ਨਾਥ ਮੰਦਰ ਪਿੰਡ ਲਲਵਾਣ ਵਿਖੇ ਸਾਲਾਨਾ ਭੰਡਾਰਾ 18 ਜਨਵਰੀ ਦਿਨ ਐਤਵਾਰ ਨੂੰ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੰਚਾਲਕ ਭਗਤ ਸੰਥੀ ਰਾਮ ਜੀ ਨੇ ਦੱਸਿਆ ਕਿ ਇਸ ਮੌਕੇ ਸਿੱਧ ਯੋਗੀ ਬਾਬਾ ਬਾਲਕ ਨਾਥ ਦੀ ਮਹਿਮਾ ਦਾ ਗੁਣ ਗਾਇਨ ਕੀਤਾ ਜਾਵੇਗਾ।ਇਸ ਮੌਕੇ ਉਹਨਾਂ ਇਲਾਕਾ ਨਿਵਾਸੀ ਸੰਗਤਾਂ ਨੂੰ ਇਹ ਸਮਾਗਮ ਵਿੱਚ ਸ਼ਾਮਿਲ ਹੋ ਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ ਦੀ ਬੇਨਤੀ ਕੀਤੀ।ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐਸ ਐਮ ਓ ਸਿਵਲ ਹਸਪਤਾਲ ਮਾਹਿਲਪੁਰ ਅਤੇ ਡਾਕਟਰ ਪ੍ਰਭ ਦੀਪ ਦੁਆਰਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ।ਡਾਕਟਰੀ ਟੀਮ ਵਿੱਚ ਸ਼ਾਮਲ ਹਰਜਿੰਦਰ ਕੁਮਾਰੀ, ਨਵਜੋਤ ਕੌਰ, ਕ੍ਰਿਸ਼ਨ ਚੰਦ ਅਤੇ ਭੁਪਿੰਦਰ ਕੁਮਾਰ ਮਰੀਜ਼ਾਂ ਦਾ ਚੈੱਕ ਅਪ ਕਰਕੇ ਉਹਨਾਂ ਨੂੰ ਮੁਫਤ ਦਵਾਈਆ ਦੇਣਗੇ।ਇਸ ਮੌਕੇ ਸ਼ੂਗਰ ਦਾ ਫਰੀ ਟੈਸਟ ਵੀ ਕੀਤਾ ਜਾਵੇਗਾ।

# ਪੰਜਾਬ ਨੈਸ਼ਨਲ ਬੈਂਕ ਮੱਖੂਪੁਰ ਵਿਖੇ ਪ੍ਰਧਾਨ ਮੰਤਰੀ ਸਕੀਮ ਤਹਿਤ ਕਰਵਾਏ ਬੀਮੇ ਦੇ ਨਾਲ ਮ੍ਰਿਤਕ ਦੇ ਪਰਵਾਰ ਨੂੰ ਮਿਲੇ 2 ਲੱਖ ਰੁਪਏ

**ਬਲਾਚੌਰ (ਜਸਵਿੰਦਰ ਬੈਂਸ)** ਭਾਰਤ ਸਰਕਾਰ ਦੇ ਵੱਲੋਂ ਲੋਕਾਂ ਨੂੰ ਬੈਂਕਾਂ ਦੇ ਵਿੱਚ ਖਾਤਿਆਂ ਦੇ ਨਾਲ ਨਾਲ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦੀਆ ਸੁਵਿਧਾਵਾਂ ਦੇ ਅਧੀਨ ਚਲਾਈਆਂ ਸਕੀਮਾਂ ਦੇ ਦੌਰਾਨ ਪ੍ਰਧਾਨ ਮੰਤਰੀ ਜੀਵਨ ਜੋਤੀ ਸੁਰੱਖਿਆ ਬੀਮਾ ਯੋਜਨਾ ਤਹਿਤ ਕਰਵਾਏ ਬੀਮੇ ਦੇ ਨਾਲ ਬਲਾਕ ਸੜੋਆ ਦੇ ਪਿੰਡ ਟੌਹਰਾ ਦੇ ਨੌਜਵਾਨ ਮ੍ਰਿਤਕ ਕਮਲ ਕੁਮਾਰ ਸਪੁੱਤਰ ਦਰਸ਼ਨ ਲਾਲ ਦੀ ਪਿਛਲੇ ਦਿਨੀ ਅਚਾਨਕ ਮੌਤ ਹੋ ਗਈ ਸੀ ਮ੍ਰਿਤਕ ਦੇ ਵੱਲੋਂ ਪੰਜਾਬ ਨੈਸ਼ਨਲ ਬੈਂਕ ਮੱਖੂਪੁਰ ਵਿਖੇ ਖੁਲਵਾਏ ਬੈਂਕ ਖਾਤੇ ਦੇ ਨਾਲ ਕਰਵਾਏ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਦੇ ਅਧੀਨ ਜਿਸ ਦੇ ਸਾਲ ਵਿੱਚ ਸਿਰਫ 436 ਰੁਪਏ ਗ੍ਰਾਹਕ ਦੇ ਖਾਤੇ ਦੇ ਵਿੱਚੋਂ ਕੱਟੇ ਜਾਂਦੇ ਹਨ, ਜਿਸ ਦਾ ਮ੍ਰਿਤਕ ਦੇ ਪਰਵਾਰ ਨੂੰ ਕਰਵਾਏ ਬੀਮੇ ਦੇ ਅਧੀਨ ਬੈਂਕ ਦੇ ਵੱਲੋਂ 2 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਪੰਜਾਬ ਨੈਸ਼ਨਲ ਬੈਂਕ ਦੇ ਮੈਨੇਜਰ ਪ੍ਰਸ਼ਾਤ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਕਮਲ ਕੁਮਾਰ ਵੱਲੋਂ ਆਪਣੇ ਖਾਤੇ ਦੇ ਨਾਲ ਜੋ ਸਰਕਾਰ ਵੱਲੋਂ ਚਲਾਈ ਸਕੀਮ ਦੇ ਅਧੀਨ ਬੀਮਾ ਕਰਵਾਇਆ ਸੀ।ਉਨ੍ਹਾਂ ਦੀ ਮੌਤ ਹੋਣ ਤੇ ਬਾਅਦ ਜਿਸ ਦਾ ਉਨ੍ਹਾਂ ਦੇ ਪਰਵਾਰ ਨੂੰ ਬੀਮੇ ਦੇ ਮਿਲੇ ਦੋ ਲੱਖ ਰੁਪਏ ਉਹਨਾਂ ਦੀ ਧਰਮ ਪਤਨੀ ਰੇਖਾ ਰਾਣੀ ਦੇ ਪੰਜਾਬ ਨੈਸ਼ਨਲ ਬੈਂਕ ਦੇ ਖਾਤੇ ਵਿੱਚ ਪਾਏ ਗਏ ਹਨ, ਜਿਸ ਦੇ ਨਾਲ ਮ੍ਰਿਤਕ ਦੇ ਵੱਲੋਂ ਕਰਵਾਏ ਬੀਮੇ ਦੇ ਅਧੀਨ ਉਨ੍ਹਾਂ ਦੀ ਮੌਤ ਤੋਂ ਬਾਅਦ ਮ੍ਰਿਤਕ ਦੇ ਪਰਵਾਰ ਨੂੰ ਉਹਨਾਂ ਦੇ ਬੀਮਾ ਸਕੀਮ ਦਾ ਲਾਭ ਪ੍ਰਾਪਤ ਹੋਇਆ ਹੈ ਬੈਂਕ ਮੈਨੇਜਰ ਪ੍ਰਸ਼ਾਤ ਕੁਮਾਰ ਵੱਲੋਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਤ ਖਾਤਿਆਂ ਦੇ ਨਾਲ ਸਰਕਾਰ ਦੇ ਦੁਆਰਾ ਚਲਾਈਆਂ ਸਕੀਮਾਂ ਦਾ ਲਾਭ ਪ੍ਰਾਪਤ ਕਰ ਸਕਣ ਅਗਰ ਕੋਈ ਵੀ ਖਾਤਾ ਧਾਰਕ ਇਸ ਸਕੀਮ ਦਾ ਲਾਭ ਲੈਣਾ ਚਾਹੁੰਦਾ ਹੈ ਉਹ ਆਪਣੇ ਨਿੱਜੀ ਹਲਕੇ ਦੀ ਬ੍ਰਾਂਚ ਵਿੱਚ ਜਾ ਕਿ ਬੈਂਕ ਅਧਿਕਾਰੀਆਂ ਨਾਲ ਰਾਬਤਾ ਕਰ ਸਕਦਾ ਹੈ। ਮ੍ਰਿਤਕ ਕਮਲ ਕੁਮਾਰ ਦੇ ਪਰਵਾਰਿਕ ਮੈਂਬਰਾਂ ਦੇ ਵੱਲੋਂ ਸਮੁੱਚੀ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਡਿਪਟੀ ਮੈਨੇਜਰ ਪਵਨ ਕੁਮਾਰ, ਰਾਮਸ਼ਾਹ ਬੂਥਗੜ੍ਹ, ਡਿੰਪਲ ਕੁਮਾਰ ਆਦਿ ਸਮੂਹ ਬੈਂਕ ਅਧਿਕਾਰੀ ਹਾਜਰ ਸਨ।



# ਨਿਸਾਨ ਨੇ ਗਗਨ ਮੰਗਲ ਨੂੰ ਭਾਰਤ 'ਚ ਆਪਣਾ ਕਮਿਊਨੀਕੇਸ਼ਨ ਹੈੱਡ ਨਿਯੁਕਤ ਕੀਤਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਨਿਸਾਨ ਮੋਟਰ ਇੰਡੀਆ ਪ੍ਰਾਈਵੇਟ ਲਿਮਟਿਡ ਨੇ ਗਗਨ ਮੰਗਲ ਨੂੰ ਭਾਰਤ 'ਚ ਆਪਣਾ ਕਮਿਊਨੀਕੇਸ਼ਨ ਹੈੱਡ ਨਿਯੁਕਤ ਕੀਤਾ ਹੈ।ਗੁਰੂਗ੍ਰਾਮ ਦੇ ਰਹਿਣ ਵਾਲੇ ਗਗਨ ਮੰਗਲ ਨਿਸਾਨ ਮੋਟਰ ਇੰਡੀਆ ਲਈ ਕਮਿਊਨੀਕੇਸ਼ਨ ਦੀ ਜ਼ਿੰਮੇਵਾਰੀ ਸੰਭਾਲਣਗੇ।ਉਹ ਨਿਸਾਨ ਮੋਟਰ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੌਰਭ ਵਤਸ ਦੇ ਨਾਲ ਮਿਲ ਕੇ ਕੰਮ ਕਰਨਗੇ ਅਤੇ ਵਾਈਸਪ੍ਰੈਜ਼ੀਡੈਂਟ-ਇੰਟਰਨੈਸ਼ਨਲ ਕਮਿਊਨੀਕੇਸ਼ਨਜ਼ ਕੈਥਰੀਨ ਜ਼ਕਰੀ ਨੂੰ ਰਿਪੋਰਟ ਕਰਨਗੇ। ਲਾਂਚ 'ਤੇ ਟਿੱਪਣੀ ਕਰਦਿਆਂ, ਨਿਸਾਨ ਮੋਟਰ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੌਰਭ ਵਤਸ ਨੇ ਕਿਹਾ, ਅਸੀਂ ਆਪਣੇ ਬ੍ਰਾਂਡ ਨੂੰ ਮੁੜ ਸੁਰਜੀਤ ਕਰਨ ਵਿੱਚ ਤੇਜ਼ੀ ਲਿਆ ਰਹੇ ਹਾਂ ਅਤੇ ਰੋਮਾਂਚਕ ਉਤਪਾਦਾਂ ਦੀ ਸ਼ੁਰੂਆਤ ਲਈ ਤਿਆਰ ਹਾਂ।ਗਗਨ ਦੀ ਅਗਵਾਈ ਸਾਡੀ ਸੰਚਾਰ ਰਣਨੀਤੀ ਨੂੰ ਮਜ਼ਬੂਤ ਕਰਨ ਅਤੇ ਭਾਰਤ ਵਿੱਚ ਨਿਸਾਨ ਲਈ ਇੱਕ ਮਜ਼ਬੂਤ ਸਥਿਤੀ ਬਣਾਉਣ ਵਿੱਚ ਸਹਾਇਤਾ ਕਰੇਗੀ।ਨਿਸਾਨ 'ਚ ਸ਼ਾਮਲ ਹੋਣ ਤੋਂ ਪਹਿਲਾਂ ਗਗਨ ਮੰਗਲ ਵੋਲਕਸਵੈਗਨ ਇੰਡੀਆ ਨਾਲ ਜੁੜੇ ਹੋਏ ਸਨ।ਉੱਥੇ ਉਹ ਪ੍ਰੈਸ ਅਤੇ ਮਾਰਕੀਟਿੰਗ ਸੰਚਾਰ ਦੀ ਜ਼ਿੰਮੇਵਾਰੀ ਸੰਭਾਲ ਰਹੇ ਸੀ।ਇੱਕ ਮੈਨੇਜਮੈਂਟ ਗ੍ਰੈਜੂਏਟ, ਮੰਗਲ ਕੋਲ ਕਾਰਪੋਰੇਟ ਸੰਚਾਰ ਅਤੇ ਮਾਰਕੀਟਿੰਗ ਵਿੱਚ 18 ਸਾਲਾਂ ਤੋਂ ਵੱਧ ਦਾ ਤਜਰਬਾ ਹੈ।ਉਨ੍ਹਾਂ ਨੇ ਵੋਲਕਸਵੈਗਨ ਇੰਡੀਆ ਅਤੇ ਹੁੰਡਈ ਸਮੇਤ ਪ੍ਰਮੁੱਖ ਆਟੋਮੋਟਿਵ ਓਈਐਮਜ਼ ਨਾਲ ਕੰਮ ਕੀਤਾ ਹੈ।ਆਪਣੇ ਕਰੀਅਰ ਵਿੱਚ, ਮੰਗਲ ਨੇ ਉਤਪਾਦ ਲਾਂਚ ਦੇ ਦੌਰਾਨ ਏਕੀਕ੍ਰਿਤ ਕਮਿਊਨੀਕੇਸ਼ਨ ਰਣਨੀਤੀਆਂ ਬਣਾਉਣ, ਵੱਡੇ ਸਮਾਗਮਾਂ ਦਾ ਆਯੋਜਨ ਕਰਨ, ਬ੍ਰਾਂਡ ਰਣਨੀਤੀਆਂ ਬਣਾਉਣ ਅਤੇ ਮੁਹਿੰਮਾਂ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ।



# ਬੱਸ ਟਰਮੀਨਲਾਂ ਨੂੰ ਕੀਤਾ ਜਾਵੇਗਾ ਅੱਪਗ੍ਰੇਡ : ਲਾਲਜੀਤ ਸਿੰਘ ਭੁੱਲਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਪ੍ਰਮੁੱਖ ਬੱਸ ਟਰਮੀਨਲਾਂ ਦੇ ਆਧੁਨਿਕੀਕਰਨ ਲਈ ਇੱਕ ਵਿਆਪਕ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜੋ ਕਿ ਜਨਤਕ ਆਵਾਜਾਈ ਦੇ ਬੁਨਿਆਦੀ ਢਾਂਚੇ ਅਤੇ ਯਾਤਰੀਆਂ ਲਈ ਬਿਹਤਰ ਸਹੂਲਤਾਂ ਵੱਲ ਇੱਕ ਅਹਿਮ ਕਦਮ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਯੋਜਨਾ ਤਹਿਤ ਲੁਧਿਆਣਾ, ਜਲੰਧਰ, ਸੰਗਰੂਰ, ਪਟਿਆਲਾ ਅਤੇ ਬਠਿੰਡਾ ਵਿੱਚ ਬੱਸ ਟਰਮੀਨਲਾਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਭਾਈਵਾਲੀ ਰਾਹੀਂ ਅਪਗ੍ਰੇਡ ਕੀਤਾ ਜਾਵੇਗਾ। ਜਿਸ ਦਾ ਉਦੇਸ਼ ਕੁਸ਼ਲਤਾ, ਸੁਰੱਖਿਆ, ਪਹੁੰਚਯੋਗਤਾ ਅਤੇ ਬਿਹਤਰ ਸੇਵਾ ਪ੍ਰਦਾਨ ਕਰਨਾ ਹੈ।ਇਹ ਬੱਸ ਟਰਮੀਨਲ ਪੇਂਡੂ ਅਤੇ ਸ਼ਹਿਰੀ ਆਬਾਦੀ ਦੋਵਾਂ ਲਈ ਮਹੱਤਵਪੂਰਨ ਆਵਾਜਾਈ ਕੇਂਦਰ ਵਜੋਂ ਕੰਮ ਕਰਦੇ ਹਨ ਅਤੇ ਕਾਮਿਆਂ, ਵਿਦਿਆਰਥੀਆਂ, ਵਪਾਰੀਆਂ, ਸੈਲਾਨੀਆਂ ਅਤੇ ਰੋਜ਼ਾਨਾ ਯਾਤਰੀਆਂ ਸਮੇਤ ਲੱਖਾਂ ਯਾਤਰੀਆਂ ਲਈ ਰੋਜ਼ਾਨਾ ਆਉਣ-ਜਾਣ ਦੀ ਸਹੂਲਤ ਪ੍ਰਦਾਨ ਕਰਦੇ ਹਨ।ਮੰਤਰੀ ਨੇ ਅੱਗੇ ਦੱਸਿਆ ਕਿ ਇਹ ਟਰਮੀਨਲ ਅੰਤਰ-ਰਾਜੀ ਸੰਪਰਕ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਸਮੇਤ ਗੁਆਂਢੀ ਸੂਬਿਆਂ ਵਿੱਚ ਆਉਣ-ਜਾਣ ਦੀ ਸਹੂਲਤ ਦਿੰਦੇ ਹਨ।ਇਸ ਤੋਂ ਇਲਾਵਾ, ਲੁਧਿਆਣਾ ਅਤੇ ਜਲੰਧਰ ਬੱਸ ਟਰਮੀਨਲ 'ਤੇ ਰੋਜ਼ਾਨਾ 75,000 ਤੋਂ ਇੱਕ ਲੱਖ ਯਾਤਰੀਆਂ ਦੀ ਆਮਦ ਹੁੰਦੀ ਹੈ, ਜਦੋਂ ਕਿ ਪਟਿਆਲਾ ਅਤੇ ਬਠਿੰਡਾ ਵਿੱਚ ਰੋਜ਼ਾਨਾ ਲਗਭਗ 50,000 ਯਾਤਰੀ ਆਉਂਦੇ ਹਨ, ਜੋ ਪੰਜਾਬ ਦੇ ਗਤੀਸ਼ੀਲਤਾ ਵਾਲੇ ਈਕੋਸਿਸਟਮ ਵਿੱਚ ਇਹਨਾਂ ਸਹੂਲਤਾਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ।ਪੀ ਪੀ ਪੀ ਮਾਡਲ ਰਾਹੀਂ, ਇਹਨਾਂ ਪੰਜ ਟਰਮੀਨਲਾਂ ਨੂੰ ਲੋਕਾਂ ਦੇ ਰੋਜ਼ਾਨਾ ਸਫ਼ਰ ਨੂੰ ਪ੍ਰਭਾਵਿਤ ਕੀਤੇ ਬਿਨਾਂ ਸੁਰੱਖਿਅਤ ਥਾਵਾਂ, ਬਿਹਤਰ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ। ਪ੍ਰੋਜੈਕਟਾਂ ਨੂੰ ਡਿਜ਼ਾਇਨ-ਬਿਲਡ-ਫਾਈਨਾਂਸ-ਓਪਰੇਟ-ਟ੍ਰਾਂਸਫਰ ਜਾਂ ਬਿਲਡ-ਓਪਰੇਟ-ਟ੍ਰਾਂਸਫਰ ਮਾਡਲਾਂ ਰਾਹੀਂ ਵਿਕਸਤ ਕਰਕੇ ਲਾਗੂ ਕੀਤਾ ਜਾਵੇਗਾ। ਇਸ ਵਿੱਚ ਬਿਹਤਰ ਉਡੀਕ ਖੇਤਰ, ਅੱਪਗ੍ਰੇਡ ਕੀਤੀਆਂ ਸੈਨੀਟੇਸ਼ਨ ਸਹੂਲਤਾਂ, ਬਿਹਤਰ ਰੋਸ਼ਨੀ ਅਤੇ ਸੰਕੇਤ, ਕੇਂਦਰਤ ਰਹਿੰਦ-ਖੂੰਹਦ ਪ੍ਰਬੰਧ ਅਤੇ ਢਾਂਚਾਗਤ ਸੁਧਾਰ ਪ੍ਰਣਾਲੀਆਂ ਸ਼ਾਮਲ ਹਨ। ਇਸ ਪ੍ਰੋਜੈਕਟ ਵਿੱਚ ਸਾਰੇ ਉਪਭੋਗਤਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਬਜ਼ੁਰਗ ਨਾਗਰਿਕਾਂ ਅਤੇ ਅਪਾਹਜ ਵਿਅਕਤੀਆਂ ਲਈ ਨਿਰਵਿਘਨ ਪਹੁੰਚ ਅਤੇ ਔਰਤਾਂ ਦੀ ਲੋੜ ਲਈ ਪ੍ਰਬੰਧ ਸ਼ਾਮਲ ਕੀਤੇ ਜਾਣਗੇ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਜਨਤਕ ਆਵਾਜਾਈ ਬੁਨਿਆਦੀ ਢਾਂਚਾ ਸਮਾਜ ਦੇ ਸਾਰੇ ਵਰਗਾਂ ਲਈ ਪਹੁੰਚਯੋਗ ਅਤੇ ਸਨਮਾਨਜਨਕ ਹੋਵੇ।ਲਾਗੂ ਨਿਯਮਾਂ ਅਤੇ ਯੋਜਨਾਬੰਦੀ ਸਬੰਧੀ ਨਿਯਮਾਂ ਅਧੀਨ, ਟਰਮੀਨਲ ਕੰਪਲੈਕਸ ਵਿੱਚ ਵਪਾਰਕ ਅਤੇ ਹੋਰ ਜਨਤਕ ਸਹੂਲਤਾਂ ਜਿਵੇਂ ਕਿ ਪ੍ਰਚੂਨ ਦੀਆਂ ਦੁਕਾਨਾਂ, ਦਫਤਰਾਂ, ਕੰਮਕਾਜੀ ਸਥਾਨਾਂ ਅਤੇ ਲੌਜਿਸਟਿਕਸ ਸਹਾਇਤਾ ਸਬੰਧੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

# ਇੰਦਰਜੀਤ ਕੌਰ ਮਾਨ ਨੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਇੱਥੇ ਹਲਕਾ ਨਕੋਦਰ ਦੇ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਨੇ ਮਿਊਂਸਪਲ ਕਮੇਟੀ ਦਫਤਰ ਨੂਰਮਹਿਲ ਵਿਖੇ ਆਮ ਆਦਮੀ ਪਾਰਟੀ ਨੂਰਮਹਿਲ ਦੇ ਸਾਰੇ ਵਰਕਰਾਂ ਦੇ ਨਾਲ ਮੀਟਿੰਗ ਕੀਤੀ, ਜਿਸ ਵਿੱਚ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਨੇ ਸਾਫ ਸਫਾਈ ਅਤੇ ਸੀਵਰੇਜ ਸਬੰਧੀ ਆ ਰਹੀਆਂ ਸ਼ਹਿਰ ਵਾਸੀਆਂ ਨੂੰ ਮੁਸ਼ਕਲਾਂ ਸੰਬੰਧੀ ਸਬੰਧਤ ਈ ਓ ਸਾਹਿਬ ਬਿਜਲੀ ਬੋਰਡ ਦੇ ਐਕਸੀਅਨ ਸਾਹਿਬ ਤਹਿਸੀਲ ਦਫਤਰ ਦੇ ਪਟਵਾਰੀ ਸਾਹਿਬ ਦੀ ਹਾਜ਼ਰੀ ਵਿੱਚ ਸਮੱਸਿਆਵਾਂ 'ਤੇ ਵਿਚਾਰ ਕੀਤਾ ਅਤੇ ਸਬੰਧਤ ਮੁਲਾਜ਼ਮਾਂ ਨੂੰ ਸਖਤੀ ਨਾਲ ਆਉਣ ਵਾਲੇ 15 ਦਿਨਾਂ ਤੱਕ ਸ਼ਹਿਰ ਦੀ ਸਾਫ ਸਫਾਈ ਕਰਾਉਣ ਅਤੇ ਪੰਜਾਬ ਸਰਕਾਰ ਵੱਲੋਂ 7 ਕਰੋੜ ਦੀ ਲਾਗਤ ਨਾਲ ਸ਼ਹਿਰ ਦੇ ਆਲੇ ਦੁਆਲੇ ਦੀਆਂ ਸੜਕਾਂ ਜਿਨਾਂ ਵਿੱਚ ਜਲੰਧਰ ਚੁੰਗੀ ਤੋਂ ਲੈ ਕੇ ਰਵਿਦਾਸ ਚੌਕ ਤੱਕ, ਨਕੋਦਰੀ ਚੁੰਗੀ ਤੋਂ ਲੈ ਕੇ ਬਿਜਲੀ ਦਫਤਰ ਵਾਲੀ ਉਪਲਾਂ ਤੱਕ ਦੀ ਸੜਕ ਨੂੰ ਚੌੜਾ ਕਰਨਾ ਅਤੇ ਦਾਣਾ ਮੰਡੀ ਤੋਂ ਲੈ ਕੇ ਫਿਲੌਰ ਵਾਲੀ ਚੁੰਗੀ ਤੱਕ ਫਿਰ ਦਾਣਾ ਮੰਡੀ ਤੋਂ ਲੈ ਕੇ ਨੂਰਮਹਿਲ ਪੁਰਾਣਾ ਬੱਸ ਅੱਡਾ ਤੱਕ ਨਵੀਆਂ ਸੜਕਾਂ ਤੇ ਸੜਕਾਂ ਨੂੰ ਚੌੜਾ ਕਰਨ ਸੰਬੰਧੀ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ। ਇਸ ਮੌਕੇ ਮਿਊਂਸਪਲ ਕਮੇਟੀ ਦਫਤਰ ਨੂਰਮਹਿਲ ਵਿਖੇ ਸਾਫ ਸਫਾਈ ਕਰਨ ਵਾਲੀਆਂ ਰੇਹੜੀਆਂ ਜਿਨਾਂ ਵਿੱਚ ਗਾਰਵਿਜ ਢੋਇਆ ਜਾਂਦਾ ਹੈ ਉਹਨਾਂ ਦੀ ਮੁਰੰਮਤ ਕਰਾਉਣਾ ਅਤੇ ਨਵੇਂ ਵਹੀਕਲ ਖਰੀਦਣ ਅਤੇ ਲਗਭਗ 15 ਹੋਰ ਸਫਾਈ ਮੁਲਾਜ਼ਮਾਂ ਦੀ ਭਰਤੀ ਕਰਨਾ ਦਾ ਪ੍ਰਸਤਾਵ ਈ.ਓ. ਸਾਹਿਬ ਸਾਹਮਣੇ ਰੱਖਿਆ ਹੈ ਜਿਸ ਨਾਲ ਸ਼ਹਿਰ ਦੀ ਸਾਫ ਸਫਾਈ ਦਾ ਪੂਰਾ ਪ੍ਰਬੰਧ ਹੋਵੇਗਾ। ਇਸ ਤੋਂ ਬਾਅਦ ਕੱਚੇ ਮਕਾਨਾਂ ਵਾਲੇ 58 ਪਰਵਾਰਾਂ ਨੂੰ ਢਾਈ, ਢਾਈ, ਲੱਖ ਰੁਪਏ ਦੇ ਅਥਾਰਟੀ ਲੇਟਰ ਵੰਡੇ ਗਏ। ਇਸ ਮੌਕੇ ਰਾਜ ਜਰਨਲ ਸਟੋਰ ਨੂਰਮਹਿਲ ਦੇ ਮਾਲਕ ਪਾਰਸ, ਤਰੁਨ ਨੇ ਪਰਵਾਰ ਸਮੇਤ ਆਮ ਆਦਮੀ ਪਾਰਟੀ ਜੁਆਇਨ ਕੀਤੀ। ਇਸ ਮੌਕੇ ਮਾਰਕੀਟ ਕਮੇਟੀ ਨੂਰਮਹਿਲ ਦੇ ਚੇਅਰਮੈਨ ਲਖਵੀਰ ਸਿੰਘ, ਰਾਜੀਵ ਮਿਸਰ ਐਮ ਸੀ, ਰਾਕੇਸ਼ ਕੁਮਾਰ ਅਰੋੜਾ ਸਿਟੀ ਪ੍ਰਧਾਨ ਨੂਰਮਹਿਲ, ਮਨੋਜ ਬਤਰਾ ਬਲਾਕ ਪ੍ਰਧਾਨ ਨੂਰ ਮਹਿਲ, ਰਜਨੀਸ਼ ਬੱਬਰ ਕੋਆਰਡੀਨੇਟਰ ਨੂਰਮਹਿਲ, ਰਾਕੇਸ਼ ਸ਼ਰਮਾ ਸ਼ੋਸ਼ਲ ਮੀਡੀਆ ਇੰਚਾਰਜ ਨੂਰਮਹਿਲ, ਦਵਿੰਦਰ ਸੰਧੂ,ਬਲਵੀਰ ਸਿੰਘ ਚੀਮਾਂ, ਸੰਦੀਪ ਸ਼ਾਲੂ ਤਕਿਆਰ ,ਅਮਿਤ ਗੋਇਲ, ਸਾਹਿਲ ਮੈਹਨ, ਰਾਜੂ ਉਪਲ, ਮਨੀਸ਼ ਕੁਮਾਰ, ਮੋਨੂ ਗਿੱਲ, ਸੰਚੂ ਵਧਵਾ, ਰਿੰਕੂ ਵਰਮਾ, ਸੰਦੀਪ ਬੱਤਰਾ, ਸਿਵਮ ਸੇਤੀਆ,ਨਰਿੰਦਰ ਕੌਰ ਸੁਮਨ ਜਿੰਦੀ ਪਲੰਬਰ, ਆਦਿ ਹਾਜ਼ਰ ਸਨ।



# ਸਾਲਾਨਾ ਸੰਤ ਸਮਾਗਮ ਤੇ ਕੀਰਤਨ ਦਰਬਾਰ ਸੰਬੰਧੀ ਪੋਸਟਰ ਰਿਲੀਜ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡੋਂ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਐਨਆਰਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਨਿਰਮਲ ਕੁਟੀਆ ਸੰਤ ਬਾਬਾ ਮਈਆ ਦਾਸ ਦੇ ਅਸਥਾਨ 'ਤੇ ਸਾਲਾਨਾ ਸੰਤ ਸਮਾਗਮ ਅਤੇ ਕੀਰਤਨ ਦਰਬਾਰ 22 ਫਰਵਰੀ ਨੂੰ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਬਚਨ ਸਿੰਘ ਬੱਡੋ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਦੀ ਅਗਵਾਈ ਹੇਠ ਸਲਾਨਾ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਦੇ ਪੋਸਟਰ ਰਿਲੀਜ਼ ਕੀਤੇ ਗਏ।ਇਸ ਮੌਕੇ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 19 ਫਰਵਰੀ ਨੂੰ ਸਵੇਰੇ 08 ਵਜੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸਾਲਾਨਾ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਮੌਕੇ 20-21 ਫਰਵਰੀ ਨੂੰ ਦੋਵੇਂ ਦਿਨ ਸ਼ਾਮ 07 ਵਜੇ ਤੋਂ 11 ਵਜੇ ਤੱਕ ਮਹਾਨ ਕੀਰਤਨ ਦਰਬਾਰ ਅਤੇ ਸੰਤ ਸਮਾਗਮ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ 22 ਨਵੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਲੜੀ ਦੇ ਭੋਗ ਪਾਏ ਜਾਣਗੇ।ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ, ਸੰਤ ਮਹਾਂਪੁਰਸ਼, ਗੁਣੀ ਗਿਆਨੀ ਪੁੱਜ ਕੇ ਸੰਗਤਾਂ ਨੂੰ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਪੋਸਟਰ ਰਿਲੀਜ਼ ਕਰਨ ਸਮੇਂ ਦਰਸ਼ਨ ਸਿੰਘ, ਡਾਕਟਰ ਸੁਖਦੇਵ ਸਿੰਘ, ਜਰਨੈਲ ਸਿੰਘ ਖਾਲਸਾ, ਤਰਲੋਕ ਸਿੰਘ, ਅਮਰਦੀਪ ਸਿੰਘ, ਹਰਦੀਪ ਸਿੰਘ ਖਾਲਸਾ, ਸੇਵਾ ਸਿੰਘ, ਜਗਤਾਰ ਸਿੰਘ, ਮਾਸਟਰ ਮੱਖਣ ਸਿੰਘ, ਹਰਦੀਪ ਸਿੰਘ ਦੀਪਾ, ਹਰਬਿਲਾਸ ਸਿੰਘ, ਡਾਕਟਰ ਬਲਵਿੰਦਰ ਸਿੰਘ ਸਰਪੰਚ ਬੱਡੋਂ, ਦਿਲਪ੍ਰੀਤ ਸਿੰਘ, ਸਰਪ੍ਰੀਤ ਸਿੰਘ ਸੋਨੂੰ ਨਿਰਮਲ ਸਿੰਘ, ਮਾਸਟਰ ਜੋਗਿੰਦਰ ਸਿੰਘ, ਮਹਿੰਦਰ ਸਿੰਘ, ਸੁਰਿੰਦਰ ਪਾਲ ਸਿੰਘ, ਅਵਤਾਰ ਸਿੰਘ, ਅਮਰੀਕ ਸਿੰਘ, ਜਗਤਾਰ ਸਿੰਘ ਰਾਜਾ, ਬਲਜੀਤ ਸਿੰਘ, ਰਣਵੀਰ ਸਿੰਘ ਆਦਿ ਹਾਜ਼ਰ ਸਨ।



# ਘੱਗਰ ਕੰਢੇ ਵਸੇ ਪਿੰਡਾਂ 'ਚ ਡੀ-ਸਿਲਟਿੰਗ ਦੇ ਨਾਂਅ 'ਤੇ ਹੋ ਰਹੀ ਮਾਈਨਿੰਗ : ਐੱਨ ਕੇ ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੇ ਡੇਰਾਬੱਸੀ ਹਲਕੇ ਦੇ ਘੱਗਰ ਦਰਿਆ ਦੇ ਕੰਢੇ ਸਥਿਤ ਪਿੰਡਾਂ ਵਿੱਚ ਡੀ-ਸਿਲਟਿੰਗ ਦੇ ਨਾਂਅ 'ਤੇ ਗੈਰ-ਕਾਨੂੰਨੀ ਮਾਈਨਿੰਗ ਦਾ ਦੋਸ਼ ਲਗਾਇਆ ਹੈ। ਕਿਸਾਨਾਂ ਦੀ ਮੰਗ 'ਤੇ ਐਨ ਕੇ ਸ਼ਰਮਾ ਨੇੜਲੇ ਪਿੰਡ ਅਮਲਾਲਾ ਪਹੁੰਚੇ ਅਤੇ ਇੱਥੇ ਦਰਿਆ ਦੇ ਕੰਢੇ ਬਣੇ ਖੇਤਾਂ ਦਾ ਮੁਆਇਨਾ ਕੀਤਾ।ਪਿੰਡ ਦੇ ਵਸਨੀਕ ਰਤਨ ਸਿੰਘ ਫੌਜੀ, ਬਲਿਹਾਰ ਸਿੰਘ ਬੱਲੀ, ਹਕੀਕਤ ਸਿੰਘ, ਹਰਦੀਪ ਸਿੰਘ, ਜਗਤਾਰ ਸਿੰਘ, ਜਸਵਿੰਦਰ ਸਿੰਘ ਅਤੇ ਕਈ ਹੋਰਾਂ ਨੇ ਦੱਸਿਆ ਕਿ ਇੱਕ ਪ੍ਰਭਾਵਸ਼ਾਲੀ ਵਿਅਕਤੀ ਵੱਲੋਂ ਡੀ-ਸਿਲਟਿੰਗ ਦੇ ਨਾਂਅ 'ਤੇ ਇੱਥੇ ਗੈਰ-ਕਾਨੂੰਨੀ ਮਾਈਨਿੰਗ ਕੀਤੀ ਜਾ ਰਹੀ ਹੈ।ਸ਼ਰਮਾ ਨੇ ਮੌਕੇ 'ਤੇ ਪਹੁੰਚੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡ ਵਾਸੀਆਂ ਨੂੰ ਡੀ-ਸਿਲਟਿੰਗ ਨਕਸ਼ਾ ਦਿੱਤਾ ਜਾਵੇ। ਜਿੱਥੇ ਕਿਸਾਨ ਦੀ ਜ਼ਮੀਨ ਹੈ, ਉੱਥੇ ਹੀ ਕਿਸਾਨ ਅਤੇ ਜਿੱਥੇ ਪੰਚਾਇਤ ਦੀ ਜ਼ਮੀਨ ਹੈ, ਉੱਥੇ ਪੰਚਾਇਤ ਰੇਤ ਦੀ ਮਾਲਕ ਹੈ।ਜੇਕਰ ਕੋਈ ਵੀ ਗੈਰ-ਕਾਨੂੰਨੀ ਮਾਈਨਿੰਗ ਵਿੱਚ ਸ਼ਾਮਲ ਹੁੰਦਾ ਹੈ, ਤਾਂ ਪਿੰਡ ਵਾਸੀਆਂ ਦੀ ਮਦਦ ਨਾਲ ਧਰਨਾ ਦਿੱਤਾ ਜਾਵੇਗਾ।ਸ਼ਰਮਾ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਕਾਲੀ ਦਲ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ।ਮੌਜੂਦਾ ਸਰਕਾਰ ਨੂੰ ਕਿਸਾਨਾਂ ਦੇ ਹੱਕਾਂ ਦਾ ਘਾਣ ਨਹੀਂ ਕਰਨ ਦਿੱਤਾ ਜਾਵੇਗਾ।



# ਕੋਆਪ੍ਰੇਟਿਵ ਬੈਂਕ ਨੇ ਮੁਨਾਫਾ ਵੰਡ ਸਮਾਰੋਹ ਕਰਵਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਹਿੰਦੂ ਕੋਆਪ੍ਰੇਟਿਵ ਬੈਂਕ ਨਕੋਦਰ ਵੱਲੋਂ ਮੁਨਾਫਾ ਵੰਡ ਸਮਾਰੋਹ ਕਰਵਾਇਆ ਗਿਆ।ਜਿਸ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਇਕ ਇੰਦਰਜੀਤ ਕੌਰ ਮਾਨ ਪੁੱਜੇ ਹੋਏ ਸਨ, ਜਿਹਨਾਂ ਨੇ ਦੱਸਿਆ ਕਿ ਬੈਂਕ ਨੇ 32 ਲੱਖ ਰੁਪਏ ਆਪਣੇ 7000 ਖਾਤਾਧਾਰਕਾਂ ਵਿੱਚ ਵੰਡਣਾ ਸ਼ੁਰੂ ਕੀਤਾ ਗਿਆ।ਬੀਬੀ ਮਾਨ ਨੇ ਇਹ ਹਦਾਇਤ ਕੀਤੀ ਕਿ ਨਵੇਂ ਖਾਤਾਧਾਰਕਾਂ ਲਈ 5000 ਤੋਂ ਰਕਮ ਘਟਾ ਕੇ 2000 ਮੈਂਬਰਸ਼ਿਪ ਕੀਤੀ ਜਾਵੇ ਤਾਂ ਕਿ ਆਮ ਲੋਕ ਵੀ ਇਸ ਬੈਂਕ ਦੇ ਮੈਂਬਰ ਬਣ ਸਕਣ ਅਤੇ ਉਹ ਕਰਜੇ ਲੈ ਸਕਣ ਤਾਂ ਕਿ ਜ਼ਰੂਰਤਾਂ ਪੂਰੀਆਂ ਕਰਨ ਨੂੰ ਲੈ ਕੇ ਹੁਲਾਰਾ ਮਿਲੇ, ਕਾਰੋਬਾਰਾਂ ਨੂੰ ਹੁਲਾਰਾ ਮਿਲ ਸਕੇ।ਇਸ ਮੌਕੇ ਸੰਜੀਵ ਅਹੂਜਾ, ਅਸ਼ਵਨੀ ਕੋਹਲੀ, ਅਜੇ ਬਰਮਾ, ਨਰਿੰਦਰ ਸ਼ਰਮਾ, ਮੋਨਿਕਾ, ਮਨੀ ਮਹਿੰਦਰੂ, ਪ੍ਰਦੀਪ ਸਿੰਘ ਸ਼ਕਰਪੁਰ, ਰੇਸ਼ਮ ਸੌਂਧੀ, ਰਵੀ ਬਸਰਾ, ਅਮਰਜੀਤ ਸਿੰਘ ਸ਼ੇਰਪੁਰ, ਅਮਰੀਕ ਸਿੰਘ , ਵਿੱਕੀ ਭਗਤ, ਅਸ਼ਵਨੀ ਭੱਲਾ, ਭਗਵਾਨ ਸਿੰਘ ਪੂਰਬੀ, ਸੁਖਵਿੰਦਰ ਗੱਡਵਾਲ, ਅਮਨ, ਸਰਬਜੀਤ ਧੀਮਾਨ, ਇਸ਼ਾਨ ਭੱਲਾ ਆਦਿ ਹਾਜ਼ਰ ਸਨ।



# ਸਰਕਾਰੀ ਸਹੂਲਤਾਂ ਦਾ ਲਾਭ ਦੇਣ ਲਈ ਹਫਤਾਵਾਰੀ ਕੈਂਪ ਅੱਜ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਅਤੇ ਸਰਕਾਰੀ ਸਹੂਲਤਾਂ ਦਾ ਲਾਭ ਦੇਣ ਲਈ ਵਿਸੇਸ਼ ਹਫਤਾਵਾਰੀ ਕੈਂਪ 18 ਜਨਵਰੀ ਨੂੰ ਸਵੇਰੇ 9 ਵਜੇ ਤੋ 11 ਵਜੇ ਤੱਕ ਕੋਟਲਾ ਗੈਸਟ ਹਾਊਸ ਵਿਖੇ ਲਗਾਇਆ ਜਾਵੇਗਾ।ਇਸ ਕੈਂਪ ਰਾਹੀ ਆਮ ਲੋਕਾਂ ਨੂੰ ਵਿਸੇਸ਼ ਸਹੂਲਤਾਂ ਲੈਣ ਦੀ ਅਪੀਲ ਕੀਤੀ ਹੈ। ਇਸ ਮੌਕੇ ਲੋਕਾਂ ਦੀਆਂ ਨਿੱਜੀ ਸਮੱਸਿਆਵਾਂ ਤੇ ਸਾਝੀਆਂ ਸਮੱਸਿਆਵਾ ਹੱਲ ਕੀਤੀਆ ਜਾਣਗੀਆਂ।ਇਹ ਜਾਣਕਾਰੀ ਦੀਪਕ ਸੋਨੀ ਮੀਡੀਆ ਕੋਆਰਡੀਨੇਟਰ ਨੇ ਇੱਥੇ ਦਿੱਤੀ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਲੋਕਾਂ ਦੇ ਸਰਕਾਰੀ ਵਿਭਾਗਾਂ ਨਾਲ ਸਬੰਧਤ ਕੰਮਾਂ ਨੂੰ ਸਮਾਂਬੱਧ ਤੇ ਸੁਖਾਲੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ, ਜਿਸ ਤਹਿਤ ਲੋਕਾਂ ਦੇ ਘਰਾਂ ਦੇ ਨਜ਼ਦੀਕ ਇਸ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।ਉਨ੍ਹਾਂ ਸਬੰਧਤ ਪਿੰਡ ਤੋਂ ਇਲਾਵਾ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇੰਨ੍ਹਾਂ ਕੈਂਪਾਂ ਦਾ ਲਾਭ ਲੈਣ।

# ਸ਼ਹਿਰ ਅੰਦਰ ਨਿਰਧਾਰਤ ਕੀਤੇ ਸਮੇਂ ਨੂੰ ਟਿੱਚ ਨਹੀਂ ਜਾਣਦੇ ਟਿੱਪਰਾਂ ਵਾਲੇ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਥਾਨਕ ਸ਼ਹਿਰ ਦੀ ਗੱਲ ਕੀਤੀ ਜਾਵੇ ਤਾਂ ਸ਼ਹਿਰ ਅੰਦਰ ਟਰੈਫਿਕ ਦਾ ਦਿਨੋ ਦਿਨ ਹਾਲ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ ਕਿਉਂਕਿ ਸ਼ਹਿਰ ਤੋਂ ਦੂਜੇ ਪਾਸੇ ਜਾਣ ਲਈ ਜਿਆਦਾ ਟਰੈਫਿਕ ਹੋਣ ਦੇ ਕਾਰਨ ਕਈ ਵਾਰ ਲੰਮਾ ਸਮਾਂ ਲੱਗ ਜਾਂਦਾ ਹੈ।ਕਈ ਵਾਰ ਤਾਂ ਟਰੈਫਿਕ ਵਿੱਚ ਐਂਬੂਲੈਂਸ ਵਰਗੇ ਐਮਰਜੈਂਸੀ ਵਾਹਨ ਵੀ ਟਰੈਫਿਕ ਵਿੱਚ ਫਸ ਜਾਂਦੇ ਹਨ।ਇੱਥੇ ਦੱਸਣਾ ਬਣਦਾ ਹੈ ਕਿ ਇਸ ਸ਼ਹਿਰ ਅੰਦਰ ਟਰੈਫਿਕ ਦਾ ਮੁੱਖ ਕਾਰਨ ਨੋ ਐਂਟਰੀ ਸਮੇਂ ਦੌਰਾਨ ਨੰਗਲ ਵਾਲੇ ਪਾਸੇ ਜਾਣ ਵਾਲੇ ਹੈਵੀ ਵਾਹਨਾਂ (ਟਿੱਪਰਾ) ਦਾ ਲੰਘਣਾ ਵੀ ਹੈ ਜਿਸ ਨਾਲ ਆਮ ਵਾਹਨਾ ਵਾਲੇ ਲੋਕਾਂ ਨੂੰ ਟਰੈਫਿਕ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਪ੍ਰਸ਼ਾਸਨ ਵੱਲੋਂ ਸਥਾਨਕ ਸ਼ਹਿਰ ਤੋਂ ਨੰਗਲ ਜਾਣ ਵਾਲੀ ਸੜਕ 'ਤੇ ਹੈਵੀ ਟਿੱਪਰਾ ਦੇ ਲੰਘਣ ਦਾ ਸਮਾਂ ਨਿਰਧਾਰਿਤ ਕੀਤਾ ਹੋਇਆ ਹੈ ਅਤੇ ਕੁਝ ਦਿਨ ਪਹਿਲਾਂ ਇੱਥੋਂ ਦੀਆਂ ਜਨਤਕ ਜਥੇਬੰਦੀਆਂ ਨੇ ਟਿੱਪਰਾਂ ਦੇ ਲਾਂਘੇ ਨੂੰ ਲੈ ਕੇ ਡੀ ਐਸ ਪੀ ਦਫਤਰ ਅੱਗੇ ਵਿਸ਼ਾਲ ਧਰਨਾ ਵੀ ਦਿੱਤਾ ਸੀ ਜਿਸ ਦਾ ਵੀ ਕੋਈ ਪ੍ਰਸ਼ਾਸਨ ਅਤੇ ਟਿੱਪਰਾ ਵਾਲਿਆ ਨੂੰ ਖਾਸ ਅਸਰ ਨਹੀਂ ਹੋਇਆ ਪਰ ਇਸ ਇਸ ਸੰਬੰਧੀ ਕਾਂਗਰਸ ਦੇ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ ਨੇ ਆਮ ਆਦਮੀ ਪਾਰਟੀ ਸਰਕਾਰ 'ਤੇ ਨਿਸ਼ਾਨਾ ਵਿੰਨਦਿਆਂ ਕਿਹਾ ਕਿ ਨੋ ਐਂਟਰੀ ਸਮੇਂ ਦੌਰਾਨ ਵੀ ਟਿੱਪਰ ਗੜ੍ਹਸ਼ੰਕਰ ਤੋਂ ਨੰਗਲ ਜਾਣ ਵਾਲੀ ਸੜਕ 'ਤੇ ਦੌੜ ਰਹੇ ਹਨ ਜੋ ਕਿ ਸਥਾਨਕ ਪ੍ਰਸ਼ਾਸਨ ਅਤੇ ਸਰਕਾਰ 'ਤੇ ਸਵਾਲੀਆ ਚਿੰਨ੍ਹ ਲੱਗਦਾ ਹੈ ਅਤੇ ਇਸ ਸ਼ਹਿਰ ਅੰਦਰੋਂ ਲੰਘ ਰਹੇ ਟਿੱਪਰਾਂ ਨਾਲ ਹੁਣ ਤੱਕ ਕਰੀਬ ਦੋ ਦਰਜਨ ਤੋਂ ਉੱਪਰ ਮੌਤਾਂ ਹੋ ਚੁੱਕੀਆਂ ਹਨ, ਪਰ ਸਥਾਨਕ ਪ੍ਰਸ਼ਾਸਨ ਕੁੰਭ ਕਰਨੀ ਨੀਂਦ ਤੋਂ ਬਾਹਰ ਨਹੀਂ ਆ ਰਿਹਾ ਹੈ।ਕਾਮਰੇਡ ਗੁਰਨੇਕ ਸਿੰਘ ਭੱਜਲ ਨੇ ਕਿਹਾ ਕਿ ਸ਼ਾਮ ਹੁੰਦਿਆ ਹੀ ਸੈਂਕੜਿਆਂ ਦੀ ਤਦਾਦ ਵਿੱਚ ਲੰਘਣ ਵਾਲੇ ਟਿੱਪਰ ਨਿਰਧਾਰਿਤ ਕੀਤੇ ਸਮੇਂ ਨੂੰ ਟਿੱਚ ਨਹੀਂ ਜਾਣਦੇ ਅਤੇ ਸੈਂਕੜੇ ਚੱਲਦੇ ਟਿੱਪਰ ਪ੍ਰਸ਼ਾਸਨ ਨੂੰ ਨਹੀਂ ਦਿਖ ਰਹੇ।ਜਿਨ੍ਹਾ ਨਾਲ ਇਲਾਕੇ ਅੰਦਰ ਨਿੱਤ ਜਾਨਲੇਵਾ ਹਾਦਸੇ ਵਾਪਰ ਰਹੇ ਹਨ।ਜਦੋਂਕਿ ਸਥਾਨਕ ਪ੍ਰਸ਼ਾਸਨ ਸਕੂਟਰ ਮੋਟਰਸਾਈਕਲ ਵਾਲਿਆਂ ਦੇ ਚਲਾਣ ਕੱਟਦਿਆਂ ਆਮ ਦਿਖਾਈ ਦਿੰਦੇ ਹਨ।



# ਰਿਆਤ ਬਾਹਰਾ ਸਕੂਲ ਦੀ ਇਸ਼ਮੀਤ ਨੇ ਕੁਰਾਸ਼ ਚੈਂਪੀਅਨਸ਼ਿਪ 'ਚ ਸੋਨ ਤਮਗਾ ਜਿੱਤਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਇਸ਼ਮੀਤ ਕੌਰ ਨੇ ਨੈਸ਼ਨਲ ਲੈਵਲ ਕੁਰਾਸ਼ ਚੈਂਪੀਅਨਸ਼ਿਪ ਦੇ ਤਹਿਤ 69ਵੀਆਂ ਨੇਸ਼ਨਲ ਸਕੂਲ ਗੇਮਜ਼ 2025-26 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਮਗਾ ਆਪਣੇ ਨਾਂਅ ਕੀਤਾ। ਇਸ਼ਮੀਤ ਨੇ ਅੰਡਰ-17 ਵਰਗ ਵਿੱਚ ਦੇਸ਼ ਦੇ 16 ਰਾਜਾਂ ਦੇ ਖਿਡਾਰੀਆਂ ਨੂੰ ਹਰਾ ਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ । ਇਸ ਪ੍ਰਾਪਤੀ ਨਾਲ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਹੈ। ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਇਸ਼ਮੀਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਉਸ ਦੀ ਲਗਾਤਾਰ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ ਅਤੇ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਬਣੇਗੀ। ਇਸ ਮੌਕੇ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਵੀ ਇਸ਼ਮੀਤ ਨੂੰ ਸਨਮਾਨਤ ਕਰਦਿਆਂ ਉਸ ਦੀ ਕਠਿਨ ਮਿਹਨਤ ਦੀ ਸਰਾਹਨਾ ਕੀਤੀ ਅਤੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ ਨੇ ਇਸ਼ਮੀਤ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੀ ਕੋਚ ਕਸ਼ਮੀਰ ਕੌਰ, ਉਸ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੱਤੀ।



# ਸਾਲਾਨਾ ਮੇਲਾ ਅੱਜ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੰਦਰ ਬਾਬਾ ਕੌਲ ਨਾਥ ਦੀ ਸਿੱਧ ਬਾਬਾ ਬਾਲਕ ਨਾਥ ਜੇਠੂਮਜਾਰਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਜੰਡ ਸਪੋਰਟਸ ਕਲੱਬ ਜੇਠੂਮਜਾਰਾ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 18 ਜਨਵਰੀ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ, ਜਿਸ ਦੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਜਸਪਾਲ ਸਿੰਘ ਪਾਲਾ ਨੇ ਦੱਸਿਆ ਕਿ 18 ਜਨਵਰੀ ਦਿਨ ਐਤਵਾਰ ਨੂੰ ਸਵੇਰੇ 8 ਵਜੇ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ ਸਵੇਰੇ 9 ਵਜੇ ਹਵਨ ਜੱਗ ਹੋਵੇਗਾ ਅਤੇ ਠੀਕ 10 ਵਜੇ ਕਲਾਕਾਰਾਂ ਵੱਲੋਂ ਆਈ ਸੰਗਤ ਦਾ ਮਨੋਰੰਜਨ ਕੀਤਾ ਜਾਵੇਗਾ।



# ਲਾਇਨਜ਼ ਕਲੱਬ ਵੱਲੋਂ ਸ਼ੂਗਰ ਚੈੱਕਅੱਪ ਕੈਂਪ 21 ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਚਾਰਟਰ ਪ੍ਰਧਾਨ ਲਾਇਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ 21 ਜਨਵਰੀ ਦਿਨ ਬੁੱਧਵਾਰ ਨੂੰ ਮੈਗਾ ਸਰਵਿਸ ਪ੍ਰੋਜੈਕਟ ਲਗਾਏ ਜਾਣੇ ਹਨ।ਮੀਨੂੰ ਭੁੱਟਾ ਤੇ ਧੀਰਜ ਸਹਿਜ ਪਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੇਰੇ 9 ਵਜੇ ਕਲੱਬ ਡਾਇਬਟੀਜ਼ ਚੇਅਰਮੈਨ ਲਾਇਨ ਅਮਰਜੀਤ ਸਿੰਘ ਨਾਗਰਾ ਦੇ ਸਹਿਯੋਗ ਨਾਲ ਪਾਲ ਲੈਬੋਰਟਰੀ ਬੰਗਾ ਵਿਖੇ 6ਵਾਂ ਫ੍ਰੀ ਸ਼ੂਗਰ ਚੈਕਅੱਪ ਕੈਂਪ ਲਗਾਇਆ ਜਾਵੇਗਾ। ਸਵੇਰੇ 10 ਵਜੇ ਕਲੱਬ ਕੈਂਸਰ ਅਵੇਅਰਨੈੱਸ ਚੇਅਰਮੈਨ ਲਾਇਨ ਡਾਕਟਰ ਗੁਰਮੀਤ ਸਿੰਘ ਮਿੱਟੂ ਅਤੇ ਲਾਇਨ ਲੇਡੀ ਵਨੀਤਾ ਕੁਮਾਰੀ ਦੇ ਵਿਸ਼ੇਸ਼ ਸਹਿਯੋਗ ਨਾਲ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ, ਨੇੜੇ ਨਵੀਂ ਦਾਣਾ ਮੰਡੀ ਨਵਾਂਸ਼ਹਿਰ ਰੋਡ ਬੰਗਾ ਵਿਖੇ 6ਵਾਂ ਫ੍ਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਜਾਵੇਗਾ।ਸਵੇਰੇ 10 ਵਜੇ ਕਲੱਬ ਬਲੱਡ ਡੋਨੇਸ਼ਨ ਚੇਅਰਮੈਨ ਲਾਇਨ ਸੁਧੀਰ ਕੁਮਾਰ ਦੇ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ (ਰਜਿ 295) ਬਲਾਕ ਮੁਕੰਦਪੁਰ ਦੀ ਡਾਕਟਰ ਟੀਮ ਤੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਟਰੱਸਟ ਬੰਗਾ ਦੇ ਵਿਸ਼ੇਸ਼ ਸਹਿਯੋਗ ਨਾਲ ਪਹਿਲਾ ਖੂਨ ਦਾਨ ਕੈਂਪ ਲਗਾਇਆ ਜਾਵੇਗਾ। ਇਸ ਵਿਸ਼ੇਸ਼ ਮੈਗਾ ਸਰਵਿਸ ਪ੍ਰੋਜੈਕਟ ਦੇ ਮੁੱਖ ਮਹਿਮਾਨ ਡਿਸਟ੍ਰਿਕ 321-ਡੀ ਦੇ ਗਵਰਨਰ ਲਾਇਨ ਵੀ ਐਮ ਗੋਇਲ, ਇੰਨਾਗੁਰੇਸ਼ਨ ਅਫ਼ਸਰ ਪਹਿਲੇ ਉਪ ਡਿਸਟ੍ਰਿਕ ਗਵਰਨਰ ਲਾਇਨ ਜੀ ਐਸ ਭਾਟੀਆ, ਗੈਸਟ ਆਫ ਆਨਰ ਦੂਜੇ ਉਪ ਡਿਸਟ੍ਰਿਕ ਗਵਰਨਰ ਲਾਇਨ ਰਜੀਵ ਖੋਸਲਾ ਤੇ ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਜੇ ਬੀ ਸਿੰਘ ਚੌਧਰੀ, ਸਟਾਰ ਗੈਸਟ ਡਿਸਟ੍ਰਿਕ ਜੀ ਐਮ ਟੀ ਕੋ-ਆਰਡੀਨੇਟਰ ਲਾਇਨ ਰਜੀਵ ਵਿਗ, ਸਪੈਸ਼ਲ ਗੈਸਟ: ਰੀਜਨ ਚੇਅਰਮੈਨ ਲਾਇਨ ਕੁਲਦੀਪ ਭੂਸ਼ਨ ਖੰਨਾ, ਜੋਨ ਚੇਅਰਮੈਨ ਲਾਇਨ ਧਰਮਿੰਦਰ ਸਿੰਘ, ਜੋਨ ਚੇਅਰਮੈਨ ਲਾਇਨ ਐਡਵੋਕੇਟ ਕਮਲਜੀਤ ਸਿੰਘ, ਡਿਸਟ੍ਰਿਕ ਚੇਅਰਮੈਨ ਪੀਸ ਪੋਸਟਰ ਲਾਇਨ ਗੁਰਦੀਪ ਸਿੰਘ ਕੰਗ, ਡਿਸਟ੍ਰਿਕ ਪੀ ਆਰ ਓ ਲਾਇਨ ਬਲਬੀਰ ਚਿੰਗਾਰੀ ਹੋਣਗੇ।



# ਆਰ ਬੀ ਯੂ ਦੇ ਸਕੂਲ ਆਫ਼ ਲਾਈਫ਼ ਸਾਇੰਸਜ਼ 'ਚ ਸੁਖਮਨੀ ਸਾਹਿਬ ਦੇ ਪਾਠ

**ਮੋਹਾਲੀ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਲਾਈਫ਼ ਸਾਇੰਸਜ਼ ਅਤੇ ਸਕੂਲ ਆਫ਼ ਫ਼ਿਜ਼ੀਕਲ ਸਾਇੰਸਜ਼ ਵੱਲੋਂ ਨਵੇਂ ਅਕਾਦਮਿਕ ਸਮੈਸਟਰ ਦੀ ਸ਼ੁਰੂਆਤ ਦੇ ਸ਼ੁੱਭ ਅਵਸਰ 'ਤੇ ਸ੍ਰੀ ਸੁਖਮਨੀ ਸਾਹਿਬ ਪਾਠ ਦਾ ਆਯੋਜਨ ਕੀਤਾ ਗਿਆ।ਇਹ ਧਾਰਮਿਕ ਸਮਾਰੋਹ ਸ਼ਰਧਾ, ਸ਼ਾਂਤੀ ਅਤੇ ਅ ਧਿ ਆ ਤ ਮ ਕ ਸਕਾਰਾਤਮਕਤਾ ਨਾਲ ਭਰਪੂਰ ਮਾਹੌਲ ਵਿੱਚ ਸੰਪੰਨ ਹੋਇਆ, ਜਿਸ ਵਿੱਚ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਯੂਨੀਵਰਸਿਟੀ ਸਕੂਲ ਆਫ਼ ਲਾਈਫ਼ ਸਾਇੰਸਜ਼ ਅਤੇ ਯੂਨੀਵਰਸਿਟੀ ਸਕੂਲ ਆਫ਼ ਫ਼ਿਜ਼ੀਕਲ ਸਾਇੰਸਜ਼ ਦੀ ਡੀਨ ਪ੍ਰੋਫੈਸਰ (ਡਾ.) ਸਿਮਰਜੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ। ਇਸ ਮੌਕੇ ਯੂਨੀਵਰਸਿਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਸਤਿਕਾਰ ਸਹਿਤ ਭੇਟ ਕੀਤਾ ਗਿਆ ਅਤੇ ਫੈਕਲਟੀ, ਸਟਾਫ਼ ਅਤੇ ਵਿਦਿਆਰਥੀਆਂ ਦੀ ਤੰਦਰੁਸਤੀ, ਸਫਲਤਾ ਅਤੇ ਉਜਲੇ ਭਵਿੱਖ ਲਈ ਅਰਦਾਸ ਕੀਤੀ ਗਈ।ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਸਰਵਸ਼ਕਤੀਮਾਨ ਦੀਆਂ ਅਸੀਸਾਂ ਪ੍ਰਾਪਤ ਕਰਨਾ ਮਨੁੱਖਤਾ ਦੀ ਭਲਾਈ ਲਈ ਬਹੁਤ ਜ਼ਰੂਰੀ ਹੈ ਅਤੇ ਇਹ ਵਿਦਿਆਰਥੀਆਂ ਲਈ ਇੱਕ ਅਰਥਪੂਰਨ, ਉਤਪਾਦਕ ਅਤੇ ਸਫਲ ਭਵਿੱਖ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਨੇ ਫੈਕਲਟੀ ਮੈਂਬਰਾਂ ਨੂੰ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਸਕਾਰਾਤਮਕ ਸੋਚ, ਵਚਨਬੱਧਤਾ ਅਤੇ ਸਮਰਪਣ ਨਾਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਮਕਰ ਸੰਕ੍ਰਾਂਤੀ ਦੇ ਸ਼ੁੱਭ ਮੌਕੇ ਸਮੈਸਟਰ ਦੀ ਸ਼ੁਰੂਆਤ ਦੀ ਮਹੱਤਤਾ ਉਤੇ ਵੀ ਚਾਨਣਾ ਪਾਇਆ ਅਤੇ ਸਦਭਾਵਨਾ, ਅਨੁਸ਼ਾਸਨ ਅਤੇ ਅਧਿਆਤਮਕ ਤਾਕਤ ਦੇ ਮੁੱਲਾਂ 'ਤੇ ਜ਼ੋਰ ਦਿੱਤਾ।ਪ੍ਰੋ ਵਾਈਸ-ਚਾਂਸਲਰ ਪ੍ਰੋ. (ਡਾ.) ਐਸ. ਕੇ. ਬਾਂਸਲ ਨੇ ਨਵੇਂ ਸਮੈਸਟਰ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਧਾਰਮਿਕ ਅਤੇ ਅਧਿਆਤਮਕ ਪਰੰਪਰਾ ਨਾਲ ਕਰਨ ਦੀ ਪਹਿਲਕਦਮੀ ਦੀ ਪ੍ਰਸ਼ੰਸਾ ਕੀਤੀ। ਇਸ ਸਮਾਰੋਹ ਵਿੱਚ ਰਜਿਸਟਰਾਰ ਪ੍ਰੋ. (ਡਾ.) ਐਨ. ਕੇ. ਯਾਦਵ ਅਤੇ ਭੌਤਿਕ ਵਿਗਿਆਨ ਵਿਭਾਗ ਦੀ ਮੁਖੀ ਡਾ. ਰਵਨੀਤ ਕੌਰ ਵੀ ਹਾਜ਼ਰ ਰਹੇ।ਸਮਾਰੋਹ ਦੀ ਸਮਾਪਤੀ ਸ਼ਾਂਤੀ, ਖੁਸ਼ਹਾਲੀ ਅਤੇ ਅਕਾਦਮਿਕ ਉੱਤਮਤਾ ਲਈ ਕੀਤੀ ਗਈ ਸਮੂਹਿਕ ਅਰਦਾਸ ਨਾਲ ਹੋਈ।



# ਮਾਤਾ ਗੁਰਦੇਵ ਕੌਰ ਜਸਵਾਲ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਮਾ. ਹਰਬੰਸ ਸਿੰਘ ਹਾਰਟਾ ਦੀ ਪਤਨੀ ਤੇ ਉੱਘੇ ਬਿਜ਼ਨਸਮੈਨ ਹਰਮਿੰਦਰ ਸਿੰਘ ਲਾਲੀ ਹਾਰਟਾ ਦੀ ਮਾਤਾ ਰਿਟਾ. ਅਧਿਆਪਕਾ ਬੀਬੀ ਗੁਰਦੇਵ ਕੌਰ ਜਸਵਾਲ ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ, ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿੱਤ ਰੱਖੇ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਹਾਰਟਾ ਵਿਖੇ ਪਾਏ ਗਏ।ਉਪਰੰਤ ਗੁਰਦੁਆਰਾ ਸਿੰਘ ਸਭਾ ਹਾਰਟਾ ਵਿਖੇ ਕੀਰਤਨ ਤੇ ਸ਼ਰਧਾਂਜਲੀ ਸਮਾਗਮ ਹੋਇਆ।ਇਸ ਮੌਕੇ ਭਾਈ ਗੁਰਮੀਤ ਸਿੰਘ ਨਾਢਾ ਸਾਹਿਬ ਵਾਲਿਆਂ ਦੇ ਜਥੇ ਨੇ ਸੰਗਤਾਂ ਨੂੰ ਵੈਰਾਗਮਈ ਕੀਰਤਨ ਸਰਵਣ ਕਰਵਾਇਆ। ਇਸ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਰੋਸ਼ਨ ਲਾਲ ਬੱਡਲਾ, ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ, ਸੀਨੀਅਰ ਭਾਜਪਾ ਆਗੂ ਬੀਬੀ ਮਹਿੰਦਰ ਕੌਰ ਜੋਸ਼, ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਜ਼ਿਲ੍ਹਾ ਪ੍ਰਧਾਨ ਅਕਾਲੀ ਦਲ (ਸ਼ਹਿਰੀ) ਜਤਿੰਦਰ ਸਿੰਘ ਲਾਲੀ ਬਾਜਵਾ, ਹਰਮਿੰਦਰ ਸਿੰਘ ਸੰਧੂ ਹਲਕਾ ਇੰਚਾਰਜ ਚੱਬੇਵਾਲ ਅਕਾਲੀ ਦਲ, ਨਿਰਮਲ ਸਿੰਘ ਭੀਲੋਵਾਲ, ਕਰਮਜੀਤ ਸਿੰਘ ਬੱਬਲੂ ਜੋਸ਼ ਤੋਂ ਇਲਾਵਾ ਸਾਬਕਾ ਸਰਪੰਚ ਕੁਲਦੀਪ ਕੁਮਾਰ ਲਵਲੀ, ਦਵਿੰਦਰ ਸਿੰਘ ਬੈਂਸ ਬਾਹੋਵਾਲ, ਜਗਦੀਪ ਸਿੰਘ ਖੇੜਾ, ਕੁਲਦੀਪ ਸਿੰਘ ਮਾਣਕ, ਜਤਿੰਦਰ ਸਿੰਘ ਘੁੰਮਣ, ਹਰਪਾਲ ਸਿੰਘ ਸੰਘਾ, ਵਰਿੰਦਰ ਸਿੰਘ ਬੈਂਸ, ਜਪਿੰਦਰ ਸਿੰਘ, ਭਾਗ ਸਿੰਘ, ਡਾ: ਮੁਖਤਿਆਰ ਸਿੰਘ ਧਾਲੀਵਾਲ, ਰਾਜਦੀਪ ਸਿੰਘ, ਨਰਿੰਦਰ ਸਿੰਘ ਰਾਜਪੁਰ, ਦੁੱਖਭੰਜਨ ਸਿੰਘ, ਰਣਜੀਤ ਸਿੰਘ, ਮੋਹਣ ਸਿੰਘ, ਹਰਜੀਤ ਸਿੰਘ, ਰਾਣਾ ਰਣਵੀਰ ਸਿੰਘ, ਮਨਜਿੰਦਰ ਕੌਰ, ਗੁਰਨਾਮ ਕੌਰ, ਤਰਸੇਮ ਸਿੰਘ, ਰਾਜਵਿੰਦਰ ਕੌਰ, ਸਿਮਰਨਪ੍ਰੀਤ ਸਿੰਘ, ਅਮਰਪ੍ਰੀਤ ਕੌਰ, ਆਦਿ ਹਾਜ਼ਰ ਸਨ।ਸਮਾਗਮ ਦੇ ਆਖੀਰ 'ਚ ਮਾ: ਹਰਬੰਸ ਸਿੰਘ ਹਾਰਟਾ ਵਲੋਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।



# ਬਲੱਗਣ ਪਰਵਾਰ ਨੇ ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਨੂੰ ਬਿਨਾਂ ਕਿਰਾਏ 'ਤੇ ਦਿੱਤੀਆਂ ਦੁਕਾਨਾਂ



ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ): ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਅਤੇ ਨਰੋਇ ਕਰਮ ਸੇਵਾ ਦਲ ਸੰਸਥਾ ਨੂੰ ਮਨੁੱਖਤਾ ਦੀ ਸੇਵਾ ਦੇ ਉਪਰਾਲੇ ਕਰਦਿਆਂ ਸੰਨ 2020 ਦੌਰਾਨ ਜਦ ਲੋਹੀਆਂ ਸ਼ਹਿਰ ਵਿੱਚ ਦਫ਼ਤਰੀ ਕੰਮ ਕਾਜ ਅਤੇ ਹੋਰ ਸਾਂਝੇ ਸਮਾਨ ਰੱਖਣ ਹਰ ਮਹੀਨੇ ਰਾਸ਼ਨ ਦੀ ਪੈਕਿੰਗ ਆਦਿ ਵਾਸਤੇ ਜਦੋਂ ਸਾਨੂੰ ਕਿਸੇ ਟਿਕਾਣੇ ਦੀ ਸਖ਼ਤ ਜ਼ਰੂਰਤ ਪਈ ਤਾਂ ਜਗਤਾਰ ਸਿੰਘ ਬਲੱਗਣ ਅਤੇ ਪਰਵਾਰ ਵੱਲੋਂ ਆਪਣੀਆਂ ਤਿੰਨ ਦੁਕਾਨਾਂ ਬਿਨ੍ਹਾਂ ਕੋਈ ਕਿਰਾਇਆ ਵਸੂਲ ਕੀਤਿਆਂ ਦਫ਼ਤਰੀ ਵਰਤੋਂ ਲਈ ਸੌਂਪ ਦਿੱਤੀਆਂ। ਇਸੇ ਸਥਾਨ ਤੋਂ ਅਸੀਂ ਪਿਛਲੇ ਪੰਜ ਸਾਲ ਤੋਂ ਸੇਵਾਵਾਂ ਜਾਰੀ ਰੱਖ ਰਹੇ ਹਾਂ। ਇਸ ਵਡਮੁੱਲੇ ਯੋਗਦਾਨ ਲਈ ਜਗਤਾਰ ਸਿੰਘ ਬਲੱਗਣ ਅਤੇ ਸਮੁੱਚੇ ਪਰਵਾਰ ਦਾ ਧੰਨਵਾਦੀ ਰਹਾਂਗੇ।ਇਸ ਸੰਬੰਧੀ ਗੱਲ ਕਰਦਿਆਂ ਸਤਿੰਦਰ ਸਿੰਘ ਖ਼ਾਲਸਾ, ਮਾ: ਪਰਮਿੰਦਰ ਸਿੰਘ, ਅਮਰਜੀਤ ਸਿੰਘ, ਸੁਖਵਿੰਦਰ ਸਿੰਘ, ਅਮਨਦੀਪ ਸਿੰਘ ਅਤੇ ਤਲਵਿੰਦਰ ਸਿੰਘ ਵੱਲੋਂ ਜਗਤਾਰ ਸਿੰਘ ਬਲੱਗਣ ਉਨ੍ਹਾਂ ਦੀ ਪਤਨੀ, ਪੁੱਤਰ ਅਤੇ ਨੂੰਹ ਦਾ ਟਰੱਸਟ ਦੇ ਦਫ਼ਤਰ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ।ਇਸ ਮੌਕੇ ਬਲੱਗਣ ਪਰਵਾਰ ਵੱਲੋਂ ਲੋੜਵੰਦ ਮਰੀਜ਼ਾਂ ਦੀ ਮਦਦ ਵਾਸਤੇ ਨਵੀਆਂ ਆਕਸੀਜਨ ਮਸ਼ੀਨਾਂ ਖਰੀਦਣ ਲਈ ਟਰੱਸਟ ਨੂੰ 21000 ਰੁਪਏ ਦੀ ਰਾਸ਼ੀ ਵੀ ਭੇਟ ਕੀਤੀ ਗਈ।

# ਇਸ ਵਾਰ ਗੁਜਰਾਤ 'ਚ ਬਣੇਗੀ ਆਪ ਦੀ ਸਰਕਾਰ : ਚੇਅਰਮੈਨ ਦੀਪਕ ਸੂਦ



ਰਾਜਪੁਰਾ (ਰਮੇਸ਼ ਕਟਾਰੀਆ)-ਗੁਜਰਾਤ ਦੇ ਲੋਕ ਇਸ ਵਾਰ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਪੱਬਾਂ ਭਾਰ ਹਨ ਅਤੇ ਉਹ ਚੋਣਾਂ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕੀਟ ਕਮੇਟੀ ਰਾਜਪੁਰਾ ਦੇ ਚੇਅਰਮੈਨ ਦੀਪਕ ਸੂਦ ਨੇ ਗੁਜਰਾਤ ਵਿੱਚ ਪਾਰਟੀ ਲਈ ਵਿੱਢੀ ਗਈ ਮੁਹਿੰਮ ਵਿੱਚ ਗੁਜਰਾਤ ਦੇ 10 ਦਿਨਾਂ ਦੌਰੇ ਤੋਂ ਵਾਪਸ ਪਰਤਣ ਤੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ।ਚੇਅਰਮੈਨ ਦੀਪਕ ਸੂਦ ਨੇ ਕਿਹਾ ਕਿ ਗੁਜਰਾਤ ਵਿੱਚ ਬਹੁਤ ਵੱਡੇ ਉਦਯੋਗਪਤੀ ਅਤੇ ਸਮਾਜ ਸੇਵੀ ਨਿੰਕੁਜ ਭਾਈ ਪੋਕੀਆ ਆਪ ਕਨਵੀਨਰ ਕੇਜਰੀਵਾਲ ਸਾਹਿਬ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਇਸੇ ਤਹਿਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਦੀ ਲਾਈਨ ਲੱਗੀ ਹੋਈ ਹੈ। ਸੂਦ ਨੇ ਕਿਹਾ ਕਿ ਉਨ੍ਹਾਂ ਨੇ ਗੁਜਰਾਤ ਵਿੱਚ ਪ੍ਰਚਾਰ ਦੌਰਾਨ ਲੋਕਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਦੇ ਮਨ ਦੀ ਗੱਲ ਭਾਂਪ ਲਈ ਕਿ ਉਹ ਪਿਛਲੀ ਵਾਰ ਗੁਜਰਾਤ ਵਿੱਚ ਆਪ ਦੀ ਸਰਕਾਰ ਲਿਆਉਣ ਤੋਂ ਖੁੰਝ ਗਏ ਪਰ ਹੁਣ ਪਛਤਾ ਰਹੇ ਹਨ ਅਤੇ ਇਸ ਵਾਰ ਉਹ ਗੁਜਰਾਤ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਤੱਤਪਰ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਆਪ ਆਗੂ ਮਨੀਸ਼ ਕੁਮਾਰ ਬਤਰਾ, ਸ਼ਰਤ ਭਾਈ ਭੁਜਾਵੀਆ, ਐਡਵੋਕੇਟ ਵਿਪੁਲ ਭਾਈ ਉਗਰੇਜੀਆ ਵੀ ਬਤੌਰ ਟੀਮ ਮੈਂਬਰ ਮੌਜੂਦ ਸਨ।

# ਸੱਚਖੰਡ ਵਾਸੀ ਸੰਤ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਦੇ ਬਰਸੀ ਸਮਾਗਮ ਆਰੰਭ



ਝਬਾਲ (ਹਰਜਿੰਦਰ ਸਿੰਘ ਸੋਨੀ)-ਧੰਨ-ਧੰਨ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰੋਂ ਘਰੋਂ ਵਰੋਸਾਏ ਬ੍ਰਹਮ ਗਿਆਨੀ ਬਾਬਾ ਬਿਧੀ ਚੰਦ ਜੀ ਦੇ 11ਵੇਂ ਜਾਨਸ਼ੀਨ ਸੱਚਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਦੇ 12ਵੇਂ ਸਾਲਾਨਾ ਬਰਸੀ ਸਮਾਗਮ ਦੇਸ਼ ਵਿਦੇਸ਼, ਇਲਾਕੇ ਅਤੇ ਨਗਰ ਸੁਰਸਿੰਘ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ 19 ਜਨਵਰੀ ਦਿਨ ਸੋਮਵਾਰ ਨੂੰ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਏ ਜਾ ਰਹੇ ਹਨ।ਇਸ ਬਰਸੀ ਸਮਾਗਮ ਦੀ ਸੰਪੂਰਨਤਾ ਦਲ ਬਾਬਾ ਬਿਧੀ ਚੰਦ ਸਾਹਿਬ ਮੁੱਖ ਸੇਵਾਦਾਰ ਸ਼੍ਰੀਮਾਨ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਦੀ ਅਗਵਾਈ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਸ਼ੁਰੂ ਕੀਤੇ ਗਏ।ਇਸ ਸਮਾਗਮ ਦੀ ਆਰੰਭਤਾ ਦੀ ਅਰਦਾਸ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਕੀਤੀ ਗਈ। ਇਸ ਮੌਕੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਬੱਚਿਆਂ ਨੂੰ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਇਸ ਬਰਸੀ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਬਿਧੀ ਚੰਦ ਦੇ ਅੰਸ਼-ਵੰਸ਼ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ ਮੌਜੂਦਾ 12ਵੇਂ ਮੁੱਖੀ ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਨਿਹੰਗ ਸਿੰਘ ਛਾਉਣੀ ਹੈੱਡ ਕੁਆਰਟਰ ਸੁਰਸਿੰਘ ਵਾਲਿਆਂ ਨੇ ਦੱਸਿਆ ਕਿ ਐਤਵਾਰ 18 ਜਨਵਰੀ ਨੂੰ ਫ੍ਰੀ ਮੈਡੀਕਲ ਕੈਂਪ ਅਤੇ ਸ਼ਾਮ 6 ਤੋਂ ਰਾਤ 11 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ।ਜਥੇਦਾਰ ਬਾਬਾ ਅਵਤਾਰ ਸਿੰਘ ਨੇ ਕਰਵਾਏ ਜਾ ਰਹੇ ਅੰਮ੍ਰਿਤ ਸੰਚਾਰ ਦੌਰਾਨ ਸੰਗਤਾਂ ਨੂੰ ਖੰਡੇ ਬਾਟੇ ਦਾ ਪਾਹੁਲ ਛਕਣ ਦੀ ਅਪੀਲ ਕਰਦਿਆਂ ਅੱਗੇ ਕਿਹਾ ਕਿ 19 ਜਨਵਰੀ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਦੀਵਾਨ ਹਾਲ ਵਿਖੇ ਸਜਾਏ ਗਏ। ਧਾਰਮਿਕ ਦੀਵਾਨਾਂ ਵਿੱਚ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਗੁਰੂ ਜੱਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਉਥੇ ਹੀ ਜਥੇਦਾਰ ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼, ਨਿਹੰਗ ਭੇਖ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਤੋਂ ਇਲਾਵਾ ਰਾਜਸੀ ਸ਼ਖ਼ਸੀਅਤਾਂ ਵੀ ਹਾਜ਼ਰੀਆਂ ਭਰਨਗੀਆਂ ਜਦਕਿ ਬਰਸੀ ਸਮਾਗਮ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ ਅਤੇ ਸ਼ਾਮ ਵੇਲੇ ਨਿਹੰਗ ਸਿੰਘ ਜਥੇਬੰਦੀਆਂ ਮਹੱਲਾ ਖੇਡਣਗੀਆਂ।ਉਨ੍ਹਾਂ ਸਮੁੱਚੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਮਨਾਏ ਜਾ ਰਹੇ ਬਰਸੀ ਸਮਾਗਮ ਮੌਕੇ ਸੰਗਤਾ ਹੁੰਮ-ਹੁਮਾ ਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।ਇਸ ਮੌਕੇ ਵੱਡੀ ਗਿਣਤੀ ਵਿੱਚ ਦਲ ਪੰਥ ਦੇ ਨਿਹੰਗ ਸਿੰਘ ਅਤੇ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।


## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ:- 219-2025-26-ADEN-I-ASR ਤਾਰੀਕ : 15.01.2026

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 09.02.2026 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 15.01.2026 | 26.01.2026 | 09.02.2026 / 15:00 ਵਜੇ |

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1 | 219-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ –ਫਸਟ/ਅੰਮ੍ਰਿਤਸਰ ਦੇ ਤਹਿਤ ਵੇਰਵਾ–ਡੇਰਾ ਬਾਬਾ ਨਾਨਕ ਸੈਕਸ਼ਨ ਉਤੇ ਸਥਿਤ ਸੀ–64 ਵਿਚ ਸੀਮਿਤ ਉਚਾਈ ਵਾਲੇ ਸਬਵੇ ਵਿਚ ਜਮੀਨੀ ਪਾਣੀ ਦੇ ਦਾਖਲ ਨੂੰ ਰੋਕਣ ਦੇ ਲਈ ਪਾਣੀ ਨਿਕਾਸੀ ਸੁਧਾਰ ਕੰਮ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 52,60,976.01 | 1,05,200.00 | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ: "ਅਪਾਕਸੀ/ਅਪੋਂਕਸੀ ਆਧਾਰਿਤ ਰਸਾਇਣਾ ਦਾ ਉਪਯੋਗ ਕਰਕੇ ਮੁਰੰਮਤ ਕਰਨ"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 183/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕੜਾਕੇ ਦੀ ਪੈ ਰਹੀ ਠੰਢ ਦੇ ਮੱਦੇਨਜ਼ਰ ਸਕੂਲਾਂ ਦਾ ਸਮਾਂ ਘਟਾਉਣ ਦੀ ਮੰਗ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਇਸ ਵਕਤ ਪੂਰੇ ਪੰਜਾਬ ਵਿੱਚ ਕੜਾਕੇ ਦੀ ਠੰਢ ਪੈ ਰਹੀ ਹੈ ਜਿਸ ਕਾਰਨ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।ਸਵੇਰੇ 9:30 ਵਜੇ ਪਠਾਨਕੋਟ ਤੋਂ ਸਰਕਾਰੀ ਕੰਨਿਆ ਸਕੂਲ ਫਤਿਹਗੜ੍ਹ ਚੂੜੀਆਂ ਵਿਖੇ ਜਾ ਰਹੇ ਅਧਿਆਪਕਾਂ ਦੀ ਗੱਡੀ ਨਾਲ ਹਾਦਸਾ ਵਾਪਰਨ ਨਾਲ ਇਸ ਵਿਚ ਸਵਾਰ ਕਾਫੀ ਅਧਿਆਪਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ।ਇਸੇ ਹਾਦਸੇ ਨੂੰ ਲੈ ਕੇ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਵੱਡੀ ਚਿੰਤਾ ਜਤਾਈ ਜਾ ਰਹੀ ਹੈ।ਇਸ ਸੰਬੰਧੀ ਗੱਲ ਕਰਦਿਆਂ ਸੁੱਖ ਬਾਜਵਾ ਸਰਪੰਚ ਪਿੰਡ ਸਾਰਚੂਰ ਨੇ ਕਿਹਾ ਕੇ ਇਨ੍ਹਾਂ ਦਿਨਾਂ ਵਿੱਚ ਜੋ ਹੱਦੋਂ ਵੱਧ ਠੰਢ ਅਤੇ ਧੁੰਦ ਪੈ ਰਹੀ ਹੈ, ਕਾਰਨ ਸੜਕੀ ਆਵਾਜਾਈ 'ਤੇ ਵੱਡਾ ਖਤਰਾ ਬਣਿਆ ਹੋਇਆ ਹੈ।ਇਸਦੇ ਮੱਦੇਨਜ਼ਰ ਸਰਕਾਰ ਨੂੰ ਬੇਨਤੀ ਹੈ ਕਿ ਸਕੂਲਾਂ ਦਾ ਸਮਾਂ ਥੋੜਾ ਘਟਾ ਦਿੱਤਾ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ ਤੋਂ ਬਚਾਅ ਹੋ ਸਕੇ।ਨਾਮਧਾਰੀ ਸਵੀਟਸ ਹਰਜੀਤ ਸਿੰਘ ਬਾਜਵਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੀਤ ਲਹਿਰ ਤੇ ਸਾਰਾ ਦਿਨ ਸੰਘਣੀ ਧੁੰਦ ਦੌਰਾਨ ਬੱਸਾਂ ਗੱਡੀਆਂ ਤੇ ਸਫਰ ਕਰਨ ਵੇਲੇ ਕੋਈ ਨਾ ਕੋਈ ਅਣਸੁਖਾਵੀਂ ਘਟਨਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ।ਇਸ ਲਈ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਵੇਖਦੇ ਹੋਏ ਸਰਕਾਰ ਨੂੰ ਬੇਨਤੀ ਹੈ ਕਿ ਇਸ ਪਾਸੇ ਜ਼ਰੂਰ ਧਿਆਨ ਦਿੱਤਾ ਜਾਵੇ।

ਪਿੰਡ ਮਾਨ ਸੈਂਡਵਾਲ ਦੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਜਿੰਦਰ ਸਿੰਘ ਨੇ ਕਿਹਾ ਕਿ ਅੱਤ ਦੀ ਸਰਦੀ ਦੇ ਮੌਸਮ ਵਿੱਚ ਛੋਟੇ ਬੱਚਿਆਂ ਲਈ ਬਹੁਤ ਮੁਸ਼ਕਿਲ ਹੋ ਰਿਹਾ ਹੈ।ਜ਼ਿਆਦਾ ਠੰਢ ਕਾਰਨ ਉਨ੍ਹਾਂ ਦੇ ਬਿਮਾਰ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਦੀ ਸਿਹਤ ਤੰਦਰੁਸਤੀ ਵੀ ਬੜੀ ਜ਼ਰੂਰੀ ਹੈ।

ਖਾਸਕਰ ਪ੍ਰਾਇਮਰੀ ਸਕੂਲ ਵਾਲੇ ਛੋਟੇ ਬੱਚਿਆਂ ਵੱਲ ਖਾਸ ਤਵੱਜੋ ਦੇਣ ਦੀ ਲੋੜ ਹੈ।ਇਸ ਤੋਂ ਇਲਾਵਾ ਇਲਾਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਜਸਪਾਲ ਸਿੰਘ ਸਰਪੰਚ, ਭੁਪਿੰਦਰ ਸਿੰਘ ਮਾਨ, ਨਿਰਮਲ ਸਿੰਘ ਗੁਰਾਇਆ, ਕੁਲਦੀਪ ਸਿੰਘ ਸਾਬਕਾ ਸਰਪੰਚ, ਪ੍ਰੇਮ ਸਿੰਘ ਮਾਨ, ਬਾਬਾ ਬਲਵਿੰਦਰ ਸਿੰਘ ਆਦਿ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਅੱਤ ਦੀ ਠੰਢ ਵਾਲੇ ਦਿਨਾਂ ਵਿੱਚ ਸਕੂਲਾਂ ਦਾ ਸਮਾਂ ਥੋੜਾ ਘਟਾਇਆ ਜਾਵੇ।

# ਗੁਰਦੀਪ ਰੰਧਾਵਾ ਨੇ ਸ਼ਾਹਪੁਰ ਜਾਜਨ, ਨਿਕੋਸਰਾ ਤੇ ਰੱਤਾ 'ਚ ਰੱਖੇ ਲਿੰਕ ਸੜਕਾਂ ਦੇ ਨੀਂਹ ਪੱਥਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਕਈ ਦਹਾਕਿਆਂ ਤੋਂ ਬਣੀਆਂ ਖਸਤਾ ਹਾਲਤ ਸੜਕਾਂ ਦੀ ਨੁਹਾਰ ਬਦਲਣ ਲਈ ਵੱਡੇ ਪੱਧਰ 'ਤੇ ਸੜਕਾਂ ਦੇ ਨੀਂਹ ਪੱਥਰ ਰੱਖੇ ਜਾ ਰਹੇ ਹਨ ਜਿਸ ਦੇ ਤਹਿਤ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਸ਼ਾਹਪੁਰ ਜਾਜਨ ਤੋਂ ਡੇੜ੍ਹ ਗਵਾਰ, ਪਿੰਡ ਨਿੱਕੋਸਰਾ ਤੋਂ ਤੇਜਾ ਵੀਲਾ ਅਤੇ ਪਿੰਡ ਰੱਤਾ ਤੋਂ ਹਵੇਲੀਆਂ ਕਰੀਬ 25 ਕਿਲੋਮੀਟਰ ਬਣਨ ਜਾ ਰਹੀਆਂ 3 ਲਿੰਕ ਸੜਕਾਂ ਦੇ ਨੀਂਹ ਪੱਥਰ ਰੱਖੇ ਗਏ।ਇਸ ਮੌਕੇ ਪੰਜਾਬ ਮੰਡੀਕਰਨ ਬੋਰਡ ਦੇ ਐਕਸੀਅਨ ਅਸ਼ੋਕ ਕੁਮਾਰ, ਐੱਸਡੀਓ ਰਕੇਸ਼ ਕੁਮਾਰ ਅਤੇ ਜੇਈ ਜਸਵਿੰਦਰ ਸਿੰਘ ਉਨ੍ਹਾਂ ਦੇ ਨਾਲ ਮੌਜੂਦ ਸਨ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਪਿੰਡ ਨਿੱਕੋਸਰਾ ਦੇ ਸਰਪੰਚ ਮਹਿੰਦਰ ਸਿੰਘ ਅਤੇ ਪਿੰਡ ਸ਼ਾਹਪੁਰ ਜਾਜਨ ਦੇ ਸਰਪੰਚ ਤਜਿੰਦਰ ਸਿੰਘ ਮਾਨ ਅਤੇ ਹੋਰ ਮੋਹਤਬਰ ਆਗੂਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਗੱਲਬਾਤ ਦੌਰਾਨ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪਿਛਲੇ ਦਿਨੀਂ ਆਏ ਹੜ੍ਹਾਂ ਅਤੇ ਤੇਜ਼ ਮੀਂਹ ਨਾਲ ਕਾਫੀ ਸੜਕਾਂ ਖਰਾਬ ਹੋ ਗਈਆਂ ਸਨ ਜਿਨ੍ਹਾਂ ਨੂੰ ਮੁੜ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੁਚਾਰੂ ਸੋਚ ਸਦਕਾ ਪਿੰਡ ਨਿੱਕੋਸਰਾ, ਸ਼ਾਹਪੁਰ ਜਾਜਨ ਅਤੇ ਪਿੰਡ ਰੱਤਾ ਵਿੱਚ ਬਣਨ ਜਾ ਰਹੀਆਂ ਕਰੀਬ 25 ਕਿਲੋਮੀਟਰ ਤਿੰਨ ਲਿੰਕ ਸੜਕਾਂ ਦੇ ਨੀਂਹ ਪੱਥਰ ਰੱਖੇ ਗਏ ਹਨ ਜੋ ਕਰੀਬ 15 ਕਰੋੜ ਦੀ ਲਾਗਤ ਨਾਲ ਬਣ ਕੇ ਜਲਦੀ ਤਿਆਰ ਹੋਣਗੀਆਂ।ਇਸ ਮੌਕੇ ਗੁਰਦੀਪ ਸਿੰਘ ਰੰਧਾਵਾਂ ਨੇ ਕਲਾਨੌਰ ਵਿੱਚ ਪੰਚਾਇਤੀ ਚੋਣਾਂ ਵਿੱਚ ਹੋਣ ਜਾ ਰਹੀ ਵੋਟਿੰਗ ਨੂੰ ਲੈ ਕੇ ਕਿਹਾ ਕਿ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਕਰਵਾਏ ਗਏ ਕੰਮਾਂ 'ਤੇ ਮੋਹਰ ਲਾਉਣਗੇ।ਸ. ਰੰਧਾਵਾ ਨੇ ਐੱਮਪੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਉਪਰ ਸ਼ਬਦੀ ਹਮਲੇ ਕਰਦਿਆਂ



ਕਿਹਾ ਕਿ ਕਾਂਗਰਸੀ ਬੁਖਲਾਏ ਹੋਏ ਹਨ ਤਾਂ ਹੀ ਬੁਖਲਾਹਟ ਵਿੱਚ ਗਲਤ ਬਿਆਨਬਾਜ਼ੀ ਕਰ ਰਹੇ ਹਨ।ਇਸ ਮੌਕੇ ਸਰਪੰਚ ਤਜਿੰਦਰ ਸਿੰਘ ਮਾਨ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਸਵੰਤ ਸਿੰਘ ਨੰਬਰਦਾਰ, ਸਰਪੰਚ ਅੰਗਰੇਜ ਸਿੰਘ ਕਠਿਆਲਾ, ਸਰਪੰਚ ਕਸ਼ਮੀਰ ਸਿੰਘ ਪੱਤੀ ਤਲਵੰਡੀ, ਰਣਜੀਤ ਸਿੰਘ ਦੋਧੀ, ਸਵਿੰਦਰ ਸਿੰਘ ਬੋਨੀ, ਮਨਮੋਹਨਜੀਤ ਸਿੰਘ ਮੋਨੂੰ ਖੋਖਰ, ਸਰਪੰਚ ਪਰਮਜੀਤ ਕੌਰ ਨਿਕੋਸਰਾ, ਸੀਨੀਅਰ ਆਪ ਆਗੂ ਮਹਿੰਦਰ ਸਿੰਘ ਨਿੱਕੋਸਰਾ, ਡੇਵਿਡ ਮਸੀਹ, ਸਤਨਾਮ ਸਿੰਘ ਜਹਾਜੀ, ਗੁਰਵਿੰਦਰ ਸਿੰਘ ਪੰਚ, ਰਾਜੂ ਮਸੀਹ, ਜੋਗਿੰਦਰ ਸਿੰਘ ਚੰਡੀਗੜ੍ਹ, ਬਲਦੇਵ ਸਿੰਘ ਬੱਲੀ ਪੰਚ, ਗੁਰਮੇਜ ਸਿੰਘ ਡੋਗਰ, ਨਿਸ਼ਾਨ ਸਿੰਘ, ਸੁੱਚਾ ਸਿੰਘ, ਕਵਲਜੀਤ ਸਿੰਘ, ਬਾਬਾ ਮੇਲਾ ਸਿੰਘ, ਗੁਰਭੇਜ ਸਿੰਘ, ਪ੍ਰਤਾਪ ਸਿੰਘ ਠੇਕੇਦਾਰ, ਜਗਦੇਵ ਸਿੰਘ ਨਿੱਕੋਸਰਾ, ਕੁਲਵਿੰਦਰ ਸਿੰਘ, ਜਗਬੀਰ ਸਿੰਘ, ਦਲਜੀਤ ਸਿੰਘ ਪੰਚ, ਸਨੀ ਪ੍ਰਧਾਨ, ਨਿਕੋਸਰਾਂ ਆਦਿ ਤੋਂ ਇਲਾਵਾ ਹੋਰ ਵੀ ਆਪ ਆਗੂ ਹਾਜ਼ਰ ਸਨ।


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਅਮਨਦੀਪ ਚਾਵਲਾ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ (ਐੱਨ ਆਰ ਆਈਜ਼ ਫਾਸਟ ਟਰੈਕ ਕੋਰਟ) ਹੁਸ਼ਿਆਰਪੁਰ

ਅਰਵਿੰਦਰ ਕੁਮਾਰ ਬਨਾਮ ਸ੍ਰੀਮਤੀ ਸੀਤਾ ਰਾਣੀ ਆਦਿ

ਉਪਰੋਕਤ ਤਕਸੀਮ, ਜਿਸ ਦੀਆਂ ਖੇਵਟ ਨੰ. 70/70, ਖੇਵਟ ਨੰ. 131/122, ਖੇਵਟ ਨੰ. 171/161, ਖੇਵਟ ਨੰ. 172/162, ਖੇਵਟ ਨੰ. 458/435, ਖੇਵਟ ਨੰ. 461/436 ਫਰਦ ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਪਿੰਡ ਫੀਰੋਜ ਰੋਲੀਆਂ/543, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਦਾ ਕੇਸ ਇਸ ਅਦਾਲਤ ਵਿੱਚ ਚੱਲ ਰਿਹਾ ਹੈ। ਉਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਇਤਲਾਹ ਲਈ ਪੰਜਾਬੀ ਅਖਬਾਰ ਅਤੇ ਅੰਗਰੇਜ਼ੀ ਅਖਬਾਰ ਇਸ਼ਤਿਹਾਰ ਰਾਹੀਂ ਕਰਵਾਈ ਜਾਵੇ ਕਿ ਉਹ ਮਿਤੀ 11/02/2026 ਨੂੰ ਬਾਅਦ ਦੁਪਹਿਰ 2.00 ਵਜੇ ਅਸਾਲਤਨ/ਵਕਾਲਤਨ ਹਾਜ਼ਰ ਅਦਾਲਤ ਆਉਣਾ ਯਕੀਨੀ ਬਣਾਉਣ। ਜੇਕਰ ਹੇਠ ਲਿਖੇ ਕਿਸੇ ਉਤਰਵਾਦੀ ਧਿਰਾਂ ਦੀ ਮੌਤ ਹੋਈ ਹੋਵੇ ਤਾਂ ਉਨ੍ਹਾਂ ਦੇ ਵਾਰਿਸ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੀ ਪੈਰਵੀ ਕਰ ਸਕਦੇ ਹੋ। ਧਿਰ ਦੇ ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

(1) ਸੀਤਾ ਰਾਣੀ ਵਿਧਵਾ ਹਰਬੰਸ ਲਾਲ ਪੁੱਤਰ ਰਾਮ ਚੰਦ (2) ਕਮਲੇਸ਼ ਕੌਰ ਪਤਨੀ ਹਰਬੰਸ ਲਾਲ ਪੁੱਤਰ ਰਾਮ ਚੰਦ (3) ਹਰਮੇਸ਼ ਲਾਲ ਪੁੱਤਰ ਹਰਬੰਸ ਲਾਲ ਪੁੱਤਰ ਰਾਮ ਚੰਦ (4) ਅਮਨਦੀਪ ਕੌਰ ਪੁੱਤਰੀ ਹਰਬੰਸ ਲਾਲ ਪੁੱਤਰ ਰਾਮ ਚੰਦ (5) ਪਰਵੀਨ ਕੌਰ ਪੁੱਤਰੀ ਹਰਬੰਸ ਲਾਲ ਪੁੱਤਰ ਰਾਮ ਚੰਦ (6) ਸੁਰੇਸ਼ ਕੁਮਾਰ ਪੱਤਰ ਹਰਬੰਸ ਲਾਲ ਪੁੱਤਰ ਰਾਮ ਚੰਦ (7) ਦਰਬਾਰਾ ਸਿੰਘ ਪੁੱਤਰ ਰਾਮ ਸਿੰਘ (8) ਨਿਰਮਲ ਸਿੰਘ ਪੁੱਤਰ ਰਾਮ ਸਿੰਘ (9) ਗੁਰਵਿੰਦਰ ਸਿੰਘ ਪੁੱਤਰ ਤਰਲੋਕ ਸਿੰਘ (10) ਸਤਵਿੰਦਰ ਸਿੰਘ ਪੁੱਤਰ ਤਰਲੋਕ ਸਿੰਘ (11) ਜਸਪਾਲ ਸਿੰਘ ਪੁੱਤਰ ਕਰਤਾਰ ਸਿੰਘ (12) ਹਰਮੇਸ਼ ਲਾਲ ਪੁੱਤਰ ਹਰਬੰਸ ਲਾਲ (13) ਹਰਦੀਪ ਸਿੰਘ ਪੁੱਤਰ ਪੂਰਨ ਸਿੰਘ (14) ਰਾਜਵਿੰਦਰ ਕੌਰ ਪਤਨੀ ਗੁਰਨਾਮ ਸਿੰਘ (15) ਸੁਖਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ (16) ਨਿਸ਼ਾਨ ਸਿੰਘ ਪੁੱਤਰ ਦਰਸ਼ਨ ਸਿੰਘ (17) ਅਜੀਤ ਸਿੰਘ ਪੁੱਤਰ ਦਲੀਪ ਸਿੰਘ (18) ਗੁਰਮੇਲ ਸਿੰਘ ਪੁੱਤਰ ਦਲੀਪ ਸਿੰਘ (19) ਹਰਮੇਲ ਸਿੰਘ ਪੁੱਤਰ ਦਲੀਪ ਸਿੰਘ (20) ਬਲਜਿੰਦਰ ਸਿੰਘ ਪੁੱਤਰ ਦਲੀਪ ਸਿੰਘ (21) ਰਮੇਸ਼ ਕੁਮਾਰ ਪੁੱਤਰ ਹਰਬੰਸ ਲਾਲ (22) ਰਵਿੰਦਰ ਕੁਮਾਰ ਪੁੱਤਰ ਹਰਬੰਸ ਲਾਲ (23) ਸੁਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ (24) ਕਸ਼ਮੀਰ ਕੌਰ ਪਤਨੀ ਜਰਨੈਲ ਸਿੰਘ (25) ਸਤਨਾਮ ਸਿੰਘ ਪੁੱਤਰ ਜਰਨੈਲ ਸਿੰਘ (26) ਮਨਜੀਤ ਕੌਰ ਪੁੱਤਰੀ ਜਰਨੈਲ ਸਿੰਘ (27) ਮੁਹਿੰਦਰ ਸਿੰਘ ਪੁੱਤਰ ਬਖਤਾਵਰ ਸਿੰਘ ਉਕਤ ਸਾਰੇ ਵਾਸੀਆਨ ਪਿੰਡ ਫੀਰੋਜ ਰੋਲੀਆਂ/543, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਹੁਸ਼ਿਆਰਪੁਰ।

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨੈਂਸ ਬੈਂਕ ਲਿਮਿਟਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਕਸ਼ਮੀਰ ਲਾਲ ਪੁੱਤਰ ਹਰਭਜਨ ਲਾਲ ਵਾਸੀ ਪਿੰਡ ਸ਼ਰਕਪੁਰ, ਤਹਿਸੀਲ ਨਕੋਦਰ, ਸ਼ਰਕਪੁਰ, ਜਲੰਧਰ, ਪੰਜਾਬ-144042 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 2. ਕਰਤਾਰ ਚੰਦ ਪੁੱਤਰ ਮੁਖਤਿਆਰ ਚੰਦ ਵਾਸੀ ਪਿੰਡ ਸ਼ਰਕਪੁਰ, ਤਹਿਸੀਲ ਨਕੋਦਰ, ਸ਼ਰਕਪੁਰ, ਜਲੰਧਰ, ਪੰਜਾਬ-144042 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐੱਚ ਐੱਲ/057611000015 'ਚ ਰੁਪਏ 12,12,652/- ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਮੋੜਨ ਲਈ 17.09.2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨੈਂਸ ਬੈਂਕ ਲਿਮਿਟਡ ਦੀ ਐੱਚ ਐੱਲ/057611000015 'ਚ ਬਕਾਇਆ ਰਕਮ ਰੁਪਏ 12,12,652/- ਸਮੇਤ 01.09.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

### ਅਚੱਲ ਜਾਇਦਾਦ ਦਾ ਵੇਰਵਾ

ਕੁਲੈਟਰਲ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2020-21/184/1/817 ਮਿਤੀ 21.12.2020 ਅਨੁਸਾਰ ਕਸ਼ਮੀਰ ਲਾਲ ਪੁੱਤਰ ਹਰਭਜਨ ਲਾਲ ਦੀ ਮਲਕੀਅਤ ਜਾਇਦਾਦ ਰਕਬਾ 09 ਮਰਲੇ, ਪਿੰਡ ਸ਼ਰਕਪੁਰ ਵਿਖੇ ਸਥਿਤ, ਹੱਦਬਸਤ ਨੰ. 24 ਨਕੋਦਰ ਨਾਲ ਸੰਬੰਧਤ ਸਭ ਕੁਝ।

ਮਿਤੀ : 16.01.2026
ਸਥਾਨ : ਨਕੋਦਰ

ਸਹੀ/- ਅਧਿਕਾਰਤ ਅਫਸਰ
ਕੈਪੀਟਲ ਸਮਾਲ ਫਾਇਨੈਂਸ ਬੈਂਕ ਲਿਮਿਟਡ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨੈਂਸ ਬੈਂਕ ਲਿਮਿਟਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਸ੍ਰੀ ਜਰਨੈਲ ਸਿੰਘ ਪੁੱਤਰ ਲਾਲ ਸਿੰਘ ਵਾਸੀ ਪਿੰਡ ਤੇ ਡਾਕ. ਨਾਹਲ, ਲੋਹੀਆਂ ਖਾਸ, ਲੋਹੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 2. ਸ੍ਰੀ ਮਹਿੰਦਰ ਸਿੰਘ ਪੁੱਤਰ ਲਾਲ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 3. ਸ੍ਰੀ ਲਖਵੀਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 4. ਸ੍ਰੀ ਰਣਜੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 5. ਸ੍ਰੀ ਸਤਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ ਸ੍ਰੀ ਅਜੀਤ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 (ਹੁਣ ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਸਾਂ (i) ਸਤਿੰਦਰ ਕੌਰ ਪੁੱਤਰੀ ਅਜੀਤ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 (ii) ਮਨਜੀਤ ਕੌਰ ਪਤਨੀ ਅਜੀਤ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 (iii) ਬਲਰਾਜ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 (iv) ਤੇਜਿੰਦਰ ਕੌਰ ਪੁੱਤਰੀ ਅਜੀਤ ਸਿੰਘ ਵਾਸੀ ਪਿੰਡ ਨਾਹਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144629 (ਇਸ ਤੋਂ ਬਾਅਦ ਗਰੰਟਰ ਦੇ ਕਾਨੂੰਨੀ ਵਾਰਸਾਂ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐੱਲ ਏ ਪੀ/051602000004 'ਚ ਰੁਪਏ 14,50,909.55/- ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਮੋੜਨ ਲਈ ਮਿਤੀ 30.09.2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਸਮੁੱਚੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨੈਂਸ ਬੈਂਕ ਲਿਮਿਟਡ ਦੀ ਐੱਲ ਏ ਪੀ/051602000004 'ਚ ਬਕਾਇਆ ਰਕਮ ਰੁਪਏ 14,50,909.55/- ਸਮੇਤ 01.09.2025 ਤੋਂ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ। (ਵਸੂਲੀ ਘਟਾ ਕੇ, ਜੇਕਰ ਕੋਈ ਹੋਈ)

### ਅਚੱਲ ਜਾਇਦਾਦ ਦਾ ਵੇਰਵਾ

ਕੁਲੈਟਰਲ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 1066 ਮਿਤੀ 06.07.2001 ਅਨੁਸਾਰ ਸ੍ਰੀ ਜਰਨੈਲ ਸਿੰਘ ਪੁੱਤਰ ਲਾਲ ਸਿੰਘ ਅਤੇ ਮਹਿੰਦਰ ਸਿੰਘ ਪੁੱਤਰ ਲਾਲ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 6 ਮਰਲੇ 1 ਸਰਸਾਈ, ਪਿੰਡ ਲੋਹੀਆਂ ਵਿਖੇ ਸਥਿਤ, ਤਹਿਸੀਲ ਸ਼ਾਹਕੋਟ, ਹੱਦਬਸਤ ਨੰ. 192 ਨਾਲ ਸੰਬੰਧਤ ਸਭ ਕੁੱਝ।

ਮਿਤੀ : 16.01.2026
ਸਥਾਨ : ਲੋਹੀਆਂ

ਸਹੀ/- ਅਧਿਕਾਰਤ ਅਫਸਰ
ਕੈਪੀਟਲ ਸਮਾਲ ਫਾਇਨੈਂਸ ਬੈਂਕ ਲਿਮਿਟਡ

## ਉਤਰ ਰੇਲਵੇ

### ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਨਿਰਮਾਣ/ਉਤਰ ਰੇਲਵੇ/ਜਲੰਧਰ ਸ਼ਹਿਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਕੰਮ ਦੇ ਲਈ ਦੋ ਪੈਕੇਟ ਸਿਸਟਮ ਦੇ ਤਹਿਤ ਈ-ਟੈਂਡਰ ਪ੍ਰਣਾਲੀ ਦੁਆਰਾ ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | | |
|---|---|---|
| 1 | ਕੰਮ ਦਾ ਨਾਮ ਅਤੇ ਸਥਾਨ | ਫਿਰੋਜਪੁਰ ਡਵੀਜਨ ਨਾਰਦਰਨ ਰੇਲਵੇ ਦੇ ਬਿਆਸ ਜੰਕਸ਼ਨ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨਾਂ ਦੇ ਰੀਡੇਵਲਪਮੈਂਟ ਦੇ ਲਈ ਪ੍ਰੋਜੈਕਟ ਮੈਨੇਜਮੇਂਟ ਸਰਵਸਿਜ ਦੇਣ ਲਈ ਅਥਾਰਟੀ ਇੰਜੀਨੀਅਰ ਦੀ ਨਿਯੁਕਤੀ ਦੇ ਲਈ ਪ੍ਰਸਤਾਵ ਦਾ ਅਨੁਰੋਧ (RFP) |
| 2 | ਕੰਮ ਨਿਪਟਾਰਾ ਸਮਾਂ | 24 (ਚੌਵੀ) ਮਹੀਨੇ |
| 3 | ਕੰਮ ਦੀ ਅੰਦਾਜ਼ਨ ਲਾਗਤ | ਰੁਪਏ 6,54,04,806.14 |
| 4 | ਬਿਆਨਾ ਰਾਸ਼ੀ (ਆਨਲਾਈਨ ਜਮ੍ਹਾ ਕਰਵਾਉਣੀ ਹੋਵੇਗੀ | ਰੁ.4,77,000/- |
| 5 | ਆਫਰ ਦੀ ਵੈਲੇਡਿਟੀ | 120 ਦਿਨ |
| 6 | ਨਿਵਿਦਾ ਜਮ੍ਹਾ ਕਰਨ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਬੋਲੀਦਾਤਾ ਆਪਣੀ ਉਰਜੀਨਲ/ਰਿਵਾਈਜਡ ਬੋਲੀ ਕਲੋਜਿੰਗ ਡੇਟ ਯਾਨੀ 18.02.2026 ਨੂੰ 1500 ਵਜੇ ਤਕ IREPS ਵੈਬਸਾਈਟ www.ireps.gov.in 'ਤੇ ਸਬਮਿਟ ਕਰ ਸਕਣਗੇ। ਇਸ ਨਿਵਿਦਾ ਦੇ ਲਈ ਬੋਲੀ ਪ੍ਰਸਤਾਵ ਨੂੰ ਮੈਨੂੰਅਲ ਰੂਪ ਨਾਲ ਪੇਸ਼ ਕਰਨ ਦੀ ਇਜਾਜਤ ਨਹੀਂ ਹੈ, ਅਤੇ ਪ੍ਰਾਪਤ ਕਿਸੇ ਵੀ ਐਸੇ ਮੈਨੂੰਅਲ ਪ੍ਰਸਤਾਵ ਨੂੰ ਅਣਦੇਖਾ ਕਰ ਦਿਤਾ ਜਾਵੇਗਾ। |
| 7 | ਪਤਾ ਜਿਥੋਂ ਤੋਂ ਨਿਵਿਦਾ ਖਰੀਦੀ ਜਾ ਸਕਦੀ ਹੈ | ਨਿਵਿਦਾ ਦਸਤਾਵੇਜ www.ireps.gov.in 'ਤੇ ਉਪਲਬਧ ਹੈ। ਉਪਰੋਕਤ ਨਿਵਿਦਾ ਦਸਤਾਵੇਜ IREPS ਵੈਬਸਾਈਟ ਯਾਨੀ www.ireps.gov.in 'ਤੇ 04.02.2026 ਤੋਂ 18.02.2026 ਨੂੰ 1500 ਵਜੇ ਤਕ ਪ੍ਰਸਤਾਵ ਜਮ੍ਹਾ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਨਿਵਿਦਾ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਨਿਵਿਦਾ ਦਸਤਾਵੇਜ ਵਿਚ ਦਿਤੀਆਂ ਗਈਆਂ ਹਨ। |

ਨੋਟ:-1 ਬੋਲੀ ਲਗਾਉਣ ਤੋਂ ਪਹਿਲਾਂ, ਬੋਲੀਦਾਤਾਵਾਂ ਨੂੰ ਨਿਵਿਦਾ ਦੇ ਵਿਰੁਧ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨੀ ਹੋਵੇਗੀ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। ਨੰ.: -W/2025-26/4/Dy.CE/C/JUC ਤਾਰੀਕ 17.01.2026 186/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Public Notice

We, Jaspal Mehra S/O Bikram Ram And Santosh Mehra W/O Jaspal Mehra R/O 47,Court Road, Gali Tokrian Wali Amritsar Have Declared That Our Son Chetan Mehra Is Out Of Our Control. We Disinherit Him From All Our Moveable And Immoveable Property. Anybody Deals In Future With Him For Act And Conduct Is Responsible At His/Her Own Risk. We And Our Other Family Members Are Not Responsible For His Any Act In Future With Anybody.all Concerned Please Note.

## ਜਨਤਕ ਸੂਚਨਾ

ਇਹ ਜਨਤਾ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਗੰਗਾ ਦੇਵੀ ਵਿਧਵਾ ਹੰਸ ਰਾਜ ਬੁਢਲਾਡਾ ਦੁਆਰਾ ਪਰਸ਼ੋਤਮ ਦਾਸ ਪੁੱਤਰ ਸ਼ਾਦੀ ਰਾਮ ਅਤੇ ਸਲੋਚਨਾ ਦੇਵੀ ਪਤਨੀ ਪਰਸ਼ੋਤਮ ਦਾਸ ਨਿਵਾਸੀ ਬੁਢਲਾਡਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਦੇ ਹੱਕ ਵਿੱਚ ਕੀਤਾ ਗਿਆ ਮੂਲ ਵਿਕਰੀ ਡੀਡ ਨੰਬਰ 3563 ਮਿਤੀ 16-11-1989, ਜੋ ਕਿ ਸਬ-ਰਜਿਸਟਰਾਰ ਬੁਢਲਾਡਾ ਦੁਆਰਾ ਦਰਜ ਕੀਤਾ ਗਿਆ ਸੀ, ਜੋ ਕਿ ਗੁੰਮ ਹੋ ਗਿਆ ਹੈ ਅਤੇ ਪਾਰਟੀ ਦੁਆਰਾ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਕਿਸੇ ਵੀ ਬੈਂਕ ਜਾਂ ਵਿੱਤੀ ਸੰਸਥਾ ਕਿਸੇ ਹੋਰ ਸੰਸਥਾ ਵਿੱਚ ਗਿਰਵੀ ਨਹੀਂ ਰੱਖਿਆ ਗਿਆ ਹੈ ਅਤੇ ਇਹ ਗੁੰਮ ਹੋ ਗਿਆ ਹੈ।

ਜੇਕਰ ਕਿਸੇ ਨੂੰ ਇਸ ਦੇ ਗਿਰਵੀ ਰੱਖਣ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ 14 ਦਿਨਾਂ ਦੇ ਅੰਦਰ ਹੇਠ ਲਿਖੇ ਪਤੇ 'ਤੇ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। 14 ਦਿਨਾਂ ਦੀ ਨਿਰਧਾਰਤ ਮਿਆਦ ਦੀ ਸਮਾਪਤੀ ਤੋਂ ਬਾਅਦ ਕੋਈ ਦਾਅਵਾ ਨਹੀਂ ਹੋ ਸਕਦਾ।

ਜਾਇਦਾਦ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ : (1) ਉੱਤਰ ਵੱਲ 10''-9'' ਅਨਾਜ ਮੰਡੀ (2) ਦੱਖਣ ਵੱਲ 10''-9'' ਸੜਕ, (3) ਪੂਰਬ ਵੱਲ 71''-6'' ਪ੍ਰਭਦਿਆਲ (4) ਪੱਛਮ ਵੱਲ 71''-6'' ਸੱਤਪਾਲ।

ਮਾਲਕੀ ਡੀਡ ਨੰ. 3848 ਮਿਤੀ 22-01-2013 ਸਬ-ਰਜਿਸਟਰਾਰ ਬੁਢਲਾਡਾ ਦੁਆਰਾ ਰਜਿਸਟਰ ਹੈ ਰਾਜ ਕੁਮਾਰ, ਅਮਨ ਪੁੱਤਰ ਅਮਰਜੀਤ ਲਾਲ ਪੁੱਤਰ ਰਾਮਦਿੱਤਾ ਮੱਲ ਰਿਹਾਇਸ਼ ਬੁਢਲਾਡਾ, ਜ਼ਿਲ੍ਹਾ ਮਾਨਸਾ ਦੇ ਨਾਂਅ 'ਤੇ ਹੈ।

ਜੈਨੀ ਕਾਠ ਦਾ ਦਫਤਰ (ਐਡਵੋਕੇਟ), ਜੁਡੀਸ਼ੀਅਲ ਕੋਰਟ ਕੰਪਲੈਕਸ, ਬੁਢਲਾਡਾ, ਜ਼ਿਲ੍ਹਾ ਮਾਨਸਾ ਰਿਹਾਇਸ਼ ਨੇੜੇ ਰੇਲਵੇ ਕਰਾਸਿੰਗ ਭੀਖੀ ਰੋਡ, ਬੁਢਲਾਡਾ-151502, ਜ਼ਿਲ੍ਹਾ ਮਾਨਸਾ।

## Court Notice

(U/o 5 Rule 20 CPC)
In The Court of
Ms. Babaljit Kaur
Civil Judge (Junior Division)-16
Jalandhar

CS/4366/2024
CNR No. PBJL02-004264-2024
Next Date:- 28-01-2026

Freewill Sports Pvt. Ltd having its Business Place at 392, Leather Complex Jalandhar through its Authorised Signatory Avneet Singh

V/s

Samrat Sports Co. through its Proprietor Pardeep Kumar having Business Place at Model Town, Near Deep Hospital, Ludhiana

Suit for grant of decree for recovery or Rs. 2,21,744/- alongwith interest as prayed for

Publication issued for : 1. Pardeep Kumar Proprietor M/S Samrat Sports Co. having Business Placee at Model Town, Near Deep Hospital, Ludhiana.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 28-01-2026 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-16
Jalandhar
Dated, this day of 15-01-2026

## Court Notice

(U/o 5 Rule 20 CPC)
In The Court of
Ms. Babaljit Kaur
Civil Judge (Junior Division)-16
Jalandhar

CS/4363/2024
CNR No. PBJL02-004268-2024
Next Date:- 28-01-2026

Freewill Sports Pvt. Ltd having its Business Place at 392, Leather Complex Jalandhar through its Authorised Signatory Avneet Singh

V/s

Simply Sports (Kadapa) through its proprietor Shaik Nasir Basha having Business Place at 20/687 Madras Road, Opp. Municipal Stadium Kadapa, Andhra Pradesh

Suit for grant of decree for Recovery or Rs. 2,46,741/- alongwith interest as prayed for

Publication issued to : (1) Simply Sports (Kadapa) through its proprietor Shaik Nasir Basha, having Business Place at 20/687 Madras Road, Opp. Municipal Stadium Kadapa, Andhra Pradesh

2. Shaik Nasir Basha proprietor of M/S Simply Sports (Kadapa) having Business Place at 20/687 Madras Road, Opp. Municipal Stadium Kadapa, Andhra Pradesh

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 28-01-2026 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-16-
Jalandhar
Dated, this day of 15-01-2026

## ਕਲਾਸੀਫਾਈਡ ਇਸ਼ਤਿਹਾਰ

## Public Notice

I, Gurpinder Singh S/o Surinder Singh R/o Vill. Deol Dewal, Distt. Gurdaspur, P.O. Hemrajpur, Pin Code-143521, Punjab, India, declare that my given name as Gurpinder and my Surnam as Singh.

## ਮਲਬੇ ਦੀ ਬੋਲੀ

ਸ. ਹ. ਸ. ਫਤਿਹਗੜ੍ਹ ਭਾਦਸੋ , ਜ਼ਿਲ੍ਹਾ ਸੰਗਰੂਰ ਦੇ 3 ਕਮਰਿਆਂ ਅਤੇ 2 ਬਾਥਰੂਮਾਂ ਨੂੰ ਢਾਹ ਕੇ ਉਨ੍ਹਾਂ ਵਿੱਚੋਂ ਨਿਕਲਦਾ ਸਮਾਨ ਅਤੇ ਮਲਬਾ ਵੇਚਣ ਸੰਬੰਧੀ ਬੋਲੀ 21-1-2026 ਨੂੰ ਸਵੇਰੇ 11:00 ਵਜੇ ਸਕੂਲ ਵਿਖੇ ਰੱਖੀ ਗਈ ਹੈ। ਸੰਪਰਕ ਕਰੋ : ਮੋਬਾਇਲ ਨੰ. 94631-26524 ਅਤੇ 98777-01017

## ਆਮ ਸੂਚਨਾ

ਮੈਂ, ਸੁਰਿੰਦਰ ਕੌਰ, ਪਤਨੀ ਹਰਦੇਵ ਸਿੰਘ, ਵਾਸੀ ਮਕਾਨ ਨੰਬਰ 55, ਗਲੀ ਨੰਬਰ 1, 120 ਫੁੱਟੀ ਰੋਡ, ਦਿਲਬਾਗ ਨਗਰ, ਐਕਸਟੈਂਸ਼ਨ ਬਸਤੀ ਗੁੱਜਾ, ਜਲੰਧਰ, ਤੁਹਾਨੂੰ ਸੂਚਿਤ ਕਰਦੀ ਹਾਂ ਕਿ ਪਲਾਟ ਨੰਬਰ 17, ਖੇਤਰ 521.16 ਵਰਗ ਗਜ਼, ਖਸਰਾ ਨੰਬਰ 254/444, ਸਾਲ 1999/2000, ਅੰਮ੍ਰਿਤਸਰ, ਮੇਰੀ ਜ਼ਮੀਨ, ਪਾਵਰ ਆਫ਼ ਅਟਾਰਨੀ 3252, ਮਿਤੀ 21/5/2004, ਅਤੇ ਪਾਵਰ ਆਫ਼ ਅਟਾਰਨੀ 1121, ਮਿਤੀ 21/5/2004, ਗੁਆਚ ਗਈ ਹੈ। ਜਿਸ ਕਿਸੇ ਨੂੰ ਵੀ ਇਹ ਮਿਲੇ, ਕਿਰਪਾ ਕਰਕੇ 9988173383 'ਤੇ ਸੰਪਰਕ ਕਰੋ ।

## ਆਮ ਸੂਚਨਾ

ਮੈਂ, ਸਾਹਿਬ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਜਵੰਦਾ ਕਲਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਭਤੀਜਾ ਰਾਜਵਿੰਦਰ ਸਿੰਘ ਪੁੱਤਰ ਸਵ: ਪ੍ਰਤਾਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ

## ਬੇਦਖਲੀ ਨੋਟਿਸ

ਅਸੀਂ ਜਰਨੈਲ ਸਿੰਘ ਪੁੱਤਰ ਮਹਿੰਗਾ ਰਾਮ ਵਾ ਦੇਵ ਕੌਰ ਪਤਨੀ ਜਰਨੈਲ ਸਿੰਘ ਦੋਵੇਂ ਵਾਸੀਆਨ ਪਿੰਡ ਡੱਲਾ ਤਹਿਸੀਲ ਫਿਲੌਰ (ਜਲੰਧਰ) ਸੂਚਿਤ ਕਰਦੇ ਹਾਂ ਕਿ ਸ਼ਰਨਪਾਲ ਸਾਡਾ ਲੜਕਾ, ਸੁਖਵਿੰਦਰ ਕੌਰ ਨੂੰਹ ਅਤੇ ਜਸਨੀਤ ਕੌਰ (ਪੋਤੀ) ਉਪਰੋਕਤ ਸਾਰੇ ਸਾਡੇ ਕਹਿਣੇ ਤੋਂ ਬਾਹਰ ਹਨ । ਅਸੀਂ ਉਕਤ ਸਾਰਿਆਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ । ਸਾਡਾ ਅਤੇ ਸਾਡੇ ਪਰਿਵਾਰ ਦਾ ਉਕਤ ਸਾਰਿਆਂ ਨਾਲ ਕੋਈ ਸੰਬੰਧ ਨਹੀਂ ਰਿਹਾ। ਉਕਤ ਸਾਰਿਆਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਚਰਨਜੀਤ ਕੌਰ ਵਿਧਵਾ ਲੇਟ ਸਰਦਾਰ ਕਰਨੈਲ ਸਿੰਘ ਵਾਸੀ ਵਾਰਡ ਨੰਬਰ 11 ਭਗਵਾਨਪੁਰਾ ਰੋਡ ਨਿਊ ਗਰੇਵਾਲ ਕਾਲੋਨੀ ਸਮਰਾਲਾ , ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੀ ਰਹਿਣ ਵਾਲੀ ਹਾਂ। ਮੇਰਾ ਲੜਕਾ ਜਗਜੀਤ ਸਿੰਘ ਤੇ ਉਸ ਦੀ ਪਤਨੀ ਜੋਤੀ ਰਾਣੀ ਲੰਮੇ ਅਰਸੇ ਤੋਂ ਨੰਗਲ ਵਿਖੇ ਰਹਿ ਰਹੇ ਹਨ। ਇਸ ਲਈ ਮੈਂ ਆਪਣੇ ਪੁੱਤਰ ਅਤੇ ਨੂੰਹ ਨੂੰ ਆਪਣੀ ਅਚੱਲ ਅਤੇ ਚੱਲ ਜਾਇਦਾਦ ਵਿੱਚੋਂ ਬੇਦਖਲ ਕਰ ਰਹੀ ਹਾਂ। ਇਹਨਾਂ ਦੋਵਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਹਰਜੀਤ ਸਿੰਘ ਪੁੱਤਰ ਸਰਦਾਰ ਸਿੰਘ ਵਾਸੀ ਲਾਧੂਪੁਰ ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਸਿਮਰਨਜੀਤ ਸਿੰਘ ਅਤੇ ਨੂੰਹ ਨਵਦੀਪ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਅਸੀਂ, ਕੁਲਵਿੰਦਰ ਸਿੰਘ ਪੁੱਤਰ ਗੁਰਬਖ਼ਸ਼ ਸਿੰਘ ਅਤੇ ਪਰਮਜੀਤ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀਆਨ ਪਿੰਡ ਹੀਰਾਪੁਰ, ਡਾਕਖਾਨਾ ਹੇਲਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸੁਖਜਿੰਦਰ ਸਿੰਘ ਅਤੇ ਸਾਡੀ ਨੂੰਹ ਸੁਖਵੀਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਜੋਗਾ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਮਕਾਨ ਨੰ. 1981, ਗਲੀ ਨੰ. 3, ਨਵੀਂ ਅਬਾਦੀ ਫੈਜਪੁਰਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਵੀਰ ਕੌਰ ਪਤਨੀ ਲੇਟ ਇੰਦਰਜੀਤ ਵਾਸੀ ਮਕਾਨ ਨੰ: 594, ਵਾਰਡ ਨੰ: 11, ਮੁੱਹਲਾ ਆਰਿਆ ਨਗਰ, ਕਰਤਾਰਪੁਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਰਨਜੀਤ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਬੀਰ ਰਾਜ ਪੁੱਤਰ ਗਿਆਨ ਚੰਦ ਵਾਸੀ ਪਿੰਡ ਕਿਲਾ ਦਰਸ਼ਨ ਸਿੰਘ, ਡਾਕਖਾਨਾ ਅਤੇ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਉਰਫ ਸੰਨੀ ਵਾ ਉਸਦੀ ਪਤਨੀ ਕੋਮਲ ਅਤੇ ਇਸਦਾ ਲੜਕਾ ਜੋਇਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## Change of Name

I Gurbir Kaur D/O Balraj Singh, W/O Ranjodh Singh R/O Village Khaira Kotli Po Bhikhariwal Tehsil Kalanaur District Gurdaspur State Punjab India Pincode 143520. I Have Changed My Name From Gurbir Kaur To Kaur Gurbir Surname As Kaur And Given Name As Gurbir.

I Manpreet Singh S/O Hardeep Singh R/O Village Naharpur Po Pakiwan Tehsil Kalanaur District Gurdaspur State Punjab India Pincode 143604 I Have Changed My Name From Manpreet Singh To Singh Manpreet Surname As Singh And Given Name As Manpreet.

I,Dilbag Singh S/O Sewa Singh R/O VPO Chananke Tehsil Baba Bakala Distt.Amritsar,Punjab have changed my name from Dilbag Singh to Dilbag as my Given name and Singh as my Surname. Concerned note.

I, Manjinder Singh S/o Major Singh R/o Village Jhungian PO Jandoli, Bassi Kalan Distt. Hoshiarpur Punjab declare that my name is Manjinder Singh. My surname is Singh and given name is Manjinder. Concerned note.

I, Kawaljit Kaur W/o Sukhdev Singh R/o 368, Patti Bhara Verka, Amritsar, Punjab-143501 have changed my name from Kawaljit Kaur to Kawaljeet Kaur.

I, Pawanpreet Singh S/o Satnam Singh R/o Dhadde, Amritsar, Punjab-143504 have changed my name from Pawanpreet Singh to Singh is my surname and Pawanpreet is my given name.

I, Kamlesh Kumari W/O Ramandeep Kumar R/O VPO. Samrai, Tehsil Phillaur, Distt. Jalandhar, Punjab, have changed the name of my minor daughter from Rehmat Kumari to Rehmat as given name and Kumari as surname. All concern may note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਸ਼ੈਰੀ ਕਲਸੀ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਮੌਕੇ 'ਤੇ ਕੀਤੀਆਂ ਹੱਲ

ਬਟਾਲਾ, (ਤਰਲੋਕ ਬੱਗਾ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਰੋਜ਼ਾਨਾ ਦੀ ਤਰ੍ਹਾਂ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਚਹੁੰਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕਾ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਬਟਾਲਾ ਵਾਸੀਆਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਮੁੱਖ ਮੰਤਰੀ ਪੰਜਾਬ ਵਲੋਂ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ।ਇਸੇ ਤਰ੍ਹਾਂ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਤੇ ਲਾਈਟਾਂ ਲਗਾਈਆਂ ਜਾ ਰਹੀਆਂ ਹਨ।ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ।ਸੁੱਖਾ ਸਿੰਘ-ਮਹਿਤਾਬ ਸਿੰਘ



ਚੌਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਇਆ ਗਿਆ ਹੈ।ਲੋਕਾਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਚੱਲ ਰਿਹਾ ਹੈ।ਇਸ ਤੋਂ ਇਲਾਵਾ ਹਲਕੇ ਦੇ ਪਿੰਡਾਂ ਅੰਦਰ ਵੀ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵਿਕਾਸ ਕਾਰਜ ਹੋਰ ਤੇਜ਼ੀ ਨਾਲ ਕਰਵਾਏ ਜਾਣਗੇ।

# ਜੀਪ ਨੇ ਪੇਸ਼ ਕੀਤਾ 'ਕੌਨਫੀਡੈਂਸ 7'

ਲੁਧਿਆਣਾ:ਜੀਪ ਇੰਡੀਆ ਨੇ ਭਾਰਤ ਵਿੱਚ ਲੰਬੇ ਸਮੇਂ ਦੀ ਐੱਸਯੂਵੀ ਮਾਲਕੀ ਨੂੰ ਮੁੜ ਪਰਿਭਾਸ਼ਿਤ ਕਰਨ ਦੇ ਉਦੇਸ਼ ਨਾਲ ਇੱਕ ਪ੍ਰੀਮੀਅਮ ਮਾਲਕੀ ਪ੍ਰੋਗਰਾਮ, ਜੀਪ ਕੌਨਫੀਡੈਂਸ 7 ਦੀ ਸ਼ੁਰੂਆਤ ਦਾ ਐਲਾਨ ਕੀਤਾ।ਵਿਸ਼ੇਸ਼ ਤੌਰ 'ਤੇ ਜੀਪ ਮੈਰੀਡੀਅਨ ਅਤੇ ਜੀਪ ਕੰਪਾਸ ਲਈ ਡਿਜ਼ਾਈਨ ਕੀਤੀ ਗਈ ਇਹ ਪਹਿਲ ਖਰੀਦ ਦੇ ਬਿੰਦੂ ਤੋਂ ਪਰ੍ਹੇ ਵਿਸ਼ਵ-ਪੱਧਰੀ ਗੁਣਵੱਤਾ, ਭਰੋਸੇਯੋਗਤਾ ਅਤੇ ਪੂਰੇ ਗਾਹਕ ਭਰੋਸੇ ਪ੍ਰਤੀ ਜੀਪ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਅੱਠ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੀਪ ਵਿਸ਼ਵਾਸ, ਸਹਿਣਸ਼ੀਲਤਾ ਅਤੇ ਸਾਰੀਆਂ-ਭੂਮੀ ਸਮਰੱਥਾਵਾਂ ਲਈ ਖੜ੍ਹੀ ਰਹੀ ਹੈ।

ਕੌਨਫੀਡੈਂਸ 7 ਦੇ ਨਾਲ ਇਹ ਵਿਰਾਸਤ ਹੁਣ ਗਾਹਕ ਦੀ ਮਾਲਕੀ ਯਾਤਰਾ ਦੇ ਹਰ ਪੜਾਅ ਵਿੱਚ ਫੈਲੀ ਹੋਈ ਹੈ।ਇਸ ਲਾਂਚ ਮੌਕੇ ਆਟੋਮੋਟਿਵ ਬ੍ਰਾਂਡਸ, ਸਟੈਲੈਂਟਿਸ ਇੰਡੀਆ ਦੇ ਬਿਜ਼ਨੈੱਸ ਹੈੱਡ ਅਤੇ ਡਾਇਰੈਕਟਰ ਕੁਮਾਰ ਪ੍ਰਿਯੇਸ਼ ਨੇ ਦੱਸਿਆ ਕਿ ਜੀਪ ਕੌਨਫੀਡੈਂਸ 7 ਜੀਪ ਦੀ ਵਿਰਾਸਤ ਵਿੱਚ ਨਿਹਿਤ ਇੱਕ ਉਨਤ, ਭਰੋਸੇਯੋਗ ਮਾਲਕੀ ਅਨੁਭਵ ਪ੍ਰਦਾਨ ਕਰਦਾ ਹੈ।


## Change of Name

I, Paramjit Singh Thethi Son of Mukhtar Singh R/o House No J-18/1002, Kot Mit Singh, Bhai Manjh Road, Near Railway Fatak, Tarn Taran Road, Amritsar have changed my name from Paramjit Singh Thethi to Paramjit Singh

I, Dilpreet Singh Bihal S/o Manwinder Singh holder of Indian Passport No.S0498910 Issued at Amritsar on 29.05.2018 R/o H.No.L-10/504, Gali No.4, Anteryami Colony, Amritsar Punjab India at presently residing at 22 Firefly RD Brampton, ON L6X 5G4 Ontario have changed my name from Dilpreet Singh to Dilpreet Singh Bihal

I, Monika Setia W/o Harjinder Singh R/o H.No.73-A, Gali No.9, Shaheed Udham Singh Colony Amritsar have changed my name from Monika Setia to Monika Arora

I, Ravinder Masih S/o William Masih R/o Village Dadwan PO Dhariwal Gurdaspur have declare that Ravinder is my Given name and Masih is my surname

I, Navdeep Singh S/o Kawaljit Singh R/o Village Bhaini Rajputan Amritsar have declare that Navdeep is my Given name and Singh is my Surname

I, Brinder Kaur W/O Parvinder Singh R/O H.no 221,Mohalla Karar Khan Jalandhar Have Changed My Name From Brinder To Brinder Kaur . Concerned Note.

## ਨਾਂਅ ਦੀ ਬਦਲੀ

ਮੈਂ ਰਮਨਦੀਪ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਕੈਂਡੋਵਾਲ ਡਾਕਖਾਨਾ ਰਾਮਪੁਰ ਝੰਜੋਵਾਲ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਨਬਾਲਗ ਬੱਚੇ ਤਰਨਦੀਪ ਸਿੰਘ ਦਾ ਨਾਮ ਬਦਲ ਕੇ ਸਿੰਘ ਤਰਨਦੀਪ ਰੱਖ ਲਿਆ ਹੈ। ਸਬੰਧਤ ਨੋਟ ਕਰਨ।


# ਖਾਲਸਾ ਕਾਲਜ ਆਫ ਨਰਸਿੰਗ ਵਿਖੇ ਜੋਸ਼ੋ-ਖਰੋਸ਼ ਨਾਲ ਮਨਾਈ ਲੋਹੜੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖ਼ਾਲਸਾ ਕਾਲਜ ਆਫ਼ ਨਰਸਿੰਗ ਵਿਖੇ ਲੋਹੜੀ ਦਾ ਤਿਉਹਾਰ ਬਹੁਤ ਉਤਸ਼ਾਹ ਅਤੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਸਹਿਯੋਗ ਸਦਕਾ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਕਾਲਜ ਕੈਂਪਸ ਗਰਾਊਂਡ 'ਚ ਢੋਲ ਦੇ ਡਗੇ 'ਤੇ ਵਿਦਿਆਰਥੀਆਂ ਨੇ ਧਮਾਲਾਂ ਪਾਉਂਦਿਆਂ ਲੋਹੜੀ ਦੇ ਤਿਉਹਾਰ ਦੀ ਖੁਸ਼ੀ ਸਾਂਝੀ ਕਰਦਿਆਂ ਰੀਤੀ-ਰਿਵਾਜਾਂ ਮੁਤਾਬਕ ਭੁੱਗਾ ਬਾਲਣ ਦੀ ਰਸਮ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੇ ਖੁਸ਼ੀ 'ਚ 'ਸੁੰਦਰ ਮੁੰਦਰੀਏ' ਅਤੇ 'ਆਈ-ਬੋ ਕਾਟਾ' ਦੇ ਗੀਤ ਗਾਏ।ਇਸ ਮੌਕੇ ਭੁੱਗੇ ਦੁਆਲੇ ਨੱਚਦੀਆਂ ਵਿਦਿਆਰਥਣਾਂ ਨੇ ਹਾਜ਼ਰ ਸਟਾਫ਼ ਨੂੰ ਨਾਲ ਨੱਚਣ 'ਤੇ ਮਜਬੂਰ ਕਰ ਦਿੱਤਾ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਕਿਹਾ ਕਿ ਲੋਹੜੀ ਚਾਵਾਂ ਅਤੇ ਖੁਸ਼ੀਆਂ ਨਾਲ ਪੰਜਾਬ ਸਮੇਤ ਸਮੂਹ ਦੇਸ਼ਾਂ 'ਚ 13 ਜਨਵਰੀ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਦੇ ਮੱਦੇਨਜ਼ਰ ਕਾਲਜ ਵਿਖੇ ਸਮੂਹ ਸਟਾਫ਼ ਸਮੇਤ ਲੋਹੜੀ ਦੇ ਤਿਉਹਾਰ ਦੀ ਖੁਸ਼ੀ ਸਾਂਝੀ ਕੀਤੀ ਗਈ ਹੈ।ਇਸ ਮੌਕੇ ਉਨ੍ਹਾਂ ਤਿਉਹਾਰਾਂ ਦੀ ਸੱਭਿਆਚਾਰਕ ਮਹੱਤਤਾ ਸਬੰਧੀ ਦੱਸਦਿਆਂ ਅਤੇ ਲੋਹੜੀ ਦੇ ਇਤਿਹਾਸ 'ਤੇ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਉਕਤ ਪ੍ਰੋਗਰਾਮ ਦਾ ਆਗਾਜ਼ ਸੁਧਾ ਅਤੇ ਵੰਦਨਾ ਵੱਲੋਂ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਆਧੁਨਿਕ ਯੁੱਗ 'ਚ ਲੜਕੀਆਂ ਪ੍ਰਤੀ ਸਮਾਜ ਨੂੰ ਆਪਣੀ ਵਿਚਾਰਧਾਰਾ ਬਦਲਣ ਦੀ ਲੋੜ ਹੈ, ਕਿਉਂਕਿ ਸਮਾਜ 'ਚ ਅਜੇ ਵੀ ਧੀਆਂ ਪ੍ਰਤੀ ਕਈ ਇਨਸਾਨਾਂ ਦੀ ਪੁਰਾਤਨ ਸੋਚ ਹੈ। ਇਸ ਲਈ ਸੋਚ ਨੂੰ ਬਦਲਦਿਆਂ ਧੀਆਂ ਨੂੰ ਬਰਾਬਰਤਾ ਦਾ ਦਰਜਾ ਦੇਣ ਲਈ ਅਜਿਹੇ ਲੋਕਾਂ ਨੂੰ ਸਮਾਜ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਦਿਆਂ ਪੁੱਤਾਂ ਵਾਂਗੂੰ ਧੀਆਂ ਦੀ ਵੀ ਲੋਹੜੀ ਮਨਾਉਣੀ ਚਾਹੀਦੀ ਹੈ।ਇਸ ਦੌਰਾਨ ਵਿਦਿਆਰਥੀਆਂ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਮੂੰਗਫਲੀ ਅਤੇ ਰਿਉੜੀਆਂ ਵੰਡੀਆਂ ਗਈਆਂ।ਇਸ ਮੌਕੇ ਉਕਤ ਕਾਲਜਾਂ 'ਚ ਸਮੂਹ ਸਟਾਫ਼ ਦੇ ਨਾਲ ਵਿਦਿਆਰਥੀ ਵੀ ਮੌਜੂਦ ਸਨ।

## ਜਨਮ ਦਿਨ ਮੁਬਾਰਕ



ਹਰਲੀਵ ਕੌਰ
ਪਟਿਆਲਾ

## ਵਰ੍ਹੇਗੰਢ ਮੁਬਾਰਕ



ਮਨਜਿੰਦਰ ਸਿੰਘ ਅਤੇ ਦਲਜੀਤ ਕੌਰ ਵਾਸੀ ਇੰਗਲੈਂਡ ਨੇ ਵਿਆਹ ਦੀ ਤੀਸਰੀ ਵਰ੍ਹੇਗੰਢ ਮਨਾਈ।

# ਯੂਨੀਵਰਸਿਟੀ ਨੇੜੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

**ਆਦਮਪੁਰ (ਪਰਮਜੀਤ ਸਿੰਘ)**- ਜਲੰਧਰ ਵਿਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ।ਇਥੋਂ ਦੇ ਆਦਮਪੁਰ ਵਿਖੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਨੇੜੇ ਦਿਨ-ਦਿਹਾੜੇ ਇਕ ਨੌਜਵਾਨ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।ਮ੍ਰਿਤਕ ਦੀ ਪਛਾਣ ਕੇਸਰ ਸਿੰਘ ਧਾਮੀ (26) ਪੁੱਤਰ ਦਲਬੀਰਸਿੰਘ ਵਾਸੀ ਸੰਧਰਾ ਸੋਦੀਆਂ ਵਜੋਂ ਹੋਈ ਹੈ। ਉਕਤ ਘਟਨਾ ਦੌਰਾਨ ਮੌਕੇ 'ਤੇ ਨੇੜੇ ਭੀੜ ਇਕੱਠੀ ਹੋ ਗਈ, ਜਿਸ ਨੇ ਆਦਮਪੁਰ ਪੁਲਸ ਸਟੇਸ਼ਨ ਨੂੰ ਸੂਚਿਤ ਕੀਤਾ।ਪੁਲਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ।ਡੀ. ਐੱਸ. ਪੀ. ਰਾਜੀਵ ਕੁਮਾਰ ਨੇ ਦੱਸਿਆ ਕਿ ਕੇਸਰ ਧਾਮੀ ਆਪਣੇ ਦੋ ਦੋਸਤਾਂ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ।ਜਦੋਂ ਉਹ ਆਦਮਪੁਰ ਵਿੱਚ ਸੰਤ ਬਾਬਾ ਭਾਗ ਸਿੰਘ



ਯੂਨੀਵਰਸਿਟੀ ਨੇੜੇ ਪਹੁੰਚੇ ਤਾਂ ਦੂਜੇ ਪਾਸਿਓਂ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨ ਜੱਸਾ ਡਰੋਲੀ ਅਤੇ ਉਸ ਦੇ ਸਾਥੀ ਚੰਦਨ ਪੰਡਤ ਨੇ ਕੇਸਰ ਧਾਮੀ ਦੇ ਮੋਟਰਸਾਈਕਲ ਵਿਚ ਟੱਕਰ ਮਾਰ ਦਿੱਤੀ।ਇਸ ਦੌਰਾਨ ਜੱਸਾ ਡਰੋਲੀ ਕਲਾਂ ਨੇ ਕੇਸਰ ਸਿੰਘ ਧਾਮੀ ਦੇ ਸਿਰ ਵਿਚ ਗੋਲ਼ੀਆਂ ਮਾਰੀਆਂ ਅਤੇ ਮੌਕੇ ਤੋਂ ਫਰਾਰ ਹੋ ਗਏ।ਕੇਸਰ ਸਿੰਘ ਧਾਮੀ ਨੂੰ ਹਸਪਤਾਲ ਵਿੱਚ ਲੈ ਕੇ ਆਉਂਦੇ ਹੋਏ ਉਸ ਦੀ ਰਸਤੇ ਵਿੱਚ ਹੀ ਮੌਤ ਹੋ ਗਈ।ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਦੇ ਦੂਜੇ ਗੇੜ ਦੀ ਸ਼ੁਰੂਆਤ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਦੀ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਮੋਹਾਲੀ ਦੇ ਕਾਲਕਟ ਭਵਨ (ਕਿਸਾਨ ਵਿਕਾਸ ਚੈਂਬਰ) ਤੋਂ ਰਾਜ ਸਰਕਾਰ ਦੀ ਪ੍ਰਮੁੱਖ ਮੁਹਿੰਮ 'ਸਾਡੇ ਬਜ਼ੁਰਗ, ਸਾਡਾ ਮਾਣ' ਦੇ ਦੂਜੇ ਗੇੜ ਦੀ ਸ਼ੁਰੂਆਤ ਕੀਤੀ।ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਬਜ਼ੁਰਗਾਂ ਨੂੰ ਸਵੈਮਾਣ, ਸੁਰੱਖਿਆ ਅਤੇ ਸਮਾਜਿਕ ਸੰਭਾਲ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਸਮਾਰੋਹ ਨੂੰ ਸੰਬੋਧਨ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਨੂੰ ਸਨਮਾਨਯੋਗ ਅਤੇ ਸੁਰੱਖਿਅਤ ਜੀਵਨ ਮੁਹੱਈਆ ਕਰਵਾਉਣ ਲਈ ਦ੍ਰਿੜ ਹੈ। 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਦੇ ਦੂਜੇ ਗੇੜ ਤਹਿਤ 786 ਲੱਖ ਰੁਪਏ ਦੀ ਰਕਮ ਜ਼ਿਲ੍ਹਾ ਪੱਧਰੀ ਕੈਂਪਾਂ ਲਈ ਰੱਖੀ ਗਈ ਹੈ, ਤਾਂ ਜੋ ਬਜ਼ੁਰਗਾਂ ਨੂੰ ਘਰ ਦੇ ਨਜ਼ਦੀਕ ਸੇਵਾਵਾਂ ਦਿੱਤੀਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਪਹਿਲੇ ਗੇੜ ਦੌਰਾਨ, ਜੋ 2023 ਵਿੱਚ ਸ਼ੁਰੂ ਕੀਤਾ ਗਿਆ ਸੀ, 20,210 ਬਜ਼ੁਰਗਾਂ ਦੀ ਰਜਿਸਟ੍ਰੇਸ਼ਨ ਹੋਈ। ਉਨ੍ਹਾਂ ਕਿਹਾ ਕਿ ਇਹ ਵੱਡੀ



ਭਾਗੀਦਾਰੀ ਸਰਕਾਰ ਦੀਆਂ ਭਲਾਈ ਯੋਜਨਾਵਾਂ 'ਤੇ ਲੋਕਾਂ ਦੇ ਭਰੋਸੇ ਨੂੰ ਦਰਸਾਉਂਦੀ ਹੈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਦੂਜੇ ਗੇੜ ਤਹਿਤ 2 ਤੋਂ 18 ਫਰਵਰੀ ਤੱਕ ਪੰਜਾਬ ਦੇ ਬਾਕੀ ਸਾਰੇ ਜ਼ਿਲ੍ਹਿਆਂ ਵਿੱਚ ਕੈਂਪ ਲਗਾਏ ਜਾਣਗੇ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਅੱਖਾਂ ਦੀ ਜਾਂਚ, ਮੋਤੀਆਬਿੰਦ ਜਾਂਚ, ਕੰਨ-ਨੱਕ-ਗਲੇ ਅਤੇ ਹੱਡੀਆਂ ਦੇ ਮਾਹਿਰ ਡਾਕਟਰਾਂ ਦੀ ਸੇਵਾ, ਗੈਰ-ਸੰਚਾਰੀ ਬਿਮਾਰੀਆਂ ਅਤੇ ਡਿਮੈਂਸ਼ੀਆ ਦੀ ਸਕ੍ਰੀਨਿੰਗ, ਹੋਮਿਓਪੈਥੀ ਅਤੇ ਆਯੁਰਵੇਦਿਕ ਇਲਾਜ ਦੀ ਸੁਵਿਧਾ ਦਿੱਤੀ ਜਾ ਰਹੀ ਹੈ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਵਿੱਚ 23.33 ਲੱਖ ਤੋਂ ਵੱਧ ਬਜ਼ੁਰਗ ਮਹੀਨਾਵਾਰ ਪੈਨਸ਼ਨ ਦਾ ਲਾਭ ਲੈ ਰਹੇ ਹਨ ਅਤੇ 2025-26 ਦੇ ਬਜਟ ਵਿੱਚ ਪੈਨਸ਼ਨ ਯੋਜਨਾਵਾਂ ਲਈ 4,100 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।ਡੇਰਾਬੱਸੀ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੀ ਸਮਾਗਮ ਨੂੰ ਸੰਬੋਧਨ ਕਰਦਿਆਂ ਬਜ਼ੁਰਗਾਂ ਦੀ ਭਲਾਈ ਲਈ ਸਰਕਾਰ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਕਲਿਆਣ ਵਿਭਾਗ ਦੀ ਡਾਇਰੈਕਟਰ ਸ਼੍ਰੀਮਤੀ ਵਿਮੀ ਭੁੱਲਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮੁਹਿੰਮ ਦੇ ਦੂਜੇ ਗੇੜ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ।

# ਲੰਗੇਰੀ ਵਿਖੇ ਸਾਲਾਨਾ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)** ਰੋਜਾ ਸਖ਼ੀ ਸੁਲਤਾਨ ਲੱਖ ਦਾਤਾ ਲਾਲਾਂ ਵਾਲਾ ਪੀਰ ਪਿੰਡ ਲੰਗੇਰੀ ਵਿਖੇ ਸਾਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਸੁਖਵੀਰ ਸ਼ਾਹ ਕਾਦਰੀ ਦੀ ਰਹਿਨੁਮਾਈ, ਸਮੂਹ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਮੇਲੇ ਵਿਚ ਭਰਤ ਚੁੰਬਰ, ਮਨੀ ਯੂ ਕੇ, ਰਿੰਕੂ ਸਪੇਨ, ਜਗਦੀਸ਼ ਗਰੀਸ, ਕੁਲਵਿੰਦਰ ਕੁਵੈਤ, ਨੀਰਜ਼ ਇਟਲੀ, ਪ੍ਰਦੀਪ ਇਟਲੀ, ਤੇਲੂ ਰਾਮ, ਬਬਲੂ, ਸੋਢੀ, ਹੈਪੀ, ਜਿੰਦਰ, ਰਾਹੁਲ, ਭਿੰਦਾ, ਜੱਗੀ ਦਾ ਵਿਸ਼ੇਸ਼ ਯੋਗਦਾਨ ਰਿਹਾ।ਦਰਬਾਰ ਦੀਆਂ ਧਾਰਮਿਕ ਰਸਮਾਂ ਚਿਰਾਗਾਂ ਦੀ ਰਸਮ, ਝੰਡੇ ਦੀ ਰਸਮ, ਚਾਦਰ ਦੀ



ਰਸਮ ਅਦਾ ਕੀਤੀ ਗਈ। ਨਾਮਵਰ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ।ਵੱਖ ਵੱਖ ਦਰਬਾਰਾਂ ਤੋਂ ਬਾਬਾ ਜੋਗਿੰਦਰ ਸ਼ਾਹ ਢੰਢੂਹਾ, ਬਾਬਾ ਪਵਨ ਕੁਮਾਰ ਗੁਣਾਚੌਰ, ਸਾਈਂ ਸੁਰਿੰਦਰ ਪਾਲ ਝੰਡੇਰ ਖੁਰਦ, ਬਾਬਾ ਤੇਜ਼ੀ ਸ਼ਾਹ ਝੰਡੇਰ ਖੁਰਦ, ਬਾਬਾ ਕਮਲਜੀਤ ਢੰਢੂਹਾ, ਬਾਬਾ ਦਲਵੀਰ ਲੰਗੇਰੀ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ।ਗੱਦੀ ਨਸ਼ੀਨ ਸਾਈਂ ਸੁਖਵੀਰ ਸ਼ਾਹ ਕਾਦਰੀ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਸੁਰਜੀਤ ਕੁਮਾਰ, ਰਾਜ ਕੁਮਾਰ, ਜਸਵਿੰਦਰ ਕੁਮਾਰ ਪੰਚ, ਤਾਰਾ ਚੰਦ, ਚਮਨ ਲਾਲ, ਪਰਗਣ, ਰਮਨ, ਰਾਮ ਕਿਸ਼ਨ ਪੰਚ, ਸੁੱਖੀ ਮੋਰੋਂ, ਗੁਰਪ੍ਰੀਤ, ਮਨਦੀਪ ਆਦਿ ਹਾਜ਼ਰ ਸਨ।

# ਕੁਲਜੀਤ ਸਿੰਘ ਰੰਧਾਵਾ ਸ੍ਰੀ ਖਾਟੂ ਸ਼ਿਆਮ ਮੰਦਰ 'ਚ ਸ੍ਰੀ ਰਾਮ ਕਥਾ 'ਚ ਹੋਏ ਨਤਮਸਤਕ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਮੋਰਠੀਕਰੀ ਦੀ ਸ਼ਿਵਜੋਤ ਕਲੋਨੀ ਵਿੱਚ ਸਥਿਤ ਸ਼੍ਰੀ ਖਾਟੂ ਸ਼ਿਆਮ ਮੰਦਰ ਵਿੱਚ ਆਯੋਜਿਤ ਸ਼੍ਰੀ ਰਾਮ ਕਥਾ ਵਿੱਚ ਸ਼ਿਰਕਤ ਕਰਦਿਆਂ ਮੱਥਾ ਟੇਕ ਕੇ ਪ੍ਰਭੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਦੌਰਾਨ ਉਨ੍ਹਾਂ ਨੇ ਸੰਗਤ ਨਾਲ ਮਿਲ ਕੇ ਧਾਰਮਿਕ ਖੁਸ਼ੀਆਂ ਸਾਂਝੀਆਂ ਕੀਤੀਆਂ



ਅਤੇ ਕਥਾ ਦੇ ਪਾਵਨ ਪ੍ਰਸੰਗਾਂ ਨੂੰ ਸ਼ਰਧਾ ਭਾਵ ਨਾਲ ਸ੍ਰਵਣ ਕੀਤਾ।ਇਸ ਮੌਕੇ ਜਗਤ ਗੁਰੂ ਵਿਕਾਸ ਦਾਸ ਮਹਾਰਾਜ ਵੱਲੋਂ ਪ੍ਰਦਾਨ ਕੀਤੇ ਗਏ ਆਸ਼ੀਰਵਾਦ ਸਬੰਧੀ ਸ੍ਰੀ ਰੰਧਾਵਾ ਨੇ ਉਨ੍ਹਾਂ ਦਾ ਹਿਰਦੇ ਤੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਨਾਲ ਸਮਾਜਿਕ ਤੇ ਅਧਿਆਤਮਿਕ ਵਿਸ਼ਿਆਂ 'ਤੇ ਵਿਚਾਰ-ਚਰਚਾ ਵੀ ਕੀਤੀ।ਉਨ੍ਹਾਂ ਕਿਹਾ ਕਿ ਸ਼੍ਰੀ ਰਾਮ ਕਥਾ ਵਰਗੇ ਧਾਰਮਿਕ ਆਯੋਜਨ ਸਮਾਜ ਵਿੱਚ ਸਹਿਮਤ, ਭਾਈਚਾਰੇ ਅਤੇ ਨੈਤਿਕ ਮੁੱਲਾਂ ਨੂੰ ਮਜ਼ਬੂਤ ਕਰਦੇ ਹਨ।ਅੰਤ ਵਿੱਚ ਉਨ੍ਹਾਂ ਨੇ ਕਾਮਨਾ ਕੀਤੀ ਕਿ ਪ੍ਰਭੂ ਸ਼੍ਰੀ ਰਾਮ ਜੀ ਦੀ ਕਿਰਪਾ ਸਦਾ ਸਭ 'ਤੇ ਬਣੀ ਰਹੇ ਅਤੇ ਇਲਾਕੇ ਵਿੱਚ ਸੁੱਖ-ਸ਼ਾਂਤੀ ਤੇ ਖੁਸ਼ਹਾਲੀ ਕਾਇਮ ਰਹੇ।ਇਸ ਮੌਕੇ ਸਰਪੰਚ ਕੀਰਤ, ਬਲਾਕ ਸੰਮਤੀ ਮੈਂਬਰ ਮੁਕੇਸ਼ ਕਮਲ ਸਮੇਤ ਟੀਮ ਹਾਜ਼ਰ ਰਹੀ।

# ਸੜਕ ਸੁਰੱਖਿਆ ਮਹੀਨੇ ਤਹਿਤ ਅੱਖਾਂ ਦਾ ਚੈੱਕਅੱਪ ਕੈਂਪ ਲਾਇਆ



**ਜਲੰਧਰ (ਸੁਰਿੰਦਰ ਕੁਮਾਰ)** ਸੜਕ ਹਾਦਸਿਆਂ ਨੂੰ ਰੋਕਣ ਅਤੇ ਆਮ ਲੋਕਾਂ ਵਿੱਚ ਸੜਕ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨਾ-2026 ਤਹਿਤ ਰੀਜਨਲ ਟਰਾਂਸਪੋਰਟ ਦਫ਼ਤਰ ਵੱਲੋਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਅਤੇ ਸਿਵਲ ਹਸਪਤਾਲ ਦੇ ਸਹਿਯੋਗ ਨਾਲ ਅੱਖਾਂ ਦਾ ਵਿਸ਼ੇਸ਼ ਜਾਂਚ ਕੈਂਪ ਲਗਾਇਆ ਗਿਆ, ਜਿਸ ਦੌਰਾਨ 76 ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ।ਸਥਾਨਕ ਰੈਡ ਕਰਾਸ ਭਵਨ ਵਿਖੇ ਲਗਾਏ ਗਏ ਕੈਂਪ ਬਾਰੇ ਦੱਸਦਿਆਂ ਰੀਜਨਲ ਟਰਾਂਸਪੋਰਟ ਅਫ਼ਸਰ ਅਮਨਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨੇ ਤਹਿਤ ਵਾਹਨ ਚਾਲਕਾਂ ਦੀਆਂ ਅੱਖਾਂ ਦੀ ਜਾਂਚ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਇਸ ਮੌਕੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਨ ਅਤੇ ਵਾਹਨ ਚਾਲਕਾਂ ਨੂੰ ਆਪਣੀਆਂ ਅੱਖਾਂ ਦੀ ਨਿਯਮਿਤ ਤੌਰ 'ਤੇ ਜਾਂਚ ਕਰਵਾਉਣ ਦੀ ਅਪੀਲ ਵੀ ਕੀਤੀ। ਸਹਾਇਕ ਰੀਜ਼ਨਲ ਟਰਾਂਸਪੋਰਟ ਅਫ਼ਸਰ ਵਿਸ਼ਾਲ ਗੋਇਲ ਨੇ ਵਾਹਨ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਸੁਰਜੀਤ ਲਾਲ ਅਤੇ ਸੁਸਾਇਟੀ ਦਾ ਹੋਰ ਸਟਾਫ਼ ਵੀ ਮੌਜੂਦ ਸੀ।

# ਸਲੋਨੀ ਨੇ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ 'ਚ ਪੰਜਾਬ ਦੀ ਕੀਤੀ ਨੁਮਾਇੰਦਗੀ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਗ ਸਿੰਘ ਯੂਨੀਵਰਸਿਟੀ ਦੀ ਐਮ ਏ. ਅੰਗਰੇਜ਼ੀ ਸਾਹਿਤ ਦੀ ਆਖ਼ਰੀ ਸਾਲ ਦੀ ਵਿਦਿਆਰਥਣ ਸਲੋਨੀ ਨੇ ਪ੍ਰਸਿੱਧ ਰਾਸ਼ਟਰੀ ਯੁਵਾ ਮਹੋਤਸਵ ਅਤੇ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ ਵਿੱਚ ਪੰਜਾਬ ਰਾਜ ਦੀ ਨੁਮਾਇੰਦਗੀ ਕੀਤੀ।ਇਹ ਰਾਸ਼ਟਰੀ ਪਹਿਲ ਵਿਕਸਿਤ ਭਾਰਤ ਵਿਜ਼ਨ ਅਧੀਨ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਨਾਲ ਜੋੜਨ ਲਈ ਆਯੋਜਿਤ ਕੀਤੀ ਗਈ ਸੀ।ਦੇਸ਼ ਭਰ ਦੇ 50 ਲੱਖ ਤੋਂ ਵੱਧ ਵਿਦਿਆਰਥੀਆਂ ਵਿੱਚੋਂ ਚੁਣੀ ਗਈ ਸਲੋਨੀ ਨੇ ਭਾਰਤ ਦੀ ਸਾਫ਼ਟ ਪਾਵਰ ਵਿਸ਼ੇ 'ਤੇ ਆਪਣੀ ਪੀ ਪੀ ਟੀ ਪ੍ਰਸਤੁਤੀ ਰਾਹੀਂ ਪੰਜਾਬ ਦੀ ਨੁਮਾਇੰਦਗੀ ਕੀਤੀ। ਉਸਨੇ ਭਾਰਤ ਦੀ ਸੱਭਿਆਚਾਰਕ ਵਿਰਾਸਤ, ਸੱਭਿਆਚਾਰਕ ਕੂਟਨੀਤੀ, ਨੈਤਿਕ ਨੇਤ੍ਰਤਵ ਅਤੇ ਵਿਸ਼ਵ ਮੰਚ 'ਤੇ ਭਾਰਤ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਵਿੱਚ ਨੌਜਵਾਨਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ।ਰਾਜ ਪੱਧਰ 'ਤੇ ਚੁਣੇ ਗਏ



ਵਿਦਿਆਰਥੀਆਂ ਲਈ ਆਯੋਜਿਤ ਸਮਾਰੋਹ ਪੰਜਾਬ ਦੇ ਮਾਣਯੋਗ ਰਾਜਪਾਲ ਦੀ ਅਗਵਾਈ ਹੇਠ ਹੋਇਆ।ਰਾਸ਼ਟਰੀ ਪੱਧਰ 'ਤੇ ਇਹ ਕਾਰਜਕ੍ਰਮ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਹੋਇਆ, ਜਿਨ੍ਹਾਂ ਨੇ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਲਈ ਯੁਵਾ ਨੇਤ੍ਰਤਵ ਅਤੇ ਨਵੀਨਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਸ ਮੌਕੇ ਰੱਖਿਆ ਮੰਤਰੀ ਰਾਜਨਾਥ ਸਿੰਘ, ਸ਼ਿਵਰਾਜ ਸਿੰਘ ਚੌਹਾਨ ਅਤੇ ਭਾਰਤ ਸਰਕਾਰ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵਰਗੇ ਸੀਨੀਅਰ ਕੇਂਦਰੀ ਨੇਤਾ ਵੀ ਹਾਜ਼ਰ ਰਹੇ।ਮਾਣਯੋਗ ਕੇਂਦਰੀ ਮੰਤਰੀ ਸ਼੍ਰੀ ਹਰਦੀਪ ਸਿੰਘ ਪੁਰੀ ਨੇ ਵੀ ਚੁਣੇ ਗਏ ਵਿਦਿਆਰਥੀਆਂ ਨਾਲ ਸੰਵਾਦ ਕੀਤਾ।ਇਸ ਪ੍ਰਤਿਸ਼ਠਿਤ ਰਾਸ਼ਟਰੀ ਮੰਚ 'ਤੇ ਸਲੋਨੀ ਦੀ ਭਾਗੀਦਾਰੀ ਨੇ ਸੰਤ ਬਾਬਾ ਭਗ ਸਿੰਘ ਯੂਨੀਵਰਸਿਟੀ ਅਤੇ ਪੰਜਾਬ ਰਾਜ ਨੂੰ ਮਾਣ ਮਹਿਸੂਸ ਕਰਵਾਇਆ।

# ਅਸ਼ੋਕ ਮਿੱਤਲ ਵੱਲੋਂ ਹਲਕਾ ਜਲੰਧਰ ਕੈਂਟ 'ਚ ਆਮ ਆਦਮੀ ਪਾਰਟੀ ਦੇ ਨਵੇਂ ਦਫ਼ਤਰ ਦਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ)**- ਹਲਕਾ ਜਲੰਧਰ ਕੈਂਟ ਵਿੱਚ ਆਮ ਆਦਮੀ ਪਾਰਟੀ ਦੇ ਨਵੇਂ ਦਫ਼ਤਰ ਦਾ ਉਦਘਾਟਨ ਸੰਸਦ ਮੈਂਬਰ ਅਸ਼ੋਕ ਮਿੱਤਲ ਵੱਲੋਂ ਰਸਮੀ ਤੌਰ 'ਤੇ ਕੀਤਾ ਗਿਆ।ਇਸ ਮੌਕੇ ਹਲਕਾ ਇੰਚਾਰਜ ਮੈਡਮ ਰਾਜਵਿੰਦਰ ਕੌਰ ਥਿਆੜਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਦਫ਼ਤਰ ਦੇ ਉਦਘਾਟਨ ਉਪਰੰਤ ਰਿਬਨ ਕੱਟਣ ਤੋਂ ਬਾਅਦ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਪਾਰਟੀ ਹੈ ਅਤੇ ਇਹ ਦਫ਼ਤਰ ਹਲਕੇ ਦੇ ਲੋਕਾਂ ਲਈ ਇੱਕ ਮਜ਼ਬੂਤ ਕੇਂਦਰ ਵਜੋਂ ਕੰਮ ਕਰੇਗਾ। ਉਨ੍ਹਾਂ ਨੇ ਦੱਸਿਆ ਕਿ



ਪਾਰਟੀ ਦਾ ਮੁੱਖ ਮਕਸਦ ਸਾਫ਼-ਸੁਥਰੀ ਅਤੇ ਇਮਾਨਦਾਰ ਰਾਜਨੀਤੀ ਨੂੰ ਅੱਗੇ ਵਧਾਉਣਾ ਹੈ। ਉਦਘਾਟਨ ਸਮਾਰੋਹ ਦੌਰਾਨ ਪਾਰਟੀ ਦੇ ਕਈ ਸੀਨੀਅਰ ਆਗੂ, ਕੌਂਸਲਰ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।ਇਸ ਮੌਕੇ ਸੁਭਾਸ਼ ਭਗਤ (ਹਲਕਾ ਸੰਗਠਨ ਇੰਚਾਰਜ ਜਲੰਧਰ ਕੈਂਟ), ਕੌਂਸਲਰ ਲੱਕੀ ਦਾਦਰਾ, ਕੌਂਸਲਰ ਅਨੂਪ ਕੌਰ, ਐਚ ਪੀ ਸਿੰਘ, ਕੌਂਸਲਰ ਰਾਜੇਸ਼ ਭੱਟੀ, ਕੌਂਸਲਰ ਮਿੰਟੂ ਜੁਨੇਜਾ, ਕੌਂਸਲਰ ਮੋਂਟੂ ਸਭਰਵਾਲ, ਪ੍ਰਨੀਤ ਸਿੰਘ, ਪ੍ਰਿੰਸ ਬਾਘਾ, ਰਿੱਕੀ ਮਨੋਚਾ, ਇੰਦਰਵਾਸ਼ ਚੱਢਾ, ਆਤਮ ਪ੍ਰਕਾਸ਼ ਬਾਬਲੂ, ਅਜੈ ਸ਼ਰਮਾ ਅਤੇ ਰੌਕੀ ਖੰਬਰਾ ਸਮੇਤ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ।

# ਲੋੜਵੰਦਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੋਕ ਭਲਾਈ ਬਾਪੂ ਮੰਡਲ ਬਣਿਆ ਸਹਾਰਾ

**ਫਗਵਾੜਾ (ਡਾ. ਰਮਨ)** ਮਹਾਰਾਜਾ ਰਣਜੀਤ ਸਿੰਘ ਦੇ ਮਾਰਗ 'ਤੇ ਚੱਲਦਿਆਂ ਲੋਕ ਭਲਾਈ ਦੇ ਕੰਮਾਂ 'ਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਵਾਲੀ ਲੋਕ ਭਲਾਈ ਬਾਪੂ ਮੰਡਲ ਫਗਵਾੜਾ ਇਲਾਕੇ ਦੇ ਜ਼ਰੂਰਤਮੰਦ ਲੋਕਾਂ ਦੀ ਮੱਦਦ ਲਈ ਹਮੇਸ਼ਾ ਯਤਨਸ਼ੀਲ ਹੋ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋਂ ਇਸੇ ਲੜੀ ਤਹਿਤ ਮੁੱਹਲਾ ਭਗਤਪੁਰਾ ਵਿਖੇ ਪੂਜਾ, ਮੀਨਾਕਸ਼ੀ, ਦਰਸ਼ਨਾ ਰਾਣੀ, ਗੀਤਾ ਆਦਿ ਨੂੰ ਘਰੈਲੂ ਰਾਸ਼ਨ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਦੀ ਘਰੈਲੂ ਜ਼ਰੂਰਤ ਨੂੰ ਪੂਰਾ ਕੀਤਾ ਜਾ ਸਕੇ ਸਮੂਹ ਪਰਵਾਰਾਂ ਨੇ



ਸੰਸਥਾ ਦੇ ਇਸ ਉੱਦਮ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਸੋਹਣ ਸਿੰਘ, ਤਰਲੋਚਣ ਸਿੰਘ, ਸੁਖਦੇਵ ਸਿੰਘ, ਜਤਿੰਦਰ ਸ਼ਰਮਾ, ਬਲਦੇਵ ਸਿੰਘ, ਸੰਤੋਖ ਸਿੰਘ, ਨਰਿੰਦਰ ਸਿੰਘ, ਆਰ ਐਲ ਜੱਸੀ, ਸੁਖਪਾਲ ਸਿੰਘ, ਹਰਵਿੰਦਰ ਸਿੰਘ, ਹਰਵਿੰਦਰ ਸੈਣੀ, ਡਾ ਰਮਨ, ਸੰਜੀਵ ਸ਼ਰਮਾ ਟੀਟੂੰ, ਜੀਤ ਦਾਸ, ਮੱਖਣ ਸਿੰਘ ਤੋ ਇਲਾਵਾ ਹੋਰ ਮੈਂਬਰ ਵੀ ਮੌਜੂਦ ਸਨ।

# ਗਹੂੰਣ ਰੋਡ ਕਲਾਥ ਹਾਊਸ 'ਚ ਲੱਖਾਂ ਦੀ ਚੋਰੀ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਸ਼ਹਿਰ ਵਿੱਚ ਚੋਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਹੁਣ ਮੁੱਖ ਬਾਜ਼ਾਰਾਂ ਵਿੱਚ ਵੀ ਦੁਕਾਨਾਂ ਸੁਰੱਖਿਅਤ ਨਹੀਂ ਰਹੀਆਂ। ਬੀਤੀ ਰਾਤ ਚੋਰਾਂ ਵੱਲੋਂ ਗਹੂੰਣ ਰੋਡ 'ਤੇ ਸਥਿਤ ਕਾਲੂ ਘਾਈ ਦੀ ਹੱਟੀ ਕਲੋਥ ਹਾਊਸ ਮਾਲਕ ਹੇਮਾਂਸ਼ੂ ਪੁੱਤਰ ਰਾਜਕੁਮਾਰ ਨੂੰ ਨਿਸ਼ਾਨਾ



ਬਣਾਉਂਦੇ ਹੋਏ ਵੱਡੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਜਾਣਕਾਰੀ ਅਨੁਸਾਰ, ਦੁਕਾਨ ਮਾਲਕ ਹੇਮਾਸ਼ੂ ਜਦੋਂ ਅੱਜ ਸਵੇਰੇ ਆਪਣੀ ਦੁਕਾਨ 'ਤੇ ਪਹੁੰਚਿਆ ਤਾਂ ਦੇਖਿਆ ਕਿ ਦੁਕਾਨ ਦੇ ਤਾਲੇ ਟੁੱਟੇ ਹੋਏ ਸਨ ਅਤੇ ਅੰਦਰ ਸਾਰਾ ਸਾਮਾਨ ਖਿੱਲਰਿਆ ਪਿਆ ਸੀ। ਚੋਰ ਦੁਕਾਨ ਵਿੱਚੋਂ ਕੀਮਤੀ ਕੱਪੜੇ ਲੈ ਗਏ। ਪੀੜਤ ਦੁਕਾਨਦਾਰ ਅਨੁਸਾਰ ਇਸ ਚੋਰੀ ਕਾਰਨ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ।ਵਾਰਦਾਤ ਦੀ ਸੂਚਨਾ ਮਿਲਦੇ ਹੀ ਐਸ ਐਚ ਓ ਸਿਟੀ ਬਲਾਚੌਰ ਰਾਮਪਾਲ, ਏ ਐਸ ਆਈ ਲਖਬੀਰ ਚੰਦ ਪਹੁੰਚੇ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਪੁਲਸ ਵੱਲੋਂ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਸ਼ਹਿਰ ਦੇ ਦੁਕਾਨਦਾਰਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਾਤ ਸਮੇਂ ਗਸ਼ਤ ਵਧਾਈ ਜਾਵੇ ਅਤੇ ਚੋਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਇਨਸਾਫ ਦਿੱਤਾ ਜਾਵੇ।

# ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਦਾ ਸ਼ਤਰੰਜ ਟੂਰਨਾਮੈਂਟਾਂ 'ਚ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ, ਕੈਂਟ ਜੰਡਿਆਲਾ ਰੋਡ ਅਤੇ ਨੂਰਪੁਰ ਰੋਡ ਆਪਣੇ ਯੁਵਾ ਸ਼ਤਰੰਜ ਖਿਡਾਰੀਆਂ ਦੀਆਂ ਸ਼ਾਨਦਾਰ ਉਪਲਬਧੀਆਂ 'ਤੇ ਮਾਣ ਮਹਿਸੂਸ ਕਰਦਾ ਹੈ, ਜਿਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ।ਕੈਂਟ ਜੰਡਿਆਲਾ ਰੋਡ ਦੇ ਵਿਦਿਆਰਥੀ ਸ਼੍ਰੇਯਾਂਸ਼ ਜੈਨ ਨੇ 69ਵੇਂ ਨੈਸ਼ਨਲ ਸਕੂਲ ਗੇਮਜ਼ (ਸ਼ਤਰੰਜ) ਵਿੱਚ ਅੰਡਰ-14 ਬੋਆਇਜ਼ ਸ਼੍ਰੇਣੀ ਵਿੱਚ ਚੌਥਾ ਸਥਾਨ ਪ੍ਰਾਪਤ ਕਰਕੇ ਆਪਣੀ ਅਸਾਧਾਰਨ ਕਲਾ ਅਤੇ ਰਣਨੀਤਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਹ ਪ੍ਰਤਿਸ਼ਠਿਤ ਟੂਰਨਾਮੈਂਟ 13 ਜਨਵਰੀ ਤੋਂ 16 ਜਨਵਰੀ ਤੱਕ ਰਾਂਚੀ ਵਿੱਚ ਆਯੋਜਿਤ ਹੋਇਆ, ਜਿੱਥੇ ਸ਼੍ਰੇਯਾਂਸ਼ ਨੇ ਦੇਸ਼ ਦੇ ਸਭ ਤੋਂ ਵਧੀਆ ਨੌਜਵਾਨ ਸ਼ਤਰੰਜ ਖਿਡਾਰੀਆਂ ਨਾਲ ਮੁਕਾਬਲਾ ਕੀਤਾ। ਉਨ੍ਹਾਂ ਦੇ ਉੱਤਮ ਪ੍ਰਦਰਸ਼ਨ ਲਈ ਉਨ੍ਹਾਂ ਨੂੰ ਟ੍ਰਾਫੀ ਅਤੇ ₹8,000 ਦੀ ਨਕਦ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ।ਸਕੂਲ ਦੀ ਸ਼ਾਨ ਵਧਾਉਂਦਿਆਂ, ਨੂਰਪੁਰ ਕੈਂਪਸ ਦੀ ਵਿਦਿਆਰਥਣ ਤਨਵੀਰ ਕੌਰ ਖਿੰਡਾ ਨੇ ਕਾਂਗੜਾ ਇੰਟਰਨੈਸ਼ਨਲ ਸ਼ਤਰੰਜ ਟੂਰਨਾਮੈਂਟ 2026 ਵਿੱਚ ਅੰਡਰ-11 ਗਰਲਜ਼ ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਨੂੰ ₹2,500 ਦੀ ਨਕਦ ਇਨਾਮ ਰਾਸ਼ੀ ਦਿੱਤੀ ਗਈ। ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਸ਼੍ਰੇਯਾਂਸ਼ ਜੈਨ ਅਤੇ ਤਨਵੀਰ ਕੌਰ ਖਿੰਡਾ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਸੋਨਾਲੀ ਮਨੋਚਾ (ਕੈਂਟ ਜੰਡਿਆਲਾ ਰੋਡ), ਮੀਨਾਕਸ਼ੀ ਸ਼ਰਮਾ (ਨੂਰਪੁਰ ਰੋਡ) ਅਤੇ ਸ਼ਤਰੰਜ ਕੋਚ ਚੰਦਰੈਸ਼ ਬਖ਼ਸ਼ੀ ਨੇ ਵੀ ਵਿਦਿਆਰਥੀਆਂ ਦੀਆਂ ਇਨ੍ਹਾਂ ਉਪਲਬਧੀਆਂ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕੀਤੀ।



# ਨਗਰ ਕੌਂਸਲ ਵੱਲੋਂ ਚਾਈਨਾ ਡੋਰ ਖ਼ਿਲਾਫ਼ ਚੈਕਿੰਗ ਮੁਹਿੰਮ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਖ਼ਿਲਾਫ਼ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਹ ਕਾਰਵਾਈ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ, ਕਾਰਜ ਸਾਧਕ ਅਫਸਰ ਸੰਗੀਤ ਕੁਮਾਰ, ਸੈਨੇਟਰੀ ਇੰਸਪੈਕਟਰ ਮਦਨ ਲਾਲ, ਟੈਕਸ ਇੰਸਪੈਕਟਰ ਗੁਰਦੇਵ ਸਿੰਘ ਬਹਿਲੂ ਅਤੇ ਨਗਰ ਕੌਂਸਲ ਦੀ ਟੀਮ ਵੱਲੋਂ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤੀ ਗਈ। ਚੈਕਿੰਗ ਦੌਰਾਨ ਕਚਹਿਰੀ ਰੋਡ, ਨਵੀਂ ਆਬਾਦੀ, ਚੋਈ ਬਾਜ਼ਾਰ ਅਤੇ ਕਿਸਾਨ ਹਵੇਲੀ ਰੋਡ ਦੀਆਂ ਦੁਕਾਨਾਂ ਦੀ ਜਾਂਚ ਕੀਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਚਾਈਨਾ



ਡੋਰ ਕਾਰਨ ਵੱਧ ਰਹੇ ਹਾਦਸਿਆਂ, ਜਿਵੇਂ ਪੰਛੀਆਂ ਨੂੰ ਨੁਕਸਾਨ ਅਤੇ ਲੋਕਾਂ ਦੇ ਚਿਹਰੇ, ਗਲਾ ਆਦਿ ਜ਼ਖ਼ਮੀ ਹੋਣਾ ਨੂੰ ਦੇਖਦੇ ਹੋਏ ਸਖ਼ਤ ਨਿਗਰਾਨੀ ਜਾਰੀ ਰਹੇਗੀ। ਦੁਕਾਨਦਾਰਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਚਾਈਨਾ ਡੋਰ ਦੀ ਖਰੀਦ-ਫਰੋਖ਼ਤ ਪਾਈ ਜਾਣ 'ਤੇ ਕੜੀ ਕਾਰਵਾਈ ਕੀਤੀ ਜਾਵੇਗੀ। ਨਗਰ ਕੌਂਸਲ ਵੱਲੋਂ ਲੋਕਾਂ ਨੂੰ ਚਾਈਨਾ ਡੋਰ ਨਾ ਵਰਤਣ ਲਈ ਜਾਗਰੂਕ ਵੀ ਕੀਤਾ ਗਿਆ।ਇਸ ਮੌਕੇ ਪਰਮਜੀਤ ਸੋਨੂੰ ,ਰੋਹਿਤ ਕੁਮਾਰ, ਸੰਜੀਵ ਕੁਮਾਰ, ਅਨਿਲ ਕੁਮਾਰ, ਸ਼ਾਮ ਲਾਲ ਕਰੂਰਾ, ਰਕੇਸ਼ ਕੁਮਾਰ ਵਿੱਕੀ, ਰਜਿੰਦਰ ਕਾਲਾ ਹਾਜ਼ਰ ਸਨ।

# ਜੱਟਪੁਰੀ ਪੰਜਾਬ ਵਿਧਾਨ ਸਭਾ ਪ੍ਰੈੱਸ ਗੈਲਰੀ ਕਮੇਟੀ ਦੇ ਪ੍ਰਧਾਨ ਚੁਣੇ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿਧਾਨ ਸਭਾ ਪ੍ਰੈਸ ਗੈਲਰੀ ਕਮੇਟੀ ਦੀਆਂ ਚੋਣਾਂ ਪੰਜਾਬ ਵਿਧਾਨ ਸਭਾ ਦੇ ਸਕੱਤਰ ਰਾਮ ਲੋਕ ਖਟਾਨਾ ਦੀ ਮੌਜੂਦਗੀ ਵਿੱਚ ਹੋਈਆਂ। ਇਹਨਾਂ



ਚੋਣਾਂ ਵਿੱਚ ਪਰਮਿੰਦਰ ਸਿੰਘ ਜੱਟਪੁਰੀ ਨੂੰ ਪ੍ਰੈਸ ਗੈਲਰੀ ਪੰਜਾਬ ਵਿਧਾਨ ਸਭਾ ਦੇ ਪ੍ਰਧਾਨ ਵਜੋਂ, ਦੀਪਕ ਸ਼ਰਮਾ ਨੂੰ ਉਪ ਪ੍ਰਧਾਨ ਵਜੋਂ ਅਤੇ ਨਵੀਨ ਸੇਠੀ ਨੂੰ ਜਨਰਲ ਸਕੱਤਰ ਵਜੋਂ ਚੁਣਿਆ ਗਿਆ।ਪੰਜਾਬ ਵਿਧਾਨ ਸਭਾ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਚੋਣ ਪ੍ਰਕਿਰਿਆ ਵਿੱਚ 24 ਮੈਂਬਰਾਂ ਨੇ ਹਿੱਸਾ ਲਿਆ। ਇਸ ਦੌਰਾਨ ਪ੍ਰਧਾਨ ਦੀ ਸੀਟ ਲਈ ਪਰਮਿੰਦਰ ਸਿੰਘ ਜੱਟਪੁਰੀ ਨੂੰ 15 ਵੋਟਾਂ ਮਿਲੀਆਂ ਜਦੋਂ ਕਿ ਨਪਿੰਦਰ ਬਰਾੜ ਨੂੰ 9 ਵੋਟਾਂ ਮਿਲੀਆਂ।ਇਸੇ ਤਰ੍ਹਾਂ ਉਪ ਪ੍ਰਧਾਨ ਦੀ ਸੀਟ ਲਈ ਦੀਪਕ ਸ਼ਰਮਾ ਨੂੰ 17 ਵੋਟਾਂ ਮਿਲੀਆਂ ਜਦੋਂ ਕਿ ਉਨ੍ਹਾਂ ਦੇ ਵਿਰੋਧੀ ਰੋਹਿਤ ਬਾਂਸਲ ਪੱਕਾ ਨੂੰ 7 ਵੋਟਾਂ ਮਿਲੀਆਂ। ਜਨਰਲ ਸਕੱਤਰ ਦੀ ਸੀਟ ਲਈ ਨਵੀਨ ਸੇਠੀ ਨੂੰ 16 ਵੋਟਾਂ ਮਿਲੀਆਂ ਜਦੋਂ ਕਿ ਗੁਰਉਪਦੇਸ਼ ਭੁੱਲਰ ਨੂੰ 7 ਵੋਟਾਂ ਮਿਲੀਆਂ।

# ਚਾਇਨਾ ਡੋਰ ਖਿਲਾ.ਫ ਦੁਕਾਨਾਂ ਦੀ ਚੈਕਿੰਗ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਪਤੰਗਬਾਜ਼ੀ ਦੌਰਾਨ ਵਰਤੀ ਜਾਣ ਵਾਲੀ ਜਾਨਲੇਵਾ ਚਾਇਨਾ ਡੋਰ 'ਤੇ ਪੂਰਨ ਪਾਬੰਦੀ ਨੂੰ ਲਾਗੂ ਕਰਵਾਉਣ ਲਈ ਪ੍ਰਸ਼ਾਸਨ ਨੇ ਸਖ਼ਤ ਰੁਖ ਅਪਣਾਇਆ ਹੋਇਆ ਹੈ। ਇਸੇ ਕੜੀ ਤਹਿਤ ਐਸਡੀਐਮ ਅਮਰੀਕ ਸਿੰਘ ਸਿੱਧੂ ਅਤੇ ਡੀ ਐਸ ਪੀ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਚਮਕੌਰ ਸਾਹਿਬ ਖੇਤਰ ਦੀਆਂ ਵੱਖ-ਵੱਖ ਦੁਕਾਨਾਂ 'ਤੇ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਗਈ। ਜਾਂਚ ਦੌਰਾਨ ਦੁਕਾਨਦਾਰਾਂ ਨੂੰ ਸਪਸ਼ਟ ਤੌਰ 'ਤੇ ਚਿਤਾਵਨੀ ਦਿੱਤੀ ਗਈ ਕਿ ਜੇਕਰ ਕਿਸੇ ਵੀ ਦੁਕਾਨ ਤੋਂ ਚਾਇਨਾ ਡੋਰ ਬਰਾਮਦ ਹੁੰਦੀ ਹੈ ਤਾਂ ਸੰਬੰਧਿਤ ਦੁਕਾਨਦਾਰ ਖਿਲਾ.ਫ ਕੇਸ ਦਰਜ ਕੀਤਾ ਜਾਵੇਗਾ । ਸਿੱਧੂ ਨੇ ਦੱਸਿਆ ਕਿ ਚਾਇਨਾ ਡੋਰ ਨਾ ਸਿਰਫ਼ ਗੈਰਕਾਨੂੰਨੀ ਹੈ ਸਗੋਂ ਇਹ ਆਮ ਲੋਕਾਂ ਖ਼ਾਸ ਕਰਕੇ ਬੱਚਿਆਂ, ਮੋਟਰਸਾਈਕਲ ਸਵਾਰਾਂ ਅਤੇ



ਪੰਛੀਆਂ ਲਈ ਬਹੁਤ ਖ਼ਤਰਨਾਕ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਚਾਇਨਾ ਡੋਰ ਕਾਰਨ ਕਈ ਗੰਭੀਰ ਹਾਦਸੇ ਵਾਪਰਦੇ ਹਨ, ਜਿਨ੍ਹਾਂ ਵਿੱਚ ਲੋਕਾਂ ਦੀਆਂ ਜਾਨਾਂ ਤੱਕ ਚਲੀ ਜਾਂਦੀਆਂ ਹਨ। ਇਸ ਕਰਕੇ ਪ੍ਰਸ਼ਾਸਨ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਦੁਕਾਨਦਾਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਉਹ ਆਪਣੀਆਂ ਦੁਕਾਨਾਂ 'ਚ ਕਿਸੇ ਵੀ ਤਰ੍ਹਾਂ ਦੀ ਪਾਬੰਦੀਸ਼ੁਦਾ ਡੋਰ ਨਾ ਰੱਖਣ।

# ਭਾਈਚਾਰਕ ਸਾਂਝ ਦਾ ਪ੍ਰਤੀਕ ਹੈ ਲੋਹੜੀ : ਗੁਰਿੰਦਰ ਕੌਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਲੋਹੜੀ ਦਾ ਤਿਉਹਾਰ



ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰਿੰਸੀਪਲ ਗੁਰਿੰਦਰ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਵਿਸ਼ੇਸ਼ ਸਮਾਗਮ ਮੌਕੇ ਸਮੂਹ ਸਟਾਫ ਵੱਲੋਂ ਅਗਨੀ ਭੇਟ ਕਰਕੇ ਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਸਕੂਲ ਵਲੋਂ ਵਿਦਿਆਰਥੀਆਂ ਲਈ ਮੂੰਗਫ਼ਲੀ, ਗੱਚਕ, ਰਿਉੜੀਆਂ ਅਤੇ ਹੋਰ ਖਾਣ ਪੀਣ ਦੇ ਸਮਾਨ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਲੋਹੜੀ ਦੀ ਵਧਾਈ ਦਿੰਦਿਆਂ ਲੋਹੜੀ ਦੇ ਤਿਉਹਾਰ ਦੀ ਇਤਿਹਾਸਿਕ ਮਹੱਤਤਾ ਬਾਰੇ ਚਾਨਣਾ ਪਾਇਆ।

# ਨਸ਼ਾ ਤਸਕਰ ਦੀ ਗੈਰਕਾਨੂੰਨੀ ਉਸਾਰੀ ਢਾਹੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਰਾਜ ਪੱਧਰੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਗੋਰਖਨਾਥ ਕਾਲੋਨੀ, ਬੜਮਾਜਰਾ, ਪੁਲਿਸ ਥਾਣਾ ਬਲੌਂਗੀ ਅਧੀਨ, ਨਸ਼ਾ ਤਸਕਰ ਦੇ ਕਬਜ਼ੇ ਹੇਠ ਪੈਂਦੀ ਪੰਚਾਇਤੀ



ਜ਼ਮੀਨ 'ਤੇ ਬਣੀ ਗੈਰਕਾਨੂੰਨੀ ਉਸਾਰੀ ਨੂੰ ਪੁਲਸ ਪ੍ਰਸ਼ਾਸਨ ਅਤੇ ਪਿੰਡ ਪੰਚਾਇਤ ਵੱਲੋਂ ਸਾਂਝੀ ਕਾਰਵਾਈ ਦੌਰਾਨ ਢਾਹ ਦਿੱਤਾ ਗਿਆ। ਇਹ ਗੈਰਕਾਨੂੰਨੀ ਸੰਪਤੀ ਸੰਜੇ ਸ਼ਾਹ ਪੁੱਤਰ ਪੋਸ਼ਣ ਸ਼ਾਹ, ਵਾਸੀ ਗੋਰਖਨਾਥ ਕਾਲੋਨੀ, ਬੜਮਾਜਰਾ ਦੀ ਸੀ, ਜੋ ਨਸ਼ਾ ਤਸਕਰੀ ਨਾਲ ਸਬੰਧਿਤ ਕਈ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੈ। ਇਹ ਗੈਰ ਕਾਨੂੰਨੀ ਨਿਰਮਾਣ ਪੰਚਾਇਤ ਦੀ ਜ਼ਮੀਨ 'ਤੇ ਕੀਤਾ ਗਿਆ ਸੀ।ਇਹ ਢਾਹੁਣ ਦੀ ਮੁਹਿੰਮ ਐੱਸ.ਪੀ. (ਪੀ.ਬੀ.ਆਈ.) ਮਿਸ ਦੀਪਿਕਾ ਸਿੰਘ ਤੇ ਡੀ.ਐੱਸ.ਪੀ. ਖਰੜ ਸ੍ਰੀ ਕਰਨ ਸਿੰਘ ਸੰਧੂ ਦੀ ਦੇਖਰੇਖ ਹੇਠ, ਬੀ.ਡੀ.ਪੀ.ਓ. ਸ੍ਰੀ ਸਤਵੰਤ ਸਿੰਘ ਰੰਧਾਵਾ ਦੀ ਹਾਜ਼ਰੀ ਵਿੱਚ, ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਦੇ ਹੋਏ ਅਤੇ ਯੋਗ ਪੁਲਿਸ ਬਲ ਦੀ ਤਾਇਨਾਤੀ ਨਾਲ ਸਫ਼ਲਤਾਪੂਰਵਕ ਪੂਰੀ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਐੱਸ ਪੀ ਐੱਸ ਏ ਐੱਸ ਨਗਰ ਹਰਮਨਦੀਪ ਸਿੰਘ ਹਾਂਸ, ਨੇ ਦੱਸਿਆ ਕਿ ਦੋਸ਼ੀ ਖਿਲਾਫ਼ ਕੁੱਲ ਪੰਜ ਐਫ਼ ਆਈ ਆਰਜ਼ ਦਰਜ ਹਨ, ਜਿਨ੍ਹਾਂ ਵਿੱਚੋਂ ਤਿੰਨ ਮਾਮਲੇ ਐਨ.ਡੀ.ਪੀ.ਐੱਸ. ਐਕਟ ਅਧੀਨ ਥਾਣਾ ਫੇਜ਼-1 ਮੋਹਾਲੀ ਅਤੇ ਬਲੌਂਗੀ ਵਿੱਚ ਦਰਜ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਨਸ਼ਿਆਂ ਨਾਲ ਜੁੜੀ ਅਪਰਾਧਿਕ ਕਮਾਈ ਨਾਲ ਖੜ੍ਹੀ ਕੀਤੀ ਗਈ ਗੈਰਕਾਨੂੰਨੀ ਉਸਾਰੀ ਨੂੰ ਗਿਰਾ ਕੇ, ਉਨ੍ਹਾਂ ਨੂੰ ਸਖ਼ਤ ਸਬਕ ਸਿਖਾਉਣ ਲਈ ਕੀਤੀਆਂ ਜਾ ਰਹੀਆਂ ਹਨ।

# ਮਾਤਾ ਕਲਿਆਣੀ ਮੰਦਰ ਖੰਨੀ ਵਿਖੇ ਸਾਲਾਨਾ ਭੰਡਾਰਾ 1 ਫਰਵਰੀ ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਮਾਤਾ ਕਲਿਆਣੀ ਵੈਲਫੇਅਰ ਸੋਸਾਇਟੀ (ਰਜ਼ਿ.) ਅਤੇ ਸਮੂਹ ਇਲਾਕਾ ਨਿਵਾਸੀ ਪਿੰਡ ਖੰਨੀ ਵੱਲੋਂ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਮਾਤਾ ਕਲਿਆਣੀ ਮੰਦਰ ਜੇਜੋ ਰੋਡ ਪਿੰਡ ਖੰਨੀ ਵਿਖੇ ਸਾਲਾਨਾ ਭੰਡਾਰਾ 1 ਫਰਵਰੀ ਦਿਨ ਐਤਵਾਰ ਨੂੰ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਤਿਲਕ ਰਾਜ ਚੌਹਾਨ ਨੇ ਦੱਸਿਆ ਕਿ 25 ਜਨਵਰੀ ਦਿਨ ਐਤਵਾਰ ਤੋਂ 1 ਫਰਵਰੀ ਤੱਕ ਸਵੇਰੇ 11 ਵਜੇ ਤੋਂ 4 ਵਜੇ ਤੱਕ ਮਾਤਾ ਕਲਿਆਣੀ ਮੰਦਰ ਵਿਖੇ ਸ੍ਰੀ ਮੱਧ ਭਗਵਤ ਕਥਾ ਹੋਇਆ ਕਰੇਗੀ।ਸ੍ਰੀ ਮੱਧ ਭਾਗਵਤ ਸ਼ੋਭਾ ਯਾਤਰਾ 25 ਜਨਵਰੀ ਸਵੇਰੇ 9 ਵਜੇ ਸਜਾਈ ਜਾਵੇਗੀ।ਸ੍ਰੀ ਮੱਧ ਭਾਗਵਤ ਕਥਾ ਦੀ ਸਮਾਪਤੀ 31 ਜਨਵਰੀ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਹੋਵੇਗੀ। ਆਚਾਰੀਆ ਦੀਪ ਸ਼ਾਸਤਰੀ ਸ੍ਰੀ ਬਰਿੰਦਾਵਨ ਧਾਮ ਮਥੁਰਾ ਉੱਤਰ ਪ੍ਰਦੇਸ਼ ਤੋਂ ਸ੍ਰੀ ਮੱਧ ਭਾਗਵਤ ਕਥਾ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੌਰਾਨ ਪੰਮੀ ਜਿੰਦਲ, ਸੰਦੀਪ ਉਧਣਵਾਲੀਆ ਅਤੇ ਸ਼ਾਮ ਰਾਜਾ ਮਹਾਮਾਈ ਦਾ ਗੁਣ ਗਾਇਨ ਕਰਨਗੇ।ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਸ਼ਹੀਦ ਭਗਤ ਸਿੰਘ ਨਗਰ ਦੀ ਅਗਵਾਈ ਵਿੱਚ 31 ਜਨਵਰੀ ਦਿਨ ਸ਼ਨੀਵਾਰ ਨੂੰ



ਮਾਤਾ ਕਲਿਆਣੀ ਮੰਦਰ ਵਿਖੇ ਹੀ ਖ਼ੂਨਦਾਨ ਕੈਂਪ ਲੱਗੇਗਾ।ਵਿਸ਼ਵ ਮਾਨਵ ਰੂਹਾਨੀ ਕੇਂਦਰ ਨਵਾਂ ਨਗਰ ਦੀ ਬਰਾਂਚ ਮਾਹਿਲਪੁਰ ਵੱਲੋਂ ਫਰੀ ਮੈਡੀਕਲ ਚੈੱਕਅਪ ਕੈਂਪ 1 ਫਰਵਰੀ ਦਿਨ ਐਤਵਾਰ ਨੂੰ ਮਾਤਾ ਕਲਿਆਣੀ ਮੰਦਰ ਵਿਖੇ ਲਗਾਇਆ ਜਾਵੇਗਾ, ਜਿਸ ਵਿੱਚ ਮਰੀਜ਼ਾਂ ਦਾ ਚੈੱਕਅਪ ਕਰਕੇ ਉਹਨਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। 31 ਜਨਵਰੀ ਦਿਨ ਸ਼ਨੀਵਾਰ ਨੂੰ ਹੀ ਲੋੜਵੰਦ ਲੜਕੀਆਂ ਦੇ ਵਿਆਹ ਦੀ ਰਸਮ ਕੀਤੀ ਜਾਵੇਗੀ। ਲੋੜਵੰਦ ਵਿਅਕਤੀ ਕਮੇਟੀ ਮੈਂਬਰਾਂ ਨਾਲ ਸੰਪਰਕ ਕਰ ਸਕਦੇ ਹਨ। 25 ਜਨਵਰੀ ਤੋਂ 1 ਫਰਵਰੀ ਤੱਕ ਮਾਤਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਲੰਗਰ ਦੀ ਸੇਵਾ ਰਿੰਪੀ ਆੜਤੀ ਦੇ ਸਹਿਯੋਗੀਆਂ ਵੱਲੋਂ ਨਿਭਾਈ ਜਾਵੇਗੀ। ਭੰਡਾਰੇ ਵਿੱਚ ਅਨਿਲ ਅਗਰਵਾਲ, ਜੋਗਿੰਦਰ ਪਾਲ ਮੈਨਨ, ਡਾਕਟਰ ਲਖਵਿੰਦਰ ਸਿੰਘ, ਪੰਡਿਤ ਕੈਲਾਸ਼, ਬੋਬੀ ਅਤੇ ਆਨੰਦ (ਅਸਟਰੇਲੀਆ ) ਅਤੇ ਰੋਹਨ ਬਿਜ ਵਿਸ਼ੇਸ਼ ਸਹਿਯੋਗ ਕਰ ਰਹੇ ਹਨ।

# ਸੁਰਜੀਤ ਸਿੰਘ ਰੈਣੂ ਦੀ ਯਾਦ 'ਚ ਸ਼ਰਧਾਂਜਲੀ ਸਭਾ 23 ਨੂੰ

**ਸਿਰਸਾ (ਨਵਾਂ ਜ਼ਮਾਨਾ ਸਰਵਿਸ)** ਪ੍ਰਸਿੱਧ ਪ੍ਰਤਿਬੱਧ ਪ੍ਰਗਤੀਵਾਦੀ ਪੰਜਾਬੀ ਕਵੀ ਹਰਿਭਜਨ ਸਿੰਘ ਰੈਣੂ ਦੇ ਛੋਟੇ ਸਪੁੱਤਰ ਅਤੇ ਸਾਹਿਤਕ ਸਮਾਜਕ ਸਰੋਕਾਰਾਂ ਨੂੰ ਸਮਰਪਿਤ ਜਾਣੀ ਮਾਣੀ ਹਸਤੀ ਸੁਰਜੀਤ ਸਿੰਘ ਰੈਣੂ ਦੀ ਯਾਦ ਵਿੱਚ 23 ਜਨਵਰੀ (ਸ਼ੁੱਕਰਵਾਰ) ਨੂੰ 11:30 ਵਜੇ ਸ਼੍ਰੀ ਯੁਵਕ



ਸਾਹਿਤਯ ਸਦਨ, ਸਿਰਸਾ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਜਾਵੇਗਾ।ਜ਼ਿਕਰਯੋਗ ਹੈ ਕਿ ਸੁਰਜੀਤ ਸਿੰਘ ਰੈਣੂ ਦਾ ਬੀਤੀ 14 ਜਨਵਰੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਬੇਵਕਤ ਦੇਹਾਂਤ ਹੋ ਗਿਆ ਸੀ।ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ, ਸਕੱਤਰ ਸੁਰਜੀਤ ਸਿੰਘ ਸਿਰੜੀ ਅਤੇ ਵਿੱਤ ਸਕੱਤਰ ਅਨੀਸ਼ ਕੁਮਾਰ ਤੇ ਪ੍ਰਗਤੀਸ਼ੀਲ ਲੇਖਕ ਸੰਘ, ਸਿਰਸਾ ਦੇ ਪ੍ਰਧਾਨ ਡਾ. ਗੁਰਪ੍ਰੀਤ ਸਿੰਘ ਸਿੰਧਰਾ ਅਤੇ ਸਕੱਤਰ ਡਾ. ਸ਼ੇਰ ਚੰਦ ਨੇ ਸਿਰਸਾ ਜ਼ਿਲ੍ਹਾ ਅਤੇ ਨੇੜੇ ਦੇ ਖ਼ੇਤਰਾਂ ਦੀਆਂ ਸਭਨਾਂ ਸਾਹਿਤਕ ਸਮਾਜਕ ਸੰਸਥਾਵਾਂ ਦੇ ਅਹੁਦੇਦਾਰਾਂ, ਪ੍ਰਤੀਨਿਧਾਂ, ਮੈਂਬਰਾਂ ਅਤੇ ਸਤਿਕਾਰਤ ਪਤਵੰਤੇ ਸੱਜਣਾਂ ਨੂੰ ਇਸ ਮੌਕੇ ਆਪਣੀ ਸ਼ਮੂਲੀਅਤ ਦਰਜ਼ ਕਰਵਾਉਂਦੇ ਹੋਏ ਸੁਰਜੀਤ ਸਿੰਘ ਰੈਣੂ ਪ੍ਰਤੀ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਨਿਮਰ ਬੇਨਤੀ ਕੀਤੀ ਹੈ।

# ਭਾਈ ਜੈਤਾ ਜੀ ਸਿਵਲ ਹਸਪਤਾਲ 'ਚ ਬਾਲ ਰੋਗ ਮਾਹਰ ਡਾਕਟਰ ਵੱਲੋਂ ਮਿਲਣਗੀਆਂ ਸੇਵਾਵਾਂ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਭਾਈ ਜੈਤਾ ਜੀ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ 'ਚ ਬੱਚਿਆਂ ਦੇ ਮਾਹਰ ਡਾਕਟਰ ਕੰਚਨ ਸ਼ਰਮਾ ਵਲੋਂ ਆਪਣੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ।



ਉਹਨਾਂ ਦੱਸਿਆ ਕਿ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਉਹਨਾਂ ਵੱਲੋਂ ਹਰ ਰੋਜ਼ ਤਿੰਨ ਘੰਟੇ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਸਬੰਧ ਵਿੱਚ ਇਲਾਕਾ ਵਾਸੀਆਂ ਨੇ ਕਿਹਾ ਕਿ ਹੈਲਥ ਵਿਭਾਗ ਵੱਲੋਂ ਇਹ ਵਧੀਆ ਉਪਰਾਲਾ ਹੈ ਜਿਸ ਦੇ ਚਲਦਿਆਂ ਹੁਣ ਸਿਵਲ ਹਸਪਤਾਲ ਵਿਖੇ ਬੱਚਿਆਂ ਦੇ ਮਾਹਿਰ ਡਾਕਟਰ ਆ ਜਾਣ ਦੇ ਚਲਦਿਆਂ ਬੱਚਿਆਂ ਦੇ ਬੇਹਤਰ ਸਿਹਤ ਸੁਵਿਧਾਵਾਂ ਮਿਲ ਸਕਣਗੀਆਂ। ਇਸ ਮੌਕੇ ਸਚਿਨ ਸੋਨੀ ਸਚਿਨ ਬਸੀ ਐਡਵੋਕੇਟ ਸਚਿਨ ਕੌਸ਼ਲ, ਆਸ਼ੂ ਧੀਮਾਨ, ਪੰਕਜ ਬਸੀ, ਹਰੀਸ਼ ਕੁਮਾਰ, ਡਾਕਟਰ ਰਿਤੂ ਕੌਸ਼ਲ, ਸ਼ਿਵ ਕੁਮਾਰ, ਰਵੀ ਕੁਮਾਰ, ਗਗਨਦੀਪ ਸਿੰਘ, ਏਕਮਵੀਰ ਸਿੰਘ ਮੌਜੂਦ ਸਨ।

# ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ

**ਮਾਹਿਲਪੁਰ (ਸ.ਫਰੀ)**- ਪਿੰਡ ਪੱਟੀ ਦੇ ਨਵਾਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਉਣ ਉਪਰੰਤ ਗੁਰੂ ਘਰ ਦੇ ਕੀਰਤਨੀਏ ਭਾਈ ਜਸਪ੍ਰੀਤ ਸਿੰਘ, ਭਾਈ ਰਾਜਾ ਸਿੰਘ ਖਾਲਸਾ, ਭਾਈ ਸੁਖਦੇਵ ਸਿੰਘ, ਢਾਡੀ ਗਿਆਨੀ ਬਲਕਰਨ ਸਿੰਘ ਬਾਜ ਅਤੇ ਬੱਚਿਆਂ ਦੇ ਜਥਿਆਂ ਨੇ ਸੰਗਤਾਂ ਨੂੰ ਕਥਾ ਕੀਰਤਨ, ਢਾਡੀ ਵਾਰਾਂ ਤੇ ਗੁਰਮਤਿ



ਵਿਚਾਰਾਂ ਦੁਆਰਾ ਨਿਹਾਲ ਕੀਤਾ। ਇਸ ਮੌਕੇ ਭਾਈ ਰਾਜਾ ਸਿੰਘ ਖਾਲਸਾ ਮੁੱਖ ਸੇਵਾਦਾਰ ਨੇ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਮੁੱਚੀ ਮਨੁੱਖਤਾ ਦੇ ਭਲੇ ਵਾਸਤੇ ਕੀਤੇ ਪਰਉਪਕਾਰਾਂ ਅਤੇ ਉਪਦੇਸ਼ਾਂ ਦਾ ਗੌਰਵਮਈ ਗੁਰਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ ਅਤੇ ਗੁਰਬਾਣੀ ਵਿੱਚ ਦਰਸਾਏ ਸੇਵਾ ਸਿਮਰਨ ਤੇ ਸਰਬੱਤ ਦੇ ਭਲੇ ਦੇ ਮਾਰਗ 'ਤੇ ਚੱਲਣ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਕਿਹਾ। ਇਸ ਮੌਕੇ ਗਿਆਨ ਜਸਪ੍ਰੀਤ ਸਿੰਘ ਗ੍ਰੰਥੀ ਸਿੰਘ, ਰਾਜਾ ਸਿੰਘ ਖਾਲਸਾ ਮੁੱਖ ਸੇਵਾਦਾਰ, ਬਲਵੀਰ ਸਿੰਘ ਜੇਈ, ਸਰਦਾਰਾ ਸਿੰਘ, ਅਮਰਜੀਤ ਸਿੰਘ ਗਿੱਲ, ਸੁਰਿੰਦਰਪਾਲ ਸਿੰਘ , ਜਸਵਿੰਦਰ ਸਿੰਘ, ਗੁਰਜੀਤ ਸਿੰਘ, ਦਲਵਿੰਦਰ ਸਿੰਘ, ਵਿਜੈ ਸਿੰਘ, ਸਰਪੰਚ ਸ਼ਿੰਦਰਪਾਲ, ਨੰਬਰਦਾਰ ਸਤੀਸ਼ ਕੁਮਾਰ, ਨੰਬਰਦਾਰ ਮਨਜਿੰਦਰ ਸਿੰਘ, ਨੰਬਰਦਾਰ ਦੇਸਰਾਜ ਸਿੰਘ, ਇਕਜੋਤਪ੍ਰੀਤ, ਸੁੱਚਾ ਸਿੰਘ ਬੰਗਾ, ਹਰਜਿੰਦਰ ਸਿੰਘ, ਪਾਲਾ ਸਿੰਘ, ਦਿਲਬਾਗ ਸਿੰਘ, ਜਤਿੰਦਰ ਕੁਮਾਰ, ਜਗਜੀਤ ਸਿੰਘ ਗਿੱਲ, ਮਾ.ਹਰਭਜਨ ਸਿੰਘ, ਇੰਦਰਜੀਤ ਸਿੰਘ ਸੰਦੀਪ, ਗੁਰਨਾਮ ਸਿੰਘ ਸੋਢੀ, ਪਵਨਵੀਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਸਮਾਗਮ ਦੌਰਾਨ ਤਨ ਮਨ ਧਨ ਦੇ ਨਾਲ ਸੇਵਾ ਕਰਨ ਵਾਲੇ ਸ਼ਰਧਾਲੂਆਂ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਅਵਾਰਾ ਪਸ਼ੂ ਨਾਲ ਟਕਰਾਈ ਤੇਜ਼ ਰ.ਫਤਾਰ ਕਾਰ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ-ਗੜ੍ਹਸ਼ੰਕਰ ਮੁੱਖ ਮਾਰਗ 'ਤੇ ਸਥਿਤ ਹਵੇਲੀ ਢਾਬੇ ਦੇ ਨਜ਼ਦੀਕ ਅਵਾਰਾ ਪਸ਼ੂ ਕਾਰ ਅੱਗੇ ਆ ਜਾਣ ਕਾਰਨ ਇੱਕ ਭਿਆਨਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਇੱਕ ਸਿਆਜ਼ ਗੱਡੀ ਜੋ ਕਿ ਹੁਸ਼ਿਆਰਪੁਰ ਤੋਂ ਚੰਡੀਗੜ੍ਹ ਵੱਲ ਜਾ ਰਹੀ ਸੀ, ਹਾਦਸੇ ਦਾ ਸ਼ਿਕਾਰ ਹੋ ਗਈ। ?ਕਾਰ ਚਾਲਕ ਨਰੇਸ਼ ਕੁਮਾਰ ਪੁੱਤਰ ਜਸਪਾਲ ਸਿੰਘ, ਨਿਵਾਸੀ ਯਮੁਨਾਨਗਰ ਹਰਿਆਣਾ ਨੇ ਦੱਸਿਆ ਕਿ ਉਹ ਆਪਣੀ ਗੱਡੀ ਵਿੱਚ ਤਿੰਨ ਸਵਾਰੀਆਂ ਸਮੇਤ ਜਾ ਰਹੇ ਸਨ। ਜਦੋਂ ਉਹ ਹਵੇਲੀ ਢਾਬੇ ਕੋਲ ਪਹੁੰਚੇ ਤਾਂ ਅਚਾਨਕ ਇੱਕ ਅਵਾਰਾ ਪਸ਼ੂ ਗੱਡੀ ਦੇ ਸਾਹਮਣੇ ਆ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਗੱਡੀ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ।ਇਸ ਹਾਦਸੇ ਵਿੱਚ ਕਾਰ ਸਵਾਰ ਸਾਰੀਆਂ ਸਵਾਰੀਆਂ ਸੁਰੱਖਿਅਤ ਹਨ ਅਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ?ਹਾਦਸੇ ਦੀ ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ 'ਤੇ ਪਹੁੰਚੀ। ਟੀਮ ਨੇ ਰਾਹਗੀਰਾਂ ਦੀ ਮਦਦ ਨਾਲ ਹਾਦਸਾਗ੍ਰਸਤ ਗੱਡੀ ਨੂੰ ਸੜਕ ਦੇ ਕਿਨਾਰੇ ਕਰਵਾਇਆ ਤਾਂ ਜੋ ਟ੍ਰੈਫਿਕ ਵਿੱਚ ਕੋਈ ਰੁਕਾਵਟ ਨਾ ਆਵੇ। ਸੜਕ ਸੁਰੱਖਿਆ ਫੋਰਸ



ਦੇ ਕਰਮਚਾਰੀਆਂ ਨੇ ਰੋਡ ਕਲੀਅਰ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਾਲੂ ਕਰਵਾਇਆ।ਇਸ ਘਟਨਾ ਦੀ ਜਾਣਕਾਰੀ ਕੰਟਰੋਲ ਰੂਮ ਅਤੇ ਥਾਣਾ ਸਦਰ ਬਲਾਚੌਰ ਨੂੰ ਦੇ ਦਿੱਤੀ ਗਈ ਹੈ ਤਾਂ ਜੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

# ਵਿਸ਼ਾਲ ਮੇਲਾ ਤੇ ਭੰਡਾਰਾ ਭਲਕੇ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮੂਸਾਪੁਰ ਰੋਡ ਡੀ ਏ ਵੀ ਸਕੂਲ ਦੀ ਬੈਕ ਸਾਈਡ ਬਾਪੂ ਕੁੰਭ ਦਾਸ ਨਗਰੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸ਼ਾਲ ਮੇਲਾ ਤੇ ਭੰਡਾਰਾ ਧੂਮਧਾਮ ਦੇ ਨਾਲ 19 ਜਨਵਰੀ ਨੂੰ ਕਰਵਾਇਆ ਜਾਵੇਗਾ। ਜਾਣਕਾਰੀ ਦਿੰਦੇ ਹੋਏ ਦਰਬਾਰ ਦੇ ਮੁੱਖ ਸੇਵਾਦਾਰ ਵਰੁਣ ਸੋਬਤੀ ਨੇ ਦੱਸਿਆ ਹੈ ਕਿ 18 ਜਨਵਰੀ ਨੂੰ ਦਰਬਾਰ ਵਿੱਚ ਮਹਿੰਦੀ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਰਾਤ ਨੂੰ ਮਹਿਫਿਲ ਕਵਾਲੀ ਦਾ ਆਗਾਜ਼ ਵੀ ਹੋਵੇਗਾ। ਉਸ ਤੋਂ ਬਾਅਦ ਮਹੰਤਾ ਦਾ ਦਰਬਾਰ ਦੇ ਵਿੱਚ ਗਿੱਧਾ ਹੋਵੇਗਾ ਤੇ ਦਰਬਾਰ 'ਚ ਧੂਣਾ ਵੀ ਚੇਤਨ ਕੀਤਾ ਜਾਵੇਗਾ। ਇਸੇ ਤਰ੍ਹਾਂ ਮੇਲੇ ਦੇ ਦੂਜੇ ਦਿਨ ਸਵੇਰੇ ਝੰਡਾ



ਚੜਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਉਸ ਉਪਰੰਤ ਪੰਜਾਬ ਦੇ ਮਸ਼ਹੂਰ ਕਲਾਕਾਰ ਜਿਹਨਾਂ ਦੇ ਵਿੱਚ ਜੱਸਾ ਫਤਿਹਪੁਰੀਆ, ਅੰਮ੍ਰਿਤ ਸਾਬ, ਮਹੇਸ਼ ਸਾਜਨ, ਨਜੀਮਾ, ਗਿੱਲ ਸੀਸਟਰ,ਗਗਨਾ ਸਿੱਧੂ ਸਮੀਰ ਮਾਹੀ,ਪੇਜੀ ਸ਼ਾਹਕੋਟੀ,ਮਾਸਟਰ ਸੰਜੂ, ਪ੍ਰਵੇਜ ਆਲਮ, ਲਵੀਸ਼ ਚੌਹਾਨ,ਬੰਟੀ ਕਵਾਲ, ਰਾਜਨ ਅਲੀ,ਪੂਜਾ ਅਰੋੜਾ, ਕਵਿਆ ਵਰਮਾ,ਮਨੀ ਗਿੱਲ, ਸ਼ਿਲਪਾ ਰਧਾਵਾ,ਇਹਨਾ ਤੋ ਇਲਾਵਾ ਦਰਬਾਰ ਵਿੱਚ ਆਸ਼ੀਰਵਾਦ ਲੈਣ ਲਈ ਮਾਸਟਰ ਸਲੀਮ, ਤੇ ਫਿਲਮੀ ਅਦਾਕਾਰ ਨਿਸ਼ਾ ਬਾਨੋ ਪੁੰਹਚਣਗੇ। ਇਸ ਮੇਲੇ ਵਿੱਚ ਸੰਗਤਾਂ ਨੂੰ ਅਸ਼ੀਰਵਾਦ ਦੇਣ ਲਈ ਸੰਤ ਫਕੀਰ ਸ਼ਿਰਕਤ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।



ਮੋਹਨ ਮਤਿਆਲਵੀ ਦੀਆਂ ਨਜ਼ਮਾਂ
(ਆਖਰੀ ਤੋਂ ਪਹਿਲੇ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਇਹ ਕਲਮ ਨੈਨਾਂ 'ਚ ਸੁਰਮਾ ਵੀ
ਸਜਾ ਸਕਦੀ ਹੈ,
ਤੇ ਇਹ ਤਖ਼ਤਾਂ ਦੀ ਵੀ ਬੁਨਿਆਦ
ਹਿਲਾ ਸਕਦੀ ਹੈ।
ਸਿਰਜਣਾ ਵੀ ਤਾਂ ਨਹੀਂ
ਮੁਮਕਿਨ ਇਦ੍ਹੀਂ ਹੋਂਦ ਬਿਨਾਂ
ਮਿਥ ਗ਼ਲਤ ਹੈ ਕਿ ਅਗਨ
ਸਿਰਫ਼ ਜਲਾ ਸਕਦੀ ਹੈ।
- ਅਨੀ ਕਾਠਗੜ੍ਹ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 18 ਜਨਵਰੀ 2026 | www.nawanzamana.in | ਕੀਮਤ 5.00 ਰੁਪਏ


## ਸਾਂਝੀਵਾਲਤਾ ਨੂੰ ਮਿਟਾਉਣ ਵਾਲਾ ਸਿਧਾਂਤ

# ਫ਼ਾਸ਼ੀਵਾਦ

**ਸਵਰਾਜਬੀਰ**

**"ਭਾਰਤ ਵਿਚ ਸਾਵਰਕਰ ਯੁੱਗ ਦੀ ਸ਼ੁਰੂਆਤ ਹੋ ਗਈ ਹੈ।"**
**ਉਦੈ ਮਾਹਰਕਰ, ਮੈਂਬਰ ਕੇਂਦਰੀ ਸੂਚਨਾ ਕਮਿਸ਼ਨ**

ਇਹ ਸ਼ਬਦ ਕਿ "ਭਾਰਤ ਵਿਚ ਸਾਵਰਕਰ ਯੁੱਗ ਦੀ ਸ਼ੁਰੂਆਤ ਹੋ ਗਈ ਹੈ," ਉਦੈ ਮਾਹਰਕਰ ਦੇ ਨੇ, ਉਹ ਸ਼ਖ਼ਸ, ਜਿਹੜਾ 2020 ਤੋਂ 2023 ਤੱਕ ਭਾਰਤ ਦੇ ਕੇਂਦਰੀ ਸੂਚਨਾ ਕਮਿਸ਼ਨ ਦਾ ਮੈਂਬਰ, ਭਾਵ ਸੂਚਨਾ ਕਮਿਸ਼ਨਰ ਰਿਹਾ। ਉਹ ਪੱਤਰਕਾਰ ਵੀ ਹੈ ਤੇ ਉਸ ਨੇ ਵੀ.ਡੀ. ਸਾਵਰਕਰ ਤੇ ਨਰਿੰਦਰ ਮੋਦੀ ਬਾਰੇ ਕਿਤਾਬਾਂ ਵੀ ਲਿਖੀਆਂ ਹਨ। ਇਹ ਸ਼ਬਦ ਉਸ ਨੇ 28 ਨਵੰਬਰ, 2021 ਨੂੰ ਇੰਦੌਰ ਲਿਟਰੇਚਰ ਫ਼ੈਸਟੀਵਲ ਵਿਚ ਬੋਲਦਿਆਂ ਕਹੇ।

ਇਸ ਸਮੇਂ ਪਾਸ਼ ਦੀ 48-49 ਵਰ੍ਹੇ ਪਹਿਲਾਂ ਲਿਖੀ ਕਵਿਤਾ 'ਸਾਡੇ ਸਮਿਆਂ ਵਿਚ' ਯਾਦ ਆਉਂਦੀ ਹੈ, ਜਿਸ ਵਿਚ ਉਸ ਨੇ ਲਿਖਿਆ ਸੀ:

ਇਹ ਸ਼ਰਮਨਾਕ ਹਾਦਸਾ ਸਾਡੇ ਹੀ ਨਾਲ ਹੋਣਾ ਸੀ
ਕਿ ਦੁਨੀਆ ਦੇ ਸਭ ਤੋਂ ਪਵਿੱਤਰ ਹਰਫ਼ਾਂ ਨੇ
ਬਣ ਜਾਣਾ ਸੀ ਸਿੰਘਾਸਣ ਦੇ ਪੌਡੇ-
ਮਾਰਕਸ ਦਾ ਸ਼ੇਰ ਵਰਗਾ ਸਿਰ
ਦਿੱਲੀ ਦੀਆਂ ਭੂਲ-ਭੁਲਾਈਆਂ ਵਿਚ ਮਿਆਂਕਦਾ ਫਿਰਦਾ
ਅਸੀਂ ਹੀ ਤੱਕਣਾ ਸੀ
ਮੇਰੇ ਯਾਰੋ, ਇਹ ਕੁਫ਼ਰ ਸਾਡੇ ਹੀ ਸਮਿਆਂ ਵਿਚ ਹੋਣਾ ਸੀ

ਇਹ ਕਵਿਤਾ ਆਪਣੇ ਸਮਿਆਂ ਬਾਰੇ ਲਿਖੀ ਗਈ ਸੀ ਪਰ ਜਦ ਅਸੀਂ ਇਹਨੂੰ ਉਸ ਵਰਤਾਰੇ ਨਾਲ ਜੋੜ ਕੇ ਪੜ੍ਹਦੇ ਹਾਂ, ਜੋ ਹੁਣ ਛੱਤੀਸਗੜ੍ਹ ਵਿਚ ਵਾਪਰ ਰਿਹਾ ਹੈ ਤਾਂ ਇਸ ਦੇ ਅਰਥ ਹੋਰ ਗੂੜ੍ਹੇ ਹੋ ਜਾਂਦੇ ਹਨ ਤੇ ਮਨ ਹੋਰ ਉਦਾਸ ਹੋ ਜਾਂਦਾ ਹੈ।

- 2 -

**ਕੁਝ ਬੁਨਿਆਦੀ ਨੁਕਤੇ**

"ਫ਼ਾਸ਼ੀਵਾਦ ਤੇ ਭਾਰਤੀ ਲੋਕਤੰਤਰ" ਬਾਰੇ ਦਰਜਨਾਂ ਕਿਤਾਬਾਂ ਲਿਖੀਆਂ ਗਈਆਂ ਹਨ। ਖੱਬੀਆਂ ਸਿਆਸੀ ਪਾਰਟੀਆਂ ਦੇ ਸਿਆਸੀ ਮਤਿਆਂ ਵਿਚ ਇਸ 'ਤੇ ਬਹਿਸ ਹੋਈ, ਅਖ਼ਬਾਰਾਂ, ਮੈਗਜ਼ੀਨਾਂ ਵਿਚ ਲੇਖ ਲਿਖੇ ਗਏ ਹਨ, ਉਦਾਰਵਾਦੀ ਪ੍ਰੈੱਸ ਦੇ ਕੁਝ ਹਿੱਸਿਆਂ ਵਿਚ ਵੀ ਇਸ ਵਿਰੁੱਧ ਲਿਖਿਆ ਗਿਆ ਹੈ। ਮੈਂ ਇਸ ਲੇਖ ਨੂੰ ਹੇਠਲੇ ਨੁਕਤਿਆਂ ਤਕ ਸੀਮਤ ਰੱਖਾਂਗਾ:

(1) ਭਾਰਤ ਵਿਚ ਅਸੀਂ ਫ਼ਾਸ਼ੀਵਾਦ ਕਿਸ ਨੂੰ ਕਹਿ ਰਹੇ ਹਾਂ, ਕਿਹੜੇ ਰੁਝਾਨਾਂ ਨੂੰ ਕਹਿ ਰਹੇ ਹਾਂ, ਕਿਹੜੀਆਂ ਪਾਰਟੀਆਂ ਤੇ ਜਥੇਬੰਦੀਆਂ ਨੂੰ ਕਹਿ ਰਹੇ ਹਾਂ; ਉਨ੍ਹਾਂ ਦੀ ਵਿਚਾਰਧਾਰਾ ਦਾ ਆਧਾਰ ਕੀ ਹੈ; ਉਸ ਵਿਚਾਰਧਾਰਾ ਦੇ ਬੁਨਿਆਦੀ ਨੁਕਤੇ ਕੀ ਹਨ, ਉਹ ਵਿਚਾਰਧਾਰਾ ਕਿਵੇਂ ਜਨਮੀ ਤੇ ਪਣਪੀ, ਉਸ ਦਾ ਪ੍ਰਮੁੱਖ ਰੂਪ ਕੀ ਹੈ?

(2) ਦੂਸਰਾ ਨੁਕਤਾ ਹੈ ਅਸੀਂ ਜਿਹੜੇ ਰੁਝਾਨਾਂ ਨੂੰ ਫ਼ਾਸ਼ੀਵਾਦ ਕਹਿ ਰਹੇ ਹਾਂ, ਉਹ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਯੂਰਪ ਵਿਚ ਪਣਪੇ ਫ਼ਾਸ਼ੀਵਾਦ ਤੋਂ ਕਿਵੇਂ ਵੱਖਰਾ ਹੈ ਤੇ ਕਿਵੇਂ ਵੱਧ ਖ਼ਤਰਨਾਕ ਹੈ ਜਾਂ ਕੁਝ ਵਿਦਵਾਨ ਦਲੀਲ ਦਿੰਦੇ ਹਨ ਕਿ ਇਹ ਯੂਰਪੀ ਫ਼ਾਸ਼ੀਵਾਦ ਤੋਂ ਘੱਟ ਖ਼ਤਰਨਾਕ ਹੈ ਤੇ ਇਹ ਫ਼ਿਰਕਾਪ੍ਰਸਤ ਤੇ ਤਾਨਾਸ਼ਾਹੀ (Authoritarian) ਨਿਜ਼ਾਮ ਹੈ ਜਾਂ ਕੁਝ ਵਿਦਵਾਨਾਂ ਦੀ ਰਾਏ ਹੈ ਕਿ ਇਹ ਯੂਰਪੀ ਫ਼ਾਸ਼ੀਵਾਦ ਤੋਂ ਬਹੁਤ ਵੱਖਰਾ ਹੈ ਤੇ ਲੋੜ ਹੈ ਕਿ ਅਸੀਂ ਇਸ ਨੂੰ ਆਪਣੇ ਹਾਲਾਤ ਅਨੁਸਾਰ ਕੋਈ ਹੋਰ ਨਾਂ ਦੇਈਏ ਤੇ ਵੱਖਰੇ ਤਰੀਕੇ ਨਾਲ ਲੜੀਏ; ਜੇ ਇਹ ਰਾਏ ਠੀਕ ਹੈ ਤਾਂ ਕੀ ਹੁਣ ਤਕ ਅਸੀਂ ਇਸ ਨੂੰ ਆਪਣੇ ਦੇਸ਼ ਦੇ ਹਾਲਾਤ ਅਨੁਸਾਰ ਪਰਿਭਾਸ਼ਿਤ ਕਿਉਂ ਨਹੀਂ ਕਰ ਸਕੇ, ਕਿਉਂ ਅਸੀਂ ਯੂਰਪ ਤੋਂ ਮੰਗੇ ਸੰਕਲਪ ਨੂੰ ਚੱਬ ਰਹੇ ਹਾਂ, ਮਕਾਨਕੀ ਰੂਪ ਵਿਚ ਦੁਹਰਾ ਰਹੇ ਹਾਂ?

(3) ਤੀਸਰਾ ਨੁਕਤਾ ਹੈ, ਭਾਰਤ ਵਿਚ ਉੱਭਰੀਆਂ ਫ਼ਾਸ਼ੀਵਾਦੀ ਤਾਕਤਾਂ ਦਾ ਸਰਮਾਏ ਦੀਆਂ ਧਿਰਾਂ ਨਾਲ, ਨਵ-ਉਦਾਰਵਾਦੀ (Neoliber) ਸੋਚ ਨਾਲ, ਕਾਰਪੋਰੇਟ ਤਾਕਤ ਨਾਲ, ਚਹੇਤੇ ਕਾਰਪੋਰੇਟ ਘਰਾਣਿਆਂ Crony Capitalism ਨਾਲ ਇੰਨਾ ਡੂੰਘਾ ਰਿਸ਼ਤਾ ਹੈ; ਅਸੀਂ ਜਿਹੜੇ ਸਰਮਾਏਦਾਰੀ Capitalism ਨੂੰ ਕਿਸੇ ਹੱਦ ਤੱਕ ਇਕ ਅਗਾਂਹਵਧੂ ਸਮਾਜ ਦੀ ਸਿਰਜਣਾ ਦੇ ਬੀਜ ਬੀਜਣ ਵਾਲੀ ਤਾਕਤ ਮੰਨਦੇ ਰਹੇ ਹਾਂ, ਉਸ ਨੇ ਫ਼ਾਸ਼ੀਵਾਦੀ ਤਾਕਤਾਂ ਨਾਲ ਵੱਡੇ ਸਮਝੌਤੇ ਕੀਤੇ ਹਨ ਤੇ ਅਜਿਹੀ ਸਿਆਸੀ-ਤਾਕਤ ਦਾ ਨਿਰਮਾਣ ਕਿਉਂ ਕੀਤਾ ਹੈ ਜਿਸ ਨੇ ਸਾਡੇ ਸਮਾਜਿਕ ਜੀਵਨ ਵਿਚ ਜ਼ਹਿਰ ਘੋਲ ਦਿੱਤਾ ਹੈ ਅਤੇ ਰਾਜਸੀ ਤੇ ਪ੍ਰਸ਼ਾਸਨਿਕ ਜੀਵਨ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।

(4) ਚੌਥਾ ਨੁਕਤਾ ਹੈ ਕਿ ਇਸ ਦੇ ਵਿਰੁੱਧ ਕਿਵੇਂ ਲੜਿਆ ਜਾਏ, ਇਸ ਵਿਰੁੱਧ ਲੋਕ-ਮੁਹਾਜ਼ ਕਿਵੇਂ ਉਸਾਰਿਆ ਜਾਏ। ਇਸ ਬਾਰੇ ਸਾਡੀ ਸੋਚ ਦੀਆਂ ਪਾਰਟੀਆਂ, ਜਥੇਬੰਦੀਆਂ, ਗਰੁੱਪਾਂ ਵਿਚ ਬੁਨਿਆਦੀ ਸਹਿਮਤੀ ਵੀ ਹੈ, ਅਜਿਹੇ ਲੋਕ-ਮੁਹਾਜ਼ ਦਾ ਖ਼ਾਕਾ ਤਾਂ ਦਿਸਦਾ ਹੈ, ਪਰ ਉਹ ਪ੍ਰਭਾਵਸ਼ਾਲੀ ਢੰਗ ਨਾਲ ਨਾ ਤਾਂ ਉੱਸਰ ਰਿਹਾ ਹੈ ਅਤੇ ਨਾ ਹੀ ਉਸ ਦੀ ਆਵਾਜ਼ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤਕ ਪਹੁੰਚੀ ਹੈ ਤੇ ਨਾ ਹੀ ਉਹ ਗੂੰਜ ਲੋਕ-ਮਨ ਵਿਚ ਕੋਈ ਅਜਿਹੀ ਫ਼ਿਜ਼ਾ ਪੈਦਾ ਕਰ ਰਹੀ ਹੈ ਜਿਸ ਨਾਲ ਇਸ ਫ਼ਾਸ਼ੀਵਾਦ ਦਾ ਸਾਹਮਣਾ ਕੀਤਾ ਜਾ ਸਕੇ।

(5) ਪੰਜਵਾਂ ਨੁਕਤਾ ਹੈ ਜਦੋਂ ਅਸੀਂ ਫ਼ਾਸ਼ੀਵਾਦ ਵਿਰੁੱਧ ਬੋਲਦੇ ਹਾਂ, ਲਿਖਦੇ ਹਾਂ, ਤਾਂ ਇਸ ਨੂੰ ਸਾਡੀਆਂ ਸਫ਼ਾਂ ਤੋਂ ਬਾਹਰ ਬੈਠੇ ਲੋਕ ਕਿਵੇਂ ਸਮਝਦੇ ਹਨ, ਸਮਝਦੇ ਵੀ ਹਨ ਜਾਂ ਨਹੀਂ। ਕੀ ਸਾਡੇ ਸ਼ਹਿਰਾਂ ਤੇ ਪਿੰਡਾਂ ਦੇ ਗ਼ਰੀਬ ਲੋਕ, ਮਜ਼ਦੂਰ, ਕਿਸਾਨ, ਕਿਰਤੀ, ਮਿਹਨਤਕਸ਼, ਗ਼ੈਰ-ਰਸਮੀ ਖੇਤਰ ਵਿਚ ਕੰਮ ਕਰ ਰਹੇ ਕਰੋੜਾਂ ਕਾਮੇ ਸਾਡੇ ਕਿਸੇ ਆਗੂ ਦੇ ਫ਼ਾਸ਼ੀਵਾਦ ਵਿਰੁੱਧ ਭਾਸ਼ਣ ਨੂੰ, ਜਾਂ ਸਾਡੇ ਵਿਦਵਾਨਾਂ ਦੀਆਂ ਫ਼ਾਸ਼ੀਵਾਦ ਵਿਰੁੱਧ ਲਿਖਤਾਂ ਨੂੰ ਸਮਝਦੇ ਹਨ? ਇਸ ਬਾਰੇ ਮੈਨੂੰ ਗੰਭੀਰ ਸ਼ੰਕੇ ਹਨ, ਮੈਂ ਗ਼ਲਤ ਹੋ ਸਕਦਾਂ ਪਰ ਮੇਰਾ ਖ਼ਿਆਲ ਹੈ ਤੇ ਮੈਨੂੰ ਇਹ ਸੱਚ ਵੀ ਲੱਗਦਾ ਹੈ, ਕਿ ਸਾਡੇ ਭਾਸ਼ਨਾਂ ਤੇ ਲੇਖਾਂ ਦਾ ਅਸਰ, ਸਾਡੇ ਫ਼ਾਸ਼ੀਵਾਦੀ ਵਿਰੋਧੀ ਨਾਹਰਿਆਂ, ਜਲੂਸਾਂ ਦਾ ਅਸਰ, ਸਾਡੇ ਆਪਣੇ ਕਾਡਰਾਂ ਤੇ ਕੁਝ ਪੜ੍ਹੇ ਲਿਖੇ ਲੋਕਾਂ ਤੱਕ ਸੀਮਤ ਹੈ, ਸਾਡੇ ਆਪਣੇ Eco-system ਤੱਕ ਸੀਮਤ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਡੇ ਭਾਸ਼ਨ, ਨਾਹਰੇ, ਲੇਖ, ਜਲੂਸ ਵਿਅਰਥ ਹਨ ਸਗੋਂ ਵਿਚਾਰਨ ਵਾਲਾ ਤੱਥ ਇਹ ਹੈ ਕਿ ਇਨ੍ਹਾਂ ਦਾ ਰੂਪ-ਸਰੂਪ, ਭਾਸ਼ਾ ਤੇ ਲੋਕਾਂ ਤੱਕ ਪਹੁੰਚਣ ਦਾ ਵਿਧੀ-ਵਿਧਾਨ ਕਿਹੋ ਜਿਹਾ ਹੋਣਾ ਚਾਹੀਦਾ ਤਾਂਕਿ ਸਾਡੇ ਯਤਨਾਂ ਦਾ ਸਾਰ ਆਮ ਲੋਕਾਂ ਤੱਕ ਪਹੁੰਚੇ; ਲੋਕ-ਵਿਰੋਧੀ ਤਾਕਤਾਂ ਵਿਰੁੱਧ ਚੇਤਨਾ ਪੈਦਾ ਕਰੇ ਤੇ ਉਨ੍ਹਾਂ ਨੂੰ ਲਾਮਬੰਦ ਕਰੇ।

ਇਹ ਵੱਖ ਵੱਖ ਨੁਕਤੇ ਨਹੀਂ, ਇਨ੍ਹਾਂ ਦਾ ਆਪਸ ਵਿਚ ਡੂੰਘਾ ਰਿਸ਼ਤਾ ਹੈ। ਸਭ ਤੋਂ ਪਹਿਲੀ ਗੱਲ ਕਿ ਭਾਰਤ ਵਿਚ ਫ਼ਾਸ਼ੀਵਾਦ ਜਾਂ ਫ਼ਾਸ਼ੀਵਾਦੀ ਸੋਚ ਦਾ ਆਰੰਭ ਕਦੋਂ ਹੁੰਦਾ ਹੈ। ਇਕ ਦ੍ਰਿਸ਼ਟੀਕੋਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਇਸ ਦਾ ਆਰੰਭ ਵੀਡੀ ਸਾਵਰਕਰ ਦੇ ਸੋਚ-ਸੰਸਾਰ ਤੇ ਰਾਸ਼ਟਰੀ ਸਵੈਮਸੇਵਕ ਸੰਘ ਦੇ ਮੁਢਲੇ ਆਗੂਆਂ ਦੀ ਸੋਚ ਨਾਲ ਹੋਇਆ। ਪਰ ਅਸੀਂ ਜਾਣਦੇ ਹਾਂ ਕਿ ਕੋਈ ਵੀ ਸੋਚ, ਮਕਾਨਕੀ ਤਰੀਕੇ ਨਾਲ ਇੱਕ ਦਿਨ ਜਾਂ ਇਕ ਸਾਲ ਵਿਚ ਨਹੀਂ ਉੱਭਰਦੀ। ਹਰ ਸੋਚ ਆਪਣੇ ਸਮਿਆਂ ਦੇ ਹਾਲਾਤ ਦੀ ਪੈਦਾਵਾਰ ਹੁੰਦੀ ਹੈ ਅਤੇ ਉਸ ਦੇ ਬੀਜ ਉਸ ਖਿੰਡੇ ਵਿਰਸੇ, ਸਭਿਆਚਾਰ, ਧਾਰਮਿਕ ਤੇ ਹੋਰ ਵਿਚਾਰਧਾਰਕ ਸੰਸਾਰਾਂ, ਸਾਹਿਤ, ਸਮਾਜਿਕ ਵਿਵਸਥਾ, ਆਰਥਿਕਤਾ ਤੇ ਇਤਿਹਾਸ ਵਿਚ ਪਏ ਹੁੰਦੇ ਹਨ। ਇਸ ਲਈ ਕਿਸੇ ਵੀ ਵਿਚਾਰਧਾਰਾ ਦਾ ਬਿਲਕੁਲ ਮੁੱਢ ਮਕਾਨਕੀ ਢੰਗ ਨਾਲ ਨਿਸਚਤ ਕਰਨਾ ਬਹੁਤ ਔਖਾ ਹੁੰਦਾ ਹੈ। ਪਰ ਸੰਖੇਪ ਲਈ ਸਾਡਾ ਕਾਰਜ ਇਹ ਬਣਦਾ ਹੈ ਕਿ ਅਸੀਂ ਆਪਣਾ ਧਿਆਨ ਉਨ੍ਹਾਂ ਚਿੰਤਕਾਂ ਤੇ ਆਗੂਆਂ 'ਤੇ ਕੇਂਦਰਿਤ ਕਰੀਏ ਜਿਨ੍ਹਾਂ ਨੇ ਅਜਿਹੀ ਸੋਚ ਨੂੰ ਬਹੁਤ ਤਿੱਖੀ ਤਰ੍ਹਾਂ ਨਾਲ ਉਭਾਰਿਆ ਤੇ ਉਨ੍ਹਾਂ ਹਾਲਾਤ ਤੇ ਜਿਨ੍ਹਾਂ ਵਿਚ ਅਜਿਹੀ ਸੋਚ ਜਨਮੀ ਤੇ ਪ੍ਰਫੁੱਲਿਤ ਹੋਈ।

ਇਸ ਦੇ ਬਾਵਜੂਦ ਮੈਂ ਏਥੇ ਦੋ ਪਹਿਲੂਆਂ ਨੂੰ ਉਭਾਰਨਾ ਚਾਹਵਾਂਗਾ: ਪਹਿਲਾ ਇਹ ਕਿ ਭਾਰਤ ਵਿਚ ਫ਼ਾਸ਼ੀਵਾਦ ਸੋਚ ਤੇ ਇਸ ਦੀ ਬੀਜ-ਸੋਚ ਦਾ ਆਰੰਭ ਬਸਤੀਵਾਦ ਦੇ ਸਮਿਆਂ ਵਿਚ ਹੋਇਆ, ਬਸਤੀਵਾਦ ਨੇ ਇਸ ਸੋਚ ਦੇ ਵੱਧਣ-ਫੁੱਲਣ ਦੀ ਹਮਾਇਤ ਕੀਤੀ ਤੇ ਇਹ ਸੋਚ ਬਸਤੀਵਾਦੀ ਵਿਰੋਧੀ ਸੋਚ ਨਾ ਬਣ ਕੇ, ਬਸਤੀਵਾਦ ਦੀ ਹਮਾਇਤੀ ਬਣ ਕੇ ਬਣੀ-ਪਸਰੀ। ਇਸ ਲਈ ਵਿਦਵਾਨਾਂ ਸਾਹਮਣੇ ਇਹ ਸਵਾਲ ਹਮੇਸ਼ਾਂ ਬਣਿਆ ਰਹੇਗਾ ਕਿ ਜੇ ਭਾਰਤ ਵਿਚ ਬਸਤੀਵਾਦ ਨਾ ਆਉਂਦਾ ਤਾਂ ਕੀ, ਫ਼ਾਸ਼ੀਵਾਦੀ ਸੋਚ ਇੱਥੇ ਪ੍ਰਫੁੱਲਿਤ ਹੁੰਦੀ ਜਾਂ ਨਾ ਹੁੰਦੀ ਤੇ ਜੇ ਹੁੰਦੀ ਤਾਂ ਉਸ ਦਾ ਰੂਪ ਕਿਹੋ ਜਿਹਾ ਹੁੰਦਾ।

ਦੂਸਰਾ ਪਹਿਲੂ ਇਹ ਹੈ ਕਿ ਬਸਤੀਵਾਦ ਨਾਲ ਆਈ ਆਧੁਨਿਕਤਾ ਨੇ ਭਾਰਤ ਵਾਸੀਆਂ ਤੋਂ ਕਈ ਸਵਾਲ ਪੁੱਛੇ ਤੇ ਉਨ੍ਹਾਂ 'ਚੋਂ ਸਭ ਤੋਂ ਅਹਿਮ ਸਵਾਲ ਇਹ ਸੀ ਤੁਸੀਂ ਕੌਣ ਹੋ, ਤੁਸੀਂ ਸਮਾਜ ਤੇ ਫ਼ਿਰਕੇ ਵਜੋਂ ਆਪਣੇ ਆਪ ਨੂੰ ਕਿਵੇਂ ਪਰਿਭਾਸ਼ਿਤ ਕਰਦੇ ਹੋ? ਤੇ ਭਾਰਤ ਵਾਸੀਆਂ ਨੇ ਇਸ ਸਵਾਲ ਦੇ ਜਵਾਬ ਵੀ ਅਜਿਹੇ ਦਿੱਤੇ ਜਿਸ ਤਰ੍ਹਾਂ ਦੇ ਬਸਤੀਵਾਦੀ ਹਕੂਮਤ ਚਾਹੁੰਦੀ ਸੀ। ਬਹੁਗਿਣਤੀ ਫ਼ਿਰਕੇ ਨੇ ਕਿਹਾ ਕਿ ਅਸੀਂ ਹਿੰਦੂ ਤੇ ਆਰੀਆ ਹਾਂ, ਬਹੁਤ ਪ੍ਰਾਚੀਨ ਲੋਕ, ਸਾਡੀ ਭਾਸ਼ਾ ਸੰਸਕ੍ਰਿਤ ਹੈ ਤੇ ਸਭਿਅਤਾ ਬਹੁਤ ਪੁਰਾਣੀ ਹੈ ਤੇ ਦੁਨੀਆ ਦਾ ਸਾਰਾ ਗਿਆਨ ਸਾਡੇ ਪ੍ਰਾਚੀਨ ਗ੍ਰੰਥਾਂ ਵਿਚ



ਮੌਜੂਦ ਹੈ। ਸਭ ਤੋਂ ਵੱਡੀ ਘੱਟਗਿਣਤੀ ਨੇ ਕਿਹਾ ਕਿ ਅਸੀਂ ਇਸ ਭੂਗੋਲਿਕ ਖਿੱਤੇ 'ਤੇ ਸਦੀਆਂ ਹਕੂਮਤ ਕੀਤੀ ਹੈ, ਅਸੀਂ ਮੁਸਲਿਮ ਭਾਈਚਾਰੇ ਨਾਲ ਸਬੰਧ ਰੱਖਦੇ ਹਾਂ, ਜਿਸ ਨੇ ਸਪੇਨ ਤੋਂ ਲੈ ਕੇ ਦੱਖਣ ਪੂਰਬ ਤੱਕ ਆਪਣੇ ਆਪ ਨੂੰ ਫੈਲਾਇਆ ਤੇ ਦਬਦਬਾ ਕਾਇਮ ਕੀਤਾ ਹੈ, ਸਾਡੀ ਭਾਸ਼ਾ ਤੇ ਸਭਿਆਚਾਰ ਵੱਖਰਾ ਹੈ, ਅਸੀਂ ਵੱਖਰੀ ਕੌਮ ਹਾਂ। ਇਸੇ ਤਰ੍ਹਾਂ ਦੇ ਜਵਾਬ ਹੋਰ ਭਾਈਚਾਰਿਆਂ ਨੇ ਦਿੱਤੇ। ਬਸਤੀਵਾਦ ਦੇ ਸਮਿਆਂ ਵਿਚ ਹੀ ਭਾਰਤ ਦੇ ਕਈ ਖਿੱਤਿਆਂ ਵਿਚ ਦਲਿਤ ਭਾਈਚਾਰਿਆਂ ਵਿਚ ਜਾਤ-ਪਾਤ ਦਾ ਵਿਰੋਧ ਹੋਰ ਤਿੱਖਾ ਹੋਇਆ ਅਤੇ ਦਲਿਤ ਭਾਈਚਾਰਿਆਂ ਨੇ ਸਥਾਨਿਕ ਚੋਣਾਂ ਵਿਚ ਆਪਣੇ ਲਈ ਵੱਖਰੇ ਹਿੱਸੇ ਦੀ ਮੰਗ ਕੀਤੀ। ਇਸ ਮੰਗ ਨੇ ਵੀ ਬਹੁਗਿਣਤੀ ਭਾਈਚਾਰੇ ਦੀ ਸੋਚ ਵਿਚ ਨਵੀਆਂ ਉਲਝਣਾਂ ਤੇ ਸੰਕਟ ਪੈਦਾ ਕੀਤੇ ਕਿਉਂਕਿ ਬਹੁਗਿਣਤੀ ਭਾਈਚਾਰੇ ਵਿਚਲੀਆਂ ਉੱਚੀਆਂ ਜਾਤਾਂ ਇਹ ਸਮਝਦੀਆਂ ਸਨ ਕਿ ਉਹ ਸਦਾ ਲਈ ਸਮਾਜ ਦੀਆਂ ਆਗੂ ਜਾਤਾਂ ਬਣੀਆਂ ਰਹਿਣਗੀਆਂ ਤੇ ਉਨ੍ਹਾਂ ਦੀ ਸ੍ਰੇਸ਼ਟਤਾ ਨੂੰ ਉਨ੍ਹਾਂ ਜਾਤਾਂ, ਜਿਨ੍ਹਾਂ ਨੂੰ ਉਹ ਨੀਵੀਆਂ ਜਾਤਾਂ ਕਹਿੰਦੇ ਸਨ, ਦੇ ਲੋਕ ਕਦੇ ਵੀ ਚੁਣੌਤੀ ਨਹੀਂ ਦੇਣਗੇ। ਇਸ ਤਰ੍ਹਾਂ ਭਾਰਤ ਦੇ ਵੱਖ ਵੱਖ ਸਮਾਜਾਂ ਵਿਚ ਤਰੇੜਾਂ ਉੱਭਰੀਆਂ, ਇਸਾਈ ਪਾਦਰੀਆਂ ਦੇ ਪ੍ਰਚਾਰ ਨੇ ਵੀ ਇਨ੍ਹਾਂ ਤਰੇੜਾਂ ਨੂੰ ਉਭਾਰਿਆ ਤੇ ਭਾਰਤੀ ਸਮਾਜ ਇਸ ਖਿੱਤੇ ਵਿਚ ਪਣਪ ਰਹੀ ਰਲਮਿਲ ਕੇ ਰਹਿਣ ਵਾਲੀ ਸੋਚ ਤੋਂ ਥਿੜਕਣ ਲੱਗਾ।

ਬਹੁਗਿਣਤੀ ਫ਼ਿਰਕੇ ਵਿਚ ਉੱਭਰੀ ਇਸ ਸੋਚ ਵਿਚ ਹਿੰਦੂ ਧਰਮ ਦੀ ਸਰਵ ਸ੍ਰੇਸ਼ਟਤਾ ਪੁਰਾਤਨਤਾ ਤੇ ਪ੍ਰਾਥਮਿਕਤਾ ਦਾ ਨੁਕਤਾ ਤਾਂ ਹੈ ਈ ਸੀ ਪਰ ਇਸ ਵਿਚ ਵੱਡਾ ਨੁਕਤਾ ਇਹ ਸੀ ਇਹ ਸੋਚ ਬਹੁਤ ਪੁਰਾਤਨ ਸਮਿਆਂ ਨੂੰ ਪਰਤ ਗਈ, ਵੇਦਾਂ ਤੇ ਹੋਰ ਧਾਰਮਿਕ ਗ੍ਰੰਥਾਂ ਵੱਲੋਂ ਇਸ ਸੋਚ ਨੇ ਪੁਰਾਤਨ ਗ੍ਰੰਥਾਂ ਨੂੰ ਸਰਵ-ਸ੍ਰੇਸ਼ਟ ਤੇ ਸਾਰੇ ਗਿਆਨ ਦੇ ਸਰੋਤ ਦੱਸਣ ਦੇ ਨਾਲ ਨਾਲ ਬਾਅਦ ਵਿਚ ਹੋਏ ਅਗਾਂਹਵਧੂ ਵਿਕਾਸ ਤੇ ਖ਼ਾਸ ਕਰਕੇ ਮੱਧ ਕਾਲੀਨ ਸਮੇਂ ਵਿਚ ਪਣਪੀ ਭਗਤੀ ਲਹਿਰ, ਜੋ ਬਹੁਤ ਪ੍ਰਗਤੀਸ਼ੀਲ ਲਹਿਰ ਸੀ, ਨੂੰ ਨਕਾਰ ਦਿੱਤਾ। 19ਵੀਂ ਸਦੀ ਦੇ ਅਖ਼ੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਪਣਪੀਆਂ ਸੁਧਾਰ ਲਹਿਰਾਂ ਨੇ ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ ਤੇ ਭਗਤੀ ਲਹਿਰ ਦੇ ਹੋਰ ਸੰਤਾਂ, ਜਿਨ੍ਹਾਂ ਦੇ ਵਿਚਾਰਾਂ ਤੇ ਬਾਣੀ ਨੇ ਮੱਧਕਾਲੀਨ ਸਮਿਆਂ ਦੇ ਹਿੰਦੂ ਸਮਾਜਾਂ ਵਿਚ ਡੂੰਘੀ ਹਲਚਲ ਪੈਦਾ ਕੀਤੀ ਸੀ, ਤੋਂ ਕਿਨਾਰਾ ਕੀਤਾ ਤੇ ਹਿੰਦੂ ਮੂਲਵਾਦ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ। ਮੂਲਵਾਦ ਆਪਣੇ ਆਪ ਵਿਚ ਫ਼ਾਸ਼ੀਵਾਦ ਨਹੀਂ ਹੁੰਦਾ ਪਰ ਇਹ ਫ਼ਾਸ਼ੀਵਾਦੀ ਰੁਝਾਨਾਂ ਲਈ ਜ਼ਮੀਨ ਜ਼ਰੂਰ ਪੈਦਾ ਕਰ ਸਕਦਾ ਹੈ।

ਇਸੇ ਜ਼ਮੀਨ 'ਤੇ ਭਾਰਤ ਵਿਚ ਫ਼ਾਸ਼ੀਵਾਦੀ ਸੋਚ ਦਾ ਆਰੰਭ ਹੁੰਦਾ ਹੈ। ਅਸੀਂ ਕਈ ਚਿੰਤਕਾਂ, ਸਿਆਸੀ ਆਗੂਆਂ, ਸਮਾਜਿਕ ਸੁਧਾਰਕਾਂ ਤੇ ਵਿਦਵਾਨਾਂ ਦੀਆਂ ਲਿਖਤਾਂ ਦੀਆਂ ਉਦਾਹਰਨਾਂ ਦੇ ਸਕਦੇ ਹਾਂ ਪਰ ਇਨ੍ਹਾਂ ਵਿੱਚੋਂ ਪ੍ਰਮੁੱਖ ਕੇਂਦਰ-ਬਿੰਦੂ ਵੀ.ਡੀ. ਸਾਵਰਕਰ ਦੀ ਸੋਚ ਤੇ ਸਿਧਾਂਤਕਾਰੀ ਹੈ ਜੋ ਉਸ ਦੀ ਕਿਤਾਬ 'Hindutava, Who is a Hindu ਵਿੱਚੋਂ ਉੱਭਰਦੀ ਹੈ।

(3)

**ਸਾਵਰਕਰਵਾਦੀ ਸਿਧਾਂਤ**

(ਇਸ ਲੇਖ ਵਿਚ ਦਿੱਤੇ ਗਏ ਹਵਾਲੇ ਵੀ.ਡੀ. ਸਾਵਰਕਰ ਦੀ ਕਿਤਾਬ 'Hindutava, Who is a Hindu ਪ੍ਰਕਾਸ਼ਕ, ਹਿੰਦੀ ਸਾਹਿਤਯ ਸਦਨ, ਨਵੀਂ ਦਿੱਲੀ, ਛਾਪ 2018 ਵਿੱਚੋਂ ਹਨ)

ਵੀ.ਡੀ. ਸਾਵਰਕਰ ਅਨੁਸਾਰ ਭੂਗੋਲਿਕ ਖ਼ਿੱਤਾ, ਜਿਸ ਵਿਚ ਅਸੀਂ ਰਹਿੰਦੇ ਹਾਂ, ਦਾ ਪੁਰਾਤਨ ਨਾਮ ਸਪਤਸਿੰਧੂ ਜਾਂ ਸਿੰਧੂ ਹੈ ਜਿਸ ਦਾ ਜ਼ਿਕਰ ਦੁਨੀਆ ਦੀ ਸਭ ਤੋਂ ਪੁਰਾਤਨ ਕਿਤਾਬ ਰਿਗਵੇਦ ਵਿਚ ਕਈ ਵਾਰ ਮਿਲਦਾ ਹੈ। ਉਸ ਅਨੁਸਾਰ ਆਰੀਆ ਲੋਕਾਂ ਨੇ ਸੱਤ ਦਰਿਆਵਾਂ, ਜਿਨ੍ਹਾਂ 'ਚੋਂ ਪ੍ਰਮੁੱਖ ਸਿੰਧ ਦਰਿਆ ਸੀ, ਨੂੰ ਆਪਣੀ "ਸਾਂਝੀ ਕੌਮੀਅਤ ਅਤੇ ਸੱਭਿਆਚਾਰ ਦਾ ਪ੍ਰਤੱਖ/ਜ਼ਾਹਰਾ (visible) ਪ੍ਰਤੀਕ" ਮੰਨਿਆ। (ਸਾਵਰਕਰ, ਸਫ਼ਾ 21) ਸਾਵਰਕਰ ਦਲੀਲ ਦਿੰਦਾ ਹੈ ਕਿ ਪ੍ਰਾਕਿਰਤ ਭਾਸ਼ਾਵਾਂ ਅਤੇ ਫ਼ਾਰਸੀ ਵਿਚ 'ਸ' ਬਦਲ ਜਾਂਦਾ ਹੈ। ਇਸੇ ਧਾਰਨਾ ਅਧੀਨ ਉਹ ਇਹ 'ਹ' 'ਸਿੰਧੂ ਦਰਿਆ ਦਾ ਮੂਲ ਨਾਲ/ਵਿਚਾਰ ਸਾਹਮਣੇ ਰੱਖਦਾ ਹੈ ਕਿ ਹੋ ਸਕਦਾ ਹੈ ਕਿ ਸਿੰਧ ਹਿੰਦੂ ਹੋਵੇ ਅਤੇ ਸੰਸਕ੍ਰਿਤ ਬੋਲਣ ਵਾਲੇ ਆਰੀਆ ਲੋਕਾਂ ਨੇ ਇਸੇ ਦਾ ਨਾਂ ਸਿੰਧ/ਸਿੰਧੂ ਰੱਖ ਦਿੱਤਾ ਹੋਵੇ। ਸਾਵਰਕਰ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਹਿੰਦੂ ਸ਼ਬਦ ਬਹੁਤ ਪੁਰਾਤਨ ਹੈ (ਸਾਵਰਕਰ, ਸਫ਼ਾ 24) ਅਤੇ ਪ੍ਰਾਚੀਨ ਸਮਿਆਂ ਤੋਂ ਹੀ ਆਰੀਆ ਲੋਕਾਂ ਨੂੰ ਹਿੰਦੂ ਕਿਹਾ ਜਾਂਦਾ ਸੀ।

ਸਾਵਰਕਰ ਅਨੁਸਾਰ ਹਿੰਦੂ/ਆਰੀਆ ਲੋਕ ਪਹਿਲਾਂ ਪੰਜਨਦ/ਪੰਜਾਬ ਵਿਚ ਵੱਸੇ ਅਤੇ ਫਿਰ ਹੋਰ ਜ਼ਰਖੇਜ਼ ਭੂਮੀਆਂ ਵੱਲ ਗਏ (ਸਾਵਰਕਰ, ਸਫ਼ਾ 25)। ਉਹ ਉਸ ਦਿਨ ਨੂੰ ਮਹਾਨ ਮੰਨਦਾ ਹੈ ਜਦ 'ਬਹਾਦਰ ਰਾਮਚੰਦਰ ਨੇ ਸ੍ਰੀਲੰਕਾ ਜਿੱਤਣ ਤੋਂ ਬਾਅਦ ਅਸ਼ਵਮੇਧ ਯੱਗ ਕੀਤਾ ਅਤੇ ਉਨ੍ਹਾਂ ਦਾ ਘੋੜਾ ਬਿਨਾਂ ਕਿਸੇ ਚੁਣੌਤੀ ਦੇ ਅਯੁੱਧਿਆ ਪਹੁੰਚਿਆ; ਸਾਵਰਕਰ ਅਨੁਸਾਰ ਉਹ ਦਿਨ ਹਿੰਦੂ ਲੋਕਾਂ ਦਾ ਅਸਲੀ ਜਨਮ ਦਿਨ ਸੀ; (ਸਫ਼ਾ 26) ਉਹ ਬੁੱਧ ਧਰਮ ਦੀ ਚੜ੍ਹਤ ਅਤੇ ਹਾਰ ਦਾ ਜ਼ਿਕਰ ਵੀ ਕਰਦਾ ਹੈ। ਸਾਵਰਕਰ ਵਰਣ ਆਸ਼ਰਮ ਨੂੰ ਖ਼ਾਸ ਅਹਿਮੀਅਤ ਦਿੰਦਿਆਂ ਲਿਖਦਾ ਹੈ "ਵਰਣ-ਆਸ਼ਰਮ ਦੀ ਸੰਸਥਾ, ਜੋ ਬੁੱਧ ਧਰਮ ਦੀ ਚੜ੍ਹਤ ਵੇਲੇ ਵੀ ਖ਼ਤਮ ਨਹੀਂ ਸੀ ਹੋਈ, ਏਨੀ ਹਰਮਨਪਿਆਰੀ ਹੋ ਗਈ ਕਿ ਰਾਜੇ ਅਤੇ ਸਮਰਾਟ ਇਹ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਸਨ ਕਿ ਉਹ ਵਰਣ-ਆਸ਼ਰਮ ਦੀ ਸੰਸਥਾ ਦੇ ਸੰਸਥਾਪਕ ਹਨ... ਇਸ ਸੰਸਥਾ ਦੇ ਹੱਕ ਵਿਚ ਲੋਕ ਰਾਏ ਏਨੀ ਵਧੀ ਕਿ ਸਾਡੀ ਕੌਮੀਅਤ ਨੂੰ ਇਸ ਨਾਲ ਇਕਰੂਪ ਹੋਇਆ ਮੰਨਿਆ ਗਿਆ।" (ਸਾਵਰਕਰ, ਸਫ਼ਾ 39)

ਸਾਵਰਕਰ ਸਨਾਤਨੀ ਗ੍ਰੰਥਾਂ ਵਿਚ ਇਸ ਭੂਗੋਲਿਕ ਖ਼ਿੱਤੇ ਲਈ ਵਰਤੇ ਗਏ ਸ਼ਬਦਾਂ ਆਰੀਆਵਰਤ, ਬ੍ਰਹਮਵਰਤ, ਦਕਸ਼ਿਨਪਥ (ਸਾਵਰਕਰ, ਸਫ਼ਾ 26-27) ਦਾ ਜ਼ਿਕਰ ਕਰਦਿਆਂ ਦਲੀਲ ਦਿੰਦਾ ਹੈ ਕਿ ਆਰੀਆਵਰਤ ਦਾ ਫੈਲਾਉ ਹਿਮਾਲਿਆ ਅਤੇ ਵਿੰਧੀਆਚਲ ਪਰਬਤਾਂ ਦੇ ਦਰਮਿਆਨ ਸੀ ਅਤੇ ਇੰਡੀਅਨ/ਭਾਰਤੀ ਕੌਮ (ਸਾਵਰਕਰ, ਸਫ਼ਾ 27) ਨੂੰ ਆਪਣੇ ਆਪ ਨੂੰ ਪਰਿਭਾਸ਼ਿਤ ਕਰਨ ਲਈ ਕਿਸੇ ਹੋਰ ਸੰਕਲਪ ਦੀ ਤਲਾਸ਼ ਸੀ। ਸਾਵਰਕਰ ਅਨੁਸਾਰ "ਇੰਡੀਅਨ/ਭਾਰਤੀ ਕੌਮ ਦੀ ਫੈਲਾਉਵਾਦੀ (Expansive) ਸੋਚ ਨੂੰ ਪ੍ਰਗਟਾਉਣ ਵਾਲੇ ਮੁਨਾਸਿਬ ਸੰਕਲਪ ਦੀ ਜ਼ਰੂਰਤ ਉਦੋਂ ਪੂਰੀ ਹੋਈ ਜਦ ਭਰਤ ਦੇ ਖ਼ਾਨਦਾਨ (House of Bharat) ਨੇ ਸਾਰੀ ਦੁਨੀਆ (entire world) 'ਤੇ ਸ਼ਾਸਨ ਕਾਇਮ ਕਰ ਲਿਆ (ਸਾਵਰਕਰ, ਸਫ਼ਾ 27)।" ਸਾਵਰਕਰ ਅਨੁਸਾਰ ਉਨ੍ਹਾਂ ਸਮਿਆਂ ਵਿਚ ਭਾਰਤ ਦਾ ਮਤਲਬ ਉਹ ਭੂਗੋਲਿਕ ਖ਼ਿੱਤਾ ਸੀ ਜਿਹੜਾ ਹਿਮਾਲਿਆ ਪਰਬਤ ਤੋਂ ਦੱਖਣ ਦੇ ਸਾਗਰਾਂ ਤੱਕ ਫੈਲਿਆ ਹੋਇਆ ਹੈ; ਇਸ ਨੂੰ ਸਾਬਤ ਕਰਨ ਲਈ ਉਹ ਵਿਸ਼ਨੂੰ ਪੁਰਾਣ 'ਚੋਂ ਇਕ ਸਲੋਕ ਦਾ ਹਵਾਲਾ ਦਿੰਦਾ ਹੈ ਪਰ ਇਸ ਬਹਿਸ 'ਚ ਪੈਣ ਤੋਂ ਇਨਕਾਰ ਕਰਦਾ ਹੈ ਕਿ ਭਰਤ ਕੌਣ ਸੀ ਜਾਂ ਕਿਹੜੇ ਸਮਿਆਂ ਵਿਚ ਪੈਦਾ ਹੋਇਆ। ਇਸ ਦੇ ਬਾਵਜੂਦ ਉਹ ਆਪਣੀ ਲਿਖਤ ਵਿਚ ਦੁਬਾਰਾ ਇਸ ਭੂਮੀ ਨੂੰ ਸਿੰਧੂਸਥਾਨ (ਜਿਸ ਨੂੰ ਉਸ ਅਨੁਸਾਰ ਪੁਰਾਤਨ ਸਮਿਆਂ ਵਿਚ ਹਿੰਦੋਸਤਾਨ ਕਿਹਾ ਜਾਂਦਾ ਸੀ) ਕਹਿਣ 'ਤੇ ਜ਼ੋਰ ਦਿੰਦਾ ਹੈ ਕਿਉਂਕਿ ਉਸ ਦੇ ਅਨੁਸਾਰ ਇਹ ਜ਼ਿਆਦਾ ਵਧੀਆ ਨਾਮ ਹੈ ਕਿਉਂਕਿ ਇਸ ਦਾ ਵੇਦਾਂ ਵਿਚ ਜ਼ਿਕਰ ਹੈ (ਸਾਵਰਕਰ, ਸਫ਼ਾ 42-43) ਅਤੇ ਆਮ ਆਦਮੀ ਆਪਣੇ ਆਪ ਨੂੰ ਇਸ ਸ਼ਬਦ ਨਾਲ ਜੋੜਦਾ (identify) ਹੈ (ਸਾਵਰਕਰ, ਸਫ਼ਾ 46-47)। ਇਸ ਤਰ੍ਹਾਂ ਸਾਵਰਕਰ ਉਨ੍ਹਾਂ ਵਿਦਵਾਨਾਂ ਦੀਆਂ ਦਲੀਲਾਂ ਨੂੰ ਗ਼ਲਤ ਠਹਿਰਾਉਂਦਾ ਹੈ ਜਿਨ੍ਹਾਂ ਅਨੁਸਾਰ ਇਸ ਭੂਗੋਲਿਕ ਖ਼ਿੱਤੇ ਅਤੇ ਇੱਥੇ ਰਹਿਣ ਵਾਲਿਆਂ ਲਈ ਇਹ ਸ਼ਬਦ (ਹਿੰਦੋਸਤਾਨ, ਹਿੰਦੂ) ਪਹਿਲਾਂ ਯੂਨਾਨੀਆਂ, ਹੋਰ ਹਮਲਾਵਰਾਂ ਅਤੇ ਮੁਸਲਮਾਨਾਂ ਨੇ ਵਰਤੇ। ਪ੍ਰਾਚੀਨ ਸਮਿਆਂ ਤੋਂ ਆਰੀਆ ਲੋਕਾਂ ਨੂੰ ਹਿੰਦੂ ਅਤੇ ਇਸ ਭੂਗੋਲਿਕ ਖ਼ਿੱਤੇ ਨੂੰ ਹਿੰਦੋਸਤਾਨ ਕਹੇ ਜਾਣ ਦੀ ਧਾਰਨਾ ਬਣਾਉਣਾ ਸਾਵਰਕਰ ਦੀ ਵਿਚਾਰਧਾਰਾ ਦੀ ਮੂਲ ਟੇਕ ਹੈ ਜਿਸ ਦੇ ਆਧਾਰ 'ਤੇ ਉਸ ਨੇ ਇਤਿਹਾਸ ਨੂੰ ਨਕਾਰਿਆ ਅਤੇ ਹਿੰਦੂਤਵ ਦੇ ਸਿਧਾਂਤ ਦੀ ਉਸਾਰੀ ਕੀਤੀ।

ਇਸਲਾਮ 'ਤੇ ਹਮਲਾ ਕਰਦਿਆਂ ਸਾਵਰਕਰ ਲਿਖਦਾ ਹੈ, "ਸਾਲ-ਦਰ-ਸਾਲ, ਦਹਾਕਾ-ਦਰ-ਦਹਾਕਾ, ਸਦੀ-ਦਰ-ਸਦੀ ਇਹ ਮੁਕਾਬਲਾ ਚੱਲਦਾ ਰਿਹਾ ਹੈ। ਅਰਬ ਅਰਬ ਨਾ ਰਿਹਾ; ਇਰਾਨ ਨੇਸਤੋਨਬੂਦ ਹੋ ਗਿਆ; ਮਿਸਰ, ਸੀਰੀਆ, ਅਫ਼ਗਾਨਿਸਤਾਨ, ਬਲੋਚਿਸਤਾਨ, ਤਤਾਰੀ ਭੂਮੀ - ਗਰੇਨੇਡਾ ਤੋਂ ਲੈ ਕੇ ਗਜ਼ਨੀ ਤੱਕ - ਕੌਮਾਂ ਅਤੇ ਸਭਿਆਤਾਵਾਂ ਅਮਨ ਦੇ ਇਸਲਾਮ (ਵਿਅੰਗ ਨਾਲ ਵਿਸਮਿਕ ਚਿੰਨ੍ਹ ਪਾ ਕੇ) ਦੀ ਤਲਵਾਰ ਸਾਹਮਣੇ ਢਹਿ-ਢੇਰੀ ਹੋ ਗਈਆਂ!! (ਸਾਵਰਕਰ, ਸਫ਼ਾ 57)।" ਉਹ ਪ੍ਰਿਥਵੀਰਾਜ ਦੀ ਤਾਰੀਫ਼ ਕਰਦਾ ਅਤੇ ਬਾਅਦ ਵਿਚ ਔਰੰਗਜ਼ੇਬ ਨੂੰ ਚੁਣੌਤੀ ਦੇਣ ਵਾਲੀਆਂ ਸਥਾਨਿਕ ਤਾਕਤਾਂ ਮਰਹੱਟਿਆਂ, ਸਿੱਖਾਂ, ਸਤਨਾਮੀਆਂ, ਬੁੰਦੇਲਿਆਂ ਨੂੰ ਸਲਾਹੁੰਦਾ ਹੈ। ਉਹ ਪੰਥ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਦੇ ਹਵਾਲੇ ਦੇ ਕੇ ਸਿੱਖਾਂ ਨੂੰ ਹਿੰਦੂਆਂ ਦੇ ਰਖਵਾਲੇ ਦੱਸਦਾ ਹੈ। ਮਰਹੱਟਿਆਂ ਦੀ ਭੂਮਿਕਾ 'ਤੇ ਜ਼ੋਰ ਦਿੰਦਿਆਂ ਉਹ ਆਪਣੇ ਤਰੀਕੇਕਾਰ ਅਨੁਸਾਰ ਇਹ ਸਿੱਧ ਕਰਦਾ ਹੈ ਕਿ ਉਹ ਹਿੰਦੂ ਕੌਮ ਅਤੇ ਹਿੰਦੂਤਵ ਦੇ ਵੱਡੇ ਰਖਵਾਲੇ ਸਨ (ਸਾਵਰਕਰ, ਸਫ਼ਾ 62-75)। ਉਹ ਸਿੱਖਾਂ ਨੂੰ "ਹਿੰਦੂ ਨਸਲ (Race) ਦੇ ਸਭ ਤੋਂ ਵਧੀਆ ਅਤੇ ਬਹਾਦਰ ਜਿਨ੍ਹਾਂ ਨੂੰ ਮਹਾਨ ਗੁਰੂ ਨੇ ਚੁਣਿਆ ਸੀ" ਕਹਿੰਦਾ ਹੈ। (ਸਾਵਰਕਰ, ਸਫ਼ਾ 81)

ਹਿੰਦੂ ਕੌਮ ਦਾ ਸਿਧਾਂਤ ਸਥਾਪਿਤ ਕਰਨ ਲਈ ਉਹ ਪੁਰਾਤਨ ਸਮਿਆਂ ਵਿਚ ਵੱਖ-ਵੱਖ ਕਬੀਲਿਆਂ ਦੇ ਲੋਕਾਂ ਵਿਚਕਾਰ ਹੋਏ ਵਿਆਹਾਂ ਦੀਆਂ ਉਦਾਹਰਨਾਂ ਦਿੰਦਿਆਂ ਇਹ ਦਲੀਲ ਦਿੰਦਾ ਹੈ ਕਿ ਇਸ ਤਰ੍ਹਾਂ ਆਰੀਆ ਤੇ ਅਣਆਰੀਆ ਲੋਕ ਇੱਕ-ਦੂਸਰੇ ਵਿਚ ਘੁਲ-ਮਿਲ ਕੇ ਇਕ ਕੌਮ ਤੇ ਇਕ ਨਸਲ ਬਣ ਗਏ ਜਿਨ੍ਹਾਂ ਦੀਆਂ ਰਗਾਂ ਵਿਚ ਵੈਦਿਕ ਵਡੇਰਿਆਂ ਦਾ ਖ਼ੂਨ ਦੌੜਦਾ ਹੈ (ਸਾਵਰਕਰ,



ਸਫ਼ਾ 87-90)।

ਸਾਵਰਕਰ ਨੂੰ ਫ਼ਿਕਰ ਹੈ ਕਿ ਉਹ ਧਰਮ ਜਾਂ ਪੰਥ, ਜੋ ਵੇਦਾਂ ਨੂੰ ਨਹੀਂ ਮੰਨਦੇ, ਦੀ ਸਮੱਸਿਆ ਨੂੰ ਕਿਵੇਂ ਹੱਲ ਕੀਤਾ ਜਾਵੇ। ਇਸ ਸਮੱਸਿਆ ਨੂੰ ਉਹ ਇੰਝ ਹੱਲ ਕਰਦਾ ਹੈ: ਉਸ ਅਨੁਸਾਰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਧਰਮ ਜਾਂ ਫ਼ਿਰਕਾ ਵੇਦਿਕ ਹੈ ਜਾਂ ਅਵੇਦਿਕ ਜਦੋਂ ਤੱਕ ਉਸ ਦਾ ਜਨਮ ਭਾਰਤ ਵਿਚ ਹੋਇਆ ਅਤੇ ਉਸ ਦੇ ਧਾਰਮਿਕ (ਪੁੰਨਯ) ਅਸਥਾਨ ਭਾਰਤ ਵਿਚ ਹਨ। ਇਹ ਉਸ ਦਾ ਪੁੰਨਯਭੂਮੀ ਦਾ ਸਿਧਾਂਤ ਹੈ।

ਉਹ ਹਿੰਦੂਤਵ ਨੂੰ ਹਿੰਦੂ ਧਰਮ ਤੋਂ ਵੱਖਰਾ ਕਰਕੇ ਵੇਖਦਾ ਹੈ। ਉਸ ਅਨੁਸਾਰ ਹਿੰਦੂਤਵ ਇਕ ਕੌਮੀ ਭਾਵਨਾ ਹੈ ਜਿਸ ਦਾ ਦਰਿਆ ਪੁਰਾਤਨ ਸਮਿਆਂ ਤੋਂ ਅਜੋਕੇ ਸਮਿਆਂ ਤੱਕ ਵਹਿੰਦਾ ਆ ਰਿਹਾ ਹੈ। ਵੇਦਿਕ ਅਤੇ ਉਨ੍ਹਾਂ ਅਵੇਦਿਕ ਧਰਮਾਂ ਨੂੰ ਮੰਨਣ ਵਾਲੇ, ਜਿਨ੍ਹਾਂ ਦੇ ਧਾਰਮਿਕ ਸਥਾਨ/ਪੁੰਨਯਭੂਮੀ ਭਾਰਤ ਵਿਚ ਹਨ, ਸਭ ਹਿੰਦੂਤਵ ਦੇ ਸਿਧਾਂਤ ਅਨੁਸਾਰ ਹਿੰਦੂ ਹਨ। ਹਿੰਦੂ ਹੋਣ ਲਈ ਸਾਵਰਕਰ ਅਨੁਸਾਰ ਦੋ ਤੱਤ ਜ਼ਰੂਰੀ ਹਨ: ਪਹਿਲਾ ਪਿਤਰਭੂਮੀ ਦਾ ਤੱਤ ਕਿ ਉਨ੍ਹਾਂ ਦੇ ਵੱਡੇ-ਵਡੇਰੇ ਇਸ ਭੂਮੀ 'ਤੇ ਪੈਦਾ ਹੋਏ ਹੋਣ ਅਤੇ ਦੂਸਰਾ ਪੁੰਨਯਭੂਮੀ ਦਾ ਤੱਤ ਕਿ ਉਨ੍ਹਾਂ ਦੇ ਧਾਰਮਿਕ ਅਸਥਾਨ ਭਾਰਤ ਵਿਚ ਹੋਣ।

ਕੌਮੀਅਤ/ਕੌਮ ਦੀ ਇਸ ਸਾਵਰਕਰਵਾਦੀ ਪਰਿਭਾਸ਼ਾ ਅਨੁਸਾਰ ਮੁਸਲਮਾਨ ਅਤੇ ਇਸਾਈ ਭਾਈਚਾਰਿਆਂ ਦੇ ਲੋਕ ਬਾਹਰਲੇ ਸਾਬਤ ਹੁੰਦੇ ਹਨ। ਉਹ ਲਿਖਦਾ ਹੈ, "ਭਾਵੇਂ ਦੂਸਰੇ ਹਿੰਦੂਆਂ ਵਾਂਗ ਉਨ੍ਹਾਂ ਦੀ ਪਿਤਰਭੂਮੀ ਹਿੰਦੋਸਤਾਨ ਹੈ ਪਰ ਇਹ ਅਜੇ ਤੱਕ ਉਨ੍ਹਾਂ ਦੀ ਪੁੰਨਯਭੂਮੀ ਨਹੀਂ ਬਣੀ। ਉਨ੍ਹਾਂ ਦੀ ਪੁੰਨਯਭੂਮੀ ਅਰਬ ਜਾਂ ਫ਼ਲਸਤੀਨ ਹੈ। ਉਨ੍ਹਾਂ ਦਾ ਮਿਥਿਹਾਸ ਤੇ ਦੈਵੀ ਪੁਰਖ, ਵਿਚਾਰ ਤੇ ਨਾਇਕ ਇਸ ਭੂਮੀ ਦੇ ਪੁੱਤਰ ਨਹੀਂ ਹਨ। ਉਨ੍ਹਾਂ ਦੇ ਨਾਵਾਂ ਤੇ ਵਿਚਾਰ-ਦ੍ਰਿਸ਼ਟੀ 'ਚੋਂ ਵਿਦੇਸ਼ੀ ਮੂਲ (Origin) ਦੀ ਬਦਬੂ (Stench) ਆਉਂਦੀ ਹੈ। ਉਨ੍ਹਾਂ ਦਾ ਪਿਆਰ ਵੰਡਿਆ ਹੋਇਆ ਹੈ (ਸਾਵਰਕਰ, ਸਫ਼ਾ 112)।"



ਯੁੱਧ ਵਿਰੋਧੀ ਪੇਂਟਿੰਗ : 26 ਅਪ੍ਰੈਲ 1937 ਨੂੰ ਉੱਤਰੀ ਸਪੇਨ ਦੇ ਬਾਸਿਕ ਖੇਤਰ 'ਚ ਸਥਿਤ ਗੋਰਨਿਕਾ ਸ਼ਹਿਰ 'ਤੇ ਹੋਏ ਹਮਲੇ ਦੇ ਜਵਾਬ 'ਚ ਪਿਕਾਸੋ ਨੇ ਇਹ ਪੇਂਟਿੰਗ ਬਣਾਈ।

ਸਾਵਰਕਰ ਹਿੰਦੂਤਵ ਦੀ ਇਹ ਪਰਿਭਾਸ਼ਾ ਦਿੰਦਾ ਹੈ, "ਹਿੰਦੂਤਵ ਦੇ ਤੱਤ ਇਹ ਹਨ - ਇਕ ਸਾਂਝੀ ਕੌਮੀਅਤ/ਕੌਮ (ਰਾਸ਼ਟਰ), ਸਾਂਝੀ ਨਸਲ (ਜਾਤੀ) ਅਤੇ ਸਾਂਝੀ ਸੰਸਕ੍ਰਿਤੀ। ਇਨ੍ਹਾਂ ਤਿੰਨਾਂ ਤੱਤਾਂ ਨੂੰ ਸੰਖੇਪ ਵਿਚ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ ਕਿ ਉਹੀ ਵਿਅਕਤੀ ਹਿੰਦੂ ਹੈ ਜਿਸ ਲਈ ਸਿੰਧੂਸਥਾਨ ਸਿਰਫ਼ ਪਿਤਰਭੂਮੀ ਹੀ ਨਹੀਂ ਹੈ, ਸਗੋਂ ਪੁੰਨਯਭੂਮੀ ਵੀ ਹੈ (ਸਾਵਰਕਰ, ਸਫ਼ਾ 114)।" ਸਾਵਰਕਰ ਅਨੁਸਾਰ, "ਕਈ ਵਾਰ ਸਾਂਝੀ ਪੁੰਨਯਭੂਮੀ ਦਾ ਰਿਸ਼ਤਾ ਮਾਤਰਭੂਮੀ (ਪਿਤਰਭੂਮੀ) ਦੀਆਂ ਜ਼ੰਜੀਰਾਂ ਨਾਲੋਂ ਜ਼ਿਆਦਾ ਤਾਕਤਵਰ ਸਾਬਤ ਹੋਇਆ ਹੈ। ਮੁਸਲਮਾਨਾਂ ਵੱਲ ਵੇਖੋ। ਉਨ੍ਹਾਂ ਲਈ ਦਿੱਲੀ ਤੇ ਆਗਰਾ ਨਾਲੋਂ ਮੱਕਾ ਜ਼ਿਆਦਾ ਹਕੀਕੀ ਅਸਲੀਅਤ ਹੈ (ਸਾਵਰਕਰ, ਸਫ਼ਾ 131)।"

ਉਹ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਸਿੱਧ ਕਰਨ ਦਾ ਪੂਰਾ ਜ਼ੋਰ ਲਾਉਂਦਾ ਹੈ (ਸਫ਼ਾ 119-125) ਅਤੇ ਅੰਤ ਵਿਚ ਕਹਿੰਦਾ ਹੈ, "ਓ ਹਿੰਦੂਓ! ਭਾਵੇਂ ਤੁਸੀਂ ਜੈਨੀ ਹੋ ਜਾਂ ਸਮਾਜੀ ਜਾਂ ਸਤਨਾਮੀ ਜਾਂ ਸਿੱਖ ਜਾਂ ਕਿਸੇ ਹੋਰ ਪੰਥ ਨਾਲ ਸਬੰਧ ਰੱਖਣ ਵਾਲੇ, ਕੀ ਤੁਸੀਂ ਪੁਰਾਤਨ, ਕੁਦਰਤੀ ਤੇ ਸਜੀਵ ਸੁਮੇਲ (organic combination) ਨਾਲੋਂ ਟੁੱਟਣਾ ਅਤੇ ਉਸ ਸੁਮੇਲ ਨੂੰ ਤਬਾਹ ਕਰਨ ਦਾ ਖ਼ਤਰਾ ਮੁੱਲ ਲੈ ਸਕਦੇ ਹੋ... ਅਟਕ ਤੋਂ ਕੱਟਕ ਤੱਕ ਹਿੰਦੂ ਖ਼ੂਨ ਦੀ ਇਸ ਪਵਿੱਤਰ ਧਾਰਾ ਨੂੰ ਰਗ ਰਗ ਵਿਚ ਵਹਿਣ ਦਿਓ ਜਦ ਤੱਕ ਸਾਰੇ ਹਿੰਦੂ ਲੋਕ ਇਕ ਨਾ ਵੰਡੀ ਜਾਣ ਵਾਲੀ ਇਕਾਈ ਨਹੀਂ ਬਣ ਜਾਂਦੇ, ਜਦ ਤੱਕ ਸਾਡੀ ਨਸਲ ਆਪਸ ਵਿਚ ਜੁੜ ਕੇ ਸਟੀਲ ਵਾਂਗ ਤਿੱਖੀ ਨਹੀਂ ਹੋ ਜਾਂਦੀ (ਸਾਵਰਕਰ, ਸਫ਼ਾ 133-134)।" ਇਸ ਤਰ੍ਹਾਂ ਸਾਵਰਕਰ ਦਾ ਹਿੰਦੂਤਵ ਦਾ ਸਿਧਾਂਤ ਹਿੰਦੂ ਧਰਮ ਅਤੇ ਉਸ ਵਿਚਲੇ ਅਨੇਕ ਪੰਥਾਂ ਤੇ ਧਾਰਮਿਕ-ਪ੍ਰਣਾਲੀਆਂ ਨੂੰ ਸਹਿਜਤਾ, ਵੰਨ-ਸੁਵੰਨਤਾ ਅਤੇ ਉਨ੍ਹਾਂ ਦੇ ਲੋਕ-ਧਰਮੀ ਸੁਭਾਅ ਤੋਂ ਵਿਛੁੰਨਿਆ ਕਰ ਕੇ ਉਨ੍ਹਾਂ ਨੂੰ ਇਕਸਾਰ ਕੱਟੜਪੰਥੀ ਵਿਚਾਰਧਾਰਾ ਦੇ ਚੌਖਟੇ ਵਿਚ ਬੰਨ੍ਹਦਾ ਹੈ।

ਇੱਥੇ ਹੀ ਇਸ ਸਵਾਲ ਦਾ ਜਵਾਬ ਪਿਆ ਹੈ ਕਿ ਸਾਵਰਕਰ ਨੂੰ ਹਿੰਦੂਤਵ ਦਾ ਸਿਧਾਂਤ ਦੇਣ ਦੀ ਕੀ ਜ਼ਰੂਰਤ ਸੀ; ਉਹ ਆਪਣੀਆਂ ਦਲੀਲਾਂ ਨੂੰ ਹਿੰਦੂ ਧਰਮ ਦੇ ਆਧਾਰ 'ਤੇ ਕਿਉਂ ਅੱਗੇ ਨਹੀਂ ਸੀ ਵਧਾ ਸਕਦਾ। ਜਵਾਬ ਇਹ ਹੈ ਕਿ ਸਾਵਰਕਰ ਜਾਣਦਾ ਸੀ ਕਿ ਬੋਧੀ, ਜੈਨੀ, ਸਿੱਖ, ਲਿੰਗਾਇਤ ਅਤੇ ਪੁਰਾਤਨ ਕਬੀਲੇ ਆਪਣੇ ਆਪ ਨੂੰ ਹਿੰਦੂ ਨਹੀਂ ਮੰਨਦੇ ਅਤੇ ਨਾ ਹੀ ਉਨ੍ਹਾਂ ਨੂੰ ਇਹ ਮੰਨਣ ਲਈ ਮਨਾਇਆ ਜਾ ਸਕਦਾ ਹੈ ਪਰ ਸਾਵਰਕਰ ਉਨ੍ਹਾਂ ਨੂੰ ਹਿੰਦੂ ਧਰਮ ਦੇ ਕਲਾਵੇ ਵਿਚ ਲੈਣਾ ਚਾਹੁੰਦਾ ਹੈ; ਉਹ ਇਹ ਕਾਰਜ ਕਿਵੇਂ ਕਰੇ? ਉਹ ਇਹ ਸਵੀਕਾਰ ਕਰ ਲੈਂਦਾ ਹੈ ਇਹ ਧਰਮ ਅਤੇ ਪੰਥ ਹਿੰਦੂ ਧਰਮ ਤੋਂ ਬਾਹਰ ਅਤੇ ਅਵੈਦਿਕ ਹਨ (ਵੇਦਾਂ ਨੂੰ ਨਹੀਂ ਮੰਨਦੇ) ਪਰ ਉਹ ਹਿੰਦੂਤਵ ਦੀ ਪਰਿਭਾਸ਼ਾ ਅਨੁਸਾਰ ਇਨ੍ਹਾਂ ਧਰਮਾਂ ਤੇ ਪੰਥਾਂ ਨੂੰ ਹਿੰਦੂ ਕਹਿੰਦਾ ਹੈ ਕਿਉਂਕਿ ਹਿੰਦੂਤਵ ਦੀ ਪਰਿਭਾਸ਼ਾ ਅਨੁਸਾਰ ਉਹ ਧਰਮ ਅਤੇ ਪੰਥ, ਜਿਨ੍ਹਾਂ ਦੀ ਪਿਤਰਭੂਮੀ (ਜਨਮ-ਭੂਮੀ) ਅਤੇ ਪੁੰਨਯਭੂਮੀ (ਉਨ੍ਹਾਂ ਧਰਮਾਂ ਦੇ ਸੰਸਥਾਪਕਾਂ ਦੀ ਜਨਮ-ਭੂਮੀ ਅਤੇ ਅਸਥਾਨ ਦੋਵੇਂ ਹਿੰਦੋਸਤਾਨ ਵਿਚ ਹਨ) ਹਿੰਦੂ ਹਨ। ਇਸ ਤਰ੍ਹਾਂ ਉਹ ਦੇਸ਼ ਦੀ ਵੱਸੋਂ ਨੂੰ ਦੋ ਹਿੱਸਿਆਂ/ਜੁੱਟਾਂ ਵਿਚ ਵੰਡਦਾ ਹੈ। ਇਕ ਹਿੱਸਾ ਹਿੰਦੂਤਵ ਅਨੁਸਾਰ ਗਰਦਾਨੇ ਗਏ 'ਹਿੰਦੂਆਂ' ਭਾਵ 'ਆਪਣਿਆਂ' ਦਾ ਹੈ ਜਿਸ ਵਿਚ ਹਿੰਦੂਤਵੀ ਪਰਿਭਾਸ਼ਾ ਅਨੁਸਾਰ ਹਿੰਦੂ, ਬੋਧੀ, ਜੈਨੀ, ਸਿੱਖ, ਲਿੰਗਾਇਤ ਅਤੇ ਕਬਾਇਲੀ ਲੋਕ ਸਭ ਆਉਂਦੇ ਹਨ; ਉਨ੍ਹਾਂ ਦੀ ਪਿਤਰਭੂਮੀ ਅਤੇ ਪੁੰਨਯਭੂਮੀ ਦੋਵੇਂ ਭਾਰਤ ਵਿਚ ਹਨ; ਦੂਸਰਾ ਹਿੱਸਾ ਅਹਿੰਦੂਆਂ ਭਾਵ 'ਪਰਾਇਆਂ' ਦਾ ਹੈ ਜਿਸ ਵਿਚ ਮੁਸਲਮਾਨ ਅਤੇ ਇਸਾਈ ਆਉਂਦੇ ਹਨ ਜਿਨ੍ਹਾਂ ਦੀ ਪਿਤਰਭੂਮੀ ਤਾਂ ਭਾਰਤ ਹੈ ਪਰ ਪੁੰਨਯਭੂਮੀ ਭਾਵ ਧਾਰਮਿਕ ਗੁਰੂਆਂ ਦੇ ਜਨਮ ਸਥਾਨ ਅਤੇ ਧਾਰਮਿਕ ਅਸਥਾਨ ਭਾਰਤ ਤੋਂ ਬਾਹਰ ਹਨ।

ਸਾਰੀ ਕਿਤਾਬ 'ਚੋਂ ਪ੍ਰਤੱਖ ਦਿਸਦਾ ਹੈ ਕਿ ਸਾਵਰਕਰ ਦੀ ਪਹੁੰਚ ਅਣਇਤਿਹਾਸਕ ਹੈ; ਉਹ ਇਤਿਹਾਸਕ ਗਵਾਹੀਆਂ ਦੀ ਥਾਂ 'ਤੇ ਮਿਥਿਹਾਸਕ ਸਰੋਤਾਂ ਨੂੰ ਤਰਜੀਹ ਦਿੰਦਾ ਹੈ; ਉਸ ਦਾ ਵੱਖ ਵੱਖ ਵੇਲਿਆਂ ਦੀਆਂ ਸਮਾਜਿਕ ਬਣਤਰਾਂ, ਉਨ੍ਹਾਂ ਦੀਆਂ ਜਟਿਲਤਾਵਾਂ, ਸਮਾਜਿਕ ਤੇ ਸਿਆਸੀ ਕੜਵੱਲਾਂ ਨਾਲ ਕੋਈ ਵਾਹ-ਵਾਸਤਾ ਨਹੀਂ। ਸਾਰੀ ਕਿਤਾਬ ਵਿਚ ਬਸਤੀਵਾਦ ਜਾਂ ਅੰਗਰੇਜ਼ਾਂ ਵਿਰੁੱਧ ਇਕ ਸ਼ਬਦ ਨਹੀਂ ਹੈ। ਉਹ ਆਪਣੀ ਲਿਖਤ ਵਿਚਲੇ ਵਿਰੋਧਾਭਾਸਾਂ ਨੂੰ ਹੱਲ ਕਰਨ ਦਾ ਕੋਈ ਯਤਨ ਨਹੀਂ ਕਰਦਾ ਸਗੋਂ ਉਨ੍ਹਾਂ ਦਾ ਸਰਲੀਕਰਨ ਕਰਕੇ ਲੋਕਾਂ ਸਾਹਮਣੇ ਅਜਿਹੀ ਚੂਰੀ ਪਰੋਸਦਾ ਹੈ ਜਿਹੜੀ ਉਸ ਦੇ ਪੈਰੋਕਾਰਾਂ ਨੂੰ ਇਸ ਲਈ ਮਿੱਠੀ ਲੱਗਦੀ ਹੈ ਅਤੇ ਉਸ ਨਾਲ ਉਨ੍ਹਾਂ ਦੇ ਸਿਆਸੀ ਮਕਸਦ ਵੀ ਪੂਰੇ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ ਉਸ ਦੇ ਇਸ ਸਿਧਾਂਤ ਹਿੰਦੂ ਵਡੇਰਿਆਂ ਅਤੇ ਆਰੀਆ ਦਾ ਪਹਿਲਾ ਸਥਾਨ ਹਿੰਦੂਸਥਾਨ/ਸਪਤਸਿੰਧੂ ਹੋਣ ਵਿਚ ਨਿਹਿਤ ਹੈ ਕਿ ਸੰਸਕ੍ਰਿਤ ਬੋਲਣ ਵਾਲੇ ਆਰੀਆ ਲੋਕ ਬਾਹਰੋਂ ਆਏ ਅਤੇ ਫਿਰ ਸਪਤਸਿੰਧੂ/ਪੰਜਾਬ ਤੋਂ ਪੂਰਬ ਤੇ ਦੱਖਣ ਵਿਚ ਫੈਲੇ। ਇਸ ਦੇ ਅਰਥ ਇਹ ਹਨ ਕਿ ਸਾਵਰਕਰ ਅਨੁਸਾਰ ਇੱਥੋਂ ਦੇ (ਜਾਂ ਘੱਟੋ ਘੱਟ ਸਪਤਸਿੰਧੂ ਤੋਂ ਬਾਹਰ ਦੇ ਖ਼ਿੱਤਿਆਂ ਵਿੱਚ) ਮੂਲਵਾਦੀ ਆਰੀਆ ਤੋਂ ਵੱਖਰੇ ਸਨ। ਆਰੀਆ ਤੇ ਅਣ-ਆਰੀਆ ਲੋਕਾਂ ਵਿਚ ਹੋਈਆਂ ਲੜਾਈਆਂ ਦੇ ਮਿਥਿਹਾਸਕ ਅਤੇ ਇਤਿਹਾਸਕ ਹਵਾਲੇ ਵੀ ਮਿਲਦੇ ਹਨ। ਅਜਿਹੀ ਜਟਿਲ ਸਮੱਸਿਆ ਅਤੇ ਵਿਰੋਧਾਭਾਸ ਨੂੰ ਸਾਵਰਕਰ ਆਰੀਆ ਅਤੇ ਅਣ-ਆਰੀਆ ਲੋਕਾਂ ਵਿਚ ਹੋਏ ਵਿਆਹਾਂ ਦੇ ਮਿਥਿਹਾਸਕ ਹਵਾਲਿਆਂ ਨੂੰ ਹੱਲ ਕਰ ਕੇ ਅਣ-ਆਰੀਆ ਲੋਕਾਂ ਨੂੰ ਹਿੰਦੂ ਧਰਮ ਵਿਚ ਸ਼ਾਮਲ ਕਰ ਲੈਂਦਾ ਹੈ। ਇਤਿਹਾਸ ਦਾ ਅਜਿਹਾ ਸਰਲੀਕਰਨ ਕਰਦਿਆਂ ਮੂਲ ਰੂਪ ਵਿਚ ਉਸ ਦਾ ਕਹਿਣਾ ਹੈ ਕਿ ਹਿੰਦੂਤਵ ਹਿੰਦੂਇਜ਼ਮ (ਭਾਵ ਹਿੰਦੂ ਧਰਮ) ਨਾਲੋਂ ਜ਼ਿਆਦਾ ਵਿਆਪਕ ਅਤੇ ਵਿਸ਼ਾਲ ਸੰਕਲਪ ਹੈ ਕਿਉਂਕਿ ਇਹ ਆਪਣੇ ਆਪ ਨੂੰ ਹਿੰਦੂ ਨਾ ਅਖਵਾਉਣ ਵਾਲੇ ਧਰਮਾਂ (ਜੈਨ, ਬੁੱਧ, ਸਿੱਖ, ਸਤਨਾਮੀ ਆਦਿ) ਨੂੰ ਆਪਣੇ ਕਲੇਵਰ ਵਿਚ ਲੈਂਦਿਆਂ ਇਹ ਸਥਾਪਿਤ ਕਰਦਾ ਹੈ ਕਿ ਉਹ ਇਸ ਵਿਚਾਰਧਾਰਕ ਅਤੇ ਕੌਮੀ ਰੂਪ ਵਿਚ ਹਿੰਦੂ ਹਨ।

ਇਸ ਤਰ੍ਹਾਂ ਸਾਵਰਕਰ ਇਹ ਦੇਸ਼ ਸਿਰਫ਼ ਹਿੰਦੂਆਂ ਦਾ ਹੋਣ, ਮੁਸਲਮਾਨਾਂ ਤੇ ਇਸਾਈਆਂ ਦੇ ਪੂਰਨ ਰੂਪ ਵਿਚ ਭਾਰਤੀ/ਹਿੰਦੂ ਨਾ ਹੋਣ, ਹਿੰਦੂ ਧਰਮ ਦੇ ਸਰਬਉੱਚ ਹੋਣ ਅਤੇ ਹਿੰਦੂਤਵ ਦੀ ਧਾਰਾ ਦੇ ਪੁਰਾਤਨ ਸਮਿਆਂ ਤੋਂ ਲਗਾਤਾਰ ਵਹਿਣ ਦੇ ਉਨ੍ਹਾਂ ਸਿਧਾਂਤਾਂ ਦੀ ਸਥਾਪਨਾ ਕਰਦਾ ਹੈ ਜੋ ਆਰਐੱਸਐੱਸ ਅਤੇ ਭਾਜਪਾ ਦੀ ਸਿਆਸਤ ਲਈ ਅਤਿਅੰਤ ਜ਼ਰੂਰੀ ਹਨ। ਉਸ ਦੀ ਕਿਤਾਬ 'ਹਿੰਦੂਤਵ: ਹਿੰਦੂ ਕੌਣ ਹੈ?' ਸੰਘ ਪਰਿਵਾਰ ਅਤੇ ਭਾਜਪਾ ਦੀ ਵਿਚਾਰਧਾਰਾ ਦਾ ਆਧਾਰ ਹੈ; ਇਹ ਸਭਿਆਚਾਰਕ ਸਰਬ-ਸ੍ਰੇਸ਼ਟਤਾ ਦਾ ਮੈਨੀਫ਼ੈਸਟੋ ਹੈ ਜਿਸ ਨੂੰ ਹਿੰਦੂਤਵ ਦੀ ਵਿਚਾਰਧਾਰਕ ਇਕਾਈ ਰਾਹੀਂ ਸਿਧਾਂਤਕ ਪਕਿਆਈ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ; ਦੇਸ਼ (ਹਿੰਦੋਸਤਾਨ/ਭਾਰਤ) ਦੀ ਕੌਮੀਅਤ ਦਾ ਆਧਾਰ ਹਿੰਦੂ (ਹਿੰਦੂਤਵ ਦੇ ਸਿਧਾਂਤ ਅਨੁਸਾਰ ਹਿੰਦੂ) ਹੋਣ ਨੂੰ ਬਣਾਇਆ ਗਿਆ ਹੈ; ਹਿੰਦੂਤਵ ਦੇ ਇਸ ਸਿਧਾਂਤ ਅਨੁਸਾਰ ਉਹ ਇਨ੍ਹਾਂ ਬੋਧੀਆਂ, ਜੈਨੀਆਂ, ਸਿੱਖਾਂ, ਲਿੰਗਾਇਤਾਂ ਅਤੇ ਪੁਰਾਤਨ ਕਬੀਲਿਆਂ (ਸਾਵਰਕਰ, ਸਫ਼ਾ 106-107) ਨੂੰ ਸੰਸਕ੍ਰਿਤ 'ਚੋਂ ਉਗਮੇ ਦਰਸਾਇਆ ਗਿਆ ਹੈ। ਇਹ ਵੀ ਹਿੰਦੂ-ਆਰੀਆ ਧਰਮ ਦੀ ਸ੍ਰੇਸ਼ਟਤਾ ਸਿੱਧ ਕਰਨ ਵਾਲੀ ਚਤੁਰਾਈ ਇਹ ਵੀ ਸਪਸ਼ਟ ਹੈ ਕਿ ਭਾਵੇਂ ਸਾਵਰਕਰ ਦੇ ਬਿਰਤਾਂਤ ਅਨੁਸਾਰ ਹਿੰਦੂ ਧਰਮ ਅਤੇ ਹਿੰਦੂਤਵ ਦੀ ਧਾਰਨਾ ਰਾਹੀਂ ਇਕ ਅਜਿਹਾ ਧੁੰਦਲਕਾ ਸਿਰਜਦੀ ਹੈ ਜਿਸ ਤਹਿਤ ਭਾਈਚਾਰਿਆਂ ਨੂੰ ਹਿੰਦੂਆਂ ਅਤੇ ਅਹਿੰਦੂਆਂ ਵਿਚ ਵੰਡਿਆ ਜਾ ਸਕਦਾ ਹੈ। ਸਾਵਰਕਰ ਦੀ ਕਿਤਾਬ ਵਿਚ ਕੋਈ ਇਤਿਹਾਸਕ ਤੱਥ ਨਹੀਂ ਦਿੱਤੇ ਗਏ ਹਨ, ਪਰ ਮਿਥਿਹਾਸ ਅਤੇ ਧਰਮ ਦੇ ਆਧਾਰ 'ਤੇ ਅਜਿਹਾ ਵਿਚਾਰ-ਪ੍ਰਬੰਧ ਉਸਾਰਿਆ ਗਿਆ ਜੋ ਕੱਟੜਪੰਥੀ ਵਿਚਾਰਧਾਰਾ ਨੂੰ ਮਨ-ਮੋਹਕ ਚਾਸ਼ਨੀ ਬਣਾ ਕੇ ਪੇਸ਼ ਕਰਦਾ ਹੈ। ਨਿਸ਼ਚੇ ਹੀ ਅਜਿਹੇ ਚਿੰਤਕ ਨੂੰ ਰਾਸ਼ਟਰਵਾਦੀ, ਦੇਸ਼ ਭਗਤ ਅਤੇ ਕੁਰਬਾਨੀ ਦੇਣ ਵਾਲਾ ਸਿੱਧ ਕਰਨਾ ਸੰਘ ਪਰਿਵਾਰ ਅਤੇ ਭਾਜਪਾ ਲਈ ਬਹੁਤ ਜ਼ਰੂਰੀ ਹੈ। ਉਹ ਇਸ ਲਈ ਕੁਝ ਵੀ ਕਰ ਸਕਦੇ ਹਨ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਹਾਲਾਤ ਦਾ ਵਹਿਣ ਸਮਝਦੇ ਸੱਜਣ ਵੀ ਇਸ ਬਾਰੇ ਬੋਲਣ ਤੋਂ ਝਿਜਕਦੇ ਕਿਉਂ ਹਨ !

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਸਾਡੇ ਆਸ-ਪਾਸ ਵਾਲੇ ਬਹੁਤ ਸਾਰੇ ਲੋਕਾਂ ਨੂੰ ਤੇ ਕਈ ਵਾਰ ਖੁਦ ਮੈਨੂੰ ਵੀ, ਅਗਲੇ ਪੰਜ-ਸੱਤ ਸਾਲਾਂ ਤੱਕ ਦੀ ਘੋਖਵੀਂ ਨਜ਼ਰ ਮਾਰ ਕੇ ਕਿਸੇ ਦ੍ਰਿਸ਼ ਦੀ ਲੋੜ ਜੋਗੀ ਵਿਆਖਿਆ ਕਰ ਛੱਡਣੀ ਚੋਖੀ ਜਾਪਦੀ ਹੈ। ਕੌਮਾਂ ਲਈ ਜ਼ਿੰਦਗੀ ਦੇ ਵਕਫੇ ਬਹੁਤ ਜ਼ਿਆਦਾ ਲੰਮੇਰੇ ਪੈਂਡੇ ਵਾਲੇ ਹੁੰਦੇ ਹਨ ਅਤੇ ਪੰਜ-ਸੱਤ ਸਾਲ ਇਨ੍ਹਾਂ ਦੇ ਹਿਸਾਬ ਨਾਲ ਕਿਸੇ ਗਿਣਤੀ ਵਿੱਚ ਨਹੀਂ ਸਮਝਣੇ ਚਾਹੀਦੇ। ਇਸ ਲਈ ਇਹ ਗੱਲਾਂ ਕਰਨੀਆਂ ਫਜ਼ੂਲ ਹਨ ਕਿ ਅਗਲੀ ਚੋਣ ਜਾਂ ਉਸ ਤੋਂ ਅਗਲੀ ਚੋਣ ਵਿੱਚ ਫਲਾਣੀ ਪਾਰਟੀ ਜਾਂ ਫਲਾਣੀ ਧਿਰ ਜਿੱਤ ਜਾਂ ਹਾਰ ਸਕਦੀ ਹੈ। ਮਾਮਲਾ ਧਿਰਾਂ ਤੋਂ ਵੱਧ ਵਿਚਾਰਾਂ ਦਾ ਹੁੰਦਾ ਹੈ ਤੇ ਵਿਚਾਰਾਂ ਦੇ ਪੱਖੋਂ ਅਗਲੇ ਕਈ ਸਾਲਾਂ ਦੌਰਾਨ ਕਿਹੜੀ ਧਿਰ ਅਗੇਤ ਫੜ ਸਕਦੀ ਹੈ, ਇਸ ਵੱਲ ਵੇਖੇ ਬਿਨਾਂ ਸਮੁੱਚੀ ਸਥਿਤੀ ਦਾ ਵਿਸ਼ਲੇਸ਼ਣ ਕਰੀ ਜਾਣਾ ਫਜ਼ੂਲ ਦੀ ਕਸਰਤ ਬਣ ਕੇ ਰਹਿ ਜਾਂਦਾ ਹੈ। ਇਹੋ ਗੱਲ ਇਸ ਵੇਲੇ ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਅਤੇ ਉਨ੍ਹਾਂ ਵਿੱਚ ਉੱਭਰਨ ਵਾਲੀ ਕਿਸੇ ਧਿਰ ਬਾਰੇ ਕਹੀ ਜਾ ਸਕਦੀ ਹੈ।

ਪੰਜਾਬ ਜਾਂਦਾ ਕਿੱਧਰ ਦਿੱਸਦਾ ਹੈ ? ਇਸ ਵਕਤ ਵਿਰੋਧ ਦੀ ਸਭ ਤੋਂ ਵੱਡੀ ਧਿਰ ਕਾਂਗਰਸ ਪਾਰਟੀ ਦੇ ਅੰਦਰੂਨੀ ਹਾਲਾਤ ਜਿੱਦਾਂ ਦੇ ਦਿੱਸਦੇ ਹਨ, ਜੇ ਉਨ੍ਹਾਂ ਵਿੱਚ ਮੋੜਾ ਨਹੀਂ ਪੈਂਦਾ, ਜੇ ਏਸੇ ਤਰ੍ਹਾਂ ਅੱਠ ਜਣੇ ਮੁੱਖ ਮੰਤਰੀ ਦੀ ਕੁਰਸੀ ਦੇ ਦਾਅਵੇਦਾਰ ਬਣੇ ਰਹਿਣਗੇ ਤਾਂ ਉਨ੍ਹਾਂ ਦੀ ਝੋਲੀ ਵਿੱਚ ਖੈਰ ਨਹੀਂ ਪੈਣੀ ਜਾਪਦੀ। ਹਾਲ ਦੀ ਘੜੀ ਉਹ ਲੋਕ ਏਦਾਂ ਦੀਆਂ ਹਰਕਤਾਂ ਤੋਂ ਹਟਣ ਵਾਲੇ ਨਹੀਂ ਜਾਪਦੇ। ਦੂਸਰੀ ਧਿਰ ਅਕਾਲੀਆਂ ਦੀ ਹੈ, ਜਿਹੜੀ ਸਿਰਸੇ ਡੇਰੇ ਨਾਲ ਕਦੀ ਸਾਂਝਾਂ ਅਤੇ ਕਦੀ ਉਸ ਵਿਰੁੱਧ ਹੁਕਮ ਜਾਰੀ ਕਰਾਉਣ, ਕਦੀ ਮੁਆਫੀ ਦਿਵਾਉਣ ਅਤੇ ਕਦੀ ਮੁਆਫੀ ਦੇ ਹੁਕਮ ਵਾਪਸ ਕਰਵਾਉਣ ਕਾਰਨ ਇਹੋ ਜਿਹੀ ਜਿੱਲ੍ਹਣ ਵਿੱਚ ਫਸੀ ਹੈ ਕਿ ਅੱਜ ਤੱਕ ਪੰਜਾਬ ਦੇ ਲੋਕਾਂ ਅਤੇ ਖਾਸ ਤੌਰ ਉੱਤੇ ਸਿੱਖ ਭਾਈਚਾਰੇ ਵਿੱਚ ਉਸ ਦੀ ਪਹਿਲਾਂ ਵਾਂਗ ਪੱਕੀ ਹਮਾਇਤ ਬਹਾਲ ਹੀ ਨਹੀਂ ਹੋ ਸਕੀ। ਤੀਸਰੀ ਧਿਰ ਪੰਜਾਬ ਵਿੱਚ ਲੋਕਾਂ ਦੀ ਅਣਕਿਆਸੀ ਹਮਾਇਤ ਨਾਲ ਚੁਣੀ ਗਈ ਵੱਡੀ ਬਹੁ-ਗਿਣਤੀ ਨਾਲ ਮਜ਼ਬੂਤ ਹੋਣ ਦੇ ਦਾਅਵੇ ਕਰਦੀ ਆਮ ਆਦਮੀ ਪਾਰਟੀ ਹੈ। ਉਸ ਦੀ ਲੀਡਰਸ਼ਿਪ ਨੂੰ ਪੰਜਾਬੀ ਦਾ ਇਹ ਅਖਾਣ ਯਾਦ ਨਹੀਂ ਕਿ 'ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹ ਸਕਦੀ।' ਲੰਮੇਰੇ ਰਾਜ ਦੇ ਸੁਫਨੇ ਲੈਣ ਵਾਲੇ ਕਈ ਹੋਰ ਪਹਿਲਿਆਂ ਵਾਂਗ ਇਹ ਵੀ ਸੋਚਦੇ ਹਨ ਕਿ ਸਾਡੇ ਮੂਹਰੇ ਜਦੋਂ ਕੋਈ ਤਕੜੀ ਟੱਕਰ ਲੈਣ ਵਾਲੀ ਧਿਰ ਨਹੀਂ ਦਿੱਸਦੀ ਤਾਂ ਸਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਅਤੇ ਆਪਣੇ ਏਸੇ ਵਹਿਮ ਹੇਠ ਆਪਣੇ ਤੋਂ ਪਹਿਲਿਆਂ ਵਾਲੀਆਂ ਗਲਤੀਆਂ ਦੁਹਰਾਉਂਦੇ ਜਾਂਦੇ ਹਨ। ਹਾਲਾਤ ਤੋਂ ਲੱਗਦਾ ਹੈ ਕਿ ਜਨਤਕ ਫਤਵੇ ਦੀ ਅਗਲੀ ਘੜੀ ਸਿਰ ਉੱਤੇ ਆਣ ਪੁੱਜਣ ਤੱਕ ਉਨ੍ਹਾਂ ਇਸ ਵਹਿਮ ਦੀ ਸਥਿਤੀ ਵਿੱਚੋਂ ਨਹੀਂ ਨਿਕਲਣਾ ਤੇ 'ਅਬ ਪਛਤਾਏ ਹੋਤ ਕਿਆ, ਜਬ ਚਿੜੀਆ ਚੁਗ ਗਈ ਖੇਤ' ਵਾਲੀ ਸਥਿਤੀ ਬਣਨ ਤੱਕ ਉਹ ਇਹੋ ਜਿਹਾ ਤਜਰਬਾ ਕਰ ਕੇ ਹੀ ਰਹਿਣਗੇ।

ਏਦਾਂ ਦੇ ਹਾਲਾਤ ਵਿੱਚ ਸਿਰਫ ਇੱਕ ਧਿਰ, ਦੁਹਰਾ ਕੇ ਕਹਿ ਸਕਦੇ ਹਾਂ ਕਿ ਸਿਰਫ ਇੱਕ ਧਿਰ ਆਪਣੀ ਸੋਚ ਤੇ ਪਹੁੰਚ ਵਿੱਚ ਪੂਰੀ ਸਪੱਸ਼ਟਤਾ ਹੀ ਨਹੀਂ, ਪੂਰੀ ਰਣਨੀਤੀ ਨਾਲ ਚਲਦੀ ਦਿੱਸਦੀ ਹੈ ਤੇ ਉਹ ਕੇਂਦਰ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਹੈ। ਮੇਰੇ ਸਮੇਤ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਕਚਰਾ ਮੰਨੇ ਜਾਂਦੇ ਅਤੇ ਆਮ ਲੋਕਾਂ ਤੋਂ ਨਿੱਖੜੇ ਹੋਏ ਲੀਡਰਾਂ ਨੂੰ ਭਾਜਪਾ ਵਾਲੇ ਆਪਣੇ ਨਾਲ ਮਿਲਾਉਣ ਲਈ ਹਰ ਵਕਤ ਤਿਆਰ ਹਨ ਅਤੇ ਇਹੋ ਲੋਕ ਭਵਿੱਖ ਵਿੱਚ ਉਨ੍ਹਾਂ ਦੀ ਬੇੜੀ ਵਿੱਚ ਪੱਥਰ ਬਣ ਸਕਦੇ ਹਨ। ਉਹ ਆਪਣੇ ਅੰਦਰ ਦੀ ਹਰ ਗੱਲ ਤਾਂ ਦੱਸਣ ਵਾਲੇ ਨਹੀਂ, ਪਰ ਇਹ ਗੱਲ ਸਾਫ ਕਹਿੰਦੇ ਹਨ ਕਿ ਏਦਾਂ ਦੇ ਬੰਦਿਆਂ ਤੋਂ ਜਿੰਦਾਂ ਦਾ ਖਤਰਾ ਬਾਕੀ ਪਾਰਟੀਆਂ ਨੂੰ ਹੁੰਦਾ ਹੈ, ਭਾਜਪਾ ਨੂੰ ਬਿਲਕੁਲ ਨਹੀਂ। ਉਨ੍ਹਾਂ ਦੀ ਧਾਰਨਾ ਹੈ ਕਿ ਇਸ ਪਾਰਟੀ ਅੰਦਰ ਜਿੰਦਾਂ ਦਾ ਮਜ਼ਬੂਤ ਡਿਸਿਪਲਿਨ ਰੱਖਿਆ ਜਾਂਦਾ ਹੈ, ਉਸ ਦੇ ਹੁੰਦਿਆਂ ਦੂਸਰੀਆਂ ਪਾਰਟੀਆਂ ਤੋਂ ਆਏ ਆਗੂ ਇੱਕ ਵਾਰੀ ਇਸ ਵਿੱਚ ਆਉਣ ਤੋਂ ਬਾਅਦ ਸਹੀ ਸ਼ਬਦਾਂ ਵਿੱਚ ਏਦਾਂ 'ਬੱਚੂ' ਬਣ ਕੇ ਦਿਨ ਕੱਟਦੇ ਹਨ ਕਿ ਕਿਸੇ ਦੀ ਕੁਸਕਣ ਜੋਗੀ ਹਿੰਮਤ ਨਹੀਂ ਹੁੰਦੀ। ਕੁਝ ਰਾਜਾਂ ਵਿੱਚ ਏਦਾਂ ਬਾਹਰੋਂ ਆਏ ਆਗੂਆਂ ਨੂੰ ਵਿਖਾਵੇ ਦਾ ਮੁੱਖ ਮੰਤਰੀ ਬਣਾਉਣ ਜਾਂ ਸੂਬਾ ਪ੍ਰਧਾਨਗੀ ਅਹੁਦਾ ਦੇਣ ਦਾ ਤਜਰਬਾ ਉਹ ਕਾਮਯਾਬੀ ਨਾਲ ਕਰ ਚੁੱਕੇ ਹਨ ਅਤੇ ਜਿਹੜਾ ਕੋਈ ਉਸ ਪਾਰਟੀ ਨਾਲ ਇੱਕ ਵਾਰੀ ਰਲ ਗਿਆ, ਫਿਰ ਉਸ ਦੇ ਬੁਣੇ ਹੋਏ ਚੱਕਰ ਤੋਂ ਬਾਹਰ ਨਿਕਲਣ ਦੀ ਗੱਲ ਸੋਚਣ ਜੋਗਾ ਨਹੀਂ ਸੀ ਰਹਿੰਦਾ। ਇਸ ਲਈ ਉਹ ਏਥੇ ਪੰਜਾਬ ਵਿੱਚ ਵੀ ਜਿੱਦਾਂ ਅਤੇ ਜਿਹੜਾ ਮਿਲ ਜਾਂਦਾ ਹੈ, ਉਨ੍ਹਾਂ ਸਭ ਨੂੰ ਆਪਣੇ ਨਾਲ ਮਿਲਾ ਕੇ ਆਪਣੀ ਪਲਟਨ ਤਕੜੀ ਗਿਣਤੀ ਵਾਲੀ ਕਰਨ ਦੇ ਆਹਰ ਵਿੱਚ ਲੱਗੇ ਹੋਏ ਹਨ। ਅਗਲੇ ਦਿਨੀਂ ਇਹ ਹੱਲਾ ਹੋਰ ਤੇਜ਼ ਹੋਣ ਵਾਲਾ ਹੈ।

ਬੀਤੇ ਹਫਤੇ ਪੰਜਾਬ ਦੇ ਚਾਰ ਜਣੇ, ਜਿਹੜੇ ਆਗੂ ਦੱਸੇ ਗਏ ਹਨ, ਉਨ੍ਹਾਂ ਆਪਣੇ ਵਿੱਚ ਹੋਰ ਵੀ ਸ਼ਾਮਲ ਕੀਤੇ ਹਨ। ਉਹ ਆਗੂ ਕਿੱਡੇ ਵੱਡੇ ਹਨ, ਇਹ ਗੱਲ ਮਾਅਨੇ ਹੀ ਨਹੀਂ ਰੱਖਦੀ, ਅਰਥ ਭਰਪੂਰ ਇਹ ਹੈ ਕਿ ਉਨ੍ਹਾਂ ਦਾ ਭਾਜਪਾ ਵੱਲ ਜਾਣਾ ਓਧਰ ਵੱਲ ਦਲਬਦਲੀਆਂ ਵਾਲੀ ਇੱਕ ਖਾਸ ਲੜੀ ਅੱਗੇ ਵਧਦੇ ਜਾਣ ਦਾ ਇੱਕ ਹੋਰ ਮਣਕਾ ਹੈ ਤੇ ਏਦਾਂ ਦੇ ਮਣਕੇ ਉਹ ਹਰ ਵਿਧਾਨ ਸਭਾ ਹਲਕੇ ਨੂੰ ਆਪਣੀ ਪਕੜ ਹੇਠ ਕਰਨ ਲਈ ਲਗਾਤਾਰ ਕਰ ਰਹੇ ਹਨ ਅਤੇ ਕੋਈ ਵੀ ਹੋਰ ਧਿਰ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਮੁਕਾਬਲਾ ਕਰਨ ਵਾਲੀ ਨਹੀਂ ਦਿੱਸ ਰਹੀ। ਜਗਮੀਤ ਸਿੰਘ ਬਰਾੜ ਜਾਂ ਉਸ ਦਾ ਭਰਾ ਰਿਪਜੀਤ ਸਿੰਘ ਬਰਾੜ ਆਪਣੀ ਸਰਗਰਮੀ ਵਾਲੇ ਇਲਾਕੇ ਵਿੱਚ ਅੱਜ ਭਾਰੂ ਨਹੀਂ ਜਾਪਦੇ ਹੋਣੇ, ਪਰ ਹਲਕੇ ਦੇ ਹਰ ਪਿੰਡ ਵਿੱਚ ਕੁਝ ਨਾ ਕੁਝ ਰਸੂਖਦਾਰ ਲੋਕਾਂ ਤੱਕ ਲਗਾਤਾਰ ਸਾਂਝ ਰੱਖਣ ਲਈ ਜਾਣੇ ਜਾਂਦੇ ਹਨ। ਜਦੋਂ ਚੋਣਾਂ ਨੇੜੇ ਪੁੱਜ ਕੇ ਇਨ੍ਹਾਂ ਨੂੰ ਥਾਪੜਾ ਦੇ ਕੇ ਤੋਰ ਦਿੱਤਾ ਗਿਆ ਅਤੇ ਖਰਚੇ ਲਈ ਦੇਸ਼ ਦੇ ਵੱਡੇ ਪੂੰਜੀਦਾਰਾਂ ਦੇ ਬੰਦਿਆਂ ਨੇ ਰਾਤ ਨੂੰ ਆ ਕੇ ਹੌਸਲੇ ਬੁਲੰਦ ਕਰ ਦਿੱਤੇ ਤਾਂ ਪਿੰਡਾਂ ਵਿਚਲੇ ਜਿਹੜੇ ਰਸੂਖਦਾਰਾਂ ਤੱਕ ਅੱਜ ਓਪਰਾ ਜਿਹਾ ਸੰਪਰਕ ਜਾਪਦਾ ਹੈ, ਉਹ ਸਾਰੇ ਇਨ੍ਹਾਂ ਨਾਲ ਤੁਰ ਸਕਦੇ ਹਨ। ਏਦਾਂ ਪਹਿਲਾਂ ਵੀ ਕਈ ਵਾਰੀ ਹੋ ਚੁੱਕਾ ਹੋਣ ਦਾ ਤਜਰਬਾ ਮੌਜੂਦ ਹੈ।

ਭਾਜਪਾ ਬਾਰੇ ਇਹ ਗੱਲ ਜ਼ੋਰ ਨਾਲ ਕਹੀ ਜਾਂਦੀ ਹੈ ਕਿ ਉਹ ਇਹੋ ਜਿਹੇ ਲੋਕਾਂ ਨੂੰ ਆਪਣੇ ਵਿੱਚ ਸ਼ਾਮਲ ਕਰ ਵੀ ਲਵੇ ਤਾਂ ਇਨ੍ਹਾਂ ਵਿੱਚ ਕੋਈ ਏਦਾਂ ਦਾ ਲੱਭਣਾ ਔਖਾ ਹੈ, ਜਿਹੜਾ ਖੁਦ ਨੀਤੀ ਘੜਨ ਤੇ ਅਮਲ ਦੇ ਮੈਦਾਨ ਵਿੱਚ ਕੋਈ ਤਕੜਾ ਕਦਮ ਚੁੱਕਣ ਵਰਗੀ ਸਮਰੱਥਾ ਦਾ ਮਾਲਕ ਹੋਵੇ। ਬਿਨਾਂ ਸ਼ੱਕ ਇਨ੍ਹਾਂ ਵਿੱਚ ਕੁਝ ਬੰਦੇ ਸਮਰੱਥਾਵਾਨ ਵੀ ਕਹੇ ਜਾ ਸਕਦੇ ਹਨ, ਪਰ ਜਿਨ੍ਹਾਂ ਨੂੰ ਅੱਜ ਨਿਗੱਲੇ ਬੰਦੇ ਮੰਨਿਆ ਜਾਂਦਾ ਹੈ, ਡਿਸਿਪਲਿਨ ਵਿੱਚ ਬੱਝੀ ਹੋਈ ਇਸ ਧਿਰ ਕੋਲ ਇਹੋ ਜਿਹੇ ਬੰਦੇ ਵਰਤਣ ਦਾ ਪ੍ਰਬੰਧ ਵੀ ਪੂਰਾ ਸਾਬਤ ਹੋ ਚੁੱਕਾ ਹੈ। ਮਨੋਹਰ ਲਾਲ ਖੱਟਰ ਨੂੰ ਹਰਿਆਣੇ ਦਾ ਜਦੋਂ ਮੁੱਖ ਮੰਤਰੀ ਬਣਾਇਆ ਤਾਂ ਉਸ ਨੂੰ ਪੰਚਾਇਤ ਨੂੰ ਸਾਂਭਣ ਦਾ ਤਜਰਬਾ ਤੱਕ ਨਹੀਂ ਸੀ। ਉਸ ਵੇਲੇ ਮੈਂ ਸਰਕਾਰੀ ਚੈਨਲ ਦੂਰਦਰਸ਼ਨ ਤੋਂ ਕਿਹਾ ਸੀ ਕਿ ਖੱਟਰ ਦੇ ਬਹਾਨੇ ਨਰਿੰਦਰ ਮੋਦੀ ਦੀ ਟੀਮ ਇੱਕ ਤਜਰਬੇ ਦਾ ਯਤਨ ਕਰ ਰਹੀ ਹੈ ਕਿ ਦਿੱਲੀ ਬੈਠ ਕੇ ਰਾਜਾਂ ਦਾ ਪ੍ਰਬੰਧ ਚਲਾਇਆ ਜਾ ਸਕਦਾ ਹੈ। ਜੇ ਇਹ ਤਜਰਬਾ ਕਾਮਯਾਬੀ ਨਾਲ ਸਿਰੇ ਚੜ੍ਹ ਗਿਆ ਤਾਂ ਫਿਰ ਹੋਰ ਰਾਜਾਂ ਵਿੱਚ ਵੀ ਇਹੋ ਕੀਤਾ ਜਾਵੇਗਾ। ਪਿਛਲੇਰੇ ਸਾਲ ਭਾਰਤ ਦੇ ਦੋ ਹੋਰ ਰਾਜ ਵੀ ਇਸ ਤਜਰਬੇ ਦੀ ਤੱਕੜੀ ਉੱਤੇ ਰੱਖ ਦਿੱਤੇ ਗਏ, ਜਿਨ੍ਹਾਂ ਵਿੱਚ ਪੰਜਾਬ ਨਾਲੋਂ ਦੁੱਗਣਾ ਵੱਡਾ ਰਾਜਸਥਾਨ ਸ਼ਾਮਲ ਹੈ। ਓਥੇ ਜਿਸ ਲੀਡਰ ਨੂੰ ਮੁੱਖ ਮੰਤਰੀ ਬਣਾਇਆ ਗਿਆ, ਉਹ ਅਹੁਦੇ ਦੀ ਸਹੁੰ ਚੁੱਕਣ ਤੋਂ ਇੱਕ ਦਿਨ ਪਹਿਲਾਂ ਤੱਕ ਸਿਰਫ ਆਪਣੇ ਪਿੰਡ ਦਾ ਸਰਪੰਚ ਸੀ, ਪਹਿਲਾਂ ਕਦੀ ਵਿਧਾਇਕ ਵੀ ਨਹੀਂ ਬਣਿਆ ਤੇ ਇਸ ਵੱਡੀ ਕੁਰਸੀ ਉੱਤੇ ਜਿਹੜੇ ਤਜਰਬੇਕਾਰ ਆਗੂ ਅੱਖ ਟਿਕਾਈ ਫਿਰਦੇ ਸਨ, ਸਭ ਲਾਂਭੇ ਕਰ ਕੇ ਰਾਜ ਦੀ ਕਮਾਨ ਇਸ ਨੂੰ ਫੜਾਈ ਗਈ ਤੇ ਫਿਰ ਦਿੱਲੀ ਤੋਂ ਰਾਜ ਚਲਾਇਆ ਜਾ ਰਿਹਾ ਹੈ। ਅੰਗਰੇਜ਼ੀ ਦਾ ਸ਼ਬਦ 'ਰੈਜਮੈਂਟੇਸ਼ਨ' ਇਸ ਸੋਚ ਦਾ ਪ੍ਰਤੀਕ ਹੁੰਦਾ ਹੈ ਕਿ ਕੇਂਦਰੀ ਕਮਾਂਡ ਤੋਂ ਫੌਜ ਨੂੰ ਹੇਠਾਂ ਤੱਕ ਬੰਧੇਜ ਵਿੱਚ ਰੱਖ ਕੇ ਕਿਵੇਂ ਚਲਾਇਆ ਜਾ ਸਕਦਾ ਹੈ ਅਤੇ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਨਾਲ ਉਨ੍ਹਾਂ ਦੇ ਕਾਰਜਕਰਤਾਵਾਂ ਨੂੰ ਇਸ ਤਰ੍ਹਾਂ ਦੀ ਸਿਰਫ ਸਿੱਖਿਆ ਨਹੀਂ ਦਿੱਤੀ ਜਾਂਦੀ, ਸਗੋਂ ਇੱਕ ਸੋਚ ਉਨ੍ਹਾਂ ਦੇ ਮਨਾਂ ਵਿੱਚ ਭਰੀ ਜਾਂਦੀ ਹੈ ਕਿ ਤੁਸੀਂ ਫੌਜੀ ਰੈਜਮੈਂਟ ਵਾਂਗ ਚੱਲਣਾ ਹੈ। ਇਸ ਕਾਰਨ ਉਹ ਲੋਕ ਫਿਰ ਕਦੀ ਕਿਸੇ ਗੱਲ ਉੱਤੇ ਕਿੰਤੂ ਨਹੀਂ ਕਰਦੇ ਤੇ ਜਿਹੜਾ ਕੋਈ ਉਨ੍ਹਾਂ ਵਿੱਚ ਨਵਾਂ ਸ਼ਾਮਲ ਹੁੰਦਾ ਹੈ, ਉਸ ਨੂੰ ਪਹਿਲਾ ਸਬਕ ਇਹੋ ਪੜ੍ਹਾਇਆ ਜਾਂਦਾ ਹੈ ਕਿ ਹੋਰ ਜੋ ਮਰਜ਼ੀ ਕਰੇ, ਬੰਧੇਜ ਤੋਂ ਬਾਹਰ ਜਾਣ ਦੀ ਗੱਲ ਕਦੇ ਨਾ ਸੋਚੇ। ਇਸ ਕਾਰਨ ਭਾਜਪਾ ਦੀ ਲੀਡਰਸ਼ਿਪ ਨੂੰ ਇਸ ਦੀ ਚਿੰਤਾ ਬਿਲਕੁਲ ਨਹੀਂ ਕਿ ਨਵੇਂ ਆਏ ਇਹ ਆਗੂ ਕੋਈ ਖਰਾਬੀ ਕਰ ਸਕਣਗੇ, ਸਗੋਂ ਪੂਰਾ ਯਕੀਨ ਹੈ ਕਿ ਏਦਾਂ ਕਰ ਹੀ ਨਹੀਂ ਸਕਦੇ।

ਇਸ ਸਾਰੀ ਕਹਾਣੀ ਵਿੱਚੋਂ ਸਾਰੇ ਲੋਕ ਇਹ ਸੋਚ ਸਕਦੇ ਹਨ ਕਿ ਇਹ ਇੱਕ ਰਾਜਸੀ ਪਾਰਟੀ ਨੂੰ ਆਪਣੇ ਬੰਧੇਜ ਵਿੱਚ ਰੱਖ ਕੇ ਚਲਾਉਣ ਦਾ ਚੱਕਰ ਹੀ ਹੈ, ਪਰ ਗੱਲ ਸਿਰਫ ਏਨੀ ਨਹੀਂ, ਓਦੋਂ ਅੱਗੇ ਇਸ ਦੇਸ਼ ਨੂੰ ਬੰਧੇਜ ਵਾਲੇ ਪ੍ਰਬੰਧ ਵਿੱਚ ਏਦਾਂ ਲਛਮਣ-ਰੇਖਾ ਅੰਦਰ ਰੱਖਣ ਤੱਕ ਜਾਣੀ ਹੈ ਕਿ ਕੋਈ ਵਿਰੋਧ ਹੀ ਨਾ ਰਹੇ। ਪੁਰਾਤਨ ਰਿਸ਼ੀਆਂ ਵਾਲੇ ਪ੍ਰਬੰਧ ਦੀਆਂ ਕਹਾਣੀਆਂ ਦੱਸੀਆਂ ਜਾਂਦੀਆਂ ਹਨ, ਜਿੱਥੇ ਮਿਲਣ ਵਾਲੀ ਆਗਿਆ ਜਾਇਜ਼ ਜਾਂ ਨਾਜਾਇਜ਼ ਦਾ ਸਵਾਲ ਹੀ ਨਹੀਂ ਚੁੱਕਿਆ ਜਾਣਾ ਚਾਹੀਦਾ, ਜਿਸ ਨੂੰ ਗੁਰੂ ਮੰਨ ਲਿਆ, ਉਹ ਗੁਰੂ-ਦਕਸ਼ਿਣਾ ਵਿੱਚ ਅੰਗੂਠਾ ਵੱਢ ਕੇ ਦੇਣ ਲਈ ਵੀ ਕਹਿ ਦੇਵੇ ਤਾਂ ਕਿੰਤੂ ਨਹੀਂ ਕਰਨਾ, ਆਗਿਆ ਦਾ ਪਾਲਣ ਕਰਨਾ ਹੁੰਦਾ ਹੈ। ਅਵੱਗਿਆ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ ਜਾਂਦੀ ਅਤੇ ਇਸ ਆਗਿਆਕਾਰੀ ਪ੍ਰਬੰਧ ਵਿੱਚੋਂ 'ਪੁਰਾਤਨ ਯੁੱਗ' ਦੇ ਮਜ਼ਬੂਤ 'ਇੰਦਰ ਪ੍ਰਸਥ' ਦੀ ਕਾਮਨਾ ਇਸ ਤਰ੍ਹਾਂ ਪੇਸ਼ ਕੀਤੀ ਜਾਂਦੀ ਹੈ ਕਿ ਭਾਵੁਕ ਹੋਏ ਲੋਕ ਓਦੋਂ ਅੱਗੇ ਕੁਝ ਸੋਚਦੇ ਹੀ ਨਹੀਂ। ਪੰਜਾਬ ਵਿੱਚ ਇਸ ਵਕਤ ਇਸ ਮਕਸਦ ਲਈ ਇੱਕ ਖਾਸ ਸੋਚ ਹੇਠ ਕੰਮ ਕੀਤਾ ਜਾਣ ਲੱਗ ਪਿਆ ਹੈ, ਜਿਸ ਨੂੰ ਵਿਚਾਰਵਾਨ ਲੋਕ ਸਮਝਦੇ ਹਨ ਤਾਂ ਬੋਲਣ ਲਈ ਦਲੀਲਾਂ ਲੱਭਣ ਵਿੱਚ ਮੁਸ਼ਕਲ ਮਹਿਸੂਸ ਕਰਨ ਲੱਗਦੇ ਹਨ। ਕਈ ਉਹ ਲੋਕ ਮਿਲੇ ਹਨ, ਜਿਹੜੇ ਸੋਚ ਪੱਖੋਂ ਇਸ ਤਰ੍ਹਾਂ ਦੇ ਵਰਤਾਰੇ ਨੂੰ ਠੀਕ ਨਹੀਂ ਮੰਨਦੇ, ਪਰ ਦੋ ਗੱਲਾਂ ਕਾਰਨ ਇਸ ਦੇ ਵਿਰੋਧ ਤੋਂ ਪਾਸਾ ਵੱਟਦੇ ਹਨ। ਪਹਿਲੀ ਗੱਲ ਇਹ ਕਿ ਇਸ ਦੇ ਵਿਰੋਧ ਦਾ ਕੋਈ ਸਮਾਂ ਨਹੀਂ ਰਹਿ ਗਿਆ, ਏਨਾ ਪਾਣੀ ਪੁਲਾਂ ਹੇਠੋਂ ਵਗ ਚੁੱਕਾ ਹੈ ਕਿ ਮੋੜਾ ਪੈਣ ਦੀ ਕੋਈ ਸੰਭਾਵਨਾ ਨਹੀਂ ਰਹੀ। ਦੂਸਰੇ ਇਹੋ ਜਿਹੇ ਮਿਲਦੇ ਹਨ, ਜਿਹੜੇ ਸਿੱਧਾ ਨਾ ਵੀ ਕਹਿਣ ਤਾਂ ਇਸ਼ਾਰਿਆਂ ਵਿੱਚ ਇਹ ਦੱਸ ਜਾਂਦੇ ਹਨ ਕਿ ਗੱਲ ਅੱਜ ਦੀ ਨਹੀਂ, ਉਸ ਭਵਿੱਖ ਦੇ ਸਮੇਂ ਦੀ ਹੈ, ਜਦੋਂ ਸਭ ਕੁਝ ਉਨ੍ਹਾਂ ਦੇ ਹੱਥ ਆ ਜਾਣਾ ਹੈ, ਜੇ ਅੱਜ ਉਨ੍ਹਾਂ ਵਿਰੁੱਧ ਕੁਝ ਬੋਲਿਆ ਤਾਂ ਓਦੋਂ ਵਰਤਣ ਵਾਸਤੇ ਰਿਕਾਰਡ ਰੱਖ ਸਕਦੇ ਹਨ। ਗੁਲਾਮ ਸੋਚ ਬੋਲਣ ਤੋਂ ਰੋਕ ਸਕਦੀ ਹੋਵੇ ਜਾਂ ਭਵਿੱਖ ਦਾ ਸਹਿਮ ਰੋਕਦਾ ਹੋਵੇ, ਦੋਵੇਂ ਹਾਲਾਤ ਵਿੱਚ ਇਸ ਵੇਲੇ ਉਨ੍ਹਾਂ ਦਾ ਚੁੱਪ ਰਹਿਣਾ ਚੁਭਦਾ ਹੈ।

ਜਦੋਂ ਭਾਰਤ ਦੇ ਰਾਜਨੀਤਕ ਹਾਲਾਤ ਏਦਾਂ ਦੇ ਵਹਿਣ ਵਿੱਚ ਵਗਦੇ ਦਿਖਾਈ ਦੇ ਰਹੇ ਹੋਣ, ਉਸ ਵੇਲੇ ਭਵਿੱਖ ਦੇ ਕਿਹੋ ਜਿਹੇ ਭਾਰਤ ਦੀ ਕਲਪਨਾ ਕੀਤੀ ਜਾ ਸਕਦੀ ਹੈ, ਇਹ ਗੱਲ ਹਰ ਕਿਸੇ ਲਈ ਸਿਰ ਨਾਲ ਸੋਚਣ ਵਾਲੀ ਹੈ।

# ਕਲਾਨੌਰ, ਜਿੱਥੇ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਹੋਈ ਸੀ

ਪਿੰਡ ਵਸਿਆ-61

ਵਿਜੇ ਬੰਬੇਲੀ

ਕਿਹਾ ਜਾਂਦਾ ਹੈ ਕਿ ਕਲਾਨੌਰ ਦੀ ਮੋੜ੍ਹੀ, ਕਿਸੇ ਖੇੜੇ ਦੇ ਥੇਹ ਉੱਤੇ ਕਾਲੇ ਅਤੇ ਨੌਰਾ, ਦੋ ਸਕੇ ਮੁਸਲਮਾਨ ਭਾਈਆਂ ਨੇ ਗੱਡੀ ਸੀ। ਉਹਨਾਂ ਦੇ ਨਾਂਅ ਦੇ ਜੁੜਵੇਂ ਸੁਮੇਲ ਨਾਲ ਇਸ ਵਸੇਬ ਦਾ ਨਾਂਅ ਕਲਾਨੌਰ ਵਜੋਂ ਪੱਕ ਪਕਾ ਗਿਆ, ਪਰ ਉਹਨਾਂ ਇਸ ਦਾ ਪਿੜ ਕਦੋਂ ਅਤੇ ਕਿਹਨਾਂ ਹਾਲਤਾਂ ਵਿੱਚ ਬੰਨ੍ਹਿਆ, ਇਤਿਹਾਸ ਇਸ ਬਾਰੇ ਚੁੱਪ ਹੈ। ਉਂਜ ਕਿਹਾ ਇਹ ਵੀ ਜਾਂਦਾ ਹੈ ਕਿ ਇਹ ਕਿਸੇ ਹਿੰਦੂ ਰਾਜੇ ਵੱਲੋਂ ਵਸਾਈ ਬੜੀ ਪ੍ਰਾਚੀਨ ਨਗਰੀ ਸੀ/ਹੈ, ਜਿਹੜੀ ਸਮਾਂ ਪਾ ਜਲ-ਪਰਲੋ ਦੀ ਸ਼ਿਕਾਰ ਹੋ ਗਈ ਸੀ। ਜਿਸ ਦੀ ਗਵਾਹੀ ਇੱਥੋਂ ਦੇ ਕਈ ਧੜਵੈਲ ਖੰਡਰਾਤ ਭਰਦੇ ਹਨ। ਦੱਸਿਆ ਗਿਆ; "ਇੱਥੇ ਤਾਮੀਰ, ਸ਼ਿਵ ਜੀ ਦੇ ਘਰ ਵਜੋਂ ਪ੍ਰਚਾਰਿਆ-ਸਤਿਕਾਰਿਆ ਜਾਂਦਾ 'ਕਮਲੇਸ਼ਵਰ' ਮੰਦਰ ਬਚਿਆ ਰਿਹਾ, ਜਿਸ ਤੋਂ ਹੀ ਇਸ ਦਾ ਹੁਣ ਵਾਲਾ ਨਾਂਅ ਵਿਗੜਦਾ-ਸੰਵਰਦਾ, ਲੋਕ ਮਨਾਂ ਵਿਚ ਉੱਕਰ ਗਿਆ।" ਪ੍ਰੰਤੂ ਬਹੁਮਤ ਦਾ ਕਹਿਣਾ ਹੈ ਕਿ ਉਹ ਮੰਦਰ ਤਾਂ ਕਿਤੇ ਬਾਅਦ, ਮਾ. ਰਣਜੀਤ ਸਿੰਘ ਦੇ ਪੁੱਤਰ ਖੜਕ ਸਿੰਘ ਜਾਂ ਸ਼ੇਰ ਸਿੰਘ ਨੇ ਬਣਵਾਇਆ ਜਾਂ ਮੁੜ ਮੁਰੰਮਤਿਆ ਸੀ।

ਖ਼ੈਰ, ਇਤਿਹਾਸ ਵਿੱਚ ਇਸ ਨਗਰੀ ਦੇ ਦਰਜ ਹੋਣ ਦਾ ਪੁਖਤਾ ਰੂਪ, 1556 ਦੀ ਉਹ ਘਟਨਾ ਹੈ, ਜਦ ਹਾਲਾਤ ਵੱਸ, ਆਪਣੇ ਬਾਪ ਹਮਾਯੂੰ ਦੀ ਅਚਨਚੇਤ ਮੌਤ ਉਪਰੰਤ ਇਧਰ ਭ੍ਰਮਣ ਕਰਨ ਆਏ 13 ਵਰ੍ਹਿਆਂ ਦੇ ਅਕਬਰ ਨੂੰ ਹਮਾਯੂੰ ਦੇ ਭਰੋਸੇਮੰਦ ਜੰਗੀ ਸਰਦਾਰ ਬਹਿਰਾਮ ਖਾਨ, ਜਿਹੜਾ ਅਕਬਰ ਦਾ ਟਹਿਲੂਆ ਸੀ, ਵੱਲੋਂ ਇਥੇ ਕਾਹਲੀ ਨਾਲ ਤਿਆਰ ਕੀਤੇ ਗਏ ਇੱਕ ਥੜ੍ਹੇ ਉੱਤੇ ਤਖ਼ਤ-ਨਸ਼ੀਨ ਕਰਵਾਇਆ ਗਿਆ ਸੀ। ਹਾਂ; ਮਗਰੋਂ ਇਸ ਥੜ੍ਹੇ ਨੂੰ ਕੁੱਝ ਕਲਾਤਮਿਕ ਰੂਪ ਦੇ ਕੇ 'ਤਖ਼ਤ-ਏ-ਅਕਬਰੀ' ਦਾ ਨਾਂਅ ਦੇ ਦਿੱਤਾ ਗਿਆ ਅਤੇ ਲਾਗੇ ਹੀ 'ਅਕਬਰੀ ਮਸਜਿਦ', ਜਿਹੜੀ ਅੱਜ ਵੀ ਅਕਬਰ ਵਾਂਗ ਸਿਰ ਉੱਚਾ ਕਰਕੇ ਖੜੀ ਹੈ, ਵੀ ਉਸਾਰੀ ਗਈ। ਬਾਦਸ਼ਾਹ ਅਕਬਰ ਤਾਅ-ਉਮਰ ਇਸ ਅਸਥਾਨ ਪ੍ਰਤੀ ਮੋਹ-ਵੰਤਾ ਰਿਹਾ ਅਤੇ ਉਸ ਦੀ ਨਜ਼ਰ-ਏ-ਨਿਆਇਤ ਸਦਕਾ ਕਲਾਨੌਰ ਆਬਾਦੀ ਅਤੇ ਬਾਜ਼ਾਰ ਪੱਖੋਂ ਵਾਹ-ਬੁਲੰਦ ਵੀ ਹੋਇਆ। ਕਹਿੰਦੇ ਹਨ ਕਿ ਉਦੋਂ ਇਸ ਖੇੜੇ ਪ੍ਰਤੀ ਇਹ 'ਵਾਜ਼ ਵੀ ਪ੍ਰਚਲਤ ਹੋਈ, "ਜਿਹਨੂੰ ਲਾਹੌਰ ਵੇਖਣਾ ਨਸੀਬ ਨਹੀਂ, ਉਹ ਘੱਟੋ-ਘੱਟ ਕਲਾਨੌਰ ਤਾਂ ਜ਼ਰੂਰ ਵੇਖ ਲਵੇ।" ਦੱਸਦੇ ਹਨ ਕਿ ਉਹਨੀਂ ਵਕਤੀਂ ਅੰਮ੍ਰਿਤਸਰ ਆਏ ਲਾਹੌਰ ਦੇ ਵਪਾਰੀ ਕਲਾਨੌਰ ਦੇ ਅਨਾਰਕਲੀ ਬਾਜ਼ਾਰ ਵਿੱਚ ਵੀ ਗੇੜਾ ਮਾਰਦੇ। ਇਹ ਗੱਲਾਂ ਸੱਚ ਹਨ ਜਾਂ ਝੂਠ, ਪਰ ਇਹ ਕਲਾਨੌਰ ਦੀ ਕਿਸੇ ਵਕਤ ਦੀ ਚੜ੍ਹਤ ਦਾ ਇਸ਼ਾਰਾ ਜ਼ਰੂਰ ਕਰਦੀਆਂ ਹਨ। ਸਮਾਂ ਪਾ ਇਸ ਨੂੰ ਚੰਗੇ-ਮਾੜੇ ਮੁਗਲ ਚਹੇਤੇ ਹੁਕਮਰਾਨ ਮਿਲਦੇ ਰਹੇ ਅਤੇ ਮਾੜਿਆਂ ਦੀ ਕਾਰਗੁਜ਼ਾਰੀ ਕਾਰਨ ਬਾਬਾ ਬੰਦਾ ਸਿੰਘ ਬਹਾਦੁਰ ਦੇ ਉਥਾਨ ਵਕਤ ਇਸ ਨਗਰ ਨੂੰ ਸਖ਼ਤ ਉਜਾੜੇ ਦਾ ਮੂੰਹ ਵੇਖਣਾ ਪਿਆ।

ਇਤਿਹਾਸ-ਮਿਥਿਹਾਸ ਅਤੇ ਦੰਦ-ਕਥਾਵਾਂ ਅਨੁਸਾਰ, ਜਿੱਥੇ ਹਿੰਦੋਸਤਾਨ ਫਤਿਹ ਕਰਨ ਤੁਰਿਆ ਸਿਕੰਦਰ ਮਹਾਨ, 325 ਈ. ਪੂਰਵ ਇਸ ਕਸਬੇ ਪੁੱਜਾ ਸੀ, ਉੱਥੇ ਗੱਖੜਾਂ ਦੇ ਹਮਲਿਆਂ ਵੇਲੇ ਦਿੱਲੀ ਦੇ ਬਾਦਸ਼ਾਹ ਮੁਬਾਰਕ ਸ਼ਾਹ ਦੀ ਹਦਾਇਤ ਅਨੁਸਾਰ ਜੰਮੂ ਦੇ ਰਾਜਾ ਭੀਮ ਸੈਨ ਨੇ ਜਸਰਤ ਗੱਖੜ ਦਾ, 1422-23 ਈ. 'ਚ ਸਿਰ-ਵਾਰਵਾਂ ਮੁਕਾਬਲਾ ਕੀਤਾ ਸੀ। ਇਹੀ ਨਹੀਂ; 1526 ਵਿੱਚ ਇਬਰਾਹੀਮ ਲੋਧੀ ਦੇ ਵਿਦਰੋਹੀ ਗਵਰਨਰ ਜਰਨੈਲ ਦੌਲਤ ਖਾਂ ਨੇ ਕਲਾਨੌਰ 'ਤੇ ਕਬਜ਼ਾ ਜਮਾ ਬਾਬਰ ਨੂੰ ਹਿੰਦੋਸਤਾਨ 'ਤੇ ਹਮਲਾ ਕਰਨ ਲਈ ਇਸੇ ਸਥਾਨ ਤੋਂ ਉਕਸਾਇਆ ਸੀ। ਮਗਰੋਂ ਪਸਰੂਰ ਰਾਹੀਂ ਇੱਥੇ ਪੁੱਜੇ ਬਾਬਰ ਨੇ ਦੌਲਤ ਖਾਂ ਦੀ ਬਜਾਏ ਆਪਣੇ ਤਾਜ਼ਿਕ ਕਮਾਂਡਰ ਅਲੀ ਮੁਹੰਮਦ ਨੂੰ ਇਸ ਨਗਰ ਦੇ ਹੱਕ-ਹਕੂਕ ਸੰਭਾਲ ਦਿੱਤੇ ਸਨ। ਮਗਰੋਂ ਕਲਾਨੌਰ 'ਸੂਬਾ ਲਾਹੌਰ' ਦੀ 'ਸਰਕਾਰ ਬਟਾਲਾ' ਨਾਲ ਸੰਬੰਧਤ 'ਕਲਾਨੌਰ ਅਕਬਰੀ' ਨਾਂਅ ਤਹਿਤ ਮੁੱਖ ਪਰਗਨਾ ਘੋਸ਼ਿਤ ਕੀਤਾ ਗਿਆ। ਦਸਤਾਵੇਜ਼ੀ ਪੁਸਤਕ 'ਆਇਨੇ ਅਕਬਰੀ' ਵਿੱਚ ਇਹਨਾਂ ਗੱਲਾਂ ਦੇ ਪੁਖਤਾ ਜ਼ਿਕਰ ਸਮੇਤ ਗਾਹੇ-ਬੇਗਾਹੇ ਕਈ ਹੋਰ ਇਤਿਹਾਸ ਪੁਸਤਕਾਂ ਵਿੱਚ ਇਸ ਨਗਰ ਬਾਰੇ ਕੁੱਝ ਨਾ ਕੁੱਝ ਦਰਜ ਹੈ। ਹਾਂ; ਇਸ ਸ਼ਹਿਰ ਨੇ 1617 ਈ. ਵਿੱਚ ਨੂਰਪੁਰ ਦੀ ਪਹਾੜੀ ਰਿਆਸਤ ਦੇ ਰਾਜਾ ਜਗਤ ਸਿੰਘ-ਰਾਜਾ ਸੂਰਜ ਮੱਲ ਦੀ ਆਊਧ ਵੀ ਹੰਢਾਈ ਅਤੇ ਜਕਰੀਆ ਖਾਂ (1739-45) ਦੇ ਨੇਫ਼ੂਆਂ, ਇੱਥੋਂ ਦੇ ਵਾਸੀ, ਦੀਵਾਨ ਜਸਪਤ ਰਾਏ-ਲਖ਼ਪਤ ਰਾਏ ਦਾ ਸੰਤਾਪ ਵੀ ਹੰਢਾਇਆ। ਕਦੇ ਇੱਥੋਂ ਦਾ ਹੀ ਗਾਲਿਬ ਖਾਂ ਕਲਾਨੌਰੀ ਸੂਬਾ ਲਾਹੌਰ ਦੇ ਗਵਰਨਰ ਸਿਕੰਦਰ ਮਲਿਕ (1427-29) ਦਾ ਡਿਪਟੀ ਵੀ ਰਿਹਾ ਸੀ, ਫੇਰ ਸੰਜੋਗਵੱਸ ਇਸੇ ਲਾਹੌਰ ਦਾ ਜੰਗੀ ਰੁਕਨ ਅਦੀਨਾ ਬੇਗ ਇਸ ਦਾ ਹੁਕਮਰਾਨ ਬਣਿਆ ਸੀ ਅਤੇ ਉਸ ਤੋਂ ਬਾਅਦ ਸਿੱਖ ਮਿਸਲਚੀ ਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਦਾ ਕੁਨਬਾ।

ਬਕੌਲ ਬੂਟੇ ਸ਼ਾਹ, ਉੱਘਾ ਕਾਲਮਨਵੀਸ, ਆਪਣੀ ਢੇਰ ਪੁਰਾਣੀ ਪੁਸਤਕ 'ਪੰਜਾਬ ਦੀ ਜੋਗਰਾਫਯਾਈ ਤਵਾਰੀਖ' ਵਿੱਚ ਇਸ ਬਾਰੇ ਕਲਮਬੱਧ ਇੰਜ ਕਰਦਾ ਹੈ, "ਕਲਾਨੌਰ ਇਕ ਵੱਡਾ ਪੁਰਾਣਾ ਸ਼ਹਿਰ ਰਾਵੀ 'ਤੇ ਪੰਜ ਕੋਹ ਹੈ; ਉਹਦੇ ਹੇਠ ਉੱਤਰ ਦੇ ਰੁਕ ਇਕ ਨਹਿਰ ਵਗਦੀ ਹੈ, ਜਿਸ ਨੂੰ 'ਕਰਨ' ਕਰਕੇ ਆਖਦੇ ਹਨ। ਬਹਿਰਾਮਪੁਰ ਤੇ ਲਾਕੇ ਕਲਾਨੌਰ ਤੀਕੁਰ ਸਾਰੀ ਧਰਤੀ ਵਿਖੇ ਚੁਸਮੇ ਫੁੱਟਦੇ ਹਨ ਅਤੇ ਤਿੰਨਾਂ ਦਾ ਪਾਣੀ 'ਕੱਠਾ ਹੋ ਕੇ ਕਰਨ ਸਦਾਉਂਦਾ ਹੈ ਅਤੇ ਇਹ ਕਰਨ ਪਾਤਸ਼ਾਹੀ ਬਾਗ ਦੇ ਹੇਠ, ਜੋ ਸ਼ਹਿਰੋਂ ਪੂਰਬ ਦੇ ਦਾਉ ਹੈ, ਅਜਿਹੀ ਡੂੰਘੀ ਹੈ, ਜੋ ਕਦੇ ਗਾਹਣ ਨਹੀਂ ਹੁੰਦੀ ਅਤੇ ਬੇੜੀ ਬਿਨਾਂ ਉਥੋਂ ਲੰਘਿਆ ਨਹੀਂ ਜਾਂਦਾ। ਇਸ ਪਰਗਣੇ ਦੀ ਭੋਂ ਕੁਛ ਕਰਨ ਦੇ ਕੰਢੇ, ਕੁਛ ਹਰਟਾਂ ਅਰ ਬਾਰਿਆਂ, ਅਰਥਾਤ ਚੜਸਾਂ ਦੇ ਪਾਣੀ ਪੁਰ, ਕੁਛ ਬਰਖਾ ਦੇ ਪਾਣੀ ਨਾਲ ਹੁੰਦੀ ਹੈ।

ਇਹ ਬਾਗ ਅਕਬਰ ਪਾਤਸਾਹ ਦੇ ਹੁਕਮ ਨਾਲ ਬਣਿਆ ਸਾ; ਕਿਉਂਕਿ ਉਹ ਇਸੀ ਜਾਗਾ ਤਖਤ ਪੁਰ ਬੈਠਾ ਸੀ। ਅਤੇ ਇਸ ਬਾਗ ਦੇ ਚੁਗਿਰਦ ਪੱਕੀ ਅਲ਼ੰਗ, ਅਤੇ ਵਡਾ ਸ਼ਾਨਦਾਰ ਦਰਵੱਜਾ ਸਾ; ਅਤੇ ਉਹ ਦੇ ਗਭੇ ਇਕ ਫੁਆਰਿਆਂ ਵਾਲਾ ਹੌਦ, ਅਤੇ ਉਸ ਦੇ ਕੰਢੇ ਪੱਕਾ ਚੂਨੇ ਗੱਚ ਤਖਤ ਸਾ, ਜੋ ਪਾਤਸਾਹ ਦੇ ਬੈਠਣ ਦਾ ਠਿਕਾਣਾ ਸੀ। ਅਤੇ ਬਾਗ ਦੇ ਚੜਦੇ ਰੁਕ ਵਡਾ ਮਜਬੂਤ ਹਮਾਮ, ਅਤੇ ਉੱਤਰ ਦੇ ਪਾਸੇ ਨਹਿਰ ਦੇ ਕੰਢੇ ਇਕ ਵਡੀ ਖੁੱਲੀ ਅਰ ਉੱਚੀ ਚੌਂਦਰੀ ਬਣੀ ਹੋਈ ਸੀ; ਹੁਣ ਓਹ ਸਭੋ ਅੰਬਾਰਤਾਂ ਬੈਰਾਨ ਪਈਆਂ ਹਨ; ਬਾਗ ਦੇ ਆਇਰਿਆਂ ਛੁੱਟ ਹੋਰ ਕੁਝ ਨਜਰੀ ਨਹੀਂ ਆਉਂਦਾ। ਇਸ ਸਹਿਰ ਵਿਖੇ ਅਕਬਰ ਪਾਤਸਾਹ ਦੇ ਰਾਜ ਵਿਚ ਵਡੀ ਰੌਣਕ ਅਰ ਆਬਾਦੀ ਸੀ, ਉਸ ਤੇ ਪਿਛੇ ਬੀ ਚਿਰ ਤੀਕੁਰ ਉਹੋ ਜਿਹੀ ਰਹੀ; ਪਰ ਜਾਂ ਸਿੱਖਾਂ ਨੈ ਸਾਰੀ ਪੰਜਾਬ ਨੂੰ ਲੁਟ ਫੂਕ ਸਿੱਟਿਆ, ਤਾਂ ਇਹ ਸਹਿਰ ਭੀ ਬੈਰਾਨ ਹੋ ਗਿਆ। ਤਿਸ ਪਿਛੇ ਜਾਂ ਰਾਮਗੜੀਆਂ ਸਿੱਖਾਂ ਦੇ ਹੱਥ ਆਇਆ, ਤਾਂ ਥੁਹੁੜਾ ਜਿਹਾ ਬਸਦਾ ਸੀ; ਅਤੇ ਜਾ ਕਨਈਆ ਨੈ ਰਾਮਗੜੀਆਂ ਨੂੰ ਲਤਾੜ ਲੀਤਾ, ਤਾਂ ਹਕੀਕਤਸਿੰਘੁ ਕਨਈਆ ਇਸ ਸਹਿਰ ਉੱਤੇ ਝੜਾਈ ਕਰਿ ਆਇਆ, ਅਤੇ ਆਉਂਦੇ ਨੈ ਹੀ ਫੂਕ ਸਿਟਿਆ। ਉਸ ਸਮੇ ਇਹ ਸਹਿਰ ਅਜਿਹਾ ਬੈਰਾਨ ਹੋਇਆ, ਜੋ ਇਸ ਵਿਚ ਸੀਂਹ ਬੁਕਦੇ ਫਿਰਦੇ ਸੇ॥

ਤਿਸ ਪਿਛੇ ਹਕੀਕਤਸਿੰਘੁ ਦਾ ਪੁੱਤ ਜੈਮਲਸਿੰਘੁ, ਜਾਂ ਇਸ ਸਹਿਰ ਦੇ ਬਸਾਉਣ ਦੇ ਆਹਰ ਵਿਚ ਹੋਇਆ, ਤਾਂ ਤੀਹਾਂ ਬਰਸਾਂ ਤੀਕੁਰ ਉਸ ਦੇ ਪਾਹ ਰਿਹਾ, ਅਰ ਉਹ ਬਸਾਉਂਦਾ ਹੀ ਰਿਹਾ; ਇਥੇ ਤੀਕੁ ਕਿ ਉਹ ਦੇ ਨਿਆਉਂ ਦੇ ਕਾਰਣ ਤਿੰਨ ਚਾਰ ਸੈ ਹੱਟ, ਅਰ ਤਿੰਨ ਹਜਾਰ ਘਰ ਬਸ ਪਿਆ; ਫੇਰ ਜਾਂ ਜੈਮਲਸਿੰਘੁ ਮਰ ਗਿਆ, ਤਾਂ ਇਹ ਸਹਿਰ ਮਹਾਰਾਜੇ ਰਣਜੀਤਸਿੰਘੁ ਕੋਲ ਆ ਗਿਆ; ਹੁਣ ਤੀਕੁਰ ਉਹ ਉਸੇ ਦੇ ਅਮਲ ਵਿਚ ਹੈ, ਪਰ ਅਗੇ ਵਰਗੀ ਰੌਣਕ ਨਹੀਂ; ਸਗਵਾਂ ਉੱਜੜਦਾ ਜਾਂਦਾ ਹੈ।

ਪਰ; "ਖੰਡਰਾਤ ਹੀ ਬਤਾਤੇ ਹੈ, ਇਮਾਰਤ ਖੂਬਸੂਰਤ ਹੋਗੀ।" ਹਾਂ; ਕਲਾਨੌਰ ਦੀ ਸਿਫਤਜ਼ਰੀਫੀ ਅਤੇ ਸਿਤਮਜ਼ਰੀਫੀ ਸਿਰਫ ਹੁਕਮਰਾਨੀ ਲਹਿਜੇ ਤੋਂ ਹੀ ਨਹੀਂ ਤਾਲੀਮੀ ਲਹਿਜੇ ਤੋਂ ਵੀ ਰਹੀ ਹੈ। ਇਹ ਵਸੇਬ ਕਦੇ ਇਸਲਾਮੀ ਮਰਕਜ਼ ਅਤੇ ਵਿੱਦਿਆ ਦਾ ਵੀ ਕੇਂਦਰ ਰਿਹਾ ਸੀ। ਇਹ ਸਾਰਾ ਕੁੱਝ ਇਤਿਹਾਸ ਦੀ ਕਬਰ ਵਿੱਚ ਦਫ਼ਨ ਹੈ ਅਤੇ ਕਲਾਨੌਰ ਦੇ ਧਰੋਹਰ ਇਸ ਦੀ ਮਿੱਟੀ ਵਿੱਚ। ਕਾਸ਼ ਅਸੀਂ ਸਾਂਭਿਆ ਹੁੰਦਾ।

*ਮੋਬਾ. 94634-39075*

# ਓਸੇ ਸਾਈਂ ਨੇ ਲੁੱਟਿਆ ਮੈਨੂੰ ਜਿਸ 'ਤੇ ਸੀ ਇੱਕ ਟੇਕ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-49

ਸੁਰਜੀਤ ਸੁਮਨ

ਸਵੇਰੇ-ਸਵੇਰੇ ਮੈਂ ਟੈਡੀ ਨੂੰ ਘੁਮਾਉਣ ਘਰੋਂ ਨਿਕਲ਼ਿਆ ਹੀ ਸੀ। ਸਾਹਮਣੇ ਦੇਖਿਆ, ਕਰਨਲ ਥਿੰਦ ਆਪਣੀ ਨੈਨੋ ਦੀ ਸਫਾਈ ਕਰ ਰਹੇ ਸਨ। ਇਹ ਉਨ੍ਹਾਂ ਦਾ ਨਿੱਤ ਕਰਮ ਹੈ। ਧੁੰਦ ਦੀ ਚਿੱਟੀ ਚਾਦਰ ਵਿੱਚ ਲਿਪਟਿਆ ਚੁਫੇਰਾ ਅਲੌਕਿਕ ਦ੍ਰਿਸ਼ ਪੇਸ਼ ਕਰ ਰਿਹਾ ਸੀ। 'ਗੁੱਡ ਮਾਰਨਿੰਗ ਸਰਦਾਰ ਸਾਅਬ। ਠਹਿਰੋ ਮੈਂ ਵੀ ਚਲਦਾਂ' ਆਖ ਉਹ ਘਰ ਅੰਦਰ ਚਲੇ ਗਏ।' ਟੈਡੀ ਮੈਨੂੰ ਖਿੱਚਣ ਲੱਗੀ। ਓਹਦੇ ਗਲ਼ 'ਚ ਪਾਏ ਪਟੇ ਦੀ ਰੱਸੀ ਨੂੰ ਮੈਂ ਰਤਾ ਕੁ ਤੁਣਕਾ ਜਿਹਾ ਮਾਰਦਿਆਂ ਉਸ ਨੂੰ ਰੁਕਣ ਦਾ ਇਸ਼ਾਰਾ ਕਰਦਾ ਹਾਂ। ਉਹ ਮੇਰੇ ਦੁਆਲ਼ੇ ਘੁੰਮਣ ਲੱਗਦੀ ਹੈ। ਸਾਡੀ ਇਸ ਟੈਡੀ ਦੀ ਕਹਾਣੀ ਵੀ ਬੜੀ ਅਨੋਖੀ ਹੈ। ਸੁਣੋ, ਸੁਣਾਉਂਦਾ ਹਾਂ। ਮੇਰਾ ਬੇਟਾ ਚੰਡੀਗੜ੍ਹ ਯੂਨੀਵਰਸਿਟੀ ਪੜ੍ਹਦਾ ਸੀ, ਉਦੋਂ। ਘਰ ਪਰਤਦਿਆਂ ਉਸ ਨੇ ਨੈਸ਼ਨਲ ਹਾਈਵੇਅ-5 'ਤੇ ਦਰੜੀ ਪਈ ਇੱਕ ਕੁੱਤੀ ਦੇਖੀ, ਜਿਸ ਦੇ ਲਹੂ-ਲੁਹਾਣ ਪੈਰਾਂ ਨਾਲ਼ ਚਿੰਬੜਿਆ, ਸਹਿਮਿਆ ਜਿਹਾ ਇੱਕ ਕਤੂਰਾ ਬੈਠਾ ਸੀ। ਬੇਟਾ ਇਸ ਨੂੰ ਚੁੱਕ ਲਿਆਇਆ ਤੇ ਇਸ ਦਾ ਨਾਂ ਟੈਡੀ ਰੱਖਿਆ। ਉਹ ਬਚਪਨ ਤੋਂ ਹੀ 'ਡੌਗ ਲਵਰ' ਹੈ। ਹੁਣ ਇਸ ਪਿਆਰੀ ਜਿਹੀ ਟੈਡੀ ਨੂੰ ਸਵੇਰੇ ਸ਼ਾਮ ਘੁੰਮਾਉਣ ਦਾ ਫਰਜ਼ ਮੇਰੇ ਜ਼ਿੰਮੇ ਹੈ। ਇਹ ਮੈਨੂੰ ਰੋਜ਼ਾਨਾ ਲੰਮੀ ਸੈਰ ਕਰਵਾਉਂਦੀ ਹੈ। ਅਸੀਂ ਸੈਰ ਲਈ ਤੁਰ ਪਏ।

ਕਰਨਲ ਥਿੰਦ ਬੋਲੇ, 'ਸਰਦਾਰ ਸਾਅਬ ਦੇਖੋਂ ਲੋਕ ਰੱਜਦੇ ਨਈਂ। ਘਰਾਂ ਅੱਗੇ ਛੱਡੀਆਂ ਬਰਮਾਂ ਨੂੰ ਵੀ ਇਨ੍ਹਾਂ ਕਬਜ਼ਾ ਲਿਐ ? ਅਧਿਕਾਰਤ ਤੌਰ 'ਤੇ ਛੱਡੀ ਗਈ ਤੀਹ-ਪੈਂਤੀ ਫੁੱਟ ਸੜਕ ਵਿੱਚੋਂ ਵੀ ਦੋਵਾਂ ਪਾਸੇ ਦੀ ਛੇ ਛੇ ਫੁੱਟ ਦੀ ਬਰਮ ਨੂੰ ਇਨ੍ਹਾਂ ਆਪਣੇ ਘਰਾਂ ਵਿੱਚ ਰਲ਼ਾ ਕੇ ਵਿਹੜਾ ਈ ਬਣਾ ਲਿਐ ? ਹੁਣ ਗੱਡੀਆਂ ਦਾ ਲਾਂਘਾ ਮੁਸ਼ਕਲ ਹੋ ਰਿਹੈ। ਰਸਤੇ ਦਿਨੋਂ-ਦਿਨ ਛੋਟੇ ਹੁੰਦੇ ਜਾ ਰਹੇ ਹਨ, ਗੱਡੀਆਂ ਦੀ ਤਾਦਾਦ ਵਧ ਰਹੀ ਹੈ।' ਸਨਾਤਨ ਮੰਦਿਰ ਕੋਲ਼ੋਂ ਪਿਆਰਾ ਸਿੰਘ ਸੈਣੀ ਵੀ ਸਾਡੇ ਨਾਲ਼ ਹੀ ਹੋ ਤੁਰੇ ਸਨ। ਕਰਨਲ ਥਿੰਦ ਦੀ ਗੱਲ ਸੁਣ ਕੇ ਉਹ ਬੋਲ ਪਏ, 'ਬਾਊ ਜੀ ਪੁੱਛੋ ਨਾ ਕੁਸ਼। ਇੱਥੇ ਹੁਣ ਵਣ ਵਣ ਕੀ ਲੱਕੜ 'ਕੱਠੀ ਹੋਈ ਵੀ ਆ, ਸਮਝੇ ਯੌਹ ਬਾਤ ਮੇਰੀ ? ਮਾਅ੍ਰੇ ਗੌਂਅ ਦੇਸੂ ਮਾਜਰਾ ਮਾਂ ਦੇਖ ਲੋ ਇਬ ? ਅਪਣੇ ਘਰ ਹਿਮਾਚਲੀਆਂ, ਯੂਪੀਏ, ਬਿਹਾਰੀਆਂ ਨੂੰ ਕਿਰਾਏ ਪਾ ਦੇ ਕੇ ਜਾ ਫਿਰ ਪੀਜੀ ਖੋਲ੍ਹ ਕੇ ਆਪ ਸੰਨੀ ਮਾਂ ਕੋਠੀਆਂ ਮੇਂ ਰਹਾਂ। ਅਰ ਚੰਡੀਗੜ੍ਹ ਕੇ ਗੌਂਆਂ ਮਾਂ ਵੀ ਇਬ ਇਹੋ ਹਾਲ ਆ।' ਮੈਂ ਪਿਆਰਾ ਸਿੰਘ ਦੇ ਚਿਹਰੇ ਵੱਲ ਭਰਵੀਂ ਨਜ਼ਰੇ ਦੇਖ ਗੁੱਝਾ ਜਿਹਾ ਮੁਸਕਰਾਉਂਦਿਆ ਸੋਚ ਰਿਹਾ ਸੀ ਕਿ ਦੇਖੋਂ ਅੱਜ ਪਿਆਰਾ ਸਿੰਘ ਵੀ ਕਿਵੇਂ ਆਪਣੇ ਪੁਰਾਣੇ ਪੁਆਧੀ ਰੰਗ ਵਿੱਚ ਰੰਗਿਆ ਪਿਐ। ਆਮ ਤੌਰ 'ਤੇ ਉਹ ਪੁਆਧੀ ਦੀ ਬਜਾਇ ਟਕਸਾਲੀ ਪੰਜਾਬੀ ਬੋਲੀ ਹੀ ਬੋਲਦੇ ਹਨ।

ਵੇਰਕਾ ਬੂਥ ਕੋਲ਼ ਪਹੁੰਚੇ ਤਾਂ ਟੈਡੀ ਨੂੰ ਦੇਖ ਆਲ਼ੇ-ਦੁਆਲ਼ੇ ਦੀਆਂ ਗਲ਼ੀਆਂ ਵਿੱਚੋਂ ਭੱਜੇ ਆਉਂਦੇ ਕੁੱਤੇ ਭੌਂਕਣ ਲੱਗੇ। ਮੈਂ ਦੋ ਤਿੰਨ ਰੋੜੀਆਂ ਜਿਹੀਆਂ ਚੁੱਕ ਕੇ ਉਨ੍ਹਾਂ ਦੇ ਮਾਰੀਆਂ। ਫਿਰ ਅਸੀਂ ਗੱਲਾਂ ਕਰਦੇ ਅੱਗੇ ਵਧਦੇ ਗਏ ਤੇ ਭੌਂਕਦੇ ਕੁੱਤੇ ਪਿਛਾਂਹ ਹਟਣ ਲੱਗੇ। ਮੈਂ ਪਿੱਛੇ ਮੁੜ ਕੇ ਦੇਖਿਆ ਹੁਣ ਉਨ੍ਹਾਂ ਆਪਣੇ ਆਪਣੇ ਕਬਜ਼ਾਏ ਥਾਂ ਮੁੜ ਮੱਲ ਲਏ ਸਨ। ਉਨ੍ਹਾਂ ਦਾ ਖਤਰਾ ਟਲ਼ ਗਿਆ ਸੀ ਸ਼ਾਇਦ। ਇਨ੍ਹਾਂ ਵੀ ਗਲ਼ੀਆਂ ਜਾਂ ਬਾਜ਼ਾਰ ਦੀਆਂ ਦੁਕਾਨਾਂ ਮੱਲੀਆਂ ਹੋਈਆਂ ਹਨ। 'ਕੁੱਤਿਆਂ ਨੂੰ ਵੀ ਇਹੀ ਡਰ ਰਹਿੰਦੈ ਬਈ ਸਾਡੇ ਮੱਲੇ ਹੋਏ ਥਾਂ 'ਤੇ ਕੋਈ ਹੋਰ ਬਾਹਰੀ ਕੁੱਤਾ ਕਬਜ਼ਾ ਨਾ ਕਰ ਲਵੇ। ਟੈਡੀ ਨੂੰ ਦੇਖ ਇਨ੍ਹਾਂ ਅੰਦਰਲਾ ਡਰ ਬਾਹਰ ਨਿਕਲ਼ ਆਇਆ ਸ਼ਾਇਦ। ਇਸੇ ਲਈ ਕਹਿੰਦੇ ਨੇ ਕੁੱਤੇ ਦਾ ਕੁੱਤਾ ਵੈਰੀ' ਕਰਨਲ ਥਿੰਦ ਬੋਲੇ। 'ਯੌਅ ਬਾਤ ਸਹੀ ਆ ਕਰਨਲ ਸਾਅਬ ਕੀ। ਯੌਅ ਸਾਰਾ ਮਾਜਰਾ ਕਬਜ਼ੇ ਕਾ ਈ ਆ ਬਾਈ। ਇਬ ਦੇਖੋ ਮਾਅਰੀ ਭੈਣ ਨੇ ਦੋ ਕਨਾਲ਼ਾਂ ਪਿੱਛੇ ਕੇਸ ਠੋਕ ਦੀਆ ਮਾਅਰੇ ਪਰ' ਪਿਆਰਾ ਸਿੰਘ ਦਾ ਦਰਦ ਛਲਕਿਆ ਦੇਖ ਮੈਨੂੰ ਚੇਤੇ ਆਇਆ। ਕਿਵੇਂ ਇਸ ਇਲਾਕੇ ਦੀਆਂ ਜ਼ਮੀਨਾਂ ਦੇ ਭਾਅ ਅਸਮਾਨੀਂ ਚੜ੍ਹਨ ਕਰਕੇ ਇਨ੍ਹਾਂ ਲੋਕਾਂ ਦੇ ਰਿਸ਼ਤੇ-ਨਾਤੇ ਆਪਣਾ ਆਭਾ-ਮੰਡਲ ਗੁਆ ਗਏ ਹਨ। ਜਿਸ ਵੱਲ ਵੀ ਤੁਸੀਂ ਨਜ਼ਰ ਮਾਰੋਗੇ, ਉਸ ਵਿੱਚੋਂ ਹੀ ਤੁਹਾਨੂੰ ਡੀਲਰ ਜਾਂ ਲੀਡਰ ਨਜ਼ਰ ਆ ਜਾਵੇਗਾ। ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ। ਸੰਤਰੀ ਤੋਂ ਲੈ ਕੇ ਮੰਤਰੀ ਤੱਕ ਸਭੇ ਡੀਲਰ। ਸ਼ਿਕਾਰ ਭਾਲ਼ਦੀਆਂ ਸਭ ਦੀਆਂ ਸ਼ਿਕਾਰੀ ਨਜ਼ਰਾਂ। ਵਾਪਸ ਘਰ ਪਹੁੰਚੇ ਤਾਂ ਬਾਈ ਦਲੇਰ ਸਿੰਘ ਦੀ ਮਿਸਡ ਕਾਲ਼ ਆਈ ਹੋਈ ਸੀ। ਕਿੰਨੇ ਦਿਨ ਹੋਏ ਉਸ ਨਾਲ਼ ਚੰਗੀ ਤਰ੍ਹਾਂ ਗੱਲ ਈ ਨਹੀਂ ਹੋ ਸਕੀ। ਮੈਂ ਝੱਟ ਉਸਨੂੰ ਫੋਨ ਮਿਲਾ ਲੈਂਦਾ ਹਾਂ।

ਹੁਣ ਦਲੇਰ ਸਿੰਘ ਬੋਲ ਰਿਹਾ ਸੀ, 'ਛੋਟੇ ਭਾਈ ਠੰਢ ਨੇ ਕੁਲਫੀ ਜਮਾ ਰੱਖੀ ਆ। ਹੁਣ ਤਾਂ ਐਥੇ ਈ ਸ਼ਿਮਲਾ ਬਣਿਆ ਪਿਐ। ਸੱਚ ਦੱਸਾਂ ਅਸੀਂ ਵੀ ਬੜੇ ਠਹਿਚੱਲ ਹੋ ਜਾਂਦੇ ਆਂ ਕਦੇ ਕਦੇ। ਜਦੋਂ ਠੰਢ ਪਵੇ ਤਾਂ ਗਰਮੀ ਭਾਲ਼ਦੇ ਆਂ, ਜਦੋਂ ਗਰਮੀ ਪਵੇ ਤਾਂ ਠੰਢ ਤੇ ਜਦੋਂ ਬਰਸਾਤ ਪਵੇ ਤਾਂ ਸੁੱਕਾ ਅੰਬਰ। ਦੋਵਾਂ ਵੇਲ਼ਿਆਂ 'ਚ ਰੱਬ ਨਾਲ਼ ਆਢਾ ਲਾ ਬਹਿਨੇ ਆਂ। ਉਂ ਜਨਵਰੀ ਮਹੀਨੇ ਪਈ ਠੰਢ ਫਸਲਾਂ ਲਈ ਬਹੁਤ ਲਾਭਕਾਰੀ ਹੁੰਦੀ ਆ। ਫਸਲਾਂ ਦਾ ਝਾੜ ਠੀਕ ਰਹਿੰਦੈ। ਪਿਛਲੇ ਸਾਲ ਜਨਵਰੀ ਮਹੀਨੇ ਠੰਢ ਈ ਨਈਂ ਪਈ, ਕਣਕ ਦਾ ਝਾੜ ਘਟ ਗਿਆ ਤਾ। ਅੱਛਾ ਛੱਡ ਤੂੰ ਹਰਿਆਣਾ ਦੇ ਰੇਵਾੜੀ ਦੀ ਉਹ ਖਬਰ ਪੜ੍ਹੀ ? ਕੀ ਬਣੂੰ ਯਾਰ ਦੁਨੀਆਂ ਦਾ ? ਬਾਰਵੀਂ ਜਮਾਤ ਦੀ ਹਾਕੀ ਖਿਡਾਰਨ ਨੂੰ ਗਰਭਵਤੀ ਕਰਨ ਦੇ ਦੋਸ਼ ਵਿੱਚ ਹਾਕੀ ਕੋਚ ਨੂੰ ਗ੍ਰਿਫਤਾਰ ਕੀਤਾ ਗਿਐ। ਲੱਖ ਦੀ ਲਾਹਣਤ ਇਨ੍ਹਾਂ ਗੁਰੂਆਂ 'ਤੇ। ਲਹੂ ਦੇ ਪੁਰਾਣੇ ਦਾਗ ਧੋਤੇ ਨਈਂ ਜਾਂਦੇ, ਉਸ ਤੋਂ ਪਹਿਲਾਂ ਈ ਅਗਲੇ ਤਿਆਰ ਹੋ ਜਾਂਦੇ ਨੇ। ਇਹ ਤਾਂ ਇੱਕ ਕੇਸ ਸਾਹਮਣੇ ਆ ਗਿਆ। ਹੋਰ ਪਤਾ ਨਹੀਂ ਕਿੰਨੀਆਂ ਕੁੜੀਆਂ/ ਔਰਤਾਂ ਜਾਂ ਤਾਂ ਚੁੱਪ ਵੱਟ ਲੈਂਦੀਆ ਹੋਣਗੀਆਂ ਜਾਂ ਫਿਰ ਕਿਨਾਰਾ ਕਰ ਲੈਂਦੀਆ ਹੋਣਗੀਆਂ। ਉਂ ਬਹੁਤੀਆਂ ਹਾਲਾਤਾਂ ਦੀਆਂ ਮਾਰੀਆਂ ਸਮਾਜ ਦੀਆਂ ਨੁਕੀਲੀਆਂ ਨਜ਼ਰਾਂ ਦੇ ਡਰੋਂ ਚੁੱਪ ਵਿੱਚ ਹੀ ਭਲਾ ਸਮਝਦੀਆਂ ਹਨ। ਉਹ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਇਸ ਭੇੜੀਏ ਨੇ ਜੋ ਕੀਤਾ ਸੋ ਕੀਤਾ, ਅੱਗੇ ਜਿਨ੍ਹਾਂ ਕੋਲ਼ ਫਰਿਆਦ ਲੈ ਕੇ ਜਾਣੀ ਹੈ, ਉਹ ਕਿਹੜਾ ਕਿਸੇ ਹੋਰ ਦੇਸ਼ੋਂ ਆਏ ਨੇ। ਥਾਣਿਆਂ/ ਕਚਹਿਰੀਆਂ ਵਿੱਚ ਨਿੱਤ ਕੀ ਹੁੰਦੈ, ਆਪਾਂ ਸਭ ਜਾਣਦੇ ਆਂ ਛੋਟੇ ਭਾਈ।'

ਬਾਈ ਦਲੇਰ ਸਿੰਘ ਦੀ ਕਥਾ ਨੇ ਮੇਰੇ ਅੰਦਰਲਾ ਖੌਲਣ ਲਾ ਦਿੱਤਾ। ਸੋਚਦਾ ਹਾਂ, ਵਾਰ ਵਾਰ ਅਜਿਹੀਆਂ ਘਟਨਾਵਾ ਕਿਉਂ ਵਾਪਰ ਰਹੀਆਂ ਹਨ ? ਅਜਿਹੇ ਲੋਕ ਕਦੋਂ ਬਾਜ ਆਉਣਗੇ ? ਹਾਲੇ ਅਜਿਹੇ ਇੱਕ ਗੁਨਾਹ ਦੀ ਚਰਚਾ ਮੱਠੀ ਨਹੀਂ ਪੈਂਦੀ ਕਿ ਦੂਜੀ ਉੱਠ ਖਲੋਂਦੀ ਹੈ। ਕੀ ਇਹ ਸਭ ਕੁਝ ਇਨ੍ਹਾਂ ਲੋਕਾਂ ਦੇ ਡੀ.ਐਨ.ਏ. ਵਿੱਚ ਹੀ ਪਿਆ ਹੈ ਕਿੱਧਰੇ ? ਸੋਚਦਿਆਂ ਮੇਰੇ ਮਨ ਦਾ ਪੰਛੀ ਭਟਿੰਡਾ ਦੇ ਕਿਲ੍ਹੇ 'ਤੇ ਜਾ ਬਹਿੰਦਾ ਹੈ। ਵਿਦਵਾਨਾਂ ਦਾ ਤਰਕ ਇਸ ਨੂੰ ਦਸਵੀਂ ਸਦੀ ਤੋਂ ਵੀ ਪਹਿਲਾਂ ਹਿੰਦੂਸ਼ਾਹੀ ਰਾਜਿਆਂ ਵੱਲੋਂ ਬਣਾਇਆ ਸਵੀਕਾਰਦੇ ਹਨ ਤੇ ਬਹੁਤੇ ਭੱਟੀ ਰਾਜਪੂਤਾਂ ਵੱਲੋਂ। ਹਿੰਦੂਸ਼ਾਹੀ ਰਾਜ ਦੇ ਬਹੁਤੇ ਹਿੱਸੇ ਉਤੇ ਮਹਿਮੂਦ ਗਜ਼ਨਵੀ ਦੇ ਪਿਓ ਨੇ ਓਸ ਵੇਲ਼ੇ ਜ਼ੋਰੀਂ ਕਬਜ਼ਾ ਕਰ ਲਿਆ ਸੀ, ਜਿਸ ਵੇਲ਼ੇ ਅਨੰਦਪਾਲ ਦੇ ਪਿਤਾ ਸੂਰਜ ਦੇਵ ਦੀ ਪੂਜਾ ਕਰ ਰਹੇ ਸਨ। ਸੋਨਾ ਲੁੱਟਣ ਬਾਅਦ ਉਸ ਦੇ ਸੈਨਿਕ ਸ਼ਹਿਰਾਂ/ ਪਿੰਡਾਂ ਨੂੰ ਲੁੱਟਦੇ ਤੇ ਔਰਤਾਂ ਨੂੰ ਮਧੋਲਣ ਲਗਦੇ। ਮੇਰੇ ਮਨ ਦਾ ਪੰਛੀ ਸੋਚਦਾ ਹੈ, ਰਾਜਾ ਕੋਈ ਵੀ ਹੋਵੇ ਸਭ ਤੋਂ ਪਹਿਲਾਂ ਧੱਕੇ ਨਾਲ਼ ਔਰਤ ਦੇ ਜਿਸਮ 'ਤੇ ਕਬਜ਼ਾ ਕਰਦਾ, ਓਹਦੀ ਰੂਹ ਨੂੰ ਵਲੂੰਧਰ ਸੁੱਟਦਾ ਹੈ। ਕੀ ਪੁਰਾਤਨ ਯੁੱਗਾਂ ਵਾਂਗ ਅੱਜ ਦੇ ਰਾਜਿਆਂ-ਰਾਣਿਆਂ ਵੱਲੋਂ ਵੀ ਇਹੋ ਖੇਡ ਖੇਡੀ ਜਾ ਰਹੀ ਹੈ ? ਮਨ ਪ੍ਰੇਸ਼ਾਨ ਹੋ ਉੱਠਦਾ ਹੈ। ਅਦਾਲਤ 'ਚ ਤਾਂ ਪਹਿਲਾਂ ਹੀ ਬੰਦੇ ਬਿਰਖ ਹੋ ਰਹੇ ਹਨ। ਸਰੂਪ ਸਿਆਲ਼ਵੀ ਦੀ ਕਹਾਣੀ 'ਨਾਗੇਲੀ' ਚੇਤੇ ਆਉਂਦੀ ਹੈ। ਲਿਤਾੜੇ ਲੋਕਾਂ ਦੀਆਂ ਔਰਤਾਂ ਨੂੰ ਆਪਣੀਆਂ ਛਾਤੀਆਂ ਕੱਜਣ ਦਾ ਅਧਿਕਾਰ ਨਹੀਂ ਸੀ। ਛਾਤੀਆਂ ਢਕਣ ਬਦਲੇ ਉਨ੍ਹਾਂ ਨੂੰ ਸਤਨ ਟੈਕਸ ਅਦਾ ਕਰਨਾ ਪੈਂਦਾ ਸੀ।

ਉਫ ! ਫਿਰ ਮੇਰੀ ਸੁਤਾਅ ਵਿੱਚ ਮੋਹਨ ਕਾਹਲੋਂ ਦਾ ਨਾਵਲ 'ਕਾਲੀ ਮਿੱਟੀ' ਆ ਬਹਿੰਦਾ ਹੈ। ਸਦੀਆਂ ਪੁਰਾਣੀ ਰਾਜਿਆਂ-ਪਰੋਹਿਤਾਂ ਦੇ ਛੜਯੰਤਰ ਰਾਹੀਂ ਬਣਾਈ ਰਸਮ 'ਕਾਸ਼ਨਗਾਦੀ।' ਸਾਲ ਦੀ ਸਾਲ ਦੁਸ਼ਹਿਰੇ ਦੇ ਮਹੂਰਤ ਵੇਲ਼ੇ ਪੂਜਾ ਉੱਤੇ ਸ਼ੰਮੀ ਦੇ ਪੱਤਿਆਂ, ਫੁੱਲਾਂ ਤੇ ਓਹਦੀਆਂ ਲੰਮੀਆਂ ਤਿੱਖੀਆਂ, ਸਖਤ ਸੂਲ਼ਾਂ ਦੀ ਇੱਕ ਸੇਜ਼ ਬਣਾਈ ਜਾਂਦੀ। ਰਾਜਾ ਉਸ ਉੱਤੇ ਕੋਰਾ ਚਿੱਟਾ ਕੱਪੜਾ ਵਿਛਾਉਂਦਾ ਹੈ। ਫਿਰ ਕੋਈ ਬਾਲ ਕੰਜਕ ਓਸ 'ਤੇ ਲਿਟਾਈ ਜਾਂਦੀ ਹੈ। ਐਧਰ ਪਰੋਹਿਤ ਮੰਤਰ ਪੜ੍ਹਦਾ, ਓਧਰ ਬਾਲ ਕੰਜਕ ਦੇ ਸੂਲ਼ਾਂ ਵਿੰਨ੍ਹੇ ਪਿੰਡੇ ਵਿੱਚੋਂ ਰਿਸਦਾ ਲਹੂ ਚਿੱਟੇ ਕੱਪੜੇ ਨੂੰ ਰੰਗਦਾ ਜਾਂਦਾ ਹੈ। ਇਹ ਕੱਪੜਾ ਰਾਜਾ ਲੈ ਜਾਂਦਾ ਤੇ ਬਾਲ ਕੰਜਕ ਬਣ ਜਾਂਦੀ ਦੇਵਦਾਸੀ, ਉਫ ! ਮੇਰੇ ਤੋਂ ਹੋਰ ਕੁਝ ਵੀ ਸੋਚਿਆ ਨਹੀਂ ਜਾ ਰਿਹਾ। ਜਵਾਬ ਦੇ ਰਹੀ ਮੇਰੀ ਚੇਤਨਾ ਵਿੱਚ ਮੇਰੇ ਗੀਤ ਦੇ ਬੋਲ ਆ ਬਹਿੰਦੇ ਹਨ, 'ਮੈਂ ਅਣਕਹੀ ਕਹਾਣੀ ਹਾਂ ਮਾਂ/ ਉਲ਼ਝਾਈ ਗਈ ਤਾਣੀ ਹਾਂ ਮਾਂ/ ਚੁੰਨੀ ਫਟੀ-ਪੁਰਾਣੀ ਹਾਂ ਮਾਂ/ 'ਨਾਗੇਲੀ' ਦੀ ਬਾਣੀ ਹਾਂ ਮਾਂ/ ਓਸੇ ਸਾਈਂ ਨੇ ਲੁੱਟਿਆ ਮੈਨੂੰ, ਜਿਸ 'ਤੇ ਸੀ ਇੱਕ ਟੇਕ/ ਅੰਮੜੀਏ ਸ਼ੀਸ਼ੇ ਦੇ ਵੱਲ ਦੇਖ ?'

ਸੰਪਰਕ : 98144-30874

# ਲੇਖਕਾਂ ਦਾ ਸਨਮਾਨ

ਪ੍ਰੇਮ ਕੁਮਾਰ ਮਣੀ

ਜਦੋਂ ਦਾ ਮੈਂ ਗੁਰੂ ਘਸੀਦਾਸ ਯੂਨੀਵਰਸਿਟੀ, ਬਿਲਾਸਪੁਰ ਦੇ ਵਾਈਸ ਚਾਂਸਲਰ ਨੂੰ ਯੂਟਿਊਬ 'ਤੇ ਮਨੋਜ ਰੂਪੜਾ ਨਾਲ ਸਲੂਕ ਕਰਦੇ ਦੇਖਿਆ ਅਤੇ ਬਹੁਤ ਦੁਖੀ ਹਾਂ। ਬਹੁਤ ਸਾਰੇ ਦੋਸਤਾਂ ਨੇ ਆਪਣਾ ਗੁੱਸਾ ਪ੍ਰਗਟ ਕੀਤਾ ਹੈ, ਜੋ ਮੈਂ ਸਮਝਦਾ ਹਾਂ। ਮੈਂ ਕਿਸੇ ਦੁਆਰਾ ਪੋਸਟ ਕੀਤੀ ਗਈ ਇੱਕ ਅਖਬਾਰ ਦੀ ਕਲਿੱਪਿੰਗ ਵੀ ਦੇਖੀ, ਜਿਸ ਵਿੱਚ ਵਾਈਸ ਚਾਂਸਲਰ ਦਾ ਕਹਾਣੀ 'ਤੇ ਭਾਸ਼ਣ ਦਿਖਾਇਆ ਗਿਆ ਹੈ, ਪਰ ਮਨੋਜ ਨਾਲ ਹੋਏ ਦੁਰਵਿਵਹਾਰ ਦਾ ਕੋਈ ਜ਼ਿਕਰ ਨਹੀਂ ਹੈ। ਇਹ ਪੱਤਰਕਾਰੀ ਦੇ ਪਤਨ ਦਾ ਪ੍ਰਮਾਣ ਹੈ।

ਹੁਣ, ਆਓ ਮਨੋਜ ਮਾਮਲੇ ਵੱਲ ਮੁੜੀਏ। ਆਪਣੇ ਭਾਸ਼ਣ ਦੌਰਾਨ, ਵਾਈਸ ਚਾਂਸਲਰ ਨੇ ਪੁੱਛਿਆ, "ਕੀ ਮੈਂ ਤੁਹਾਨੂੰ ਸਾਰਿਆਂ ਨੂੰ ਬੋਰ ਕਰ ਰਿਹਾ ਹਾਂ ?" ਮਹਿਮਾਨ ਲੇਖਕ ਮਨੋਜ ਰੂਪੜਾ, ਜੋ ਕਿ ਪਹਿਲੀ ਕਤਾਰ ਵਿੱਚ ਬੈਠੇ ਸਨ, ਨੇ ਬਸ ਕਿਹਾ, "ਆਓ ਇਸ ਵਿਸ਼ੇ 'ਤੇ ਗੱਲ ਕਰੀਏ।" ਵਾਈਸ ਚਾਂਸਲਰ ਗੁੱਸੇ ਵਿੱਚ ਆ ਗਏ। ਉਸਨੇ ਉਸਦਾ ਨਾਮ ਪੁੱਛਿਆ। ਫਿਰ, ਉਸਨੇ ਕਿਹਾ, "ਤੁਹਾਨੂੰ ਵਾਈਸ ਚਾਂਸਲਰ ਨਾਲ ਗੱਲ ਕਰਨ ਦੀ ਕੋਈ ਅਕਲ ਨਹੀਂ ਹੈ।" ਵਾਈਸ ਚਾਂਸਲਰ ਨੇ ਮੌਜੂਦ ਪ੍ਰਬੰਧਕਾਂ ਨੂੰ ਇਹ ਵੀ ਪੁੱਛਿਆ ਕਿ ਉਸਨੂੰ ਕਿਸਨੇ ਸੱਦਾ ਦਿੱਤਾ ਸੀ। ਉਸਨੇ ਫਿਰ ਕਿਹਾ, 'ਚਲੇ ਜਾਓ ! ਇਸਨੂੰ ਦੁਬਾਰਾ ਕਦੇ ਵੀ ਸੱਦਾ ਨਾ ਦਿੱਤਾ ਜਾਵੇ।" ਵੀਸੀ ਦਾ ਵਿਵਹਾਰ ਇੱਕ ਤਾਨਾਸ਼ਾਹ ਵਰਗਾ ਸੀ।

ਮੈਂ ਵਾਈਸ ਚਾਂਸਲਰ ਦੇ ਭਾਸ਼ਣ ਵੱਲ ਧਿਆਨ ਦਿੱਤਾ। ਉਹ ਗ਼ਲਤ ਭਾਸ਼ਾ ਵਿੱਚ ਮਨਘੜਤ ਬੋਲ ਰਿਹਾ ਸੀ। ਪਰ ਉਹ ਵਾਈਸ ਚਾਂਸਲਰ ਸੀ। ਉਹ ਕੁਝ ਵੀ ਕਹਿ ਸਕਦੇ ਸਨ। ਇਸ ਦਰਸਾਉਂਦਾ ਹੈ ਕਿ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਕਿਸ ਤਰ੍ਹਾਂ ਦੇ ਲੋਕ ਨਾਲ ਭਰਦੀਆਂ ਜਾ ਰਹੀਆਂ ਹਨ। ਇਹ ਵਾਈਸ ਚਾਂਸਲਰ ਬਾਰੇ ਹੈ। ਮੈਨੂੰ ਉੱਥੇ ਮੌਜੂਦ ਸਾਹਿਤਕਾਰਾਂ 'ਤੇ ਗੁੱਸਾ ਸੀ। ਉਹ ਚੁੱਪ-ਚਾਪ ਬੈਠੇ ਰਹੇ। ਉਹ ਕਿਸ ਲਾਲਚ ਜਾਂ ਡਰ ਕਾਰਨ ਚੁੱਪ ਰਹੇ ? ਉਸਨੂੰ ਜਨਤਕ ਤੌਰ 'ਤੇ ਕਿਉਂ ਨਹੀਂ ਛੇਕਿਆ ਜਾਣਾ ਚਾਹੀਦਾ ?

ਲੇਖਕਾਂ ਦੀ ਸਾਖ ਦੇ ਮਾਮਲਿਆਂ ਦਾ ਇੱਕ ਮਜ਼ਬੂਤ ਇਤਿਹਾਸ ਹੈ। ਕਿਹਾ ਜਾਂਦਾ ਹੈ ਕਿ ਮੱਧਯੁਗੀ ਕਾਲ ਵਿੱਚ, ਉਸ ਸਮੇਂ ਦੇ ਸੁਲਤਾਨ ਨੇ ਕਵੀ ਜਯਾਸੀ ਦਾ ਮਜ਼ਾਕ ਉਡਾਇਆ ਸੀ ਕਿਉਂਕਿ ਉਹ ਬਦਸੂਰਤ ਸੀ। ਜਯਾਸੀ ਚੁੱਪ ਰਹਿਣ ਵਾਲਾ ਨਹੀਂ ਸੀ। ਉਸਨੇ ਸੁਲਤਾਨ ਨੂੰ ਪੁੱਛਿਆ, "ਕੀ ਤੁਸੀਂ ਮੇਰੇ 'ਤੇ ਹੱਸ ਰਹੇ ਹੋ ਜਾਂ ਉਸ 'ਤੇ ਜਿਸਨੇ ਮੈਨੂੰ ਬਣਾਇਆ ?" ਸੁਲਤਾਨ ਨੂੰ ਢੁਕਵਾਂ ਜਵਾਬ ਮਿਲਿਆ ਸੀ। ਕਿਹਾ ਜਾਂਦਾ ਹੈ ਕਿ ਉਸਨੇ ਮੁਆਫੀ ਮੰਗੀ।

ਅਸ਼ਟਛਪ ਕਵੀ ਕੁੰਭਣ ਦਾਸ ਦੀ ਫ਼ਕੀਰਾਨਾ ਕਹਾਵਤ, "ਮੋਸੋ ਕਹਾਂ ਸੀਕਰੀ ਸੋ ਕਾਮ..." ਨੂੰ ਸਭ ਜਾਣਦੇ ਹਨ।

ਗਾਲਿਬ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਪੜ੍ਹਾਉਣ ਦੇ ਸੱਦੇ 'ਤੇ ਦਿੱਲੀ ਕਾਲਜ ਗਿਆ ਸੀ, ਪਰ ਪ੍ਰਿੰਸੀਪਲ ਉਸਦਾ ਸਵਾਗਤ ਕਰਨ ਲਈ ਬਾਹਰ ਨਹੀਂ ਆਇਆ। ਉਹ ਗੇਟ ਤੋਂ ਵਾਪਿਸ ਪਰਤ ਗਿਆ।

ਕਈ ਕਹਾਣੀਆਂ ਹੋ ਸਕਦੀਆਂ ਹਨ। ਪਰ ਇੱਕ ਇਸ ਯੁੱਗ ਦੀ ਹੈ। 1967 ਦਾ। ਅਤੇ ਇਹ ਇੱਕ ਢੁਕਵਾਂ ਜਵਾਬ ਦੇਣ ਬਾਰੇ ਹੈ। ਮੋਰਾਰਜੀ ਦੇਸਾਈ ਉਸ ਸਮੇਂ ਉਪ ਪ੍ਰਧਾਨ ਮੰਤਰੀ ਸਨ। ਉਨ੍ਹਾਂ ਨੇ ਦਿੱਲੀ ਦੇ ਕੁਝ ਲੇਖਕਾਂ ਨੂੰ ਚਾਹ ਲਈ ਸੱਦਾ ਦਿੱਤਾ ਸੀ। ਮੋਹਨ ਰਾਕੇਸ਼ ਲੇਖਕਾਂ ਵਿੱਚੋਂ ਇੱਕ ਸਨ। ਜਾਣ-ਪਛਾਣ ਕਰਵਾਉਣ ਤੋਂ ਬਾਅਦ, ਮੋਰਾਰਜੀ ਦੇਸਾਈ ਨੇ ਲੇਖਕਾਂ ਨੂੰ ਉਪਦੇਸ਼ ਭਰੇ ਸੁਰ ਵਿੱਚ ਉਪਦੇਸ਼ ਦੇਣਾ ਸ਼ੁਰੂ ਕਰ ਦਿੱਤਾ। ਮੋਹਨ ਰਾਕੇਸ਼, ਪਹਿਲੀ ਕਤਾਰ ਵਿੱਚ ਬੈਠੇ, ਆਪਣੀ ਜੇਬ ਵਿੱਚੋਂ ਇੱਕ ਸਿਗਰਟ ਕੱਢੀ, ਇਸਨੂੰ ਸੁਲਘਾਇਆ ਅਤੇ ਇੱਕ ਕੱਸ਼ ਲਗਾਇਆ। ਦੇਸਾਈ, ਇੱਕ ਕੱਟੜ ਗਾਂਧੀਵਾਦੀ, ਨੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਕਿਹਾ, "ਰਾਕੇਸ਼ ਜੀ, ਮੈਂ ਬਦਤਮੀਜ਼ੀ ਬਰਦਾਸ਼ਤ ਨਹੀਂ ਕਰਦਾ।" ਮੋਹਨ ਰਾਕੇਸ਼ ਨੇ ਤੁਰੰਤ ਜਵਾਬ ਦਿੱਤਾ, "ਕੌਣ ਰੁੱਖਾ ਹੋ ਰਿਹਾ ਹੈ ? ਮੈਂ ਜਾਂ ਤੁਸੀਂ ? ਤੁਸੀਂ ਮੈਨੂੰ ਚਾਹ ਲਈ ਸੱਦਾ ਦੇ ਕੇ ਮੈਨੂੰ ਭਾਸ਼ਣ ਪਿਲਾ ਰਹੇ ਹੋ। ਮੈਂ ਇਸਦਾ ਬਾਈਕਾਟ ਕਰ ਰਿਹਾ ਹਾਂ।" ਇਹ ਕਹਿ ਕੇ ਉਹ ਬਾਹਰ ਚਲੇ ਗਏ। ਇਹ ਇੱਕ ਲੇਖਕ ਦੀ ਹਿੰਮਤ ਹੈ। ਰਘੁਵੀਰ ਸਹਾਏ ਨੇ ਇਸ ਘਟਨਾ ਦਾ ਜ਼ਿਕਰ ਆਪਣੇ ਲੇਖ (ਦਿਨਮਨ) ਵਿੱਚ ਉਨ੍ਹਾਂ ਦੇ ਦਿਹਾਂਤ 'ਤੇ ਕੀਤਾ ਸੀ।

1977 ਜਾਂ 1978 ਵਿੱਚ ਇੱਕ ਹੋਰ ਘਟਨਾ ਵਾਪਰੀ। ਕਿਸ਼ੋਰੀ ਦਾਸ ਵਾਜਪਾਈ ਨੂੰ ਪ੍ਰਧਾਨ ਮੰਤਰੀ ਦੇ ਹੱਥੋਂ ਇੱਕ ਪੁਰਸਕਾਰ ਦਿੱਤਾ ਜਾਣਾ ਸੀ। ਪ੍ਰਧਾਨ ਮੰਤਰੀ ਉਹੀ ਮੋਰਾਰਜੀ ਦੇਸਾਈ ਸਨ। ਵਾਜਪਾਈ ਆਡੀਟੋਰੀਅਮ ਦੀ ਅਗਲੀ ਕਤਾਰ ਵਿੱਚ ਬੈਠੇ ਸਨ। ਉਨ੍ਹਾਂ ਨੂੰ ਪੁਰਸਕਾਰ ਲੈਣ ਲਈ ਸਟੇਜ 'ਤੇ ਬੁਲਾਇਆ ਗਿਆ ਸੀ। ਉਹ ਨਹੀਂ ਗਏ। ਉਨ੍ਹਾਂ ਦਾ ਮੰਨਣਾ ਸੀ ਕਿ ਪੁਰਸਕਾਰ ਦੇਣ ਵਾਲਾ ਵਿਅਕਤੀ ਉਸ ਵਿਅਕਤੀ ਕੋਲ ਜਾਣਾ ਚਾਹੀਦਾ ਹੈ ਜਿਸਨੂੰ ਇਹ ਪੁਰਸਕਾਰ ਦਿੱਤਾ ਜਾਣਾ ਸੀ। ਸੱਭਿਆਚਾਰ ਦੀ ਵਿਆਕਰਨ ਇਹੀ ਕਹਿੰਦੀ ਹੈ। ਪ੍ਰਧਾਨ ਮੰਤਰੀ ਸਥਿਤੀ ਨੂੰ ਸਮਝਦੇ ਸਨ। ਉਹ ਸਟੇਜ ਤੋਂ ਹੇਠਾਂ ਉਤਰੇ ਅਤੇ ਵਾਜਪਾਈ ਕੋਲ ਗਏ। ਵਾਜਪਾਈ ਖੜ੍ਹੇ ਹੋ ਕੇ ਪੁਰਸਕਾਰ ਸਵੀਕਾਰ ਕੀਤਾ। ਰਘੁਵੀਰ ਸਹਾਏ ਨੇ ਇਸ ਘਟਨਾ ਉੱਤੇ 'ਦਿਨਮਨ' ਵਿੱਚ ਇੱਕ ਸੰਪਾਦਕੀ ਲਿਖੀ।



ਮਨੋਜ ਰੂਪੜਾ

ਪਰ ਮੈਂ ਆਪਣੇ ਸਮੇਂ ਦੇ ਲੇਖਕਾਂ ਨੂੰ ਦੇਖ ਰਿਹਾ ਹਾਂ। ਮੈਨੂੰ ਹੈਰਾਨੀ ਹੈ ਕਿ ਉਨ੍ਹਾਂ ਨੂੰ ਕਿਸ ਲਾਲਚ ਨਾਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਹ ਅਮੀਰ ਵਿਅਕਤੀਆਂ ਦੁਆਰਾ ਫੰਡਗ ਕੀਤੇ ਜਾਂਦੇ ਸਾਹਿਤ-ਸਮਾਗਮਾਂ ਵਿੱਚ ਸ਼ਾਮਲ ਹੋਣਗੇ, ਸ਼ਰਾਬ ਦੇ ਕੁਝ ਘੁੱਟ ਪੀਣਗੇ, ਅਤੇ ਸਵੈ-ਮਾਣ ਬਾਰੇ ਗੱਲ ਕਰਨਗੇ। ਮੈਨੂੰ 1982 ਵਿੱਚ ਜੈਪੁਰ ਵਿੱਚ ਹੋਈ ਪ੍ਰਗਤੀਸ਼ੀਲ ਲੇਖਕ ਕਾਨਫਰੰਸ ਯਾਦ ਹੈ। ਇੱਕ ਮਾਥੁਰ ਸਾਹਿਬ ਉਸ ਸਮੇਂ ਮੁੱਖ ਮੰਤਰੀ ਸਨ। ਉਨ੍ਹਾਂ ਨੇ ਇਸਦਾ ਉਦਘਾਟਨ ਕਰਨਾ ਸੀ। ਲੇਖਕਾਂ ਨੂੰ ਇਹ ਅਜੀਬ ਲੱਗਿਆ। ਕੋਈ ਵੀ ਲੇਖਕ ਉਦਘਾਟਨੀ ਸੈਸ਼ਨ ਵਿੱਚ ਸ਼ਾਮਲ ਨਹੀਂ ਹੋਇਆ। ਇਹ ਲੇਖਕਾਂ ਦਾ ਸਵੈ-ਮਾਣ ਹੈ। (ਹਿੰਦੀ ਤੋਂ ਅਨੁਵਾਦ)

ਜਦੋਂ ਜੈਪੁਰ ਦੀ ਚਰਚਾ ਕੀਤੀ ਗਈ, ਤਾਂ ਮਹਾਦੇਵੀ ਜੀ ਦੇ ਅਪਮਾਨ ਨੂੰ ਵੀ ਯਾਦ ਕੀਤਾ ਗਿਆ। ਇਹ ਸ਼ਾਇਦ 1980 ਦੀ ਗੱਲ ਹੈ। ਜੈਪੁਰ ਵਿੱਚ ਉਸ ਸਮੇਂ ਦੀ ਰਾਜਸਥਾਨ ਦੀ ਮੁੱਖ ਮੰਤਰੀ ਪਹਾੜੀਆ ਜੀ ਸਟੇਜ 'ਤੇ ਸਨ। ਮਹਾਦੇਵੀ ਵਰਮਾ ਜੀ ਵੀ ਮੌਜੂਦ ਸਨ। ਆਪਣੇ ਭਾਸ਼ਣ ਵਿੱਚ ਮੁੱਖ ਮੰਤਰੀ ਨੇ ਮਹਾਦੇਵੀ ਜੀ ਬਾਰੇ ਕੁਝ ਬੇਤੁਕਾ ਕਿਹਾ। ਇਹ ਖ਼ਬਰ ਅਖ਼ਬਾਰਾਂ ਤੱਕ ਪਹੁੰਚੀ ਅਤੇ ਇੰਦਰਾ ਗਾਂਧੀ ਤੱਕ ਪਹੁੰਚ ਗਈ। ਇੰਦਰਾ ਗਾਂਧੀ ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਬਣੀ ਸੀ। ਮੁੱਖ ਮੰਤਰੀ ਨੂੰ ਤੁਰੰਤ ਹਟਾ ਦਿੱਤਾ ਗਿਆ ਸੀ। ਇਹ ਸਮਾਂ ਵੀ ਇਸ ਦੇਸ਼ ਵਿੱਚ ਸੀ। ਇੰਦਰਾ ਗਾਂਧੀ ਨੇ ਰਾਜਨੀਤੀ ਵਿੱਚ ਸੰਸਕ੍ਰਿਤ ਦਾ ਕੋਈ ਸਾਇਨ ਬੋਰਡ ਨਹੀਂ ਸੀ ਲਗਾਇਆ। ਕੀ ਅੱਜ ਸੰਸਕ੍ਰਿਤ ਰਾਸ਼ਟਰਵਾਦ ਦਾ ਬੈਨਰ ਲਗਾ ਕੇ ਬੈਠੇ ਹੋਏ ਲੋਕ, ਇੱਕ ਨਿਰਾਦਰ ਕਰਨ ਵਾਲੇ ਵਾਈਸ ਚਾਂਸਲਰ ਨੂੰ ਹਟਾਉਣ ਦੀ ਹਿੰਮਤ ਰੱਖਦੇ ਹਨ ? ਕੀ ਕੋਈ ਪੁੱਛਣ ਵਾਲਾ ਹੈ ?

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com** * **Web : www.nawanzamana.in**

# ਸਮਾਜ ਦੀ ਗੁੰਝਲਦਾਰ ਬਣਤਰ ਦਾ ਬਿਰਤਾਂਤ





**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਸੰਦੀਪ ਰਾਣਾ**

## ਅੰਬਰ ਕਦੇ ਖਾਲੀ ਨ੍ਹੀਂ ਹੁੰਦੇ...

(ਕਹਾਣੀ-ਸੰਗ੍ਰਹਿ)
ਹਰਪ੍ਰੀਤ ਸਿੰਘ ਚੰਨੂੰ
ਪੰਨੇ : 100, ਮੁੱਲ : 225 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਅੰਬਰ ਕਦੇ ਖਾਲੀ ਨ੍ਹੀਂ ਹੁੰਦੇ... ਹਰਪ੍ਰੀਤ ਸਿੰਘ ਚੰਨੂੰ ਦਾ ਤੀਸਰਾ ਕਹਾਣੀ-ਸੰਗ੍ਰਹਿ ਹੈ, ਜਿਸ ਵਿੱਚ ਕੁੱਲ ਅੱਠ ਕਹਾਣੀਆਂ ਹਨ। ਕਿਤੇ ਨਾ ਤੇਰੀ ਵਾਟ ਮੁੱਕਣੀ ਅਤੇ ਸੱਥਰ ਤੋਂ ਬਾਅਦ ਵੀ ਉਸ ਦੀਆਂ ਕਹਾਣੀਆਂ ਪੰਜਾਬੀ ਦੀਆਂ ਪ੍ਰਮੁੱਖ ਪੱਤ੍ਰਿਕਾਵਾਂ ਸਿਰਜਣਾ, ਪ੍ਰਵਚਨ, ਕਹਾਣੀ ਧਾਰਾ ਅਤੇ ਤਾਸਮਨ ਵਿੱਚ ਵੀ ਛਪਦੀਆਂ ਰਹੀਆਂ ਹਨ। ਉਸ ਦੇ ਤੀਸਰੇ ਕਥਾ-ਸੰਗ੍ਰਹਿ ਵਿਚਲੀਆਂ ਕਹਾਣੀਆਂ ਅਤੇ ਉਸ ਦੇ ਨਿੱਜੀ ਜੀਵਨ ਅਨੁਭਵਾਂ ਅਤੇ ਜੀਵਨ ਦੇ ਯਥਾਰਥ ਨੂੰ ਪੇਸ਼ ਕਰਨ ਦਾ ਢੰਗ, ਉਸ ਨੂੰ ਚੇਤੰਨ ਕਥਾ ਦ੍ਰਿਸ਼ਟੀ ਵਾਲੇ ਕਹਾਣੀਕਾਰ ਵਜੋਂ ਸਥਾਪਤ ਕਰਦਾ ਹੈ। ਉਸ ਦੀ ਕਥਾ ਦ੍ਰਿਸ਼ਟੀ ਮਲਵਈ ਪੇਂਡੂ ਰਹਿਤਲ 'ਚੋਂ ਅਨੁਭਵ ਇਕੱਠੇ ਕਰਦੀ ਹੈ ਅਤੇ ਵਾਸਤਵਿਕ ਪਾਤਰਾਂ ਤੋਂ ਪ੍ਰੇਰਿਤ ਹੋ ਕੇ ਬਿਰਤਾਂਤਕ ਪਾਤਰ ਸਿਰਜਦੀ ਵਿਲੱਖਣ ਕਥਾ ਜੁਗਤਾਂ ਅਤੇ ਯੋਗ ਭਾਸ਼ਾ ਰਾਹੀਂ ਕਥਾਨਕ ਰੂਪ ਵਿੱਚ ਪੇਸ਼ ਕਰਦੀ ਹੈ। ਇਸ ਪੁਸਤਕ ਦੀਆਂ ਅੱਠ ਕਹਾਣੀਆਂ ਅੱਠ ਵੱਖਰੇ ਵਿਸ਼ੇ ਪੇਸ਼ ਕਰਦੀਆਂ ਹਨ ਅਤੇ ਇਹਨਾਂ ਸਾਰੀਆਂ ਕਹਾਣੀਆਂ ਵਿੱਚ ਆਰਥਿਕ ਸੰਕਟ ਦਾ ਕਾਰਕ ਇਸ ਢੰਗ ਨਾਲ ਕੰਮ ਕਰਦਾ ਹੈ ਕਿ ਪਰਵਾਰਕ ਸੰਘਰਸ਼ਾਂ ਤੋਂ ਲੈ ਕੇ ਸਮਾਜਿਕ ਸੰਘਰਸ਼ਾਂ ਦੀ ਜੜ੍ਹ ਉਸ ਨਾਲ ਹੀ ਜਾ ਜੁੜਦੀ ਹੈ। ਇਸੇ ਕਾਰਨ ਤਣਾਅ ਦੇ ਮਾਹੌਲ ਵਿੱਚ ਪਾਤਰ ਸੰਘਰਸ਼ਸ਼ੀਲ ਹਾਲਤਾਂ ਵਿੱਚ ਫਸੇ ਨਜ਼ਰ ਆਉਂਦੇ ਹਨ ਅਤੇ ਸੰਕਟਕਾਲ ਨੂੰ ਨਜਿੱਠਣ ਲਈ ਅਣ-ਆਦਰਸ਼ਕ ਢੰਗ ਵਰਤਦੇ ਹਨ। ਪਾਤਰਾਂ ਦੇ ਮਨੋਵਿਗਿਆਨਕ ਸੰਘਰਸ਼ ਪੂਰੀ ਕਹਾਣੀ ਦੇ ਕਥਾਨਕ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹੀ ਕਸ਼ਮਕਸ਼ ਹਰ ਕਹਾਣੀ ਦੇ ਅੰਤ ਤੱਕ ਕਾਇਮ ਰੱਖਣਾ ਹੀ ਹਰਪ੍ਰੀਤ ਚੰਨੂੰ ਦੀ ਵਿਸ਼ੇਸ਼ਤਾ ਹੈ। ਇਹਨਾਂ ਕਹਾਣੀਆਂ ਵਿੱਚ ਜ਼ਿੰਦਗੀ ਵਿਚਲੀਆਂ ਜਟਿਲ ਪ੍ਰਕ੍ਰਿਆਵਾਂ ਨੂੰ ਸਰਲ ਤੇ ਸਹਿਜ ਢੰਗ ਨਾਲ਼ ਮੂਰਤੀਮਾਨ ਕੀਤਾ ਗਿਆ ਹੈ। ਹਰ ਇਕ ਕਹਾਣੀ ਆਪਣੇ-ਆਪ ਵਿੱਚ ਪੂਰਾ ਸੰਸਾਰ ਸਮੋਈ ਬੈਠੀ ਹੈ ਤੇ ਕਹਾਣੀਕਾਰ ਦੀ ਬਿਰਤਾਂਤ ਸਿਰਜਣ ਦੀ ਤਕਨੀਕੀ ਕਹਾਣੀ ਕਲਾ ਇਹਨਾਂ ਵਿਸ਼ਿਆਂ ਅਤੇ ਸਰੋਕਾਰਾਂ ਨੂੰ ਉਤਮ ਢੰਗ ਨਾਲ ਪੇਸ਼ ਕਰਦੀ ਹੈ। ਹਰਪ੍ਰੀਤ ਚੰਨੂੰ ਦੀਆਂ ਇਹਨਾਂ ਕਹਾਣੀਆਂ ਦੇ ਵਿਸ਼ੇ ਵੀ ਵਕਤੀ ਮਹੱਤਤਾ ਵਾਲੇ ਨਹੀਂ, ਸਗੋਂ ਸਮਾਜ ਦੀਆਂ ਗੁੰਝਲਦਾਰ ਬਣਤਰ ਨੂੰ ਸਮਝਾਉਂਦੇ ਵਿਸ਼ੇ ਨਿਪੁੰਨਤਾ ਨਾਲ ਚਿਤਰਤ ਕੀਤੇ ਗਏ ਹਨ। ਆਧੁਨਿਕਤਾ ਕਾਰਨ ਸਮਾਜ ਦੇ ਨਿਘਾਰ ਅਤੇ ਆਧੁਨਿਕੀਕਰਨ ਕਾਰਨ ਪੰਜਾਬੀ ਲੋਕ ਮਨ ਦੀ ਹੋਂਦ ਅਤੇ ਸਮਾਜਿਕ ਸਥਿਤੀ ਦੇ ਬਦਲਾਅ ਨੂੰ ਇਹਨਾਂ ਕਹਾਣੀਆਂ ਵਿੱਚ ਉਹਨਾਂ ਦੇ ਪ੍ਰਭਾਵਾਂ ਸਮੇਤ ਉਸਾਰਿਆ ਗਿਆ ਹੈ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਭੁੱਬਲ 'ਚੋਂ ਗੁਲਾਬ' ਪੰਜਾਬੀ ਪੇਂਡੂ ਜੀਵਨ ਦੇ ਸਮਾਜਿਕ ਸਰੋਕਾਰਾਂ ਨੂੰ ਪੇਸ਼ ਕਰਦੀ ਲੋਕ ਮਾਨਸਿਕਤਾ ਨੂੰ ਬਿਆਨ ਕਰਦੀ ਹੈ। ਇਸ ਅਨੁਸਾਰ ਔਲਾਦ ਪ੍ਰਾਪਤੀ ਉਹ ਵੀ ਖ਼ਾਸ ਕਰਕੇ ਪੁੱਤਰ ਦਾ ਜਨਮ ਹੀ ਜ਼ਿੰਦਗੀ ਦਾ ਅਸਲ ਮਕਸਦ ਹੁੰਦਾ ਹੈ। ਇਸ ਇੱਛਾ ਦੀ ਪੂਰਤੀ ਲਈ ਹਰ ਸੰਭਵ ਕੋਸ਼ਿਸ਼ ਇਸ ਕਹਾਣੀ ਵਿੱਚ ਚਿਤਰਤ ਕੀਤੀ ਗਈ ਹੈ। ਇਸ ਸੰਬੰਧ ਵਿੱਚ ਡੇਰਾਵਾਦ ਅਤੇ ਅੰਧਵਿਸ਼ਵਾਸ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ ਪਰ ਇੱਛਾ ਪੂਰਤੀ ਨਾ ਹੋਣ ਨਾਲ ਕਹਾਣੀ ਦਾ ਕਥਾਨਕ ਤ੍ਰਾਸਦੀ ਨੂੰ ਪੇਸ਼ ਕਰਦਾ ਹੈ। ਇਸ ਰਵਾਇਤੀ ਮਾਨਸਿਕਤਾ ਦੇ ਹੱਲ ਵਜੋਂ ਇਸ ਕਹਾਣੀ ਵਿੱਚ ਆਧੁਨਿਕ ਆਈ.ਵੀ.ਐੱਫ. ਤਕਨੀਕ ਵੀ ਪੇਸ਼ ਹੋਈ ਹੈ ਜੋ ਅੱਜ ਦੇ ਉਪਭੋਗਤਾਵਾਦੀ ਸਮਾਜ ਦੀ ਤਸਵੀਰ ਪੇਸ਼ ਕਰਦੀ ਹੈ। ਕੀ ਦੱਸੀਏ ਬੀਬੀ ਲੰਬਰਦਾਰਨੀਏ, ਬਾਹਲੀ ਦੁਨੀਆ ਤਾਂ ਬਾਬਿਆਂ, ਸੰਤਾਂ ਨੇ ਤੇ ਆਵਦੀ ਬੇਅਕਲੀ ਨੇ ਪੱਟ ਛੱਡੀ ਐ। ਮੇਰੇ ਪੇਕੀਂ ਕਾਲਝਰਾਨੀ, ਇੱਕ ਥੋਡੇ ਵਰਗੇ ਸਰਦਾਰਾਂ ਦੇ ਘਰੇ ਬਾਰਾਂ ਵਰ੍ਹੇ ਬਹੂ ਦੀ ਕੁੱਖ ਨਾ ਫੁੱਟੀ। ਦੱਸ ਪੈਣ ਉੱਤੇ ਉਹਨਾਂ ਨੇ ਫੇਰ ਲੁਧਿਆਣਿਉਂ 'ਲਾਜ ਕਰਵਾਇਆ। ਆਂਹਦੇ ਪੈਸਾ ਵੀ ਬਹੁਤ ਲੱਗਿਆ, ਖੇਚਲ ਵੀ ਬਹੁਤ ਹੋਈ, ਪਰ ਹੁਣ ਕੱਠੇ ਤਿੰਨ ਜਵਾਕ; ਇੱਕ ਕੁੜੀ ਤੇ ਦੋ ਮੁੰਡੇ ਉਨ੍ਹਾਂ ਦੇ ਵਿਹੜੇ 'ਚ ਚਾਂਗਰਾਂ-ਕਿਲਕਾਰੀਆਂ ਮਾਰਦੇ ਫਿਰਦੇ ਐ। ਨਵਾਂ ਈ ਅਲਾਜ ਕਰਦੇ ਐ, ਆਵਦਾ ਢਿੱਡ ਆਵਦੀ ਅੰਸ, ਕੋਈ ਐਵੇਂ ਐਰੀ ਗੈਰੀ ਗੱਲ ਨਹੀਂ। ਮੈਂ ਥੋਨੂੰ ਮਿਲਾ ਲਿਆਊਂ, ਚੱਲਿਓ ਮੇਰੇ ਨਾਲ।...ਪਿੰਡਾਂ 'ਚ ਨਵੇਂ ਆਈ ਵੀ ਐੱਫ਼ ਇਲਾਜ ਦੀ ਚਰਚਾ ਨੇ ਜ਼ੋਰ ਫੜ ਲਿਆ। ਇਲਾਜ ਬੰਬਈ ਤੋਂ ਚਲਦਾ ਲੁਧਿਆਣੇ, ਬਠਿੰਡੇ ਹੁੰਦਾ ਹੋਇਆ, ਛੋਟੇ ਸ਼ਹਿਰਾਂ ਤੱਕ ਵੀ ਪਹੁੰਚ ਗਿਆ। ਬਥੇਰੇ ਲੋਕ ਫਾਇਦਾ ਉਠਾਉਣ ਲੱਗ ਪਏ, ਪਰ ਗਰੀਬ ਲੋਕਾਂ ਦੀ ਪਹੁੰਚ ਤੋਂ ਅਜੇ ਬਾਹਰ ਹੀ ਰਿਹਾ। (ਪੰਨਾ 37)

ਦੂਜੀ ਕਹਾਣੀ 'ਚੱਲ ਚਿੜੀਏ ਮੈਂ ਆਇਆ...' ਇਸ ਦੇਸ਼ ਦੇ ਰਾਜਨੀਤਕ ਅਤੇ ਆਰਥਿਕ ਵਿਵਸਥਾ ਦੀ ਪੋਲ ਖੋਲ੍ਹਦੀ ਕਹਾਣੀ ਹੈ। ਇਹ ਕਹਾਣੀ ਚੋਣਾਂ ਦੇ ਦਿਨਾਂ ਵਿੱਚ ਗ਼ਰੀਬ ਲੋਕਾਂ ਦੀ ਪੁੱਛਗਿਛ ਅਤੇ ਬਾਕੀ ਦਿਨਾਂ ਵਿੱਚ ਉਹਨਾਂ ਦੇ ਸ਼ੋਸ਼ਣ ਨੂੰ ਵਿਅੰਗ ਰੂਪ ਵਿੱਚ ਪੇਸ਼ ਕਰਦੀ ਹੈ। ਇਸ ਕਹਾਣੀ ਵਿੱਚ ਮੁੱਖ ਪਾਤਰ ਸੂਟ੍ਹੀ ਇਹਨਾਂ ਰਾਜਨੀਤਿਕ ਨੇਤਾਵਾਂ ਦੇ ਲਾਰਿਆਂ ਦਾ ਸ਼ਿਕਾਰ ਹੋ ਕੇ ਮਾਨਸਿਕ ਤਣਾਅ ਝੱਲਦੀ ਹੈ। ਫੇਰ ਸੂਟ੍ਹੀ ਹੱਥ ਜੋੜ ਕੇ ਮੇਰੇ ਕੋਲ ਆ ਖੜ੍ਹੀ ਹੋਈ। ਮਾਤਾ ਅੰਦਰ ਚਲੀ ਗਈ। ਬਾਈ ਜੀ, ਮਿੰਨਤ ਨਾਲ ਹੱਥ ਜੋੜ ਕੇ ਬੇਨਤੀ ਐ, ਮੁੰਡੇ ਨੂੰ ਭਰਤੀ ਕਰਵਾ ਦੇ, ਨਹੀਂ ਤਾਂ ਉਹਦੇ ਲੱਛਣ ਵਿਗੜਦੇ ਲਗਦੇ ਐ, ਮੈਨੂੰ ਸਾਰਾ ਦਿਨ ਮੰਦਾ ਚੰਗਾ ਬੋਲਦਾ ਰਹਿੰਦਾ ਐ... ਆਖੂ; 'ਵੇਖ ਲਿਆ ਲੀਡਰਨੀ ਬਣ ਕੇ, ਕੀ ਖੱਟ ਲਿਆ, ਅਖੇ ਤੂੰ ਮੋਟਰਸਾਇਕਲ 'ਤੇ ਡਿਊਟੀ ਜਾਇਆ ਕਰੀਂ ਆਈ ਵੱਡੀ ਬਾਦਲ ਸਾਹਬ ਦੀ ਹਮਾਇਤਣ... !' ਬਹੁਤ ਡਰ ਲਗਦੈ ਬਾਈ ਜੀ, ਕਿਤੇ ਪੁੱਠੇ ਪਾਸੇ ਨਸ਼ਿਆਂ ਨੁਸ਼ਿਆਂ ਵੰਨੀ ਨਾ ਤੁਰ ਪਏ... ਪਿਉ ਨੂੰ ਕੋਈ ਪਰਵਾਹ ਨਹੀਂ, ਕੁੜੀ ਵਿਆਹੁਣ ਵਾਲੀ ਪਈ ਐ... ਐਂ ਨਾ ਕਰ ਸਰਬੇ ਦਾ ਕੁਛ ਕਰ ਦੇ, ਮੈਂ ਸਾਰੀ ਉਮਰ ਤੇਰਾ ਗੋਹਾ ਕੂੜਾ ਕਰ ਦੇਊਂ... ਚਾਰ ਪੈਸੇ ਲਾ ਕੇ ਵੀ ਤੂੰ ਏਹਨੂੰ ਕਿਵੇਂ ਨਾ ਕਿਵੇਂ ਭਰਤੀ ਕਰਵਾ ਦੇ।(ਪੰਨਾ 59)

ਕਹਾਣੀ 'ਸੇਵਾ' ਧਰਮ ਦੇ ਨਾਂਅ 'ਤੇ ਲਿਖੀਆਂ ਜਾਣ ਵਾਲੀਆਂ ਸ਼ਾਨਦਾਰ ਕਹਾਣੀਆਂ ਦੀ ਫ਼ੇਹਰਿਸਤ ਵਿੱਚ ਥਾਂ ਬਣਾਉਂਦੀ ਹੈ। ਘਣ ਸਿੰਘ ਨਾਂਅ ਦੇ ਪਾਤਰ ਦੀ ਜਾਤ, ਉਸ ਦੀ ਮਾਨਸਿਕਤਾ ਅਤੇ ਉਸ ਦੇ ਵਿਹਾਰ ਰਾਹੀਂ ਕਹਾਣੀਕਾਰ ਪੰਜਾਬੀ ਮਾਨਸਿਕਤਾ ਅਤੇ ਧਰਮਾਂ-ਜਾਤਾਂ ਦਾ ਉੱਚਾ-ਨੀਵਾਂ ਹੋਣਾ ਚਿਤਰਤ ਕਰਦਾ ਹੈ। ਦੋ ਧਰਮਾਂ ਦੇ ਕੇਂਦਰੀ ਮਾਨਵੀ ਸਰੋਕਾਰਾਂ ਨੂੰ ਤੁਲਨਾਉਂਦਿਆਂ ਕਹਾਣੀਕਾਰ ਇੱਕ ਪਾਸੇ ਗੁਰਦੁਆਰੇ ਦੇ ਗੁੰਬਦ ਦੀ ਉਸਾਰੀ 'ਤੇ ਗੁਪਤ ਰੂਪ ਵਿੱਚ ਵਿਅੰਗ ਕਰਦਾ ਹੈ। ਗੁਰਦੁਆਰੇ ਦੇ ਗੁੰਬਦ ਨੂੰ ਤਿਆਰ ਕਰਨ ਲਈ ਦਿੱਤੇ ਦਾਨ ਅਤੇ ਦੂਜੇ ਪਾਸੇ ਮਿਸ਼ਨਰੀ ਭਵਨ ਦੀ ਉਸਾਰੀ ਲਈ ਦਿੱਤੀ ਜਾਣ ਵਾਲੀ ਆਰਥਿਕ ਮਦਦ ਦੀ ਤੁਲਨਾ ਰਾਹੀਂ ਧਰਮ ਅਤੇ ਲੋਕ ਭਲਾਈ ਦੇ ਮਾਅਨੇ ਸਮਝਾਉਂਦਾ ਕਹਾਣੀਕਾਰ ਇਸ ਢੰਗ ਬਿਰਤਾਂਤ ਸਿਰਜਦਾ ਹੈ ਕਿ ਪਾਠਕ ਦੀ ਸਮਝ ਵਿੱਚ ਸੇਵਾ ਦੇ ਅਸਲ ਮਾਅਨੇ ਸਾਫ਼ ਹੋ ਜਾਂਦੇ ਹਨ। ਅੱਕ ਕੇ ਜਿਹੇ ਗੁਰਨੈਬ ਨੇ ਜਵਾਬ ਦਿੱਤਾ, 'ਬਾਪੂ ਗੁਪਤ ਸੇਵਾ ਈ ਲਗਦੀ ਐ, ਮੈਂ ਤਾਂ ਕਦੇ ਸੇਵਾ ਦੀ ਪਰਚੀ ਕੱਟਦੀ ਵੇਖੀ ਨਹੀਂ ਹਾਂ ਟੈਸਟਾਂ ਦੇ ਪੈਸੇ ਥੋਹੜੇ ਜਿਹੇ ਜ਼ਰੂਰ ਲੈਂਦੇ ਐ... ਦਵਾਈ ਵੀ ਅੱਧ ਮੁੱਲ ਉੱਤੇ ਦਿੰਦੇ ਐ... ਮਰੀਜ਼ ਬਥੇਰੇ ਆਉਂਦੇ ਐ...।' ਵੇਖੋ ਭਾਈ ਜੇ ਏਹ ਕੰਮ ਆਪਣੇ ਗੁਰੂ ਘਰਾਂ 'ਚ ਵੀ ਚੱਲ ਪਵੇ ਕਦੇ ਨਾ ਕਦੇ ਤਾਂ।(ਪੰਨਾ 88) ਕਹਾਣੀ 'ਵੱਡਾ ਵੇਲਾ' ਦਾ ਬਿਰਤਾਂਤ ਮਨੁੱਖੀ ਮਨ ਦੀਆਂ ਪਰਤਾਂ ਖੋਲ੍ਹਦਾ ਹੈ, ਜਿਸ ਵਿੱਚ ਆਰਥਿਕਤਾ ਇੱਕ ਜ਼ਰੂਰੀ ਘਟਕ ਵਜੋਂ ਕੰਮ ਕਰਦੀ ਹੈ। ਗ਼ਰੀਬੀ ਵਿੱਚੋਂ ਪੈਦਾ ਹੋਈ ਮਜਬੂਰੀ ਕਾਰਨ ਜੱਟਾਂ ਦਾ ਮੁੰਡਾ ਗੁਰਮੇਜ ਪਾਠੀ ਸਿੰਘ ਬਣਦਾ ਹੈ ਪਰ ਫਿਰ ਵੀ ਘੱਟ ਜ਼ਮੀਨ ਕਾਰਨ ਉਸ ਦਾ ਵਿਆਹ ਹੋਣ 'ਚ ਮਸਲਾ ਪੈਦਾ ਹੁੰਦਾ ਹੈ। ਜਦੋਂ ਉਹ ਕੇਸਰੋ ਨਾਂਅ ਦੀ ਵਿਧਵਾ ਨਾਲ ਵਿਆਹ ਕਰਾਉਣ ਦਾ ਫ਼ੈਸਲਾ ਕਰਦਾ ਹੈ ਤਾਂ ਇਹ ਸਮਾਜ ਇਸ ਦੇ ਵਿਰੋਧ ਵਿੱਚ ਖੜ੍ਹਾ ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਇਸ ਕਹਾਣੀ ਵਿੱਚ ਜਿਥੇ ਏਡਜ਼ ਵਰਗੀ ਬਿਮਾਰੀ ਬਾਰੇ ਜਾਣਕਾਰੀ ਦਿੱਤੀ ਗਈ ਹੈ, ਉਥੇ ਕਿਸਾਨੀ ਅੰਦੋਲਨ ਦੇ ਪ੍ਰਭਾਵਾਂ ਦੀ ਗੱਲ ਵੀ ਕੀਤੀ ਗਈ ਹੈ ਅਤੇ 'ਵੱਡੇ ਵੇਲੇ' ਦਾ ਮੈਟਾਫ਼ਰ ਵਰਤ ਕੇ ਦਿੱਲੀ ਮੋਰਚੇ ਦੇ ਸਮੇਂ ਨੂੰ ਕਿਸਾਨਾਂ ਲਈ ਸਭ ਤੋਂ ਔਖਾ ਸਮਾਂ ਸਿੱਧ ਕੀਤਾ ਹੈ। ਪੁੱਤ ਗੱਲ ਸੁਣ ਤੂੰ ਮੇਰੀ ਕੰਨ ਲਾ ਕੇ, ਦਿੱਲੀ ਤਾਂ ਜਾਊਂਗਾ ਐਤਕੀਂ ਮੈਂ ਹੀ ਤੇ ਦੂਜਾ ਤੇ ਸ਼ੇਰ ਬੱਗਿਆ, ਹਾਅ ਲੱਕੜਾਂ ਸਾਰੀਆਂ ਚੁਕਾ ਦੇ ਇਨ੍ਹਾਂ ਨੂੰ। ਪੁੱਤ ਮੇਰੇ 'ਵੱਡੇ ਵੇਲੇ' ਨਾਲੋਂ ਆਹ ਦਿੱਲੀ ਵਾਲਾ ਮੋਰਚਾ ਕਿਤੇ 'ਵੱਡਾ ਵੇਲਾ' ਹੈ, ਕੁਛ ਨ੍ਹੀਂ ਹੁੰਦਾ, ਨਾਲੇ ਜੇ ਕੁਛ ਹੋ ਵੀ ਗਿਆ ਤਾਂ ਆਪੇ ਯੂਨੀਅਨ ਦੇ ਝੰਡੇ ਵਿੱਚ ਲਵੇਟ ਦੇਣਗੇ। ਤਕੜਾ ਹੋ ਕੇ ਲੱਕੜਾਂ ਲਦਾ ਦੇ ਟਰਾਲੀ ਵਿੱਚ ਅੱਗ ਲੱਗੀ ਤੋਂ ਮਸ਼ਕਾਂ ਦਾ ਭਾਅ ਨਾ ਪੁੱਛ ਹੁਣ। ਨਾਲੇ ਤੇਰੀ ਬੀਬੀ ਨੂੰ ਆਖ ਮੇਰੇ ਮੋਰਚੇ ਵਿੱਚ ਜਾਣ ਦੀ ਤਿਆਰੀ ਕਰ ਦੇ। (ਪੰਨਾ 157)

ਕਹਾਣੀ 'ਸਾਹਿਬਜ਼ਾਦੇ' ਦੇਸ਼ ਵੰਡ ਦੇ ਦੁਖਾਂਤ ਦੀ ਗੱਲ ਸੁਣਾਉਂਦੀ ਹੈ। ਇਸ ਕਹਾਣੀ ਵਿੱਚ ਵੰਡ ਸਮੇਂ ਹੋਏ ਕਤਲ-ਓ-ਗ਼ਾਰਤ ਵਿੱਚ ਦੋ ਮੁਸਲਮਾਨ ਬੱਚਿਆਂ ਦੇ ਕਤਲ ਦੀ ਤੁਲਨਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਕਰ ਕਹਾਣੀਕਾਰ ਨੇ ਅਮਾਨਵਤਾ ਦੇ ਸਿਖ਼ਰ ਨੂੰ ਚਿਤਰਤ ਕੀਤਾ ਹੈ। ਬੰਤੇ ਨੇ ਦੋਹੇਂ ਬੱਚਿਆਂ ਦੀਆਂ ਬਾਹਾਂ ਇਕ ਹੱਥ ਵਿਚ ਫੜ ਕੇ ਪਰੇ ਪੱਕੀ ਸੜਕ ਵੱਲ ਧੂਹ ਲਏ... ਡੋਗਰ ਸ਼ਿਬ-ਰਾਜ ਤੇ ਕਈ ਹੋਰ ਜਨੂਨੀ ਲੁਟੇਰੇ ਉਹਦੇ ਮਗਰ... ਅੱਖਾਂ ਵਿਚ ਗੁੱਸੇ ਦੇ ਲਾਲ ਡੋਰੇ ਭਰੀ ਤੇਜ਼ ਕਦਮੀ ਹੱਲਾ-ਸ਼ੇਰੀ ਦਿੰਦੇ ਤੁਰੇ ਗਏ। ਮਿੰਟਾਂ-ਸਕਿੰਟਾਂ ਵਿਚ ਬੰਤੇ ਵੈਲੀ ਨੇ ਪਹਿਲਾਂ ਵੱਡੇ ਦਾ ਗਲ ਸੜਕ 'ਤੇ ਰੱਖਿਆ ਤੇ ਗੰਡਾਸੇ ਦੇ ਲਿਸ਼ਕਦੇ ਫਲ ਨਾਲ ਇਕੋ ਵਾਰ ਵਿਚ ਝਟਕਾ ਦਿੱਤਾ, ਫੇਰ ਏਵੇਂ ਹੀ ਦੂਜੇ ਨੂੰ ਪਾਰ ਬੁਲਾ ਕੇ ਨਾਹਰਾ ਮਾਰਿਆ... ਓਏ ਲੋਕੋ ਅੱਜ ਲੈ ਲਿਆ ਦਸਮ ਗੁਰਾਂ ਦੇ ਲਾਲਾਂ ਦਾ ਬਦਲਾ... ਅੱਜ ਮੈਂ ਲਿਆ ਛੋਟੇ ਸਾਹਿਬਜ਼ਾਦਿਆਂ ਦਾ ਬਦਲਾ ਏਹਨਾਂ ਭੈਣ-ਚੋ... ਮੁਸਲਿਆਂ ਦੀ ਐਸੀ ਤੈਸੀ... ਮਗਰੇ ਡੋਗਰ ਤੇ ਉਸ ਦੇ ਸੰਗੀਆਂ-ਸਾਥੀਆਂ ਨੇ ... ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਦਿੱਤੇ। (ਪੰਨਾ 168) ਕਹਾਣੀ 'ਜਾਹ ਜਾਂਦੀ' ਆਧੁਨਿਕ ਯੁੱਗ ਵਿੱਚ ਆਮ ਲੋਕਾਂ ਦੀ ਬਦਲ ਰਹੀ ਮਾਨਸਿਕਤਾ ਦਰਸਾਉਂਦੀ ਕਹਾਣੀ ਹੈ। ਇਹ ਕਹਾਣੀ ਘਰ ਦੇ ਨੌਕਰ ਤੇ ਮਾਲਕ ਦੇ ਆਪਸੀ ਰਿਸ਼ਤੇ ਦੀ ਕਸ਼ਮਕਸ਼ ਨੂੰ ਪੇਸ਼ ਕਰਦੀ ਹੈ। ਸਮਾਜ ਵਿਚਲੇ ਇਕ ਵੱਖਰੇ ਮਸਲੇ ਨੂੰ ਪੇਸ਼ ਕਰਦੀ ਇਸ ਕਹਾਣੀ ਵਿੱਚ ਜਵਾਨ ਨੌਕਰਾਣੀ ਅਤੇ ਪਰਵਾਰ ਦੇ ਜਵਾਨ ਬੇਟੇ ਦੀ ਨੇੜਤਾ ਅਹਿਮ ਭੂਮਿਕਾ ਨਿਭਾਉਂਦੀ ਹੈ। ਕਹਾਣੀ 'ਚੌਂਹਟੇ ਚੱਕ' ਛੋਟੀ ਕਿਰਸਾਨੀ 'ਤੇ ਕੇਂਦਰਤ ਕਹਾਣੀ ਹੈ, ਜਿਸ ਦਾ ਬਿਰਤਾਂਤ ਕਿਸਾਨੀ ਜੀਵਨ ਦੀ ਜੱਦੋ-ਜਹਿਦ ਨੂੰ ਪੇਸ਼ ਕਰਦਾ ਹੈ। ਕਹਾਣੀ ਦਾ ਮੁੱਖ ਪਾਤਰ ਪਿਆਜ਼ ਦੀ ਖੇਤੀ ਕਰਨ ਅਤੇ ਸਹੀ ਮੁੱਲ ਨਾ ਮਿਲਣ ਕਰਕੇ ਤਣਾਅ ਵਿੱਚ ਆ ਜਾਂਦਾ ਹੈ। ਖੇਤੀ ਦੀਆਂ ਇਹਨਾਂ ਛੋਟੀਆਂ ਦਿਸਣ ਵਾਲੀਆਂ ਵੱਡੀਆਂ ਮੁਸੀਬਤਾਂ ਨੂੰ ਬਿਰਤਾਂਤ ਵਿੱਚ ਪੇਸ਼ ਕਰਦਾ ਕਹਾਣੀਕਾਰ ਕਹਾਣੀ ਨੂੰ ਪੇਂਡੂ ਆਰਥਿਕਤਾ ਦੇ ਦੁਆਲੇ ਚਿਤਰਦਾ ਹੈ, ਪਰ ਜਦੋਂ ਜਵਾਕ ਵੱਡੇ ਹੋਣ ਲੱਗ ਪਏ, ਨਰਮੇ ਨੂੰ ਕਦੇ ਸੁੰਡੀ, ਕਦੇ ਚਿੱਟੀ ਮੱਖੀ ਪੈਣ ਲੱਗ ਪਈ। ਜ਼ਹਿਰ ਦੀ ਸਪਰੇਅ ਪਿੱਛੋਂ ਸਪਰੇਅ ਹੋਣ ਲੱਗ ਪਈ। ਨਰਮੇ ਪਿੱਛੋਂ ਪਛੇਤੀ ਕਣਕ ਨੂੰ ਕਦੇ ਤੇਲਾ, ਕਦੇ ਕੁੰਗੀ ਪੈਣ ਲੱਗ ਪਈ। ਖ਼ਰਚੇ ਵਧਣ ਤੇ ਆਮਦਨ ਘਟਣ ਲੱਗ ਪਈ। ਫੇਰ ਮੱਘਰ ਸਿਉਂ ਨੂੰ ਸਾਫ਼ ਅਸਮਾਨ, ਚਿੜੀਆਂ, ਮੋਰਾਂ, ਜਨੌਰਾਂ ਦੇ ਸੁਰੀਲੇ ਗਾਉਣ ਚੰਗੇ ਲੱਗਣੋਂ ਹਟ ਗਏ। ਸਪਰੇਆਂ ਦੀ ਬਦਬੂ ਦਾ ਸਾਰਾ ਟੱਬਰ ਹੌਲੀ ਹੌਲੀ ਆਦੀ ਹੋ ਗਿਆ। ਮੱਘਰ ਸਪਰੇਅ ਕਰਦਾ, ਨਸੀਬੋ ਦਵਾਈ ਪਾਣੀ ਦੀ ਭਰੀ ਢੋਲਕੀ ਮੱਘਰ ਨੂੰ ਪਿੱਠ ਉੱਤੇ ਚੁਕਾਉਂਦੀ ਹੋਈ ਕਦੇ-ਕਦੇ ਕਹਿੰਦੀ; 'ਚੌਂਹਟੇ ਚੱਕਾ, ਇਉਂ ਕਿੰਨਾ ਕੁ ਚਿਰ ਚੱਲੂਗਾ ? ਕਿਵੇਂ ਪੂਰੀ ਪਊਗੀ ?' (ਪੰਨਾ 93)

ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਅੰਬਰ ਕਦੇ ਖਾਲੀ ਨ੍ਹੀਂ ਹੁੰਦੇ' ਇਸ ਸੰਗ੍ਰਹਿ ਦੀ ਉੱਤਮ ਕਹਾਣੀ ਸਿੱਧ ਹੁੰਦੀ ਹੈ ਅਤੇ ਇਹ ਕਹਾਣੀ ਦੇਸ਼ ਤੋਂ ਬਾਹਰਲੇ ਦੇਸ਼ਾਂ ਵਿੱਚ ਜਾ ਵਸੇ ਪਰਵਾਸੀ ਪੰਜਾਬੀਆਂ ਦੀ ਬਾਤ ਪਾਉਂਦੀ ਹੈ। ਇਕ ਪਾਸੇ ਪਰਵਾਸੀ ਲੋਕਾਂ ਦੇ ਮਨ ਵਿੱਚ ਧਰਤੀ ਦਾ ਉਦਰੇਵਾਂ ਇਸ ਕਹਾਣੀ ਵਿੱਚ ਚਿਤਰਤ ਹੋਇਆ ਹੈ, ਨਾਲ ਹੀ ਪਰਾਈ ਧਰਤੀ 'ਤੇ ਬੈਠਿਆਂ ਪੰਜਾਬ ਦੀਆਂ ਗੱਲਾਂ ਪਰਵਾਸੀਆਂ ਦੇ ਮਨੋ-ਤਣਾਅ ਨੂੰ ਕਿਵੇਂ ਵਧਾਉਂਦੀਆਂ ਹਨ, ਇਸ ਦਾ ਚਿਤਰਣ ਵੀ ਬਾਕਮਾਲ ਢੰਗ ਨਾਲ ਕੀਤਾ ਗਿਆ ਹੈ। ਹਵਾਈ ਜਹਾਜ਼ ਵਿਚ ਬੈਠੇ ਮੰਦਰ ਬਰਾੜ ਨੂੰ ਏਨਾਂ ਕੁ ਅਹਿਸਾਸ ਤਾਂ ਜ਼ਰੂਰ ਹੋਇਆ ਬਈ ਪੰਜਾਬ ਦੀ, ਪਿੰਡ ਦੀ, ਕਿਸਾਨੀ ਦੀ ਹਾਲਤ ਏਨੀ ਵੀ ਡਾਵਾਂਡੋਲ ਨਹੀਂ, ਮਾੜੀ ਨਹੀਂ, ਜਿਹੋ ਜਿਹੀ ਅਫਵਾਹ ਸੋਸ਼ਲ ਮੀਡੀਆ ਫੈਲਾਅ ਰਿਹਾ ਹੈ। ਕਿਸ਼ਤੀ ਹੈ ਤਾਂ ਮੰਝਧਾਰ ਵਿਚ, ਪਰ ਹੰਸ ਤੇ ਲੱਕੀ ਵਰਗੇ ਲੋਕ ਹਿੰਮਤ ਨਾਲ ਕਿਨਾਰੇ ਲਾ ਲੈਣਗੇ। .. ਤੇ ਸਾਡਾ ਖਾਨਦਾਨੀ ਘਰ ਜੇ ਮੇਰੇ ਕਹਿਣ ਸਮਝਾਉਣ ਮੁਤਾਬਕ ਬਚ ਕੇ ਰੈਨੋਵੇਟ ਹੋ ਗਿਆ, ਫੇਰ ਮੇਰੀ ਏਸ ਦੇਸ਼ ਫੇਰੀ ਦੀ ਵੱਡੀ ਕਾਮਯਾਬੀ ਹੋਵੇਗੀ। ਤੇ ਅਗਾਂਹ ਨੂੰ ਮੈਂ ਪਰਵਾਰ ਨੂੰ ਲੁਧਿਆਣੇ ਕੋਠੀ ਦੀ ਬਜਾਏ... ਪਿੰਡ ਵਿਚ ਲਿਜਾ ਕੇ ਵਿਖਾਇਆ ਕਰਾਂਗਾ ਕਿ ਕੈਨੇਡਾ ਨਾਲੋਂ ਆਪਣੇ ਪਿੰਡ ਦਾ ਮੌਸਮ... ਏਹਦੇ ਖੇਤ, ਏਹਦੇ ਲੋਕ ... ਏਹਦੀ ਅਪਣੱਤ ਕਿੰਨਾ ਸਕੂਨ ਦੇਣ ਵਾਲੀ ਹੈ। ਡਾਲਰਾਂ ਤੋਂ ਬਿਨਾਂ ਮੋਹ ਮਮਤਾ ਦੀ ਵੀ ਕੋਈ ਕੀਮਤ ਹੁੰਦੀ ਐ... ਕੋਈ ਮੁੱਲ ਹੁੰਦਾ ਹੈ। (ਪੰਨਾ 205) ਕਹਾਣੀ-ਸੰਗ੍ਰਹਿ ਵਿੱਚ ਕਹਾਣੀਕਾਰ ਨੇ ਠੇਠ ਇਲਾਕਾਈ ਉਪ ਬੋਲੀ ਮਲਵਈ ਦੀ ਵਰਤੋਂ ਕੀਤੀ ਹੈ। ਮੁਹਾਵਰੇਦਾਰ ਭਾਸ਼ਾ ਹੋਣ ਕਾਰਨ ਕਹਾਣੀ ਦੀ ਰਵਾਨੀ ਵੀ ਅੰਤ ਤੱਕ ਕਾਇਮ ਰਹਿੰਦੀ ਹੈ। ਕਹਾਣੀਕਾਰ ਵੱਲੋਂ ਬਿਆਨੀਆ ਸ਼ੈਲੀ ਵਰਤ ਕੇ ਬਿਰਤਾਂਤ ਸਿਰਜਿਆ ਗਿਆ ਹੈ ਅਤੇ ਲੋੜ ਅਨੁਸਾਰ ਵਰਣਨਾਤਮਕ ਅਤੇ ਵਾਰਤਾਲਾਪੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਇਸ ਢੰਗ ਨਾਲ ਕਹਾਣੀਕਾਰ ਕਹਾਣੀ ਦੇ ਖੇਤਰ ਵਿੱਚ ਇੱਕ ਨਿਵੇਕਲੇ ਢੰਗ ਦੀਆਂ ਕਹਾਣੀਆਂ ਕਾਰਨ ਆਪਣੀ ਹੋਂਦ ਸਥਾਪਤ ਕਰਦਾ ਹੈ।

**ਸੰਪਰਕ-98728-87551**

# ਉੱਚ ਧਿਰਾਂ ਦੇ ਹੰਕਾਰ ਨੂੰ ਤੋੜਦੀ ਲੂਣਾ ਦੀ ਕਹਾਣੀ

**ਸਾਹਿਤ ਚਿੰਤਨ**

**ਡਾ. ਭੁਪਿੰਦਰ ਕੌਰ**

## ਚੌਥੀ ਧਰਤੀ ਦੇ ਲੋਕ

(ਨਾਵਲ)
ਪੰਨੇ : 249, ਕੀਮਤ : 495 ਰੁਪਏ
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

'ਚੌਥੀ ਧਰਤੀ ਦੇ ਲੋਕ' ਕਰਨੈਲ ਸਿੰਘ ਵਜ਼ੀਰਾਬਾਦ ਦੀ ਲਿਖੀ ਨਾਵਲ-ਰਚਨਾ ਹੈ। ਇਸੇ ਕਲਮ ਤੋਂ ਪਹਿਲਾਂ ਨਾਵਲਕਾਰ ਸੱਤ ਨਾਵਲ (ਕੰਨੀ ਦਾ ਕਿਨਾਰਾ, ਬੰਦ ਬੂਹੇ ਦਾ ਚਿਰਾਗ, ਨੈਣਾਂ ਦੇ ਆਰ-ਪਾਰ, ਦੀਵਿਆਂ ਦੀ ਲੋਅ, ਸਪੇਰਿਆਂ ਦੀ ਧੀ ਤੇ ਤੀਸਰਾ ਵਾਰਸ) ਤੇ ਪੰਜ ਕਹਾਣੀ ਸੰਗ੍ਰਹਿ (ਬੋਹਰ ਦੀ ਕਥਾ, ਬੱਚ ਕੇ ਮੋੜ ਤੋਂ, ਕਾਲੀਆਂ ਰਾਤਾਂ ਦਾ ਚਾਨਣ, ਠੰਡੀ ਭੱਠੀ ਦਾ ਸੇਕ ਤੇ ਹੰਝੂ ਭਿੱਜੀਆਂ ਬਾਤਾਂ) ਪੰਜਾਬੀ ਮਾਂ ਬੋਲੀ ਨੂੰ ਭੇਟ ਕਰ ਚੁੱਕਾ ਹੈ। ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਸਮਰਪਿਤ ਹੈ ਉਸ ਦੇ ਮਾਂ ਜਾਏ ਪੰਜ ਭਰਾਵਾਂ ਦੇ ਨਾਂਅ, ਜਿਹੜੇ ਉਸ ਦੀਆਂ ਲਿਖਤਾਂ 'ਚ ਉਸ ਨੂੰ ਨਜ਼ਰੀਂ ਆਉਂਦੇ ਨੇ।ਮੱਘਰ ਸਿੰਘ, ਬਸੰਤ ਸਿੰਘ, ਤੇਜਾ ਸਿੰਘ, ਗੁਲਜ਼ਾਰ ਸਿੰਘ ਅਤੇ ਗੁਰਜਿੰਦਰ ਸਿੰਘ। ਉਪਰੰਤ ਮੋਹਨ ਲਾਲ ਫਿਲੌਰੀਆ ਨੇ 'ਚੌਥੀ ਧਰਤੀ ਦੇ ਲੋਕ' ਸਿਰਲੇਖ ਹੇਠ ਪੁਸਤਕ ਬਾਰੇ ਆਪਣੇ ਵਿਚਾਰ ਦਿੱਤੇ ਹਨ। ਇਸ ਤੋਂ ਬਾਅਦ 'ਨਿਮਨ ਧਿਰਾਂ ਲਈ ਉੱਗਦਾ ਸੂਰਜ' ਸਿਰਲੇਖ ਹੇਠ ਡਾ. ਸੰਤੋਖ ਸਿੰਘ ਨੇ ਪੁਸਤਕ ਬਾਰੇ ਦੱਸਿਆ ਹੈ।ਅਸਲ ਵਿੱਚ ਇਹ ਜਾਤ-ਪਾਤ ਦੀ ਸੰਕੀਰਨ ਸੋਚ ਦੇ ਵਿੱਚੋਂ ਉੱਭਰਿਆ ਨਾਵਲ ਹੈ।ਨਾਵਲ ਦਾ ਮਕਸਦ ਸਮਾਜ ਵਿੱਚੋਂ ਜਾਤ-ਪਾਤ ਦੇ ਕੋਹੜ ਨੂੰ ਦੂਰ ਕਰਨਾ ਹੈ।ਨਾਵਲ ਗਡਰੀਆ ਪਰਵਾਰ ਦੀ ਕਹਾਣੀ ਹੈ। ਇਸ ਦੀ ਖ਼ਾਸੀਅਤ ਇਹ ਹੈ ਕਿ ਇਹ ਸਮਾਜ ਨੂੰ ਜਾਤ-ਪਾਤ ਰਹਿਤ ਕਰਨ ਤੇ ਉੱਚੀਆਂ ਜਾਤਾਂ ਦੇ ਅਖਵਾਉਣ ਵਾਲੇ ਸਰਦਾਰਾਂ ਦੇ ਹੰਕਾਰ ਨੂੰ ਤੋੜਦੀ ਪ੍ਰਤੀਤ ਹੁੰਦੀ ਹੈ। ਕਹਾਣੀ ਹੈ ਗਡਰੀਆ ਪਰਵਾਰ ਦੀ। ਇਸ ਦੇ ਨਾਲ ਹੀ ਊਧਮ ਸਿੰਘ ਤੇ ਹਰਦਮ ਸਿੰਘ ਦੇ ਪਰਵਾਰਾਂ ਦੀ।ਜਿੱਥੇ ਗਡਰੀਆ ਪਰਵਾਰ ਦੇ ਫਕੀਰ ਚੰਦ ਤੇ ਪੁੰਨਾ ਦੀ ਧੀ ਲੂਣਾ ਇਕ ਮਿਹਨਤੀ ਕੁੜੀ ਹੈ, ਉੱਥੇ ਅਮੀਰੀ ਵਿੱਚ ਹੰਕਾਰੇ ਸਰਦਾਰਾਂ ਦੇ ਕਾਕੇ ਵਿਗੜੇ ਹੋਏ ਹਨ। ਕਹਾਣੀ ਵਿੱਚ ਇਕ ਪਾਸੇ ਊਧਮ ਸਿੰਘ ਦਾ ਪਰਵਾਰ ਹੈ, ਜਿਸ ਦੇ ਦੋ ਬੇਟੇ ਰਣਜੀਤ ਸਿੰਘ ਤੇ ਰਣਜੋਤ ਸਿੰਘ ਹਨ, ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪੜ੍ਹਦੇ ਹਨ। ਦੂਜਾ ਪਰਵਾਰ ਊਧਮ ਸਿੰਘ ਦੇ ਸਾਲੇ ਹਰਦਮ ਸਿੰਘ ਦਾ ਪਰਵਾਰ ਜੋ ਪਾਤੜਾਂ ਰਹਿੰਦੇ ਹਨ। ਉਨ੍ਹਾਂ ਦੇ ਦੋ ਬੇਟੇ ਹਨ।ਰਿਪੁਦਮਨ ਸਿੰਘ ਵੱਡਾ ਹੈ, ਜੋ ਅਮਰੀਕਾ ਰਹਿੰਦਾ ਹੈ।ਛੋਟਾ ਪਰਦਮਨ ਸਿੰਘ ਹੈ, ਜੋ ਕਿ ਹਾਈ ਕੋਰਟ ਵਿੱਚ ਵਕੀਲ ਹੈ ਤੇ ਉਸ ਦੀ ਪਤਨੀ ਦਮਨਜੀਤ ਕੌਰ ਇਕ ਨੇਕ ਦਿਲ ਤੇ ਤਰਸ ਕਰਨ ਵਾਲੀ ਔਰਤ ਹੈ।ਇਨ੍ਹਾਂ ਪਰਵਾਰਾਂ ਕੋਲ ਕਈ ਏਕੜ ਜ਼ਮੀਨ, ਸ਼ੈਲਰ ਤੇ ਆੜ੍ਹਤ ਦੀ ਦੁਕਾਨ ਹੈ।

ਇਹ ਅਮੀਰ ਸਰਦਾਰਾਂ ਦੇ ਪਰਵਾਰ ਜਿੱਥੇ ਕਾਮਿਆਂ ਦੇ ਪਰਵਾਰਾਂ ਦੀ ਭਰਪੂਰ ਮਦਦ ਕਰਦੇ ਹਨ, ਉਥੇ ਇਹਨਾਂ ਦਾ ਸਰੀਰਕ ਸ਼ੋਸ਼ਣ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਜਿੱਥੇ ਊਧਮ ਸਿੰਘ ਤੇ ਹਰਦਮ ਸਿੰਘ ਬੜੇ ਹੀ ਹੰਕਾਰੇ ਹੋਏ ਹਨ, ਉਥੇ ਉਸੇ ਪਰਵਾਰ ਦੀ ਨੂੰਹ ਦਮਨਜੀਤ ਕੌਰ ਸਾਫ਼-ਨੀਅਤ ਵਾਲੀ ਤੇ ਨੇਕ ਦਿਲ ਔਰਤ ਹੈ, ਜੋ ਹਰ ਵਕਤ ਕਾਮੇ ਪਰਵਾਰ ਦੀ ਮਦਦ ਕਰਨ ਲਈ ਤਿਆਰ ਰਹਿੰਦੀ ਹੈ। ਉਹ ਜਾਤ-ਪਾਤ ਦੀ ਸੰਕੀਰਨ ਸੋਚ ਤੋਂ ਉਪਰ ਉੱਠੀ ਹੋਈ ਇਕ ਆਦਰਸ਼ਕ ਪਾਤਰ ਹੈ। ਨਾਵਲ ਦਾ ਆਰੰਭ ਫਕੀਰ ਚੰਦ ਦੇ ਪਰਵਾਰ ਬਾਰੇ ਜਾਣਕਾਰੀ ਤੋਂ ਹੁੰਦਾ ਹੈ। ਫਕੀਰ ਚੰਦ ਗਡਰੀਆ ਪਰਵਾਰ ਨਾਲ ਸੰਬੰਧਤ ਹੈ ਤੇ ਉਸ ਦੀ ਤਿੰਨ ਸਾਲ ਦੀ ਧੀ ਲੂਣਾ ਹੈ। ਫਕੀਰ ਚੰਦ ਦੇ ਦਾਦਕਿਆਂ ਦੇ ਕਈ ਪਰਵਾਰ ਕਿਸੇ ਕਾਰਨ ਰਾਜਸਥਾਨ ਵਿੱਚ ਰਹਿੰਦੇ ਹਨ। ਫਕੀਰ ਚੰਦ ਉਹਨਾਂ ਦੀ ਹੀ ਔਲਾਦ ਹੈ। ਇਹਨਾਂ ਦੀ ਵੰਡ ਭਾਰਤ-ਪਾਕਿਸਤਾਨ ਦੇ ਵੰਡ ਵਾਂਗ ਸੀ।ਉਧਰ ਰਹਿ ਗਏ ਤੇ ਇਧਰ ਗਏ ਪਰਵਾਰ ਆਪਸ ਵਿੱਚ ਇੱਕ-ਦੂਜੇ ਨੂੰ ਬੁਲਾਉਂਦੇ ਨਹੀਂ ਸਨ।ਊਧਮ ਸਿੰਘ ਦੀ ਨੂੰਹ ਦਮਨਜੀਤ ਦੇ ਘਰ ਜਦੋਂ ਬੱਚਾ ਹੋਣ ਵਾਲਾ ਹੁੰਦਾ ਹੈ ਤਾਂ ਉਸ ਦੀ ਤਬੀਅਤ ਜ਼ਿਆਦਾ ਖਰਾਬ ਹੋ ਜਾਂਦੀ ਹੈ। ਖ਼ੁਆਸਪੁਰ ਪਿੰਡ ਦੀ ਇਕ ਦਾਈ ਪੁੰਨਾ ਦੀ ਸਿਆਣਪ ਨਾਲ ਦਮਨਜੀਤ ਕੌਰ ਬਿਨਾਂ ਕਿਸੇ ਖਤਰੇ ਦੇ ਬੱਚੇ ਨੂੰ ਜਨਮ ਦਿੰਦੀ ਹੈ।ਸਰਦਾਰਾਂ ਦਾ ਇਹ ਪਰਵਾਰ ਪੁੰਨਾ ਦਾ ਅਹਿਸਾਨਮੰਦ ਹੋ ਕੇ ਉਨ੍ਹਾਂ ਦੀ ਧੀ ਲੂਣਾ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਚੁੱਕਦਾ ਹੈ।ਨਾਵਲ ਵਿੱਚ ਫਕੀਰ ਚੰਦ ਦੇ ਨਾਲ-ਨਾਲ ਉਸ ਦੇ ਦੋਸਤ ਰਹਿਮਤ ਅਲੀ ਦੇ ਪਰਵਾਰ ਦੀ ਕਹਾਣੀ ਵੀ ਨਾਲੋ-ਨਾਲ ਚੱਲਦੀ ਹੈ। ਊਧਮ ਸਿੰਘ ਦੇ ਸਾਲੇ ਹਰਦਮ ਸਿੰਘ ਪਾਤੜਾਂ ਦਾ ਘਰ ਵਿੱਚ ਆਣਾ-ਜਾਣਾ ਬਣਿਆ ਰਹਿੰਦਾ ਹੈ। ਇਹਨਾਂ ਸਰਦਾਰਾਂ ਦੇ ਪਰਵਾਰ ਵਿਚ ਮਰਾਸੀਆਂ ਦੇ ਮੁੰਡੇ ਰਜ਼ਾ ਗੁਲ ਤੇ ਸ਼ਾਦੀਆਂ ਗੁਲ, ਨਿਰਮਲਾ, ਜਗੀਰਾਂ ਤੇ ਮੇਜਰ ਸਿੰਘ ਵੀ ਕੰਮ ਕਰਦੇ ਹਨ।ਜਿੱਥੇ ਸਰਦਾਰਾਂ ਦੇ ਇਹ ਪਰਵਾਰ ਆਪਣੇ ਘਰ ਦੇ ਕਾਮਿਆਂ ਦੇ ਪਰਵਾਰਾਂ ਦੀ ਮਦਦ ਕਰਕੇ ਆਲੇ-ਦੁਆਲੇ ਵਡਿਆਈ ਖੱਟਦੇ ਹਨ, ਉਥੇ ਸਿਰਫ਼ ਉਦੋਂ ਤੱਕ ਹੀ ਮਦਦ ਕਰਦੇ ਹਨ, ਜਦੋਂ ਤੱਕ ਉਹ ਇਹਨਾਂ ਦੇ ਕਹੇ ਅਨੁਸਾਰ ਚੱਲਦੇ ਹਨ। ਜਦੋਂ ਲੂਣਾ ਪੜ੍ਹਾਈ ਪੂਰੀ ਕਰਕੇ ਵਕਾਲਤ ਦੀ ਪੜ੍ਹਾਈ ਕਰਨ ਬਾਰੇ ਸੋਚਦੀ ਹੈ, ਇਹ ਪਰਵਾਰ ਉਸ ਨੂੰ ਆਪਣੇ ਭਵਿੱਖ ਲਈ ਖਤਰਾ ਸਮਝਦੇ ਹਨ ਤੇ ਤਰਕ ਦਿੰਦੇ ਹਨ ਕਿ ਵਕਾਲਤ ਕਰਕੇ ਇਹੀ ਕੁੜੀ ਸਾਡੇ ਬੱਚਿਆਂ ਦੇ ਖ਼ਿਲਾਫ਼ ਕੇਸ ਵੀ ਲੜ ਸਕਦੀ ਹੈ। ਇਹਨਾਂ ਪਰਵਾਰਾਂ ਵਿੱਚੋਂ ਹੀ ਦਮਨਜੀਤ ਕੌਰ ਇੱਕ ਐਸੀ ਆਦਰਸ਼ਕ ਪਾਤਰ ਹੈ, ਜਿਸ ਨੇ ਐੱਮ ਐੱਸ ਸੀ ਕੀਤੀ ਹੋਈ ਹੈ, ਉਹ ਸੰਵਿਧਾਨ ਜਾਣਦੀ ਹੈ ਤੇ ਕਾਨੂੰਨ ਜਾਣਦੀ ਹੈ, ਨਾਲ ਹੀ ਉਸ ਨੇ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਸਮਝਿਆ ਹੋਇਆ ਹੈ। ਨਾਵਲ ਵਿੱਚ ਤਨਾਅ ਉਸ ਸਮੇਂ ਪੈਦਾ ਹੁੰਦਾ ਹੈ, ਜਦੋਂ ਰਣਜੀਤ ਸਿੰਘ ਸ਼ਾਦੀਆਂ ਗੁਲ ਨਾਲ ਸੰਬੰਧ ਬਣਾਉਂਦਾ ਹੈ ਤੇ ਰਣਜੋਤ ਸਿੰਘ ਨਿਰਮਲ ਨਿੰਮੋ ਨਾਲ ਸੰਬੰਧ ਬਣਾਉਂਦਾ ਹੈ। ਜਦੋਂ ਤੱਕ ਇਹ ਪਰਵਾਰ ਵਿਰੋਧ ਨਹੀਂ ਕਰਦੇ, ਉਸ ਸਮੇਂ ਤੱਕ ਸਰਦਾਰਾਂ ਨੂੰ ਆਪਣੇ ਘਰ ਦੇ ਇਨ੍ਹਾਂ ਕਾਮਿਆਂ ਨਾਲ ਪੂਰੀ ਹਮਦਰਦੀ ਹੁੰਦੀ ਹੈ, ਪਰ ਜਿਸ ਤਰ੍ਹਾਂ ਹੀ ਇਹਨਾਂ ਦੇ ਅੰਦਰ ਵਿਰੋਧ ਦੀ ਚਿਣਗ ਪੈਦਾ ਹੁੰਦੀ ਹੈ, ਇਹ ਪਰਵਾਰ ਇਨ੍ਹਾਂ ਕਾਮਿਆਂ ਦਾ ਦੁਸ਼ਮਣ ਬਣ ਜਾਂਦਾ ਹੈ। ਦਮਨਜੀਤ ਕੌਰ ਲੂਣਾ ਤੇ ਆਪਣੇ ਬੇਟੇ ਗੀਤਇੰਦਰ ਸਿੰਘ ਦੀ ਪੜ੍ਹਾਈ ਨੂੰ ਲੈ ਕੇ ਚਿੰਤਤ ਰਹਿੰਦੀ ਹੈ। ਉਹ ਇਹਨਾਂ ਦੇ ਸਕੂਲ ਵਿੱਚ ਜਾ ਕੇ ਇਹਨਾਂ ਦੀ ਰਿਪੋਰਟ ਵੀ ਲੈਂਦੀ ਰਹਿੰਦੀ ਹੈ। ਲੂਣਾ ਦੀਆਂ ਪ੍ਰਾਪਤੀਆਂ 'ਤੇ ਉਹ ਬਹੁਤ ਖ਼ੁਸ਼ ਹੁੰਦੀ ਹੈ, ਪਰ ਆਪਣੇ ਬੇਟੇ ਗੀਤ ਇੰਦਰ ਦੀਆਂ ਹਰਕਤਾਂ ਤੋਂ ਦੁਖੀ ਹੁੰਦੀ ਹੈ। ਜਦੋਂ ਉਸ ਦਾ ਬੇਟਾ ਕੰਵਰਪਾਲ ਸਿੰਘ ਆਪਣੀ ਇਕ ਜਮਾਤਣ ਨਾਲ ਸਮੂਹਿਕ ਬਲਾਤਕਾਰ ਦਾ ਕਾਰਨ ਬਣਦਾ ਹੈ ਤਾਂ ਦਮਨਜੀਤ ਆਪਣੇ ਹੀ ਬੇਟੇ ਦੇ ਵਿਰੋਧ ਵਿੱਚ ਖੜ੍ਹੀ ਹੋ ਕੇ ਉਸ ਕੁੜੀ ਨੂੰ ਪਿਆਰ ਨਾਲ ਸਮਝਾਉਂਦੀ ਹੈ ਤੇ ਕੰਵਰਪਾਲ ਤੋਂ ਮਾਫੀ ਮੰਗਵਾਉਂਦੀ ਹੈ। ਨਾਵਲ ਵਿੱਚ ਉਹੀ ਹੁੰਦਾ ਹੈ, ਜਿਸ ਦਾ ਖਦਸ਼ਾ ਇਹਨਾਂ ਸਰਦਾਰ ਪਰਵਾਰਾਂ ਨੂੰ ਹੁੰਦਾ ਹੈ। ਲੂਣਾ ਉਹਨਾਂ ਦੀ ਇੱਛਾ ਦੇ ਵਿਰੁੱਧ ਵਕਾਲਤ ਦੀ ਪੜ੍ਹਾਈ ਕਰਦੀ ਹੈ ਤੇ ਇਹਨਾਂ ਹੀ ਕਾਕਿਆਂ ਦੇ ਵਿਰੋਧ ਵਿੱਚ ਕਾਮਾ ਪਰਵਾਰਾਂ ਦੇ ਨਾਲ ਖੜ੍ਹਦੀ ਹੈ। ਕੇਸ ਲੜਦਿਆਂ ਹੋਇਆਂ ਕੰਵਰਪਾਲ ਨਾਲ ਇਹੋ ਜਿਹੇ ਸਵਾਲ ਜਵਾਬ ਕਰਦੀ ਹੈ ਕਿ ਉਹ ਆਪਣੇ ਜੁਰਮ ਦਾ ਇਕਬਾਲ ਆਪ ਹੀ ਕਰ ਲੈਂਦਾ ਹੈ। ਲੂਣਾ ਦੇ ਇਸ ਪ੍ਰਕਾਰ ਦੇ ਸਵਾਲ ਪੁੱਛਣ 'ਤੇ ਵਕੀਲ ਨੇਤਰ ਸਿੰਘ ਸਿੱਧੂ ਤੇ ਪ੍ਰੀਤਮ ਸਿੰਘ ਗਿੱਲ ਬੜਾ ਕੁੜਦੇ ਹਨ ਤੇ ਅਦਾਲਤ ਨੂੰ ਕਹਿੰਦੇ ਹਨ ਕਿ ਸਾਡੇ ਮੁੰਡਿਆਂ ਤੋਂ ਜਬਰਨ ਜੁਰਮ ਕਬੂਲ ਕਰਾ ਲਿਆ ਗਿਆ ਹੈ ਤੇ ਅਦਾਲਤ ਅੱਗੇ ਬੇਨਤੀ ਕਰਦੇ ਹਨ ਕਿ ਇਸ ਨੂੰ ਜੁਰਮ ਨਾ ਮੰਨਿਆ ਜਾਵੇ। ਜੱਜ ਪ੍ਰਵੇਸ਼ ਮਿਰਜਾ ਲੂਣਾ ਦੀ ਗੱਲ ਨੂੰ ਧਿਆਨ ਨਾਲ ਸੁਣਦੇ ਹਨ ਤੇ ਫੈਸਲਾ ਅਗਲੇ ਦਿਨ ਤੱਕ ਮੁਲਤਵੀ ਕਰ ਦਿੰਦੇ ਹਨ। ਨਾਵਲ ਦੇ ਅੰਤ ਵਿੱਚ ਇਕ ਐਸਾ ਭੇਦ ਪਾਠਕਾਂ ਸਾਹਮਣੇ ਜ਼ਾਹਰ ਕਰਦਾ ਹੈ, ਜਿਸ ਨੂੰ ਪੜ੍ਹ ਕੇ ਪਾਠਕ ਹੈਰਾਨ ਰਹਿ ਜਾਂਦੇ ਹਨ ਕਿ ਉਹ ਲੂਣਾ ਜਿਸ ਨੂੰ ਗਡਰੀਆਂ ਦੀ ਧੀ ਸਮਝਿਆ ਜਾਂਦਾ ਰਿਹਾ ਸੀ, ਅਸਲ ਵਿੱਚ ਪ੍ਰਵੇਸ਼ ਮਿਰਜਾ ਦੀ ਨਜਾਇਜ਼ ਔਲਾਦ ਸੀ, ਜਿਸ ਨੂੰ ਉਹ ਛੋਟੇ ਹੁੰਦਿਆਂ ਹੀ ਇੱਕ ਥਾਂ ਛੱਡ ਆਏ ਸਨ, ਜਿੱਥੋਂ ਦੀ ਉਹਨਾਂ ਨੇ ਫਕੀਰ ਚੰਦ ਤੇ ਪੁੰਨਾ ਦੀ ਝੋਲੀ ਵਿੱਚ ਦੇਖ ਕੇ ਸਕੂਨ ਮਹਿਸੂਸ ਕੀਤਾ ਤੇ ਵਾਪਸ ਆ ਗਏ। ਅੱਜ ਉਹੀ ਲੂਣਾ ਪ੍ਰਵੇਸ਼ ਮਿਰਜਾ ਦੇ ਸਾਹਮਣੇ ਸਰਦਾਰਾਂ ਦੇ ਪਰਵਾਰ ਦੁਆਰਾ ਕਾਮੇ ਪਰਵਾਰ ਦੇ ਸ਼ੋਸ਼ਣ ਦੇ ਵਿਰੋਧ ਵਿੱਚ ਤਕੜੀ ਹੋ ਕੇ ਖੜਦੀ ਹੈ। ਇਹ ਗੱਲ ਜ਼ਾਹਰ ਹੋਣ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾ ਹੁੰਦੀ ਹੈ ਤੇ ਕੰਮੀ ਪਰਵਾਰ ਨੂੰ ਨਿਆਂ ਮਿਲਦਾ ਹੈ. ਜਿਸ ਦਾ ਇਸ ਸਰਦਾਰ ਪਰਵਾਰਾਂ ਨੂੰ ਡਰ ਸੀ, ਅਖੀਰ ਵਿੱਚ ਉਹੀ ਹੁੰਦਾ ਹੈ।

'ਚੌਥੀ ਧਰਤੀ ਦੇ ਲੋਕ' ਨਾਵਲ ਉਹਨਾਂ ਲੋਕਾਂ ਦੀ ਗੱਲ ਕਰਦਾ ਹੈ, ਜੋ ਗਰੀਬੀ ਤੇ ਗੁਲਾਮੀ ਹੰਢਾਉਂਦੇ ਹਨ, ਜਿਨ੍ਹਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਦਰਜਾ ਨਹੀਂ ਮਿਲਦਾ। ਬੇਸ਼ੱਕ ਉਹ ਪੜ੍ਹ-ਲਿਖ ਕੇ ਉੱਚੇ ਅਹੁਦਿਆਂ 'ਤੇ ਪਹੁੰਚ ਜਾਣ। ਉੱਚੀ ਜਾਤ ਵਾਲਿਆਂ ਤੋਂ ਇਹ ਸਹਿਣ ਨਹੀਂ ਹੁੰਦਾ, ਉਹ ਆਪਣੇ ਹੰਕਾਰ ਵਿੱਚ ਹੀ ਤੁਰੇ ਫਿਰਦੇ ਹਨ, ਉਹਨਾਂ ਦੇ ਸਾਹਮਣੇ ਕਾਨੂੰਨ ਵੀ ਕੁਝ ਨਹੀਂ ਕਰ ਸਕਦਾ।ਦੂਜੇ ਪਾਸੇ ਕਾਮੇ ਪਰਵਾਰਾਂ ਨੂੰ ਕਾਨੂੰਨ ਦੀ ਜਾਣਕਾਰੀ ਹੀ ਨਹੀਂ ਹੈ, ਕਿਉਂਕਿ ਗਰੀਬ ਹੋਣ ਕਰਕੇ ਉਹ ਅਨਪੜ੍ਹ ਹੀ ਰਹਿ ਜਾਂਦੇ ਹਨ। ਜਦੋਂ ਲੂਣਾ ਵਰਗੀਆਂ ਪਾਤਰ ਪੜ੍ਹ-ਲਿਖ ਕੇ ਕਾਨੂੰਨ ਦੀ ਸਮਝ ਰੱਖ ਕੇ ਉੱਚੀ ਧਿਰ ਦਾ ਹੰਕਾਰ ਤੋੜਦੀ ਹੈ, ਉਸ ਸਮੇਂ ਇਹ ਜਾਤੀਆਂ ਉੱਚੀ ਜਾਤ ਵਾਲੇ ਨਿਰਉੱਤਰ ਹੋ ਜਾਂਦੇ ਹਨ। ਅਸਲ ਵਿੱਚ ਇਹ ਨਾਵਲ ਵਿਅੰਗ ਹੈ ਸਾਡੇ ਸਮਾਜ 'ਤੇ ਕਿ ਹੁਣ ਸੀਰੀ ਦਾ ਪੁੱਤ ਸੀਰੀ ਨਹੀਂ ਬਣੇਗਾ। ਗਰੀਬ ਦਾ ਪੁੱਤ ਗਰੀਬ ਨਹੀਂ ਬਣੇਗਾ, ਉਹ ਮਿਹਨਤ ਦੇ ਬਲਬੂਤੇ ਉੱਚੀ ਜਾਤ ਵਾਲਿਆਂ ਨਾਲੋਂ ਵੀ ਅੱਗੇ ਨਿਕਲ ਸਕਦਾ ਹੈ। ਪਾਠਕ ਜਦੋਂ ਨਾਵਲ ਦੇ ਵਿਸ਼ੇ ਨੂੰ ਸਮਝੇਗਾ, ਉਸ ਨੂੰ ਸਮਾਜ ਦੀ ਇਸ ਕੋਝੀ ਹਰਕਤ ਬਾਰੇ ਜਾਣਕਾਰੀ ਮਿਲੇਗੀ।ਨਾਵਲ ਇਹ ਵੀ ਦੱਸਦਾ ਹੈ ਕਿ ਨਾਨਕ ਸਿੰਘ ਦੇ ਨਾਵਲ 'ਕੋਈ ਹਰਿਆ ਬੂਟ ਰਹਿਓ ਰੀ' ਵਾਂਗ ਕਈ ਵਾਰ ਇਹਨਾਂ ਹੰਕਾਰੇ ਪਾਤਰਾਂ ਦੇ ਘਰ ਦਮਨਜੀਤ ਕੌਰ ਵਰਗੀ ਆਦਰਸ਼ਕ ਪਾਤਰ ਪੈਦਾ ਹੁੰਦੀ ਹੈ, ਜੋ ਗਰੀਬਾਂ ਦੇ ਹੱਕ ਵਿੱਚ ਖੜ੍ਹੇ ਹੋ ਕੇ ਉਹਨਾਂ ਨੂੰ ਨਿਆਂ ਦਿਵਾਉਂਦੀ ਹੈ। ਨਾਵਲ ਵੱਡੇ ਲੋਕਾਂ ਦੀ ਵਡਿਆਈ ਨਹੀਂ ਕਰਦਾ, ਬਲਕਿ ਚੌਥੀ ਧਰਤੀ ਦੇ ਇਹਨਾਂ ਲੋਕਾਂ ਦਾ ਪੱਖ ਪੂਰਦਾ ਹੈ, ਜੋ ਮਿਹਨਤ ਕਰਕੇ ਆਪਣਾ ਹੱਕ ਪ੍ਰਾਪਤ ਕਰਨ ਵਿੱਚ ਕਾਮਯਾਬ ਹੁੰਦੇ ਹਨ। ਸੋ ਬਹੁਤ ਵਧੀਆ ਨਾਵਲ ਹੈ ਪਹਿਲਾ ਅਜਿਹਾ ਨਾਵਲ ਹੈ, ਜਿਸ ਵਿੱਚ ਕਿਸੇ ਗਡਰੀਆ ਪਰਵਾਰ ਦੀ ਲੜਕੀ ਨੂੰ ਨਾਇਕਾ ਬਣਾਇਆ ਗਿਆ ਹੈ।ਕਰਨੈਲ ਸਿੰਘ ਵਜ਼ੀਰਾਬਾਦ ਆਪਣੇ ਇਸ ਨਾਵਲ ਬਾਰੇ ਲਿਖਦੇ ਹਨ, ਮੈਂ ਇਸ ਨਾਵਲ 'ਚੌਥੀ ਧਰਤੀ ਦੇ ਲੋਕ' ਵਿੱਚ ਲੂਣਾ ਨੂੰ ਹਾਲਾਤ ਅਨੁਸਾਰ ਚੱਲਦੀ ਤੇ ਆਪਣੀ ਮੰਜ਼ਲ 'ਤੇ ਪਹੁੰਚਣ ਲਈ ਕਈ ਖਤਰੇ ਪਾਰ ਕਰਦਿਆਂ ਦਿਖਾਇਆ। ਉਸ ਨੂੰ ਜਨਮ ਕੌਣ ਦਿੰਦਾ, ਕੌਣ ਪਾਲਣ-ਪੋਸ਼ਣ ਕਰਦਾ ਅਤੇ ਉਸ ਦੀ ਪੜ੍ਹਾਈ ਨੂੰ ਕੌਣ ਜਾਰੀ ਰੱਖਦਾ ਹੈ। ਉਹ ਆਪਣੇ ਫੈਸਲੇ ਆਪ ਕਰਨ ਅਤੇ ਔਰਤ ਜਾਤੀ ਨੂੰ ਇਨਸਾਫ਼ ਦਿਵਾਉਣ ਲਈ ਵਕਾਲਤ ਵਾਲਾ ਰਾਹ ਅਪਣਾਉਂਦੀ ਹੈ ਜਿਹੜਾ ਵੀ ਉਸ ਤੋਂ ਰਾਏ ਲੈਂਦਾ, ਉਸ ਨੂੰ ਸਹੀ ਰਸਤੇ 'ਤੇ ਤੋਰਦੀ ਹੈ, ਜੋ ਉਸ ਦੇ ਜੀਵਨ ਦੇ ਬਹੁਤ ਨੇੜੇ ਰਹੇ। ਉਹ ਇੱਕ ਮੋੜ 'ਤੇ ਆ ਕੇ ਔਰਤ ਦੇ ਹੱਕ ਵਿੱਚ ਖੜ੍ਹੇ ਹੋ ਕੇ ਉਹਨਾਂ ਨੇੜੇ ਰਹੇ ਪਾਤਰਾਂ ਨਾਲ ਲੜਦੀ ਦਿਖਾਇਆ ਤੇ ਜਿੱਤ ਵੀ ਪਾਈ ਹੈ। ਗਡਰੀਆ ਜਾਤੀ ਦੀ ਅਛੂਤ ਕੁੜੀ ਬਾਕੀ ਵਕੀਲਾਂ ਨਾਲੋਂ ਦਲੇਰ ਬਣ ਕੇ ਉੱਭਰਦੀ ਹੈ। ਨਾਵਲਕਾਰ ਨੂੰ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ। ਕਰਨੈਲ ਸਿੰਘ ਵਜ਼ੀਰਾਬਾਦ ਦੇ ਇਸ ਨਾਵਲ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਜੀ ਆਇਆਂ ਕਹਿੰਦਿਆਂ ਮੈਨੂੰ ਖ਼ੁਸ਼ੀ ਹੋ ਰਹੀ ਹੈ।



**ਮੋਬਾ. 98555-95818**

# ਪੁਸਤਕ ਰੀਵਿਊ

## ਮਹਾਨ ਦੇਸ਼ ਭਗਤਾਂ ਦੇ ਪਿੰਡ

ਜਰਨੈਲ ਸਿੰਘ ਅੱਚਰਵਾਲ
ਸਫੇ-207, ਮੁੱਲ-300 ਰੁਪਏ
ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ




ਲੇਖਕ ਜਰਨੈਲ ਸਿੰਘ ਅੱਚਰਵਾਲ ਨੇ ਪੰਜਾਬੀ ਸਾਹਿਤ ਦੀ ਝੋਲੀ ਬਹੁਤ ਸਾਰਾ ਸਾਹਿਤ ਪਾਇਆ ਹੈ। ਹੱਥਲੀ ਪੁਸਤਕ ਵਾਰਤਕਨੁਮਾ ਪੁਸਤਕ ਹੈ। ਸਮੁੱਚੀ ਪੁਸਤਕ ਨੂੰ ਕੁੱਲ 9 ਪਾਠਾਂ ਵਿੱਚ ਵੰਡਿਆ ਗਿਆ ਹੈ ਜਿਸ ਵਿੱਚ ਪੁਸਤਕ ਦੇ ਪਹਿਲੇ ਪਾਠ ਵਿੱਚ ਮਨਚਲੇ ਗਦਰੀ ਸ਼ਹੀਦ ਦਾ ਪਿੰਡ ਸਰਾਭਾ ਵਿੱਚ ਦੱਸਿਆ ਗਿਆ ਹੈ ਕਿ ਸਮੁੱਚਾ ਪਿੰਡ ਚਾਰਾਂ ਪੱਤੀਆਂ ਵਿੱਚ ਵੰਡਿਆ ਹੋਇਆ ਸੀ, ਜਿਸ ਵਿੱਚ ਕਰਤਾਰ ਸਿੰਘ ਸਰਾਭਾ ਦਾ ਨਾਂਅ ਹਰ ਕੰਮ ਵਿੱਚ ਹੀ ਮੂਹਰਲੀਆਂ ਸਫਾਂ ਵਿੱਚ ਦਰਜ ਹੋਇਆ ਹੈ। ਸਰਾਭਾ ਪਿੰਡ ਦੇ ਹੋਰ ਵੀ ਬਹੁਤ ਸਾਰੇ ਨੌਜਵਾਨ ਸਨ, ਜਿਨ੍ਹਾਂ ਨੇ ਦੇਸ਼-ਭਗਤੀ ਦਾ ਜਾਮ ਪੀਤਾ। ਤੇਜਾ ਸਿੰਘ ਸਫਰੀ, ਗੁਰਮੁਖ ਸਿੰਘ ਮੁਸਾਫਰ, ਆਦਿ ਲੇਖਕਾਂ ਕਰਕੇ ਸਰਾਭਾ ਪਿੰਡ ਲੇਖਕਾਂ ਦਾ ਗੜ੍ਹ ਸੀ। ਅਗਲੇ ਪਾਠ ਵਿੱਚ ਠੀਕਰੀਵਾਲਾ ਦੇ ਪਿੰਡ ਦੀ ਅਹਿਮੀਅਤ ਨੂੰ ਦਰਸਾਇਆ ਗਿਆ ਹੈ ਜਿਸ ਵਿੱਚ ਗਦਰ ਪਾਰਟੀ ਦੀ ਗੱਲ ਕੀਤੀ ਗਈ ਹੈ ਅਤੇ ਸੇਵਾ ਸਿੰਘ ਠੀਕਰੀਵਾਲਾ ਦਾ ਜ਼ਿਕਰ ਆਉਂਦਾ ਹੈ। ਠੀਕਰੀਵਾਲਾ ਦੇ ਜਿੰਨੇ ਵੀ ਅਕਾਲੀ ਆਗੂ ਸਨ, ਉਹਨਾਂ ਬਾਰੇ ਦੱਸਿਆ ਗਿਆ ਹੈ। ਅਗਲੇ ਪਾਠ ਵਿੱਚ ਰੌਸ਼ਨੀ ਦੇ ਨਾਂਅ ਨਾਲ ਜਾਣੇ ਜਾਂਦੇ ਸ਼ਹਿਰ 'ਜਗਰਾਵਾਂ' ਦੀ ਗੱਲ ਕੀਤੀ ਗਈ ਹੈ, ਜਿਸ ਵਿੱਚ ਜਗਰਾਵਾਂ ਸ਼ਹਿਰ ਦੇ ਚਾਰ ਅਗਵਾੜ ਹਨ। ਅਗਵਾੜ ਗੁੱਜਰਾਂ, ਅਗਵਾੜ ਲਧਾਈ, ਅਗਵਾੜ ਲੋਪੋ, ਅਗਵਾੜ ਡਾਲਾ। ਇਸ ਪਾਠ ਵਿੱਚ ਜਗਰਾਵਾਂ ਸ਼ਹਿਰ ਦੇ ਗਦਰੀ ਬੰਦਿਆਂ ਦਾ ਜ਼ਿਕਰ ਆਉਂਦਾ ਹੈ, ਜਿਸ ਵਿੱਚ ਲਾਲਾ ਲਾਜਪਤ ਰਾਏ ਦੇ "ਪਗੜੀ ਸੰਭਾਲ ਜੱਟਾ" ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਸੇ ਪ੍ਰਕਾਰ ਹੀ ਗਦਰੀ ਬਾਬਾ ਰੂੜ੍ਹ ਸਿੰਘ ਦੇ ਪਿੰਡ ਚੂਹੜ ਚੱਕ ਬਾਰੇ ਦੱਸਿਆ ਗਿਆ ਹੈ ਕਿ ਜੈਤੋ ਦਾ ਮੋਰਚਾ ਕਿਵੇਂ ਲੱਗਿਆ ਸੀ। ਇਸ ਤਰ੍ਹਾਂ ਪੁਸਤਕ ਦੇ ਅਖੀਰ ਵਿੱਚ ਮਾਲਵੇ ਦੇ ਪ੍ਰਸਿੱਧ ਡਾਕੂ ਮਿਲਖੀ ਸਿੰਘ ਕੁੰਬੜਵਾਲ ਨਾਲ ਮੁਲਾਕਾਤ ਕੀਤੀ ਗਈ ਹੈ। ਅਖੀਰ ਵਿੱਚ ਬੁੱਤ ਕਲਾ ਸਿਰਜਕ ਤਾਰਾ ਸਿੰਘ ਰਾਏਕੋਟ ਨਾਲ ਮੁਲਾਕਾਤ ਕੀਤੀ ਗਈ ਹੈ, ਜਿਸ ਵਿੱਚ ਤਾਰਾ ਸਿੰਘ ਰਾਏਕੋਟ ਨੇ ਦੱਸਿਆ ਹੈ ਕਿ ਬੁੱਤ ਸਿਰਜਣ ਵਿੱਚ ਉਸ ਦੇ ਹੱਥਾਂ ਦੀ ਕਲਾ ਤੇ ਉਸ ਦਾ ਮਨ ਜਦੋਂ ਇੱਕ-ਸੁਰ ਹੁੰਦਾ ਹੈ ਤਾਂ ਹੀ ਉਹ ਬੁੱਤ ਦੀ ਸਿਰਜਣਾ ਕਰ ਸਕਦਾ ਹੈ ਤੇ ਉਹ ਹੀ ਕਲਾ-ਕਲਾ ਹੁੰਦੀ ਹੈ, ਜਿਸ ਬੁੱਤ ਨੂੰ ਦੇਖ ਕੇ ਇਤਿਹਾਸ ਪੜ੍ਹਿਆ ਜਾ ਸਕੇ। ਕਿਸੇ ਬੁੱਤ ਨੂੰ ਦੇਖ ਕੇ ਇਤਿਹਾਸ ਚੇਤੇ ਆ ਜਾਣਾ ਹੀ ਉਸ ਦਾ ਹਾਸਲ ਹੁੰਦਾ ਹੈ ਅਤੇ ਬੁੱਤ ਦੀ ਸਿਰਜਣਾ ਤੋਂ ਇਤਿਹਾਸ ਪੜ੍ਹੇ ਜਾਣ ਦਾ ਪ੍ਰਭਾਵ ਪੈਣਾ ਚਾਹੀਦਾ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਜਰਨੈਲ ਸਿੰਘ ਅੱਚਰਵਾਲ ਨੇ ਮਹਾਨ ਦੇਸ਼ ਭਗਤਾਂ ਦੇ ਪਿੰਡਾਂ ਦੀ ਜਾਣਕਾਰੀ ਦੇ ਕੇ ਬਹੁਤ ਹੀ ਉੱਚ-ਪਾਏ ਦਾ ਕੰਮ ਕੀਤਾ ਹੈ ਅਤੇ ਜੋ ਇਤਿਹਾਸ ਸਿਰਜਿਆ ਹੈ, ਉਸ ਤੋਂ ਪਾਠਕਾਂ ਨੂੰ ਜਿਹੜੇ ਸਾਡੇ ਮਹਾਨ ਦੇਸ਼-ਭਗਤ ਸਾਡੇ ਤੋਂ ਵਿਸਰ ਚੁੱਕੇ ਹਨ, ਉਹਨਾਂ ਬਾਰੇ ਵਡਮੁੱਲੀ ਜਾਣਕਾਰੀ ਮਿਲਦੀ ਹੈ। ਲੇਖਕ ਵਧਾਈ ਦਾ ਪਾਤਰ ਹੈ।

**— ਡਾ. ਗੁਰਬਿੰਦਰ ਕੌਰ ਬਰਾੜ**

## ਨਿਰਮੋਹੇ

(ਮਿੰਨੀ ਕਹਾਣੀ ਸੰਗ੍ਰਹਿ)
ਮਹਿੰਦਰ ਸਿੰਘ ਮਾਨ
ਪੰਨੇ-96, ਮੁੱਲ-200 ਰੁਪਏ
ਨਵਰੰਗ ਪਬਲੀਕੇਸ਼ਨਜ਼, ਸਮਾਣਾ



ਮਹਿੰਦਰ ਸਿੰਘ ਮਾਨ ਪੰਜਾਬੀ ਕਵਿਤਾ ਤੇ ਗ਼ਜ਼ਲ ਦੇ ਖੇਤਰ ਵਿਚ ਸੱਤ ਪੁਸਤਕਾਂ ਦਾ ਮਹੱਤਵਪੂਰਨ ਯੋਗਦਾਨ ਪਾ ਕੇ ਪ੍ਰਗਤੀਵਾਦੀ ਸੋਚ ਦੇ ਕਵੀਆਂ ਵਿੱਚ ਚੰਗਾ ਨਾਂਅ-ਥਾਂ ਬਣਾ ਚੁੱਕਾ ਹੈ। 'ਨਿਰਮੋਹੇ' ਉਸ ਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਉਸ ਦੀਆਂ 80 ਮਿੰਨੀ ਕਹਾਣੀਆਂ ਸ਼ਾਮਲ ਹਨ। ਇਹ ਮਿੰਨੀ ਕਹਾਣੀਆਂ ਅਜੋਕੇ ਤੇਜ਼ ਰਫ਼ਤਾਰ ਯੁੱਗ ਵਿੱਚ ਮਨੁੱਖ ਦੀਆਂ ਮਾਨਸਿਕ ਤੇ ਕ੍ਰਿਆਤਮਕ ਸਰਗਰਮੀਆਂ ਅਤੇ ਉਸ ਦੇ ਵਰਤੋਂ ਵਿਵਹਾਰ ਵਿਚ ਆ ਰਹੀਆਂ ਤਬਦੀਲੀਆਂ 'ਤੇ ਗਹਿਰੀ ਨਜ਼ਰ ਰੱਖ ਕੇ ਇਸ ਸਿੱਟੇ ਦੀ ਨਿਸ਼ਾਨਦੇਹੀ ਕਰਦੀਆਂ ਹਨ ਕਿ ਵਰਤਮਾਨ ਸਮਾਜ ਦੀ ਦਸ਼ਾ ਤੇ ਦਿਸ਼ਾ ਮਨੁੱਖਤਾਵਾਦ ਦੇ ਰਾਹ ਤੋਂ ਪੂਰੀ ਤਰ੍ਹਾਂ ਭਟਕਦੀ ਜਾ ਰਹੀ ਹੈ। ਸੰਗ੍ਰਹਿ ਵਿਚ ਸ਼ਾਮਲ ਮਿੰਨੀ ਕਹਾਣੀਆਂ 'ਲਿਫਾਫਾ', 'ਸੇਬ ਵੇਚਣ ਵਾਲਾ', 'ਦੋ ਧੀਆਂ', 'ਮੁਫ਼ਤ ਦੇ ਪੈਸੇ', 'ਪੇਟੀ ਵਾਲੀ ਵਧੀਆ ਚਾਹ ਪੱਤੀ', 'ਸ਼ਰਾਬ ਬੁਰੀ ਚੀਜ਼ ਆ', 'ਮੈਂ ਤੇ ਮੁੰਡਾ ਹਾਂ' ਅਤੇ 'ਵਿਚਾਰੇ' ਆਦਿ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਨਵੇਂ ਯੁੱਗ ਦੀ ਪੂੰਜੀਵਾਦੀ ਚੇਤਨਾ ਨੇ ਜਿੱਥੇ ਮਨੁੱਖ ਨੂੰ ਆਪਣੇ ਸਮਾਜਿਕ ਫ਼ਰਜ਼ਾਂ ਪ੍ਰਤੀ ਸੰਵੇਦਨਹੀਣ, ਗੈਰ-ਜ਼ਿੰਮੇਵਾਰ ਤੇ ਨਿਰਮੋਹਾ ਬਣਾ ਦਿੱਤਾ ਹੈ, ਉੱਥੇ ਉਸ ਦੀ ਕਹਿਣੀ ਤੇ ਕਰਨੀ ਵਿਚ ਵੀ ਵੱਡਾ ਫਰਕ ਲੈ ਆਂਦਾ ਹੈ। ਇਹਨਾਂ ਕਹਾਣੀਆਂ ਦੇ ਪਾਤਰ ਸਰਬਤ ਦਾ ਭਲਾ ਨਹੀਂ ਮੰਗਦੇ, ਸਗੋਂ ਆਪਣਾ ਸਾਰਾ ਧਿਆਨ ਆਪਣੇ ਨਿੱਜੀ ਫਾਇਦੇ 'ਤੇ ਹੀ ਕੇਂਦਰਤ ਰੱਖਦੇ ਹਨ।


ਤਸੱਲੀ ਵਾਲੀ ਗੱਲ ਹੈ ਕਿ ਸੰਗ੍ਰਹਿ ਦੀਆਂ ਮਿੰਨੀ ਕਹਾਣੀਆਂ ਆਪਣੇ ਪਾਠਕਾਂ ਨੂੰ ਅਜਿਹੀ ਜਾਗਦੀ ਜ਼ਮੀਰ ਵਾਲੇ ਪਾਤਰਾਂ ਨਾਲ ਵੀ ਮਿਲਾਉਂਦੀਆਂ ਹਨ, ਜਿਹੜੇ ਇਸ ਆਪਾਧਾਪੀ ਦੇ ਯੁੱਗ ਵਿੱਚ ਵੀ ਮਨੁੱਖ ਤੇ ਮਨੁੱਖਤਾ ਲਈ ਕੁਝ ਕਰ ਗੁਜ਼ਰਨ ਦੀ ਭਾਵਨਾ ਰੱਖਦੇ ਹਨ। ਜੇ ਮਿੰਨੀ ਕਹਾਣੀ 'ਭਵਿੱਖਬਾਣੀ', 'ਨਹਿਰ ਤਾਂ ਸੁੱਕੀ ਪਈ', 'ਗੁਣ ਸੂਤਰ' ਅਤੇ 'ਪੁੱਠਾ ਚੱਕਰ' ਆਦਿ ਦੇ ਪਾਤਰ ਪਾਠਕੀ ਮਨਾਂ ਅੰਦਰ ਵਿਗਿਆਨਕ ਤੇ ਤਰਕਸ਼ੀਲ ਸੋਚ ਦਾ ਸੰਚਾਰ ਕਰਦੀਆਂ ਹਨ ਤਾਂ ਮਿੰਨੀ ਕਹਾਣੀ 'ਘਰ ਦੀ ਇੱਜ਼ਤ', 'ਸਿਆਣੀਆਂ ਕੁੜੀਆਂ', 'ਫ਼ੈਸਲਾ', 'ਚਾਰ ਇੱਟਾਂ', 'ਪਲਾਸਟਿਕ ਦਾ ਮੱਘ', 'ਮਹੱਲੇ ਦਾ ਗੰਦ' ਤੇ 'ਅਸਹਿਣਸ਼ੀਲਤਾ' ਇਸ ਗੱਲ ਦਾ ਯਕੀਨ ਦਿਵਾਉਂਦੀਆਂ ਹਨ ਕਿ ਨੇਕੀ, ਚੰਗਿਆਈ ਤੇ ਮਨੁੱਖਤਾ ਦੀ ਭਲਾਈ ਦੇ ਸੱਚੇ ਉਪਾਸ਼ਕ ਅਜੇ ਵੀ ਸਮਾਜ ਦੀ ਰੀੜ੍ਹ ਦੀ ਹੱਡੀ ਵਾਂਗ ਕੰਮ ਕਰ ਰਹੇ ਹਨ। ਸੰਗ੍ਰਹਿ ਦੀ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਵਿਚ ਨਾਕਾਰਾਤਮਕ ਸੋਚ ਦੇ ਪਾਤਰਾਂ ਨਾਲੋਂ ਸਕਾਰਾਤਮਕ ਤੇ ਮਨੁੱਖਤਾਵਾਦੀ ਸੋਚ ਵਾਲੇ ਪਾਤਰਾਂ ਦੀ ਗਿਣਤੀ ਵੱਧ ਹੈ।

ਭਾਵੇਂ ਲੇਖਕ ਮਿੰਨੀ ਕਹਾਣੀ ਸ਼ਿਲਪ ਵਿਧਾਨ ਦੇ ਮੁੱਢਲੇ ਨਿਯਮਾਂ ਤੋਂ ਜਾਣੂ ਹੈ, ਪਰ ਉਸ ਦੀਆਂ ਕੁਝ ਮਿੰਨੀ ਕਹਾਣੀਆਂ ਆਪਣੇ ਪਾਤਰਾਂ ਦੀ ਮਾਨਸਿਕਤਾ ਦੇ ਅੰਤਰੀਵੀ ਪਸਾਰਾਂ ਦੀ ਉਸ ਤਰ੍ਹਾਂ ਦੀ ਸ਼ਿੱਦਤ ਬਿਆਨੀ ਨਹੀਂ ਕਰ ਸਕੀਆਂ, ਜਿਸ ਦੀ ਅੱਜ ਦੀ ਆਧੁਨਿਕ ਪੰਜਾਬੀ ਮਿੰਨੀ ਕਹਾਣੀ ਮੰਗ ਕਰਦੀ ਹੈ। ਕੁਲ ਮਿਲਾ ਕੇ ਇਹ ਸੰਗ੍ਰਹਿ ਮਿੰਨੀ ਕਹਾਣੀ ਖੇਤਰ ਦੀ ਚੰਗੀ ਪ੍ਰਾਪਤੀ ਹੈ।

**— ਨਿਰੰਜਣ ਬੋਹਾ**

## ਜਿਸ ਤਨ ਲੱਗੀਆਂ

ਇੰਜ. ਵਰਿੰਦਰ ਟੱਲੇਵਾਲੀਆ
ਪੰਨੇ : 160, ਮੁੱਲ : 200 ਰੁਪਏ
ਗੋਰਕੀ ਪ੍ਰਕਾਸ਼ਨ, ਲੁਧਿਆਣਾ।



ਇੰਜ. ਵਰਿੰਦਰ ਟੱਲੇਵਾਲੀਆ ਨੇ ਹਥਲੀ ਪੁਸਤਕ 'ਜਿਸ ਤਨ ਲੱਗੀਆਂ' ਨੂੰ ਤਿੰਨ ਭਾਗਾਂ ਵਿੱਚ ਬੂਹਿਆਂ ਦੇ ਪ੍ਰਤੀਬਿੰਬ ਨਾਲ ਕਹਾਣੀ ਬੂਹਾ, ਕਵਿਤਾ ਬੂਹਾ ਅਤੇ ਪਾਠਕਾਂ ਦਾ ਬੂਹਾ ਦੇ ਰੂਪ ਵਿੱਚ ਪੇਸ਼ ਕੀਤੀ ਹੈ। ਇਹ ਉਸ ਦੀ ਦੂਸਰੀ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੀ ਪੁਸਤਕ 'ਉਲਝੇ ਤਾਣੇ ਬਾਣੇ' ਪਾਠਕ ਦੇ ਹਿੱਸੇ ਆਈ ਹੈ। ਇਸ ਹਥਲੀ ਪੁਸਤਕ ਵਿਚ ਜਿਹੜੀਆਂ ਉਸ ਨਾਲ ਆਪ ਬੀਤੀਆਂ ਜਾਂ ਨੇੜੇ-ਤੇੜੇ ਘਟਨਾਵਾਂ ਵਾਪਰੀਆਂ, ਉਹਨਾਂ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਹੈ। ਕਵਿਤਾ ਭਾਗ ਵਿੱਚ ਵੀ ਕੁਝ ਇਸੇ ਤਰ੍ਹਾਂ ਦਾ ਹੈ। ਇਸ ਤੋਂ ਇਲਾਵਾ ਉਸ ਨੇ ਪੁਸਤਕ ਦੇ ਤੀਜੇ ਭਾਗ ਬੂਹਾ ਪਾਠਕਾਂ ਦਾ ਵਿੱਚ ਪਹਿਲੀ ਪੁਸਤਕ 'ਤੇ ਹੋਏ ਪ੍ਰਤੀਕਰਮ ਬਾਰੇ ਆਏ ਅੱਠ ਕੁ ਪੱਤਰਾਂ ਨੂੰ ਸ਼ਾਮਲ ਕੀਤਾ ਹੈ।


ਪੁਸਤਕ ਦੀ ਸਿਰਲੇਖਤ ਕਹਾਣੀ 'ਜਿਸ ਤਨ ਲੱਗੀਆਂ' ਵਿਚ ਪੰਜਾਬ ਵਿੱਚ ਵਾਪਰੇ 1980 ਤੋਂ 1991 ਤੱਕ ਦੇ ਦੁਖਾਂਤ ਨੂੰ ਚਿਤਰਨ ਦੀ ਕੋਸ਼ਿਸ਼ ਕੀਤੀ ਹੈ। ਅਣਆਈਆਂ ਮੌਤਾਂ ਦਾ ਦੁੱਖ ਤੇ ਪੰਜਾਬ ਦੇ ਨਿਘਰਦੇ ਹਾਲਾਤ ਲੇਖਕ ਨੂੰ ਪ੍ਰੇਸ਼ਾਨ ਕਰਦੇ ਹਨ। ਇਸੇ ਤਰ੍ਹਾਂ ਦੀਆਂ ਹੋਰ ਛੋਟੀਆਂ ਕਹਾਣੀਆਂ ਦਰਜ ਹਨ। ਜਿਵੇਂ ਡਾਕਾ, ਚਿੰਤਾ, ਸੰਤਾਪ, ਧੋਖਾ ਆਦਿ। ਪੁਸਤਕ ਵਿਚਲੀ ਕਹਾਣੀ ਮਾਨਸਿਕਤਾ ਵਿਚ ਹਰ ਮਨੁੱਖ ਆਪਣੀ ਵਡਿਆਈ ਕਰਦਾ ਦੱਸਿਆ ਹੈ, ਭਾਵੇਂ ਉਹ ਕਾਰ ਕੰਪਨੀ ਦਾ ਹੋਵੇ, ਸਬਜ਼ੀ ਵਾਲਾ ਜਾਂ ਅਧਿਆਪਨ ਵਰਗ ਨਾਲ ਜੁੜਿਆ ਹੋਵੇ।

ਇਹ ਕਹਾਣੀਆਂ ਅਸਲ ਵਿੱਚ ਲੇਖਕ ਦੀਆਂ ਨਿੱਜੀ ਕਹਾਣੀਆਂ ਜਾਪਦੀਆਂ ਹਨ। ਕਹਾਣੀ ਵਿਧਾ ਅਨੁਸਾਰ ਇਹ ਕਹਾਣੀਆਂ ਆਪਣਾ ਅਸਲ ਰੂਪ ਨਹੀਂ ਲੈ ਸਕੀਆਂ। ਕੰਮ ਤੋਂ ਪਹਿਚਾਣ, ਰੂਹਾਂ ਦੇ ਰਿਸ਼ਤੇ ਅਤੇ ਮਿਲਣੀਆਂ ਆਦਿ ਨੂੰ ਵਾਚਿਆ ਜਾ ਸਕਦਾ ਹੈ।ਪੁਸਤਕ ਦੇ ਦੂਜੇ ਭਾਗ ਵਿੱਚ ਕਵਿਤਾ, ਗੀਤ ਸ਼ਾਮਲ ਹਨ, ਜਿਹਨਾਂ ਵਿਚ ਵਰਤਮਾਨ ਸਮੇਂ ਦੀ ਚਿੰਤਾ ਪਰਾਲੀ ਨੂੰ ਅੱਗ ਨਾ ਲਾਉਣ ਦਾ ਹੋਕਾ, ਬੇਕਦਰੀ, ਸੁਪਨੇ, ਪਛਤਾਵਾ ਅਤੇ ਜਾਤ-ਪਾਤ ਜਹੇ ਵਿਸ਼ੇ ਛੋਹੇ ਹਨ। ਇਸ ਦੇ ਨਾਲ ਰੱਬ ਦੀ ਯਾਦ, ਗੁਰੂ ਨਾਨਕ, ਰੰਗਲਾ ਪੰਜਾਬ, ਮਾਂ ਅਤੇ ਸਾਡਾ ਵਿਰਸਾ ਚੰਗੇ ਭਾਵ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਤੀਜੇ ਭਾਗ ਵਿੱਚ ਜ਼ਿਆਦਾ ਪੱਤਰ ਇਸ ਦੇ ਨਾਲ ਦੇ ਇੰਜੀਨੀਅਰਾਂ ਦੇ ਹਨ। ਰਚਨਾਵਾਂ ਸਰਲ ਭਾਸ਼ਾ ਵਿਚ ਹਨ, ਪਰ ਇਕੋ ਪੁਸਤਕ ਵਿਚ ਵੱਖੋ-ਵੱਖਰੀਆਂ ਵਿਧਾਵਾਂ ਸ਼ਾਮਲ ਕਰਨ ਨਾਲ ਪੁਸਤਕ ਕਿਸੇ ਇਕ ਵਿਧਾ ਦਾ ਅਹਿਸਾਸ ਨਹੀਂ ਕਰਵਾਉਂਦੀ। ਜੇਕਰ ਇਕ ਹੀ ਵਿਧਾ ਵਿਚ ਪੁਸਤਕ ਰਚਨਾ ਕੀਤੀ ਜਾਂਦੀ ਤਾਂ ਵਧੇਰੇ ਸਾਰਥਿਕ ਸਿੱਧ ਹੋਣੀ ਸੀ।

**— ਤੇਜਿੰਦਰ ਚੰਡਿਹੋਕ**

## ਆਸਾਂ ਦੇ ਤਾਰੇ

(ਗ਼ਜ਼ਲ ਸੰਗ੍ਰਹਿ)
ਮਨਜੀਤ ਕੌਰ ਮੀਸ਼ਾ
ਪੰਨੇ : 96, ਮੁੱਲ : 180 ਰੁਪਏ
ਪ੍ਰੀਤ ਪਬਲੀਕੇਸ਼ਨ, ਨਾਭਾ



ਮਨਜੀਤ ਕੌਰ ਮੀਸ਼ਾ ਨੇ 'ਆਸਾਂ ਦੇ ਤਾਰੇ' ਗ਼ਜ਼ਲ ਸੰਗ੍ਰਹਿ ਦੀ ਬਦੌਲਤ ਗ਼ਜ਼ਲ ਖੇਤਰ ਵਿੱਚ ਪਹਿਲਾ ਪ੍ਰਵੇਸ਼ ਕੀਤਾ ਹੈ। ਲੇਖਿਕਾ ਨੇ ਇਹ ਸੰਗ੍ਰਹਿ ਆਪਣੇ ਜਨਮ ਦਾਤੇ ਮਾਤਾ-ਪਿਤਾ ਨੂੰ ਸਮਰਪਣ ਕਰਕੇ ਪੁਸਤਕ ਵਿੱਚ 83 ਗ਼ਜ਼ਲਾਂ ਸ਼ਾਮਲ ਕੀਤੀਆਂ ਹਨ। ਮਨਜੀਤ ਕੌਰ ਮੀਸ਼ਾ ਨੇ ਆਪਣੇ ਵੱਲੋਂ ਲਿਖੇ ਦੋ ਸ਼ਬਦਾਂ ਰਾਹੀਂ ਆਪਣਾ ਜੀਵਨ ਬਿਊਰਾ, ਪ੍ਰਾਪਤੀਆਂ, ਸੰਘਰਸ਼, ਲਿਖਣ ਪ੍ਰਕਿਰਿਆ, ਮਾਣ-ਸਨਮਾਨ, ਪ੍ਰਕਾਸ਼ਨਾਵਾਂ ਅਤੇ ਹੋਰ ਉਪਲੱਬਧੀਆਂ 'ਤੇ ਚਾਨਣਾ ਪਾਇਆ ਹੈ। ਪੁਸਤਕ ਦਾ ਟਾਈਟਲ ਆਕ੍ਰਸ਼ਕ ਦਿਖਾਈ ਦਿੰਦਾ ਹੈ, ਜਿਸ ਦੇ ਬੈਕ ਟਾਈਟਲ 'ਤੇ ਲੇਖਿਕਾ ਦੀ ਤਸਵੀਰ ਨਾਲ ਉਸ ਦੇ ਉਸਤਾਦ ਹਰਬੰਸ ਸਿੰਘ ਅਕਸ ਵੱਲੋਂ ਲਿਖੇ ਦੋ ਸ਼ਬਦ ਹਨ, ਜਿਨ੍ਹਾਂ ਵਿੱਚ ਪੁਸਤਕ ਵਿਚਲੇ ਮੈਟਰ, ਵੱਖ-ਵੱਖ ਵਿਸ਼ਿਆਂ ਦੀ ਇੱਕ ਝਲਕ ਅਤੇ ਆਸ਼ੀਰਵਾਦ ਦਿੱਤਾ ਗਿਆ ਹੈ।

ਗ਼ਜ਼ਲ ਇੱਕ ਬਹੁਤ ਹੀ ਮਹੱਤਵਪੂਰਨ ਸਿਨਫ਼ ਅਤੇ ਔਝੜ ਰਾਹਾਂ ਦਾ ਮੁਸ਼ਕਲਾਂ ਭਰਿਆ ਸਫ਼ਰ ਹੈ। ਇਸ ਜੋਖ਼ਮ ਭਰੇ ਪੈਂਡੇ 'ਤੇ ਤੁਰਨਾ ਦਲੇਰਾਨਾ ਕਦਮ ਹੈ।

ਲੇਖਕ ਨੇ ਜੋ ਕੁਝ ਆਪਣੇ ਜੀਵਨ ਵਿੱਚ ਹੰਢਾਇਆ ਹੁੰਦਾ ਹੈ, ਉਸ ਨੂੰ ਸੰਖੇਪ ਰੂਪ ਵਿੱਚ ਥੋੜ੍ਹੇ ਸ਼ਬਦਾਂ ਨਾਲ ਵੱਡੀਆਂ ਗੱਲਾਂ ਪਾਠਕਾਂ ਦੇ ਸਨਮੁਖ ਰੱਖਣੀਆਂ ਹੁੰਦੀਆਂ ਹਨ। ਆਪਣਾ ਅਨੁਭਵ ਸ਼ੇਅਰਾਂ ਦੇ ਰੂਪ ਵਿੱਚ ਸਮਾਜ ਨਾਲ ਸਾਂਝਾ ਕਰਨਾ ਲੇਖਕ ਦੀ ਕਲਾਕਾਰੀ ਹੁੰਦੀ ਹੈ। ਕਲਾਕਾਰੀ ਦਾ ਉਹ ਕਿਹੜਾ ਰੰਗ ਪੇਸ਼ ਕਰਦਾ ਹੈ, ਜਿਸ ਨਾਲ ਪੜ੍ਹਨ ਵਾਲਾ ਪ੍ਰਭਾਵਿਤ ਵੀ ਹੋਵੇ ਅਤੇ ਉਸ ਬਾਰੇ ਸੁਚੇਤ ਵੀ ਹੋ ਸਕੇ।ਇਹ ਲੇਖਕ ਦੀ ਪਹੁੰਚ ਤੇ ਪਹਿਚਾਣ 'ਤੇ ਨਿਰਭਰ ਹੁੰਦਾ ਹੈ। ਮੁਸ਼ਕਲਾਂ ਵਿੱਚੋਂ ਗੁਜ਼ਰ ਕੇ ਕਿਸ ਤਰ੍ਹਾਂ ਕੋਈ ਪ੍ਰਾਪਤੀ ਹੁੰਦੀ ਹੈ, ਉਸ ਦਾ ਇਸ਼ਾਰੇ ਮਾਤਰ ਨੁਕਤਾ ਮਨਜੀਤ ਕੌਰ ਮੀਸ਼ਾ ਆਪਣੀ ਇੱਕ ਗਜ਼ਲ ਦੇ ਮਕਤੇ ਵਿੱਚ ਇਸ ਤਰ੍ਹਾਂ ਬਿਆਨ ਕਰਦੀ ਹੈ।

ਨਿੱਜੀ ਸਵਾਰਥਾਂ ਹਿੱਤ ਹਰ ਕੋਈ ਆਪਣੀ ਘਾਟ ਦੂਜੇ 'ਤੇ ਮੜ੍ਹਨ ਵਿੱਚ ਲੱਗਾ ਹੋਇਆ ਹੈ।ਸਮਾਜ ਵਿੱਚ ਵਾਪਰਦੇ ਹਰੇਕ ਘਟਨਾਕ੍ਰਮ ਬਾਰੇ ਸਾਰੀਆਂ ਗ਼ਜ਼ਲਾਂ ਵਿੱਚ ਵੱਖ-ਵੱਖ ਵਿਸ਼ਿਆਂ ਨੂੰ ਛੋਹਿਆ ਗਿਆ ਹੈ, ਜਿਨ੍ਹਾਂ ਵਿੱਚੋਂ ਕੁਝ ਹਵਾਲੇ ਉੱਪਰ ਦਿੱਤੇ ਗਏ ਹਨ। ਬਾਕੀ ਪਾਠਕਾਂ ਦੇ ਪੜ੍ਹਨ 'ਤੇ ਨਿਰਭਰ ਕਰਦਾ ਹੈ।ਪਲੇਠੀ ਪੁਸਤਕ ਵਿੱਚ ਰਦੀਫ਼ ਤੇ ਕਾਫੀਏ ਦੀ ਸਮਝ ਰੱਖਣਾ ਸਪੱਸ਼ਟ ਕਰਦਾ ਹੈ ਕਿ ਮਨਜੀਤ ਕੌਰ ਮੀਸ਼ਾ ਨੇ ਗ਼ਜ਼ਲ ਸ਼ਿਲਪ ਬਾਰੇ ਆਪਣੇ ਉਸਤਾਦ ਕੋਲੋਂ ਕਾਫੀ ਜਾਣਕਾਰੀ ਹਾਸਲ ਕੀਤੀ ਹੈ, ਨਹੀਂ ਤਾਂ ਗਜ਼ਲਾਂ ਦੀਆਂ ਬਹੁਤੀਆਂ ਛਪਣ ਵਾਲੀਆਂ ਪੁਸਤਕਾਂ ਵਿੱਚ ਕਾਫੀਆ ਤੱਕ ਮਿਲਦਾ ਨਹੀਂ ਦਿਸਦਾ। ਲੇਖਿਕਾ ਦਾ ਇਹ ਪਹਿਲਾ ਯਤਨ ਹੈ ਇਸ ਤੋਂ ਭਵਿੱਖ ਵਿੱਚ ਹੋਰ ਚੰਗੀਆਂ ਗ਼ਜ਼ਲਾਂ ਦੀ ਆਸ ਰੱਖੀ ਜਾ ਸਕਦੀ ਹੈ। ਮੈਂ ਪਾਠਕਾਂ ਨੂੰ ਪੁਸਤਕ ਪੜ੍ਹਨ ਦੀ ਗੁਜਾਰਿਸ਼ ਕਰਦਾ ਹਾਂ।

**— ਸੁਰਜੀਤ ਸਾਜਨ**

## ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਨਾਮਵਰ ਚਿੱਤਰਕਾਰ ਤੇ ਸ਼ਾਇਰ ਦੇਵ ਦੀ ਯਾਦ 'ਚ ਸਮਾਗਮ




**ਨਵੀਂ ਦਿੱਲੀ :** ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਚਿੱਤਰਕਾਰ ਅਤੇ ਸ਼ਾਇਰ ਦੇਵ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਇੱਕ ਭਾਵਪੂਰਤ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਾਹਿਤਕਾਰਾਂ, ਪਾਠਕਾਂ ਅਤੇ ਦੇਵ ਦੇ ਪ੍ਰਸ਼ੰਸਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਉਨ੍ਹਾਂ ਨੂੰ ਨਿੱਘੀਆਂ ਯਾਦਾਂ ਰਾਹੀਂ ਸਿਜਦਾ ਕੀਤਾ। ਸਮਾਗਮ ਦੀ ਸ਼ੁਰੂਆਤ ਵਿੱਚ ਸਭਾ ਦੇ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਦੇਵ ਨਾਲ ਆਪਣੇ ਪਰਵਾਰਕ ਰਿਸ਼ਤੇ ਨੂੰ ਚੇਤੇ ਕੀਤਾ। ਸਵਿਟਜ਼ਰਲੈਂਡ ਵਿੱਚ ਦਿਲ ਦੀ ਗਤੀ ਰੁਕਣ ਕਾਰਨ ਹੋਈ ਉਨ੍ਹਾਂ ਦੀ ਮੌਤ ਅਤੇ ਅਸਥੀਆਂ ਨੂੰ ਭਾਰਤ ਲਿਆਉਣ ਤੱਕ ਦੇ ਸਫ਼ਰ ਦਾ ਜ਼ਿਕਰ ਕਰਦਿਆਂ ਉਹ ਭਾਵੁਕ ਹੋ ਗਏ, ਜਿਸ ਨਾਲ ਪੂਰੇ ਮਾਹੌਲ ਵਿੱਚ ਉਦਾਸੀ ਪੱਸਰ ਗਈ। ਉਨ੍ਹਾਂ ਐਲਾਨ ਕੀਤਾ ਕਿ ਦੇਵ ਦੀ ਯਾਦ ਵਿੱਚ ਇੱਕ ਟਰੱਸਟ ਸਥਾਪਤ ਕੀਤਾ ਜਾਵੇਗਾ, ਜਿੱਥੇ ਉਨ੍ਹਾਂ ਦੀਆਂ ਵਡਮੁੱਲੀਆਂ ਪੇਂਟਿੰਗਾਂ ਅਤੇ ਕਿਤਾਬਾਂ ਨੂੰ ਸਾਹਿਤ ਤੇ ਕਲਾ ਪ੍ਰੇਮੀਆਂ ਲਈ ਸੰਭਾਲ ਕੇ ਰੱਖਿਆ ਜਾਵੇਗਾ। ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਦੱਸਿਆ ਕਿ ਨਿਵੇਕਲੀ ਕਿਸਮ ਦੇ ਕਵੀ ਤੇ ਚਿੱਤਰਕਾਰ ਦੇਵ ਨੂੰ 1992 ਵਿੱਚ ਸ਼੍ਰੋਮਣੀ ਪ੍ਰਵਾਸੀ ਪੰਜਾਬੀ ਸਾਹਿਤਕਾਰ ਪੁਰਸਕਾਰ ਅਤੇ 2001 ਵਿੱਚ ਸ਼ਬਦਾਂਤ ਕਾਵਿ ਸੰਗ੍ਰਹਿ ਲਈ ਸਾਹਿਤਯ ਅਕਾਦਮੀ ਪੁਰਸਕਾਰ ਮਿਲਿਆ ਸੀ। ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਦੇਵ ਦੀ ਬਹੁਪੱਖੀ ਸ਼ਖ਼ਸੀਅਤ ਦੇ ਪਹਿਲੂ ਸਾਂਝੇ ਕੀਤੇ। ਜਲੰਧਰ ਤੋਂ ਪਹੁੰਚੇ ਦੇਵ ਦੇ ਗਰਾਈਂ ਫਿਲਮਕਾਰ ਡਾ. ਹਰਜੀਤ ਨੇ ਦੇਵ ਦੀ ਮਿਕਨਾਤੀਸੀ ਸ਼ਖ਼ਸੀਅਤ ਬਾਰੇ ਗੱਲ ਕੀਤੀ। ਡਾ. ਤਰਲੋਚਨ ਸਿੰਘ, ਸਾਬਕਾ ਐੱਮ.ਪੀ. ਨੇ ਦੇਵ ਨੂੰ ਇੱਕ ਪਿਆਰੀ ਸ਼ਖ਼ਸੀਅਤ ਵਜੋਂ ਯਾਦ ਕੀਤਾ। ਡਾ. ਵਨੀਤਾ ਨੇ ਦੇਵ ਦੀ ਯਾਦ ਵਿੱਚ ਲਿਖੀ ਆਪਣੀ ਤਾਜ਼ਾ ਕਵਿਤਾ ਰਾਹੀਂ ਸ਼ਰਧਾਂਜਲੀ ਦਿੱਤੀ। ਡਾ. ਮਨਜੀਤ ਸਿੰਘ, ਡਾ. ਕੁਲਬੀਰ ਗੋਜਰਾ ਅਤੇ ਡਾ. ਬਲਜਿੰਦਰ ਨਸਰਾਲੀ, ਇਨ੍ਹਾਂ ਵਿਦਵਾਨਾਂ ਨੇ ਦੇਵ ਦੀਆਂ ਸਾਹਿਤਕ ਰਚਨਾਵਾਂ ਅਤੇ ਉਨ੍ਹਾਂ ਦੇ ਚਿੱਤਰਕਾਰੀ ਦੇ ਫ਼ਲਸਫ਼ੇ ਬਾਰੇ ਵਿਚਾਰ ਪੇਸ਼ ਕੀਤੇ। ਦੇਵ ਦੇ ਦੋਸਤ ਉਮਾ ਸ਼ੰਕਰ ਦੇਵ ਦੇ ਪੇਂਟਿੰਗ ਬਾਰੇ ਪੈਸ਼ਨ ਬਾਰੇ ਗੱਲ ਕਰਦਿਆਂ ਭਾਵੁਕ ਹੋ ਗਏ। ਭੁਪਿੰਦਰ ਸਿੰਘ ਮੱਲ੍ਹੀ (ਕੈਨੇਡਾ) ਨੇ ਦੱਸਿਆ ਕਿ ਉਹ ਦੇਵ ਨਾਲ ਮਿਲ ਕੇ "ਪੰਜਾਬ ਸਾਰ" ਨਾਂਅ ਦਾ ਡਿਜੀਟਲ ਪਲੇਟਫਾਰਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਸਨ, ਜਿਸ ਨੂੰ ਇਸੇ ਦਸੰਬਰ ਵਿੱਚ ਅੰਤਮ ਰੂਪ ਦਿੱਤਾ ਜਾਣਾ ਸੀ। ਉਨ੍ਹਾਂ ਕੈਨੇਡਾ ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਵੀ ਸੋਗ ਸੰਦੇਸ਼ ਸਾਂਝੇ ਕੀਤੇ। ਪ੍ਰੋ. ਭਗਵਾਨ ਜੋਸ਼ ਅਤੇ ਕੇਂਦਰੀ ਸਾਹਿਤਯ ਅਕਾਦਮੀ ਦੇ ਪੰਜਾਬੀ ਭਾਸ਼ਾ ਦੇ ਕਨਵੀਨਰ ਪ੍ਰੋ. ਰਵੇਲ ਸਿੰਘ ਵੱਲੋਂ ਭੇਜੇ ਗਏ ਸੋਗ ਸੰਦੇਸ਼ ਵੀ ਪੜ੍ਹੇ ਗਏ। ਇਸ ਮੌਕੇ ਹੋਰ ਪ੍ਰਮੁੱਖ ਹਾਜ਼ਰੀਨ ਵਿੱਚ ਅਮੀਆ ਕੁੰਵਰ, ਸੁਕੀਰਤ, ਮੰਜੂ ਓਬਰਾਏ, ਬੀਰ ਗਰੇਵਾਲ (ਮੁੰਬਈ) ਅਤੇ ਦਵਿੰਦਰ ਸਤਿਆਰਥੀ ਦੀਆਂ ਬੇਟੀਆਂ ਅਲਕਾ ਤੇ ਪਾਰੁਲ ਨੇ ਵੀ ਸ਼ਰਧਾਂਜਲੀ ਦਿੱਤੀ। ਸਮਾਗਮ ਵਿੱਚ ਡਾ. ਯਾਦਵਿੰਦਰ ਸਿੰਘ ਸਿੱਧੂ, ਨਾਵਲਕਾਰ ਨਛੱਤਰ, ਡਾ. ਰਜਨੀ ਬਾਲਾ, ਸਮੇਤ ਕਈ ਹੋਰ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ।

## ਦੂਜਾ ਪਾਠਕ ਪੁਰਸਕਾਰ ਲਈ ਅਰਜ਼ੀਆਂ ਦੀ ਮੰਗ

**ਜਲੰਧਰ**-ਪੰਜਾਬੀ ਸਾਹਿਤਕ, ਸੱਭਿਆਚਾਰਕ ਵਿਚਾਰ ਮੰਚ, ਸਰੀ (ਕੈਨੇਡਾ) ਤੇ ਅਦਾਰਾ 'ਕਹਾਣੀ ਧਾਰਾ' ਦੇ ਸੰਚਾਲਕ ਅਮਰਜੀਤ ਚਾਹਲ, ਸਰਬਜੀਤ ਹੁੰਦਲ ਤੇ ਭਗਵੰਤ ਰਸੂਲਪੁਰੀ ਵੱਲੋਂ ਦੂਜਾ 'ਪਾਠਕ ਪੁਰਸਕਾਰ' ਦੇਣ ਲਈ ਪਾਠਕਾਂ ਕੋਲੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਚੁਣੇ ਗਏ ਦੋ ਪਾਠਕਾਂ ਨੂੰ ਪੰਜ-ਪੰਜ ਹਜ਼ਾਰ ਦੇ ਦੋ ਪੁਰਸਕਾਰ, ਕਿਤਾਬਾਂ ਦੇ ਸੈੱਟ ਅਤੇ ਸਨਮਾਨ ਪੱਤਰ ਦਿੱਤਾ ਜਾਵੇਗਾ। ਪੁਰਸਕਾਰ ਦੇ ਨਿਯਮ ਅਤੇ ਸ਼ਰਤਾਂ ਇਸ ਤਰ੍ਹਾਂ ਹਨ। ਪਾਠਕ ਨਿਰੋਲ ਕਹਾਣੀ, ਨਾਵਲ, ਕਵਿਤਾ, ਨਾਟਕ, ਸਵੈ ਜੀਵਨੀ ਤੇ ਵਾਰਤਕ ਦਾ ਪਾਠਕ ਹੋਵੇ, ਉਹ ਲੇਖਕ ਨਾ ਹੋਵੇ। ਉਹ ਕਿੰਨੇ ਸਾਲਾਂ ਤੋਂ ਪੰਜਾਬੀ ਸਾਹਿਤ ਪੜ੍ਹ ਰਿਹਾ ਹੈ। ਉਹ ਸਾਹਿਤ ਦੀ ਕਿਹੜੀ ਵਿਧਾ ਨੂੰ ਪਸੰਦ ਕਰਦਾ ਹੈ। ਉਹ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਖਰੀਦ ਕੇ ਪੜ੍ਹਦਾ ਹੈ ਜਾਂ ਲਾਇਬਰੇਰੀ ਵਿੱਚੋਂ ਪੜ੍ਹਦਾ ਹੈ। ਹਰ ਸਾਲ ਕਿੰਨੀਆਂ ਕੁ ਕਿਤਾਬਾਂ ਖਰੀਦ ਕੇ ਪੜ੍ਹਦਾ ਹੈ। ਪੰਜਾਬੀ ਦੇ ਸਾਹਿਤਕ ਰਸਾਲੇ ਕਿਹੜੇ-ਕਿਹੜੇ ਖਰੀਦ ਕੇ ਪੜ੍ਹ ਰਿਹਾ ਹੈ ਅਤੇ ਕਿੰਨੇ ਸਾਲਾਂ ਤੋਂ ਪੜ੍ਹ ਰਿਹਾ ਹੈ। ਉਹ ਪੁਰਾਣੇ ਰਸਾਲੇ ਕਿੰਨੇ ਕੁ ਸਾਲਾਂ ਤੋਂ ਸਾਂਭ ਕੇ ਰੱਖਦਾ ਹੈ। ਉਸ ਦੀ ਨਿੱਜੀ ਲਾਇਬਰੇਰੀ ਵਿੱਚ ਕਿੰਨੀਆਂ ਕੁ ਕਿਤਾਬਾਂ ਹਨ। 2024 ਅਤੇ 2025 ਦੇ ਸਾਲ ਵਿੱਚ ਉਸ ਨੇ ਕਿੰਨੀਆਂ ਕੁ ਕਿਤਾਬਾਂ ਖਰੀਦ ਕੇ ਪੜ੍ਹੀਆਂ ਅਤੇ ਉਹ ਕਿਸ ਵਿਧਾ ਵਿੱਚ ਸਨ। ਉਹ ਕਿਤਾਬ ਖਰੀਦਣ ਤੋਂ ਪਹਿਲਾਂ ਉਸ ਦੀ ਚੋਣ ਕਿਸ ਤਰ੍ਹਾਂ ਕਰਦਾ ਹੈ। ਕੀ ਕਿਤਾਬਾਂ ਦੇ ਛਪੇ ਰੀਵਿਊ ਪੜ੍ਹ ਕੇ ਉਹ ਕਿਤਾਬ ਦੇ ਚੰਗੀ-ਮਾੜੀ ਹੋਣ ਦਾ ਨਿਰਣਾ ਕਰਦਾ ਹੈ ਜਾਂ ਆਪਣੇ ਪੱਧਰ 'ਤੇ ਫੈਸਲਾ ਕਰਦਾ ਹੈ।

ਕਿਤਾਬ ਖਰੀਦਣ ਸਮੇਂ ਪਾਠਕ ਪੁਸਤਕ ਵਿਕਰੇਤਾ ਆਪਣੀਆਂ ਕਿਤਾਬਾਂ ਵੇਚਣ ਵਾਲੀਆਂ ਗੱਲਾਂ ਉੱਤੇ ਕਿੰਨਾ ਕੁ ਯਕੀਨ ਕਰਦਾ ਹੈ। ਤੁਹਾਡੀ ਘਰੇਲੂ ਲਾਇਬਰੇਰੀ ਵਿੱਚ ਕਿੰਨੇ ਕੁ ਮੁੱਲ ਦੀਆਂ ਕਿਤਾਬਾਂ ਹਨ। 2025 ਸਾਲ ਵਿੱਚ ਛਪੀਆਂ ਕਿਤਾਬਾਂ ਬਾਰੇ ਲਿਖ ਕੇ ਭੇਜੋ, ਜਿਹੜੀਆਂ ਤੁਹਾਨੂੰ ਬਹੁਤ ਚੰਗੀਆਂ ਲੱਗੀਆਂ ਤੇ ਉਹਦੀ ਕਿਹੜੀ ਖ਼ੂਬੀ ਚੰਗੀ ਲੱਗੀ। ਜਿਨ੍ਹਾਂ ਨੂੰ ਪੜ੍ਹ ਕੇ ਤੁਸੀਂ ਹੋਰ ਦੋਸਤਾਂ ਨੂੰ ਕਿਹਾ ਹੋਵੇ ਕਿ ਆਹ ਕਿਤਾਬਾਂ ਪੜ੍ਹੋ। ਲੇਖਕ ਤੇ ਪੁਸਤਕਾਂ ਵੇਚਣ ਵਾਲੇ ਸੱਜਣ ਨੂੰ 'ਪਾਠਕ' ਦੇ ਘੇਰੇ 'ਚੋਂ ਬਾਹਰ ਰੱਖਿਆ ਜਾਵੇਗਾ। ਪਾਠਕ ਦਾ ਨਾਂਅ-ਪਤਾ, ਈ ਮੇਲ ਅਤੇ ਮੋਬਾਇਲ ਨੰਬਰ ਅਤੇ ਵਿੱਦਿਅਕ ਯੋਗਤਾ? ਚਾਹਵਾਨ ਪਾਠਕ ਇਨ੍ਹਾਂ ਨੁਕਤਿਆਂ ਦੇ ਜਵਾਬ ਲਿਖ ਕੇ ਨਿਮਨ ਲਿਖਤ ਪਤੇ ਜਾਂ ਈ-ਮੇਲ ਕਰ ਸਕਦੇ ਹਨ।

e-mail_bhagwantrasulpuri@gmail.com

## .ਗ਼ਜ਼ਲ ਮੰਚ ਸਰੀ ਵੱਲੋਂ ਡਾ. ਰਾਜਿੰਦਰ ਪਾਲ ਬਰਾੜ ਤੇ ਡਾ. ਚਰਨਜੀਤ ਨਾਲ ਰੂਬਰੂ



**ਸਰੀ**-ਗ਼ਜ਼ਲ ਮੰਚ ਸਰੀ ਵੱਲੋਂ ਵਿਦਵਾਨ ਡਾ. ਰਾਜਿੰਦਰ ਪਾਲ ਸਿੰਘ ਬਰਾੜ ਤੇ ਡਾ. ਚਰਨਜੀਤ ਕੌਰ ਬਰਾੜ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਦੋਵਾਂ ਵਿਦਵਾਨਾਂ ਨੇ ਆਪਣੇ ਜੀਵਨ, ਅਧਿਆਪਨ ਸਫ਼ਰ ਅਤੇ ਸਿਰਜਣਾਤਮਕ ਤਜਰਬਿਆਂ ਬਾਰੇ ਵਿਆਖਿਆ ਸਹਿਤ ਗੱਲਬਾਤ ਕੀਤੀ।ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਮਹਿਮਾਨਾਂ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਇਸ ਵਿਦਵਾਨ ਜੋੜੀ ਨੇ ਆਪਣੀਆਂ ਸੇਵਾਵਾਂ ਰਾਹੀਂ ਪੰਜਾਬੀ ਸਾਹਿਤਕ ਖੇਤਰ ਵਿਚ ਬੜਾ ਮਾਣਯੋਗ ਸਥਾਨ ਹਾਸਲ ਕੀਤਾ ਹੈ। ਡਾ. ਰਾਜਿੰਦਰ ਪਾਲ ਬਰਾੜ ਨੇ ਦੱਸਿਆ ਕਿ ਉਹਨਾਂ ਨੂੰ ਬਚਪਨ ਤੋਂ ਹੀ ਪਰਵਾਰ ਵਿਚ ਸਾਹਿਤਕ ਮਾਹੌਲ ਮਿਲਿਆ। ਉਹਨਾਂ ਨੂੰ ਘਰ ਵਿਚ ਹੀ ਅਗਾਂਹਵਧੂ ਸਾਹਿਤ ਨਾਲ ਜੁੜਨ ਦਾ ਮੌਕਾ ਮਿਲਿਆ। ਪੰਜਾਬੀ ਯੂਨੀਵਰਸਿਟੀ ਵਿੱਚ ਹੀ ਉਹਨਾਂ ਦੀ ਮੁਲਾਕਾਤ ਅਗਾਂਹਵਧੂ ਖਿਆਲਾਂ ਦੀ ਬੜੀ ਸੰਘਰਸ਼ਸ਼ੀਲ ਸ਼ਖ਼ਸੀਅਤ ਡਾ. ਚਰਨਜੀਤ ਕੌਰ ਨਾਲ ਹੋਈ ਅਤੇ ਉਹ ਵਿਆਹ ਦੇ ਬੰਧਨ ਵਿਚ ਬੱਝ ਗਏ। ਡਾ: ਚਰਨਜੀਤ ਕੌਰ ਬਰਾੜ ਨੇ ਵੀ ਇਸ ਮੌਕੇ ਆਪਣੇ ਜੀਵਨ ਦੇ ਦਿਲਚਸਪ ਬਿਰਤਾਂਤ ਸਾਂਝੇ ਕੀਤੇ। ਗੱਲਬਾਤ ਤੋਂ ਬਾਅਦ ਕਵਿਤਾਵਾਂ, ਗ਼ਜ਼ਲਾਂ ਦਾ ਦੌਰ ਚੱਲਿਆ, ਜਿਸ ਵਿੱਚ ਹਾਜ਼ਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫ਼ਿਰੋਜ਼, ਸੁਖਜੀਤ ਹੁੰਦਲ ਅਤੇ ਪ੍ਰੀਤ ਮਨਪ੍ਰੀਤ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

## ਗੁਰਨਾਮ ਬਾਵਾ ਦੇ ਨਾਵਲ 'ਬੰਦੂਕ ਤੋਂ ਕਲ਼ਮ ਤੱਕ' 'ਤੇ ਕੀਤੀ ਵਿਚਾਰ-ਚਰਚਾ

**ਫਗਵਾੜਾ :** ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ. ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਦੇ ਗ੍ਰਹਿ ਫ਼ਗਵਾੜਾ ਵਿਖੇ ਸ਼ਾਇਰਾਂ ਦੀ ਦੁਨੀਆ ਵੱਲੋਂ ਚਰਚਿਤ ਨਾਵਲਕਾਰ ਗੁਰਨਾਮ ਬਾਵਾ ਦੇ ਨਵੇਂ ਆਏ ਤੀਜੇ ਨਾਵਲ 'ਬੰਦੂਕ ਤੋਂ ਕਲਮ ਤੱਕ' ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਬੋਲਦਿਆਂ ਪ੍ਰੋ. ਸੰਧੂ ਵਰਿਆਣਵੀ ਨੇ ਕਿਹਾ ਕਿ ਗੁਰਨਾਮ ਬਾਵਾ ਦੇ ਪਾਤਰ ਆਮ ਘਰਾਂ ਦੇ ਲੋਕ ਹੁੰਦੇ ਹਨ।ਇਕ ਨਾਵਲਕਾਰ ਵਜੋਂ ਗੁਰਨਾਮ ਬਾਵਾ ਆਪਣੇ ਆਲੇ-ਦੁਆਲੇ ਹੁੰਦੀਆਂ ਘਟਨਾਵਾਂ ਦਾ ਬਿਰਤਾਂਤ ਸਿਰਜਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੁੰਦਾ ਹੈ। ਜਗਦੀਸ਼ ਸਿੰਘ ਰਾਣਾ ਨੇ ਚਰਚਾ ਵਿੱਚ ਭਾਗ ਲੈਂਦਿਆਂ ਕਿਹਾ ਕਿ ਗੁਰਨਾਮ ਬਾਵਾ ਨੇ ਆਪਣੇ ਇਸ ਨਾਵਲ ਵਿਚ ਪੰਜਾਬ ਦੇ ਕਾਲੇ ਦਿਨਾਂ ਦੇ ਹਾਲਾਤ ਦਾ ਵਰਣਨ ਬੜੀ ਸੰਜੀਦਗੀ ਨਾਲ ਕੀਤਾ ਹੈ। ਜਸਵਿੰਦਰ ਸਿੰਘ ਜੱਸੀ ਨੇ ਕਿਹਾ ਕਿ ਗੁਰਨਾਮ ਬਾਵਾ ਦੇ ਨਾਵਲ ਦੀ ਵੱਡੀ ਵਿਸ਼ੇਸ਼ਤਾ ਹੈ ਕਿ ਆਮ ਲੋਕਾਂ ਦੀ ਗੱਲ ਆਮ ਲੋਕ ਭਾਸ਼ਾ ਵਿਚ ਕੀਤੀ ਗਈ ਹੈ। ਗ਼ਜ਼ਲਕਾਰ ਗੁਰਦੀਪ ਸਿੰਘ ਸੈਣੀ ਨੇ ਕਿਹਾ ਕਿ ਗੁਰਨਾਮ ਬਾਵਾ ਦਾ ਨਾਂਅ ਇੱਕ ਨਾਵਲਕਾਰ ਵਜੋਂ ਪੰਜਾਬੀ ਸਾਹਿਤ ਦੇ ਖ਼ੇਤਰ ਵਿੱਚ ਬੜੀ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ।ਇਸ ਮੌਕੇ ਗੁਰਨਾਮ ਬਾਵਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਗੁਰਨਾਮ ਬਾਵਾ ਨੇ ਭਾਵੁਕ ਹੁੰਦਿਆਂ ਤੇ ਸ਼ਾਇਰਾਂ ਦੀ ਦੁਨੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੇ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਪੰਜਾਬੀ ਸਾਹਿਤ ਜਗਤ ਦੀਆਂ ਨਾਮਵਰ ਹਸਤੀਆਂ ਕਦੀ ਉਸ ਦੇ ਨਾਵਲ 'ਤੇ ਵੀ ਵਿਚਾਰ-ਚਰਚਾ ਕਰਨਗੀਆਂ।



## ਬਾਘਾ ਪੁਰਾਣਾ ਸਭਾ ਵੱਲੋਂ ਮੁੱਢਲੇ ਮੈਂਬਰਾਂ ਦਾ ਵਿਸ਼ੇਸ਼ ਸਨਮਾਨ




**ਬਾਘਾ ਪੁਰਾਣਾ**-ਸਾਹਿਤ ਸਭਾ ਰਜਿ. ਬਾਘਾ ਪੁਰਾਣਾ ਵੱਲੋਂ ਸਭਾ ਦੇ ਮੁੱਢਲੇ ਅਤੇ ਸੀਨੀਅਰ 16 ਮੈਂਬਰਾਂ ਦਾ ਵਿਸ਼ੇਸ਼ ਸਨਮਾਨ ਸਭਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਦੀ ਰਹਿਨੁਮਾਈ ਹੇਠ ਕਰਵਾਏ ਗਏ ਇੱਕ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਕੂਲ ਆਫ਼ ਐਮੀਨੈਂਸ ਬਾਘਾ ਪੁਰਾਣਾ ਵਿਖੇ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਦੌਰਾਨ ਸਭਾ ਦੇ ਸਕੱਤਰ ਸਾਗਰ ਸਫ਼ਰੀ ਵੱਲੋਂ ਪਿਛਲੇ ਵਰ੍ਹੇ ਦੀ ਸਾਲਾਨਾ ਕਾਰਗੁਜ਼ਾਰੀ ਸੰਬੰਧੀ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ ਗਈ ਅਤੇ ਸਭਾ ਦੇ ਕੈਸ਼ੀਅਰ ਜਸਵੰਤ ਸਿੰਘ ਜੱਸੀ ਵੱਲੋਂ ਵਿੱਤੀ ਖਰਚਿਆਂ ਦੀ ਲੇਖਾ-ਜੋਖਾ ਸੰਬੰਧੀ ਜਾਣਕਾਰੀ ਦਿੱਤੀ ਗਈ। ਉਪਰੰਤ ਸਭਾ ਦੇ ਮੁੱਢਲੇ ਮੈਂਬਰ ਨਿਰੰਜਣ ਬੋਹਾ ਵੱਲੋਂ ਪਿਛਲੇ 45 ਸਾਲਾਂ ਤੋਂ ਲੈ ਕੇ ਹੁਣ ਤੱਕ ਸਮਾਗਮ ਦੀ ਸ਼ਲਾਘਾ ਕੀਤੀ ਗਈ। ਉਪਰੰਤ ਸਮੂਹ ਪ੍ਰਬੰਧਕਾਂ ਵੱਲੋਂ ਸੀਨੀਅਰ ਮੈਂਬਰ ਨਿਰੰਜਣ ਬੋਹਾ, ਜਗਜੀਤ ਸਿੰਘ ਬਾਵਰਾ, ਈਸ਼ਰ ਸਿੰਘ ਲੰਭਵਾਲੀ, ਮਾ. ਲਾਭ ਸਿੰਘ ਡੋਡ, ਅਮਰਜੀਤ ਸਿੰਘ ਰਣੀਆਂ, ਸਰਵਣ ਸਿੰਘ ਪਤੰਗ, ਹਰਨੇਕ ਸਿੰਘ ਨੇਕ ਰਾਜਿਆਣਾ, ਹਰਚਰਨ ਸਿੰਘ ਰਾਜੇਆਣਾ, ਕਰਮ ਸਿੰਘ ਕਰਮ, ਮਾ. ਬਿੱਕਰ ਸਿੰਘ ਭਲੂਰ, ਨਛੱਤਰ ਸਿੰਘ ਪ੍ਰੇਮੀ, ਨੈਬ ਸਿੰਘ ਰੋਡੇ, ਸੁਰਜੀਤ ਸਿੰਘ ਕਾਲੇਕੇ, ਅਸ਼ੋਕ ਕੁਮਾਰ ਚੱਟਾਨੀ, ਕਾਮਰੇਡ ਜੋਗਿੰਦਰ ਸਿੰਘ ਨਾਹਰ ਨੱਥੂਵਾਲਾ, ਜਸਵੀਰ ਸ਼ਰਮਾ ਦੱਦਾਹੂਰ ਨੂੰ ਸਭਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਅਤੇ ਬਾਕੀ ਮੈਂਬਰਾਂ ਵੱਲੋਂ ਸਨਮਾਨ ਚਿੰਨ੍ਹ ਅਤੇ ਲੋਈਆਂ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲਾਭ ਸਿੰਘ ਡੋਡ ਵੱਲੋਂ 1100, ਹਰਨੇਕ ਸਿੰਘ ਨੇਕ ਰਾਜੇਆਣਾ ਵੱਲੋਂ 500 ਰੁਪਏ ਦੀ ਸਹਾਇਤਾ ਰਾਸ਼ੀ ਸਭਾ ਦੇ ਪ੍ਰਬੰਧਕਾਂ ਨੂੰ ਭੇਟ ਕੀਤੀ ਗਈ। ਸਮਾਗਮ ਦੇ ਅਖੀਰ ਵਿੱਚ ਹੋਏ ਕਵੀ ਦਰਬਾਰ ਵਿੱਚ ਤਕਰੀਬਨ ਦੋ ਦਰਜਨ ਸ਼ਾਇਰਾਂ ਨੇ ਆਪਣੀ ਸ਼ਾਇਰੀ ਪੇਸ਼ ਕੀਤੀ।

# ਸਮਕਾਲ

---- ਭਗਵੰਤ ਰਸੂਲਪੁਰੀ----

### ਸਿਰਜਣਾ : ਵਿਸ਼ੇਸ਼ ਹਨੇਰੇ 'ਚ ਖੁੱਭਿਆ ਕੱਚ ਸੁਰਜੀਤ ਪਾਤਰ




ਸਿਰਜਣਾ-219 (ਜਨਵਰੀ-ਮਾਰਚ,2026) ਅੰਕ ਦੀ ਸੰਪਾਦਕੀ ਦੇਵ ਦੇ ਵਿਛੋੜੇ ਦੀ ਗੱਲ ਕਰਦੀ ਹੈ। ਹੱਥਲੇ ਅੰਕ ਵਿੱਚ ਜਸਵੰਤ ਦੀਦ ਦਾ ਸ਼ਬਦ ਚਿੱਤਰ 'ਹਨੇਰੇ 'ਚ ਖੁੱਭਿਆ ਕੱਚ-ਸੁਰਜੀਤ ਪਾਤਰ' ਕਮਾਲ ਦੀ ਰਚਨਾ ਹੈ। ਦੀਦ ਨੂੰ ਤੇਜ਼ ਤਰਾਰ ਫਿਕਰੇ ਲਿਖਣ ਦੀ ਸੋਝੀ ਹੈ। ਪਾਤਰ ਦੇ ਸਮੁੱਚੇ ਬਿੰਬ ਨੂੰ ਬੜੀ ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਅੰਕ ਵਿੱਚ ਜਤਿੰਦਰ ਸਿੰਘ ਹਾਂਸ (ਨਰ-ਮੇਧ ਯੱਗ), ਲਾਲ ਸਿੰਘ (ਰੂ-ਬ-ਰੂ), ਐਬਰ ਹੁਸੈਨੀ (ਆਹ ਕੋਈ ਮਸਲਾ?), ਅਨੇਮਨ ਸਿੰਘ (ਭੁਗਤੂ) ਚਾਰ ਕਹਾਣੀਆਂ ਛਪੀਆਂ ਹਨ। ਹਾਂਸ ਨੇ ਡੇਰਿਆਂ ਵਿੱਚ ਨਾਰੀ ਹੋਂਦ ਦੇ ਮਸਲੇ ਬੜੀ ਕੁਸ਼ਲਤਾ ਨਾਲ ਉਭਾਰੇ ਹਨ। ਚੰਗੀ ਕਹਾਣੀ ਹੈ। ਬਲਬੀਰ ਪਰਵਾਨਾ ਨੇ 'ਰੌਲਿਆਂ ਵੇਲੇ' ਦੀ ਰਚਨਾ ਪ੍ਰਕਿਰਿਆ ਲਿਖੀ ਹੈ। ਗੁਰਦੇਵ ਸਿੰਘ ਸਿੱਧੂ ਨੇ 'ਗ਼ਦਰੀ ਐਜੂਕੇਸ਼ਨਲ ਵਜ਼ੀਫ਼ੇ' ਲੇਖ ਵੀ ਚੰਗਾ ਹੈ। ਵਰਿਆਮ ਸੰਧੂ ਦੀ ਕਿਤਾਬ 'ਵਰ੍ਹਿਆਂ ਪਿੱਛੋਂ' 'ਤੇ ਰਾਜਿੰਦਰਪਾਲ ਸਿੰਘ ਨੇ ਲਿਖਿਆ ਹੈ। ਰਾਜਾ ਸਾਦਿਕ ਉੱਲਾ, ਦੇਵਿੰਦਰ ਬਿਮਰਾ, ਗੁਰਿੰਦਰਜੀਤ ਦੀਆਂ ਕਵਿਤਾਵਾਂ ਸਮੇਤ ਮਨਕਥੀਆਂ, ਹਵੇਲੀਆਲ਼ਾ, ਮੌਸਮ ਠੀਕ ਨਹੀਂ, ਤੇਰੇ ਕਰਕੇ, ਰਾਵੀ ਤੋਂ ਘੱਗਰ ਵਾਇਆ ਸਤਲੁਜ, ਕਿਤਾਬਾਂ ਦੇ ਰਿਵਿਊ ਛਪੇ ਹਨ।

ਇਸ ਅੰਕ ਦੇ ਸਫ਼ੇ : 96, ਮੁੱਲ : 50 ਰੁਪਏ, ਸੰਪਾਦਕ : ਰਘਬੀਰ ਸਿੰਘ (91-172-2601693), ਰਚਨਾਵਾਂ ਭੇਜਣ ਲਈ ਈ-ਮੇਲ : sirjanasahitak@gmail.com

### ਕਹਾਣੀ ਧਾਰਾ : ਦੋ ਕਹਾਣੀ ਗੋਸ਼ਟੀਆਂ ਤੇ 11 ਕਹਾਣੀਆਂ

ਕਹਾਣੀ ਧਾਰਾ-80 (ਜਨਵਰੀ-ਮਾਰਚ,2026) ਅੰਕ ਛਪ ਗਿਆ ਹੈ।




'ਭਾਰਤੀ ਸਾਹਿਤ ਅਕਾਦਮੀ ਦੀ ਖ਼ੁਦਮੁਖਤਿਆਰੀ ਸਵਾਲਾਂ ਦੇ ਘੇਰੇ 'ਚ' ਅਹਿਮ ਮੁੱਦੇ 'ਤੇ ਸੰਪਾਦਕੀ ਹੈ। ਸੰਪਾਦਕੀ 'ਚ ਸੱਤਾ 'ਤੇ ਬੈਠੀ ਕੇਂਦਰੀ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ ਹੈ। ਅੰਕ 'ਚ ਨਰਿੰਜਰ ਬੋਹਾ, ਐੱਚ. ਐੱਸ. ਡਿੰਪਲ, ਡਾ. ਸੰਦੀਪ ਰਾਣਾ ਤੇ ਰਸੂਲਪੁਰੀ ਵੱਲੋਂ ਕੀਤੀ 'ਬੀਤੇ ਵਰ੍ਹੇ 2025 ਦੀ ਪੰਜਾਬੀ ਕਹਾਣੀ' ਅਤੇ ਬਲਬੀਰ ਪਰਵਾਨਾ, ਹਰਵਿੰਦਰ ਭੰਡਾਲ, ਬਿੰਦਰ ਬਸਰਾ ਤੇ ਸਿਮਰਨ ਧਾਲੀਵਾਲ ਵੱਲੋਂ 'ਸਮਕਾਲੀ ਪੰਜਾਬੀ ਕਹਾਣੀ ਦਸ਼ਾ ਤੇ ਦਿਸ਼ਾ' ਤੇ ਦੋ ਕੀਤੀਆਂ ਹੋਈਆਂ ਗੋਸ਼ਟੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਆਈਜ਼ਾਕ ਬਸ਼ੇਵਿਸ ਸਿੰਗਰ (ਚਿਮਨੀਆਂ ਵਾਲਾ, ਪੋਲਿਸ਼) ਤੇ ਚੇਨਿਓਵਾ ਐੱਚ ਬੀ. (ਬਾਲ ਮਰਨੀ, ਅਫ਼ਰੀਕੀ) ਕਹਾਣੀਆਂ ਸਮੇਤ ਕ੍ਰਿਸ਼ਣੇਂਦੂ ਮੁਖੋਪਾਧਿਆਏ (ਸਿਆ, ਬੰਗਲਾ), ਅਨੁਜੀਤ ਇਕਬਾਲ (ਪਾਪਾ ਦੀ ਪ੍ਰੋਫ਼ਾਈਲ, ਹਿੰਦੀ), ਉਪੇਂਦਰ ਨਾਥ ਅਸ਼ਕ (ਡਾਚੀ, ਉਰਦੂ), ਸਮੀਨਾ ਅਸਮਾਂ (ਇਹ ਕੋਈ ਕਹਾਣੀ ਨਹੀਂ, ਸ਼ਾਹਮੁਖੀ) ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਅੰਕ 'ਚ ਪੰਜ ਪੰਜਾਬੀ ਕਹਾਣੀਆਂ, ਮਾਂ ਦਾਦੀ ਤੇ ਢਾਈ ਕਮਰੇ (ਹਰਮੇਸ਼ ਮਾਲੜੀ), ਮਿਰਜ਼ਾ ਇੰਝ ਨਾ ਡੋਲਦਾ (ਜੋਗੇ ਭੰਗਲ), ਤਨਹਾਈ ਤੋਂ ਪਰੇ (ਜਸਬੀਰ ਮਾਨ), ਉਹ ਦੋਸ਼ੀ ਨਹੀਂ ਸੀ (ਪਰਮਿੰਦਰ ਸਵੈਚ), ਦੇਖਣ ਵਾਲੇ (ਸੁਰਿੰਦਰ ਕੁਮਾਰ ਬਿਰਹਾ) ਛਪੀਆਂ ਹਨ। ਹਰਜਿੰਦਰ ਸਿੰਘ ਸੂਰੇਵਾਲੀਆ ਨੇ 'ਤਾਂ ਜ਼ਿੰਦਗੀ ਹੋਰ ਹੋਣੀ ਸੀ' ਸਵੈ ਅਨੁਭਵ ਛਪਿਆ ਹੈ। ਜਨ ਬੋਧ ਕਾਲਮ 'ਚ 'ਐਡਵਰਡ ਬਰਨਟ ਟਾਈਲਰ ਦਾ ਮਿੱਥ ਚਿੰਤਨ' ਦੇ ਮਹੱਤਵਪੂਰਨ ਲੇਖ ਹੈ। ਮੌਸਮ ਠੀਕ ਨਹੀਂ, ਕੰਨੀ ਦਾ ਕਿਆਰਾ, ਰੰਗਾਂ ਦੀ ਖੇਡ, ਗਲੇਸ਼ੀਅਰ ਪਿਘਲ ਗਿਆ ਕਿਤਾਬਾਂ ਦੇ ਰੀਵਿਊ ਹਨ। ਬਲਬੀਰ ਕੌਰ ਸੰਘੇੜਾ ਦੀ ਕਹਾਣੀ ਉੱਤੇ ਨੀਰੂ ਗੁਪਤਾ ਤੇ 'ਅੰਬਰ ਵੱਲ ਉਡਾਨ' ਉੱਤੇ ਡਾ. ਮਨਪ੍ਰੀਤ ਕੌਰ ਦੇ ਖੋਜ ਪੇਪਰ ਛਪੇ ਹਨ। ਅੰਤ ਵਿੱਚ 'ਮੇਰਾ ਸਟੱਡੀ ਟੇਬਲ' ਵਿੱਚ ਇਕ ਦਰਜਨ ਕਿਤਾਬਾਂ ਉੱਤੇ ਟਿੱਪਣੀਆਂ ਛਪੀਆਂ ਹਨ।

ਇਸ ਅੰਕ ਦੇ ਸਫ਼ੇ : 160, ਮੁੱਲ : 100 ਰੁਪਏ, ਸੰਪਾਦਕ : ਭਗਵੰਤ ਰਸੂਲਪੁਰੀ (94170-64350), ਰਚਨਾਵਾਂ ਭੇਜਣ ਲਈ ਈ-ਮੇਲ : kahanidhara @gmail.com

### ਸ਼ਬਦ ਸਪਲੀਮੈਂਟ-43 : ਆਲੋਚਨਾ ਵਿਸ਼ੇਸ਼ ਅੰਕ

'ਸ਼ਬਦ ਸਪਲੀਮੈਂਟ' ਜਨਵਰੀ, 2026 ਅੰਕ 'ਆਲੋਚਨਾ ਵਿਸ਼ੇਸ਼ ਅੰਕ' ਵਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਵੱਡ ਅਕਾਰੀ ਇਸ ਅੰਕ ਦੇ ਮਹਿਮਾਨ ਸੰਪਾਦਕ ਗੁਰਬੀਰ ਸਿੰਘ ਬਰਾੜ ਹਨ। ਸੰਪਾਦਕੀ ਵਿੱਚ ਉਨ੍ਹਾਂ ਮੰਨਿਆ ਹੈ ਕਿ ਪੰਜਾਬੀ ਆਲੋਚਨਾ ਦੇ ਪਾਠਕ ਬਹੁਤ ਘੱਟ ਹਨ। ਅੰਕ ਵਿੱਚ 34 ਨਵੇਂ ਆਲੋਚਕਾਂ ਦੇ ਮਹੱਤਵਪੂਰਨ ਖੋਜ ਪੇਪਰ ਛਪੇ ਹਨ।




ਡਾ. ਰਮਨਪ੍ਰੀਤ ਕੌਰ ਦਾ ਪੰਜਾਬੀ ਭਾਸ਼ਾ, ਡਾ. ਜੇ. ਬੀ. ਸੇਖੋਂ ਦਾ ਸਤਨਾਜਾ ਕਿਤਾਬ, ਅਰਵਿੰਦਰ ਕੌਰ ਕਾਕੜਾ ਦਾ ਨਲਵਾ ਜਰਨੈਲ ਬਾਝੋਂ, ਡਾ. ਗੁਰਪ੍ਰੀਤ ਕੌਰ ਦਾ ਦੂਸਰੀ ਸੀਤਾ, ਪਰਮਜੀਤ ਕੌਰ-ਡਾ. ਰਮਨਪ੍ਰੀਤ ਕੌਰ ਦਾ ਬੌਧਿਕ ਸ਼ੈਲੀ ਵਿਗਿਆਨ, ਡਾ. ਸਰਬਜੀਤ ਸਿੰਘ ਦਾ ਨਾਨਕ ਸਿੰਘ ਦੀਆਂ ਲਿਖਤਾਂ, ਡਾ. ਪਰਮਜੀਤ ਕੌਰ ਸਿੱਧੂ ਦਾ ਨਾਰੀਵਾਦ ਸੰਦਰਭ, ਗੁਰਬੀਰ ਸਿੰਘ ਬਰਾੜ ਦਾ ਰਵੀ ਸ਼ੇਰਗਿੱਲ ਦੀ ਕਹਾਣੀ ਜਦੋਂ ਜੜ੍ਹਾਂ ਦੇਖ ਲਏ, ਡਾ. ਹਰਜਿੰਦਰ ਸਿੰਘ ਸੇਖੋਂ ਦਾ ਪਾਰਲੇ ਪੁਲ਼, ਡਾ. ਸੁਮਨਜੀਤ ਕੌਰ ਦਾ ਵਿਸ਼ਵੀਕਰਨ ਦੀਆਂ ਚੁਣੌਤੀਆਂ, ਡਾ. ਗੁਰਪ੍ਰੀਤ ਕੌਰ ਪੰਨੂ ਦਾ ਪੰਜਾਬੀ ਪਛਾਣ ਦਾ ਮਸਲਾ, ਵੀਰ ਕੌਰ-ਡਾ. ਸਰਬਜੀਤ ਸਿੰਘ ਦਾ ਮਿੱਟੀ ਬੋਲ ਪਈ, ਡਾ. ਗੁਰਦੀਪ ਸਿੰਘ ਭੁੱਲਰ ਦਾ 'ਰੰਗਾਂ ਦੀ ਖੇਡ' , ਡਾ. ਵਿਸ਼ਾਲ ਕੁਮਾਰ ਦਾ 'ਤੁਮ ਕਿਉਂ ਉਦਾਸ ਹੋ', ਲਖਵੀਰ ਲੈਜ਼ੀਆ ਦਾ ਹੁਸੈਨ ਫ਼ਕੀਰ ਰਚਨਾ, ਡਾ. ਜਸਪ੍ਰੀਤ ਕੌਰ ਦਾ ਸਕੂਨ ਸਿੰਘ ਦੇ ਅੰਗਰੇਜ਼ੀ ਨਾਵਲ 'ਇਨ ਦਾ ਲੈਂਡ , ਡਾ. ਵਿਸ਼ਾਲ ਭਾਰਦਵਾਜ ਦਾ ਕਰਮ ਅਤੇ ਕਿਸਮਤ, ਡਾ. ਹਰਿੰਦਰ ਸਿੰਘ ਤੁੜ ਦਾ 'ਡਲਿਵਰੀ ਮੈਨ' ਆਦਿ ਉੱਤੇ ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਇਸ ਤੋਂ ਇਲਾਵਾ ਡਾ. ਸ਼ਰਨਜੀਤ ਕੌਰ, ਡਾ. ਨਵਤੇਜ ਕੌਰ, ਡਾ. ਕਮਲਪ੍ਰੀਤ ਕੌਰ, ਡਾ. ਹਰਜਿੰਦਰ ਸਿੰਘ, ਗੁਰਜਿੰਦਰ ਕੌਰ, ਨਿਰਵੈਰ ਸਿੰਘ, ਡਾ. ਮਨਦੀਪ ਕੌਰ, ਡਾ. ਸੁਖਵਿੰਦਰ ਕੌਰ, ਡਾ. ਸੰਦੀਪ ਸਿੰਘ, ਡਾ. ਪਰਮਪਾਲ ਸਿੰਘ, ਡਾ. ਗਗਨਦੀਪ ਸਿੰਘ, ਡਾ. ਯਾਦਵਿੰਦਰ ਕੌਰ, ਸ਼ਹਿਬਾਜਦੀਪ ਸਿੰਘ ਗੁਲਸ਼ਨ, ਡਾ. ਮਲਕੀਅਤ ਸਿੰਘ , ਡਾ. ਬਲਜੀਤ ਸਿੰਘ, ਡਾ. ਹਰਮੀਤ ਕੌਰ ਭੁੱਲਰ ਤੇ ਡਾ. ਹਰਜਿੰਦਰ ਕੌਰ ਦੇ ਖੋਜ ਪੇਪਰ ਵੀ 'ਸ਼ਬਦ ਸਪਲੀਮੈਂਟ' ਦੇ ਹੱਥਲੇ ਅੰਕ ਵਿੱਚ ਪ੍ਰਕਾਸ਼ਤ ਹੋਏ ਹਨ।

ਇਸ ਅੰਕ ਦੇ ਸਫ਼ੇ : 300, ਮੁੱਲ : 250 ਰੁਪਏ, ਮੁੱਖ ਸੰਪਾਦਕ :ਹਰਜੀਤ ਅਟਵਾਲ, ਸੰਪਾਦਕ :ਜਿੰਦਰ (98148-03254), ਰਚਨਾਵਾਂ ਭੇਜਣ ਲਈ ਈ-ਮੇਲ : jinder340 @gmail.com

### ਏਕਮ : ਪ੍ਰੇਮ ਮਾਨ ਦਾ ਨਿਬੰਧ 'ਕੁਝ ਮਹੱਤਵਪੂਰਨ ਗੱਲਾਂ'

'ਏਕਮ' ਦੇ ਜਨਵਰੀ-ਮਾਰਚ,2026 ਅੰਕ ਵਿੱਚ ਪ੍ਰੇਮ ਮਾਨ ਦਾ ਵਿਸ਼ੇਸ਼ ਲੇਖ 'ਕੁਝ ਮਹੱਤਵਪੂਰਨ ਗੱਲਾਂ' ਪੜ੍ਹਨ ਵਾਲਾ ਤੇ ਗੌਰ ਕਰਨ ਵਾਲਾ ਵਿਸ਼ੇਸ਼ ਲੇਖ ਹੈ। ਪੰਜਾਬ ਦੀ ਸਥਿਤੀ 'ਤੇ ਸੰਪਾਦਕੀ ਹੈ। ਸ਼ਾਇਰ ਵਿਸ਼ੇਸ਼ ਵਜੋਂ ਸ਼ਮਸ਼ੇਰ ਮੋਹੀ ਦੀ ਸ਼ਾਇਰੀ ਬਾਰੇ ਸੰਵਾਦ ਤੇ ਗ਼ਜ਼ਲਾਂ ਛਪੀਆਂ ਹਨ। ਸੁਖਪਾਲ, ਸੁਕੀਰਤ,




ਭਗਵਾਨ ਢਿੱਲੋਂ, ਹਰਮਿੰਦਰ ਸਿੰਘ ਕੋਹਾਰਵਾਲਾ, ਗਿੱਲ ਸੁਰਿੰਦਰ, ਮਨਿੰਦਰ ਕੌਰ ਮਨ, ਡਾ. ਰਾਕੇਸ਼ ਤਿਲਕ ਰਾਜ, ਸੰਤੋਖ ਸ਼ਾਹਰਯਾਰ, ਸੁਖਿੰਦਰ, ਅਨੂ ਬਾਲਾ, ਦਲਵੀਰ ਕੌਰ, ਜਸਪਾਲ ਸੰਧੂ, ਸਿਮਰਨਜੀਤ ਕੌਰ ਸਿਮਰ, ਸਰਦਾਰ ਪੰਛੀ, ਜਸਬੀਰ ਦੱਧਾਹੂਰ ਦੀ ਸ਼ਾਇਰੀ ਛਪੀ ਹੈ। ਜਸਬੀਰ ਭੁੱਲਰ (ਸੂਹੇ ਗੁਲਾਬਾਂ ਦੀ ਹਮਕ), ਸੁਰਿੰਦਰ ਸਿੰਘ ਤੇਜ (ਸੁੱਚੀ ਮਾਯਾ), ਰਾਜਪ੍ਰੀਤ ਕੌਰ ਬੈਨੀਪਾਲ (ਸੋਨੇ ਦੀਆਂ ਬੇੜੀਆਂ), ਸੁਖਮਿੰਦਰ ਸੇਖੋਂ (ਕਲਾ ਸ਼੍ਰੀ), ਯੋਗੇਂਦਰ ਆਹੂਜਾ (ਡਾ. ਜਿਵਾਗੋ), ਡਾ. ਅਖਤਰ ਆਜ਼ਾਦ (ਲਕੜ ਬੱਘਾ) ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। 'ਜ਼ਿੰਦਾਦਿਲੀ ਦਾ ਮੁਜੱਸਮਾ ਮੋਹਿੰਦਰ ਸਿੰਘ ਹੱਲਣ' ਵਿਅਕਤੀ ਚਿੱਤਰ ਵਰਿਆਮ ਸਿੰਘ ਸੰਧੂ ਨੇ ਲਿਖਿਆ ਹੈ। ਸਆਦਤ ਹਸਨ ਮੰਟੋ ਦਾ 'ਇਸਮਤ ਚੁਗਤਾਈ ਅਤੇ ਮੈਂ' ਸ਼ਬਦ ਚਿੱਤਰ ਵੀ ਪੜ੍ਹਨ ਨੂੰ ਮਿਲ ਜਾਂਦਾ ਹੈ।

ਇਸ ਅੰਕ ਦੇ ਸਫ਼ੇ : 80, ਮੁੱਲ : 100 ਰੁਪਏ, ਸੰਪਾਦਕ : ਅਰਤਿੰਦਰ ਸੰਧੂ, ਰਚਨਾਵਾਂ ਭੇਜਣ ਲਈ ਈ-ਮੇਲ : sandhuartinder89 @gmail.com

# ਪਾਠਕਾਂ ਦੇ ਝਰੋਖੇ 'ਚੋਂ

## ਨਵਾਂ ਜ਼ਮਾਨਾ ਦਾ ਸਾਲਾਨਾ ਸਾਹਿਤਕ ਅੰਕ : ਇਕ ਸਮੁੱਚੀ ਸਾਹਿਤਕ ਸਮੀਖਿਆ

ਪੰਜਾਬੀ ਸਾਹਿਤ ਦੀ ਗਤੀਸ਼ੀਲਤਾ ਨੂੰ ਦਰਜ ਕਰਨ ਅਤੇ ਉਸ ਦੀ ਦਿਸ਼ਾ ਨੂੰ ਸਮਝਣ ਵਿੱਚ ਨਵਾਂ ਜ਼ਮਾਨਾ ਅਖ਼ਬਾਰ ਦਾ ਸਾਲਾਨਾ ਲੇਖ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਾਲ ਭਰ ਅਖ਼ਬਾਰ ਦੇ ਸਾਹਿਤਕ ਸਫ਼ਿਆਂ 'ਤੇ ਵੱਖ-ਵੱਖ ਵਿਧਾਵਾਂ ਨਾਲ ਸੰਬੰਧਤ ਕਿਤਾਬਾਂ ਦੇ ਰੀਵਿਊ ਛਪਦੇ ਰਹਿੰਦੇ ਹਨ, ਪਰ ਸਾਲ ਦੇ ਅੰਤ ਵਿੱਚ ਆਉਣ ਵਾਲਾ ਇਹ ਲੇਖ ਉਨ੍ਹਾਂ ਸਾਰਿਆਂ ਨੂੰ ਇਕ ਸਮੁੱਚੇ ਸਾਹਿਤਕ ਪਰਿਪੇਖ ਵਿੱਚ ਜੋੜਦਾ ਹੈ। ਇਨ੍ਹਾ ਲੇਖਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਕਿਤਾਬਾਂ ਦੀ ਸਿਰਫ਼ ਪ੍ਰਸੰਸਾ ਜਾਂ ਆਲੋਚਨਾ ਹੀ ਨਹੀਂ ਹੁੰਦੀ, ਸਗੋਂ ਸਾਲ ਭਰ ਦੇ ਸਾਹਿਤਕ ਰੁਝਾਨਾਂ, ਪ੍ਰਮੁੱਖ ਵਿਸ਼ਿਆਂ ਅਤੇ ਨਵੀਂ ਉੱਭਰ ਰਹੀ ਲੇਖਕ ਪੀੜ੍ਹੀ ਦੀ ਪਛਾਣ ਕੀਤੀ ਜਾਂਦੀ ਹੈ। ਕਵਿਤਾ, ਕਹਾਣੀ, ਨਾਵਲ, ਨਾਟਕ, ਬਾਲ ਸਾਹਿਤ ਅਤੇ ਆਲੋਚਨਾ ਹਰ ਵਿਧਾ ਨੂੰ ਸਮਾਜਿਕ, ਇਤਿਹਾਸਕ ਅਤੇ ਸਮਕਾਲੀ ਸੰਦਰਭ ਵਿੱਚ ਪਰਖਿਆ ਜਾਂਦਾ ਹੈ। ਇਹ ਲੇਖ ਵਿਅਕਤੀਗਤ ਲੇਖਕਾਂ ਤੋਂ ਉਪਰ ਉੱਠ ਕੇ ਸਾਹਿਤ ਨੂੰ ਸਮਾਜਿਕ ਹਲਚਲ ਨਾਲ ਜੋੜਦਾ ਹੈ। ਇਹ ਨਵੇਂ ਲੇਖਕਾਂ ਲਈ ਆਤਮ-ਮੁਲਾਂਕਣ ਦਾ ਦਰਪਣ ਅਤੇ ਖੋਜਕਰਤਾਵਾਂ ਲਈ ਮਹੱਤਵਪੂਰਨ ਦਸਤਾਵੇਜ਼ ਬਣਦਾ ਹੈ। ਇਸ ਤਰ੍ਹਾਂ ਇਹ ਲੇਖ ਪੰਜਾਬੀ ਸਾਹਿਤ ਦੀ ਨਬਜ਼ ਨੂੰ ਟਟੋਲਣ ਵਾਲੀ ਇਕ ਗੰਭੀਰ ਬੌਧਿਕ ਕਸੌਟੀ ਸਾਬਤ ਹੁੰਦਾ ਹੈ।

ਡਾ. ਸਰਬਜੀਤ ਸਿੰਘ ਲਾਲ ਸਿੰਘ ਦਿਲ ਨੂੰ ਪੰਜਾਬੀ ਕਾਵਿ ਸੰਸਾਰ ਵਿੱਚ ਲੋਕ ਵੇਦਨਾ ਦੀ ਕਾਵਿ ਸੁਰ ਸਥਾਪਤ ਕਰਨ ਵਾਲੇ ਅਤੇ ਇਤਿਹਾਸਕ ਤੌਰ 'ਤੇ ਹਾਸ਼ੀਏ 'ਤੇ ਧੱਕੇ ਗਏ ਮਨੁੱਖਤਾ ਦੀ ਅਸਤਿਤਵੀ ਪੀੜ ਨੂੰ ਆਪਣੀ ਰਚਨਾਤਮਕ ਚੇਤਨਾ ਦਾ ਕੇਂਦਰ ਬਣਾਉਣ ਵਾਲੇ ਕਵੀ ਸਥਾਪਤ ਕਰਦੇ ਹਨ। ਉਹਨਾਂ ਵੱਲੋਂ ਲਿਖਿਆ ਗਿਆ ਲੇਖ 'ਪਥਰਾਈ ਮਨੁੱਖਤਾ ਦਾ ਪ੍ਰਵਕਤਾ : ਲਾਲ ਸਿੰਘ ਦਿਲ' ਕਵੀ ਦੀ ਰਚਨਾਤਮਕ ਅਤੇ ਵਿਚਾਰਧਾਰਾਤਮਕ ਭੂਮਿਕਾ ਨੂੰ ਦਾਰਸ਼ਨਿਕ ਗੰਭੀਰਤਾ ਨਾਲ ਵਿਸ਼ਲੇਸ਼ਣ ਕਰਦਾ ਹੈ। ਲਾਲ ਸਿੰਘ ਦਿਲ ਨੂੰ ਸਿਰਫ਼ ਬਗ਼ਾਵਤੀ ਕਵੀ ਦੇ ਰੂਪ ਵਿੱਚ ਨਹੀਂ, ਸਗੋਂ ਵਰਗੀ ਅਨਿਆਂ, ਇਤਿਹਾਸਕ ਵਿਸਥਾਪਨ ਅਤੇ ਮਨੁੱਖੀ ਅਪਮਾਨ ਦੇ ਸਾਖੀਕਾਰ ਵਜੋਂ ਸਥਾਪਤ ਕਰਦਾ ਹੈ। ਉਹ ਦਰਸਾਉਂਦੇ ਹਨ ਕਿ ਦਿਲ ਦੀ ਕਵਿਤਾ ਵਿੱਚ ਪ੍ਰਗਟ ਹੋਣ ਵਾਲੀ ਤਿੱਖੀ ਭਾਸ਼ਾ, ਪ੍ਰਤੀਕਾਤਮਕ ਸੰਰਚਨਾ ਅਤੇ ਵਿਰੋਧੀ ਸੁਰ ਕਿਸੇ ਕਾਵਿ-ਰੁਮਾਂਟਿਕ ਦੀ ਉਪਜ ਨਹੀਂ, ਬਲਕਿ ਹੰਢਾਏ ਹੋਏ ਅਨੁਭਵਾਂ ਦੀ ਅਭਿਵਿਅਕਤੀ ਹੈ। ਇਹ ਅਲੋਚਨਾਤਮਕ ਅਧਿਐਨ ਮਾਰਕਸਵਾਦੀ ਚੇਤਨਾ, ਦਲਿਤ ਅਨੁਭਵ ਅਤੇ ਇਨਕਲਾਬੀ ਦ੍ਰਿਸ਼ਟੀ ਦੇ ਸੰਦਰਭ ਵਿੱਚ ਦਿਲ ਦੀ ਕਵਿਤਾ ਨੂੰ ਸਮਝਣ ਦੀ ਸੁਚੱਜੀ ਕੋਸ਼ਿਸ਼ ਕਰਦਾ ਹੈ। ਡਾ. ਸਰਬਜੀਤ ਦੀ ਆਲੋਚਨਾ ਸੰਤੁਲਿਤ ਹੈ, ਕਿਉਂਕਿ ਉਹ ਕਵੀ ਦੀ ਤੀਖਣ ਬਿਆਨਕਾਰੀ ਨੂੰ ਕਲਾਤਮਿਕ ਸੀਮਾ ਨਹੀਂ, ਸਗੋਂ ਵਿਚਾਰਧਾਰਕ ਤਾਕਤ ਵਜੋਂ ਮੰਨਦੇ ਹਨ।

ਜਗਦੀਸ਼ ਰਾਏ ਕੁਲਰੀਆਂ 2025 ਦੀ ਪੰਜਾਬੀ ਮਿੰਨੀ ਕਹਾਣੀ : ਨਵੇਂ ਲੇਖਕਾਂ ਦੀ ਆਮਦ ਅਧਿਐਨ ਸਮਕਾਲੀ ਪੰਜਾਬੀ ਸਾਹਿਤ ਵਿੱਚ ਇੱਕ ਵਿਚਾਰਸ਼ੀਲ ਸੰਕਲਪ ਦੇ ਪੱਧਰ ਨੂੰ ਸਪਸ਼ਟ ਕਰਦਾ ਹੈ। ਉਨ੍ਹਾਂ ਦੇ ਲੇਖ ਇਸ ਗੱਲ ਦਾ ਪ੍ਰਮਾਣ ਹਨ ਕਿ ਉਹ ਸਾਹਿਤਕ ਪਹਿਲਾਂ ਨੂੰ ਕੇਵਲ ਦਰਜ ਨਹੀਂ ਕਰਦੇ, ਸਗੋਂ ਉਨ੍ਹਾਂ ਦੇ ਅੰਦਰੂਨੀ ਗਤੀਵਿਧੀਆਂ ਅਤੇ ਵਿਚਾਰਧਾਰਕ ਅਰਥਾਂ ਦੀ ਵੀ ਪੜਤਾਲ ਕਰਦੇ ਹਨ। ਮਿੰਨੀ ਕਹਾਣੀ ਨੂੰ ਸਿਰਫ਼ ਆਕਾਰ ਸੰਖੇਪਤਾ ਦੀ ਉਪਜ ਨਹੀਂ ਮੰਨਦੇ, ਬਲਕਿ ਸਮਕਾਲੀ ਮਨੁੱਖੀ ਅਨੁਭਵ ਦੇ ਸੰਕੁਚਿਤ, ਵਿਖੰਡਿਤ ਅਤੇ ਤੀਬਰ ਰੂਪ ਦੀ ਅਭਿਵਿਅਕਤੀ ਵਜੋਂ ਵੇਖਦੇ ਹਨ। ਉਹ ਨਵੇਂ ਲੇਖਕਾਂ ਦੀ ਲਿਖਤ ਵਿੱਚ ਮੌਜੂਦ ਸੰਭਾਵਨਾਵਾਂ ਨੂੰ ਸਵੀਕਾਰਦੇ ਹੋਏ ਉਨ੍ਹਾਂ ਦੀ ਕਲਾਤਮਕ ਅਮੂਰਤਤਾ, ਭਾਸ਼ਾਈ ਸੰਜਮ ਦੀ ਘਾਟ ਅਤੇ ਵਿਚਾਰਕ ਅਸਪੱਸ਼ਟਤਾ ਵੀ ਦਰਸਾਉਂਦੇ ਹਨ। ਇਹ ਸੰਤੁਲਨ ਉਨ੍ਹਾਂ ਦੀ ਆਲੋਚਨਾ ਨੂੰ ਭਾਵੁਕ ਪ੍ਰਤਿਕਿਰਿਆ ਦੀ ਥਾਂ ਬੌਧਿਕ ਅਨੁਸ਼ਾਸਨ ਪ੍ਰਦਾਨ ਕਰਦਾ ਹੈ। ਭਾਸ਼ਾਈ ਪੱਧਰ 'ਤੇ ਆਲੋਚਨਾ ਸਪੱਸ਼ਟ ਅਤੇ ਸੰਕਲਪੀ ਹੈ, ਜਿਸ ਕਾਰਨ ਇਹ ਲਿਖਤ ਆਮ ਪਾਠਕ ਅਤੇ ਵਿਦਵਾਨ ਵਰਗ ਦਰਮਿਆਨ ਇੱਕ ਬੌਧਿਕ ਪੁਲ ਦੀ ਭੂਮਿਕਾ ਨਿਭਾਉਂਦੀ ਹੈ।

ਡਾ. ਚੰਦਰ ਪ੍ਰਕਾਸ਼ ਦੀ ਸਮੀਖਿਆ ਪੰਜਾਬੀ ਨਾਟ ਸਿਰਜਣਕਾਰੀ : ਪਛਾਣ ਅਤੇ ਪੇਸ਼ਕਾਰੀ ਪੰਜਾਬੀ ਨਾਟਕ ਨੂੰ ਇੱਕ ਸਿਰਫ਼ ਸਾਹਿਤਕ ਵਿਧਾ ਨਹੀਂ, ਸਗੋਂ ਇੱਕ ਸੰਪੂਰਨ ਸਮਾਜਕ-ਸੌਂਦਰਯਾਤਮਕਤਾ ਪ੍ਰਕਿਰਿਆ ਵਜੋਂ ਸਮਝਣ ਦੀ ਗੰਭੀਰ ਅਲੋਚਨਾਤਮਕ ਕੋਸ਼ਿਸ਼ ਹੈ। ਲੇਖਕ ਨਾਟਕ ਦੀ ਅਸਲੀ ਪਛਾਣ ਨੂੰ ਲਿਖਤ ਅਤੇ ਮੰਚ ਦੋਹਾਂ ਦੇ ਅੰਤਰ ਸੰਬੰਧ ਵਿੱਚ ਵੇਖਦਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਨਾਟਕ ਦੀ ਸਾਰਥਕਤਾ ਉਸ ਦੀ ਮੰਚੀ ਅਭਿਵਿਅਕਤੀ ਵਿੱਚ ਹੀ ਪੂਰੀ ਹੁੰਦੀ ਹੈ। ਉਹਨਾਂ ਦਾ ਅਲੋਚਨਾਤਮਕ ਰੁਖ ਸੰਰਚਨਾਤਮਕ ਅਤੇ ਦਾਰਸ਼ਨਿਕ ਹੈ। ਉਹ ਕਥਾਨਕ, ਪਾਤਰ-ਰਚਨਾ, ਸੰਵਾਦ ਅਤੇ ਨਾਟਕ ਸੰਰਚਨਾ ਨੂੰ ਸਮਕਾਲੀ ਦਰਸ਼ਕ-ਚੇਤਨਾ ਅਤੇ ਮੰਚੀ ਸੰਭਾਵਨਾਵਾਂ ਨਾਲ ਜੋੜ ਕੇ ਵਿਸ਼ਲੇਸ਼ਣ ਕਰਦੇ ਹਨ। ਨਾਟਕ ਨੂੰ ਸਮਾਜਕ ਸੰਵਾਦ ਦਾ ਮਾਧਿਅਮ ਮੰਨਦੇ ਹੋਏ ਉਸ ਦੀ ਇਤਿਹਾਸਕ ਅਤੇ ਸਮਕਾਲੀ ਭੂਮਿਕਾ ਨੂੰ ਰੇਖਾਂਕਿਤ ਕਰਦੇ ਹਨ।

ਬਲਜਿੰਦਰ ਮਾਨ 2025 'ਚ ਚੁਣੌਤੀਆਂ ਭਰਪੂਰ ਬਣੀ ਬਾਲ ਸਾਹਿਤ ਦੀ ਸਿਰਜਣਾ ਪੰਜਾਬੀ ਬਾਲ ਸਾਹਿਤ ਨੂੰ ਸਮਕਾਲੀ ਸਮਾਜਿਕ, ਤਕਨਾਲੋਜੀ ਅਤੇ ਮਨੋਵਿਗਿਆਨਕ ਪਰਿਪੇਖ ਵਿੱਚ ਪਰਖਣ ਦੀ ਇੱਕ ਗੰਭੀਰ ਕੋਸ਼ਿਸ਼ ਹੈ। ਲੇਖਕ ਵੱਲੋਂ ਵੱਖ-ਵੱਖ ਬਾਲ ਸਾਹਿਤਕ ਰਚਨਾਵਾਂ ਦੇ ਅਧਿਐਨ ਰਾਹੀਂ ਇਹ ਸਥਾਪਤ ਕੀਤਾ ਗਿਆ ਹੈ ਕਿ ਬਾਲ ਸਾਹਿਤ ਅੱਜ ਦੇ ਡਿਜੀਟਲ ਯੁੱਗ ਵਿੱਚ ਕੇਵਲ ਮਨੋਰੰਜਨ ਜਾਂ ਨੈਤਿਕ ਉਪਦੇਸ਼ ਤੱਕ ਸੀਮਿਤ ਨਹੀਂ ਰਹਿ ਸਕਦਾ। ਬਲਜਿੰਦਰ ਮਾਨ ਬਾਲ ਸਾਹਿਤ ਨੂੰ ਦੂਜੇ ਦਰਜੇ ਦੀ ਵਿਧਾ ਮੰਨਣ ਵਾਲੀ ਰਵਾਇਤੀ ਸੋਚ ਨੂੰ ਸਿਧਾਂਤਕ ਪੱਧਰ 'ਤੇ ਚੁਣੌਤੀ ਦਿੰਦਾ ਹੈ। ਉਹ ਕਥਾ-ਸੰਰਚਨਾ, ਭਾਸ਼ਾਈ ਸਹਿਜਤਾ, ਪਾਤਰਾਂ ਦੀ ਮਨੋਵਿਗਿਆਨਕ ਗਹਿਰਾਈ ਅਤੇ ਬੱਚਿਆਂ ਦੀਆਂ ਬੌਧਿਕ-ਭਾਵਨਾਤਮਕ ਜ਼ਰੂਰਤਾਂ ਨੂੰ ਕੇਂਦਰ ਵਿੱਚ ਰੱਖ ਕੇ ਰਚਨਾਵਾਂ ਦਾ ਵਿਸ਼ਲੇਸ਼ਣ ਕਰਦੀ ਹੈ। ਆਧੁਨਿਕ ਬਾਲ ਸਾਹਿਤ ਨੂੰ ਬੱਚੇ ਦੀ ਅਲੋਚਨਾਤਮਕ ਸੋਚ, ਸਮਾਜਿਕ ਸੰਵੇਦਨਾ ਅਤੇ ਵਿਅਕਤੀਗਤ ਅਸਤਿਤਵ ਦੀ ਸਮਝ ਨੂੰ ਵਿਕਸਿਤ ਕਰਨਾ ਹੋਵੇਗਾ। ਇਸ ਅਧਿਐਨ ਦੀ ਵਿਸ਼ੇਸ਼ਤਾ ਇਹ ਹੈ ਕਿ 2025 ਦੇ ਬੱਚੇ ਨੂੰ ਇੱਕ ਸਵਾਲ, ਬਹੁ-ਸੰਵੇਦਨਸ਼ੀਲ ਅਤੇ ਤਕਨਾਲੋਜੀ ਤੌਰ 'ਤੇ ਸੁਚੇਤ ਵਿਅਕਤੀ ਵਜੋਂ ਸਵੀਕਾਰਿਆ ਗਿਆ ਹੈ।

ਡਾ. ਜੇ.ਬੀ. ਸੇਖੋਂ ਦਾ ਪੰਜਾਬੀ ਨਾਵਲ ਇਤਿਹਾਸ ਪ੍ਰਤੀ ਰੁਦਨ ਅਤੇ ਸਮਾਜਿਕ ਫਿਕਰਮੰਦੀ ਦਾ ਸੂਚਨਾਮੁਖੀ ਪ੍ਰਗਟਾਵਾ ਨਾਵਲ ਦੀ ਵਿਕਾਸੀ ਯਾਤਰਾ ਨੂੰ ਇਤਿਹਾਸਕ ਚੇਤਨਾ ਅਤੇ ਸਮਾਜਿਕ ਸੰਵੇਦਨਾ ਦੇ ਦੋਹਰੇ ਪ੍ਰਸੰਗ ਵਿੱਚ ਸਮਝਣ ਦੀ ਇੱਕ ਗੰਭੀਰ ਬੌਧਿਕ ਕੋਸ਼ਿਸ਼ ਹੈ। ਉਹ ਪੰਜਾਬੀ ਨਾਵਲ ਨੂੰ ਸਿਰਫ਼ ਕਥਾ-ਰਚਨਾ ਦੀ ਵਿਧਾ ਨਹੀਂ, ਸਗੋਂ ਸਮਾਜਿਕ ਯਾਦ, ਇਤਿਹਾਸਕ ਅਨੁਭਵ ਅਤੇ ਸਮਕਾਲੀ ਚਿੰਤਾਵਾਂ ਦਾ ਸੂਚਨਾ-ਮੁਖੀ ਦਸਤਾਵੇਜ਼ ਮੰਨਦੇ ਹਨ। ਡਾ. ਸੇਖੋਂ ਨਾਵਲਾਂ ਵਿੱਚ ਮੌਜੂਦ ਇਤਿਹਾਸਕ ਰੁਦਨ ਵਿਛੋੜੇ, ਵਿਸਥਾਪਨ ਅਤੇ ਸਾਂਝੀ ਪੀੜ ਸਮਕਾਲੀ ਸਮਾਜ ਦੀ ਫਿਕਰਮੰਦੀ ਨਾਲ ਸੰਵਾਦ ਰਚਦਾ ਹੈ। ਉਹ ਦਰਸਾਉਂਦੇ ਹਨ ਕਿ ਸਮਕਾਲੀ ਪੰਜਾਬੀ ਨਾਵਲ ਸ਼ਹਿਰੀਕਰਨ, ਪਰਵਾਸ, ਪਛਾਣ ਦੇ ਸੰਕਟ, ਸਾਂਸਕ੍ਰਿਤਿਕ ਵਿਘਟਨ ਅਤੇ ਵਿਅਕਤੀਗਤ ਇਹ ਇਕੱਲਾਪਨ ਵਰਗੇ ਵਿਸ਼ਿਆਂ ਰਾਹੀਂ ਸਮਾਜਿਕ ਬਦਲਾਅ ਦੀ ਗਹਿਰੀ ਸੂਚਨਾ ਪ੍ਰਦਾਨ ਕਰਦਾ ਹੈ। ਡਾ. ਸੇਖੋਂ ਦੀ ਅਲੋਚਨਾਤਮਕ ਪੱਧਤੀ ਇਤਿਹਾਸਕ ਅਤੇ ਸਮਾਜ ਸ਼ਾਸਤਰੀ ਹੈ, ਜਿਸ ਵਿੱਚ ਨਾਵਲ ਨੂੰ ਉਸ ਦੇ ਸਮੇਂ ਅਤੇ ਆਰਥਿਕ-ਰਾਜਨੀਤਕ ਪਿਛੋਕੜ ਨਾਲ ਜੋੜ ਕੇ ਪੜ੍ਹਿਆ ਜਾਂਦਾ ਹੈ।

ਡਾ. ਸੰਦੀਪ ਰਾਣਾ ਵੱਲੋਂ ਪੇਚੀਦਾ ਬਿਰਤਾਂਤਕ ਪਰਤਾਂ ਦੀ ਖੋਜ ਕਰਦੀ ਆਧੁਨਿਕ ਪੰਜਾਬੀ ਕਹਾਣੀ ਅਧਿਐਨ, ਆਧੁਨਿਕ ਪੰਜਾਬੀ ਕਹਾਣੀ ਦੀ ਅੰਦਰੂਨੀ ਸੰਰਚਨਾ ਅਤੇ ਬਿਰਤਾਂਤਕ ਜਟਿਲਤਾ ਨੂੰ ਸਮਝਣ ਲਈ ਕੀਤਾ ਗਿਆ ਇੱਕ ਗੰਭੀਰ ਬੌਧਿਕ ਯਤਨ ਹੈ। ਇਹ ਅਧਿਐਨ ਕਹਾਣੀ ਨੂੰ ਸਿਰਫ਼ ਕਥਾ-ਘਟਨਾਵਾਂ ਦੀ ਲੜੀ ਨਹੀਂ ਮੰਨਦਾ, ਸਗੋਂ ਮਨੁੱਖੀ ਚੇਤਨਾ ਦੇ ਟੁੱਟੇ-ਬਿਖਰੇਂ ਅਨੁਭਵਾਂ ਦਾ ਦਰਪਣ ਸਮਝਦਾ ਹੈ। ਡਾ. ਰਾਣਾ ਦੇ ਅਨੁਸਾਰ ਸਮਕਾਲੀ ਪੰਜਾਬੀ ਕਹਾਣੀ ਹੁਣ ਸਿੱਧੀ ਕਥਾ ਦੀ ਸੀਮਾ ਤੋਂ ਪਰੇ ਜਾ ਕੇ ਯਾਦ, ਅਵਚੇਤਨ, ਖ਼ਾਮੋਸ਼ੀ ਅਤੇ ਪ੍ਰਤੀਕਾਤਮਕਤਾ ਰਾਹੀਂ ਅਸਤਿਤਵੀ ਸਵਾਲਾਂ ਨਾਲ ਸੰਵਾਦ ਕਰ ਰਹੀ ਹੈ, ਜਿਸ ਵਿੱਚ ਇਕੱਲਾਪਨ, ਪਛਾਣ ਦਾ ਸੰਕਟ, ਪਰਵਾਸੀ ਅਨੁਭਵ ਅਤੇ ਲਿੰਗਕ ਸੰਵੇਦਨਾ ਵਰਗੇ ਵਿਸ਼ੇ ਅੱਜ ਦੀ ਕਹਾਣੀ ਦੇ ਕੇਂਦਰ ਵਿੱਚ ਹਨ। ਇਹ ਵਿਸ਼ੇ ਮਨੁੱਖ ਨੂੰ ਇੱਕ ਸਮਾਜਿਕ ਇਕਾਈ ਤੋਂ ਵੱਧ ਇੱਕ ਦਾਰਸ਼ਨਿਕ ਪ੍ਰਸ਼ਨ ਵਜੋਂ ਪੇਸ਼ ਕਰਦੇ ਹਨ। ਕਹਾਣੀ ਦੀ ਭਾਸ਼ਾ ਵੀ ਇੱਥੇ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਜਿੱਥੇ ਟੁੱਟੇ ਵਾਕ, ਅਧੂਰੇ ਸੰਕੇਤ ਅਤੇ ਮੌਨ ਅਰਥ ਪੈਦਾ ਕਰਦੇ ਹਨ। ਡਾ. ਰਾਣਾ ਦਾ ਅਲੋਚਨਾਤਮਕ ਅਧਿਐਨ ਆਧੁਨਿਕ ਪੰਜਾਬੀ ਕਹਾਣੀ ਨੂੰ ਬਿਰਤਾਂਤਕ ਪਰਤਾਂ ਦੀ ਸੰਵੇਦਨਸ਼ੀਲ ਅਤੇ ਵਿਚਕਾਰ ਯਾਤਰਾ ਨੂੰ ਸਥਾਪਤ ਕਰਦਾ ਹੈ।

ਡਾ. ਅਰਵਿੰਦਰ ਕੌਰ ਕਾਕੜਾ ਦਾ ਲੇਖ 'ਬਹੁ ਸੰਕਟਾਂ ਨਾਲ ਜੂਝਦੀ ਸ਼ਾਇਰੀ ਦੀ ਹੋਂਦ ਦਾ ਸੁਆਲ' ਆਧੁਨਿਕ ਪੰਜਾਬੀ ਸ਼ਾਇਰੀ ਨੂੰ ਇੱਕ ਐਸੇ ਬੌਧਿਕ ਮੋੜ 'ਤੇ ਰੱਖਦਾ ਹੈ, ਜਿੱਥੇ ਕਵਿਤਾ ਸੁੰਦਰਤਾ ਦੀ ਕਲਾ ਤੋਂ ਅੱਗੇ ਵਧ ਕੇ ਮਨੁੱਖੀ ਹੋਂਦ ਦੇ ਮੂਲ ਸਵਾਲਾਂ ਨਾਲ ਸੰਵਾਦ ਕਰਦੀ ਹੈ। ਇਹ ਅਧਿਐਨ ਦਰਸਾਉਂਦਾ ਹੈ ਕਿ ਅੱਜ ਦੀ ਪੰਜਾਬੀ ਕਵਿਤਾ ਗਲੋਬਲਾਈਜ਼ੇਸ਼ਨ, ਮੰਡੀਕਰਨ ਅਤੇ ਤਕਨੀਕੀ ਯੁੱਗ ਦੇ ਦਬਾਅ ਹੇਠ ਆਪਣੀ ਅਸਲੀ ਪਛਾਣ ਦੀ ਖੋਜ ਕਰ ਰਹੀ ਹੈ। ਡਾ. ਕਾਕੜਾ ਦੀ ਦ੍ਰਿਸ਼ਟੀ ਦਾ ਕੇਂਦਰ ਹੋਂਦ ਹੈ, ਇੱਕ ਅਜਿਹਾ ਦਾਰਸ਼ਨਿਕ ਸੰਕਲਪ ਜੋ ਕਵਿਤਾ ਨੂੰ ਮਨੁੱਖੀ ਅਨੁਭਵ ਦੀ ਅੰਦਰਲੀ ਤੜਪ ਨਾਲ ਜੋੜਦਾ ਹੈ। ਸਮੀਖਿਆ ਕੀਤੀਆਂ ਕਵਿਤਾ-ਕਿਤਾਬਾਂ ਵਿੱਚ ਮਾਨਸਿਕ ਇਕੱਲਾਪਨ, ਅਸਤਿਤਵੀ ਅਸੁਰੱਖਿਆ, ਔਰਤ-ਚੇਤਨਾ ਅਤੇ ਸਮਾਜਿਕ ਬੇਇਨਸਾਫ਼ੀ ਦੇ ਪ੍ਰਸ਼ਨ ਉੱਭਰ ਕੇ ਸਾਹਮਣੇ ਆਉਂਦੇ ਹਨ, ਜੋ ਆਧੁਨਿਕ ਮਨੁੱਖ ਦੀ ਅੰਦਰੂਨੀ ਟੁੱਟ-ਭੱਜ ਨੂੰ ਪ੍ਰਗਟ ਕਰਦੇ ਹਨ। ਆਲੋਚਕ ਦੇ ਰੂਪ ਵਿੱਚ ਡਾ. ਕਾਕੜਾ ਕਵਿਤਾ ਦੀ ਭਾਸ਼ਾ, ਬਿੰਬ ਅਤੇ ਸੰਵੇਦਨਾਤਮਕ ਤਣਾਅ ਨੂੰ ਗੰਭੀਰਤਾ ਨਾਲ ਪਰਖਦੀ ਹੈ। ਇਹ ਅਧਿਐਨ ਪੰਜਾਬੀ ਸ਼ਾਇਰੀ ਨੂੰ ਸੰਕਟਾਂ ਵਿੱਚੋਂ ਜੰਮਦੀ ਇਕ ਜਿਉਂਦੀ ਅਤੇ ਦਾਰਸ਼ਨਿਕ ਕਲਾ ਵਜੋਂ ਸਥਾਪਤ ਕਰਦਾ ਹੈ।

ਪੰਜਾਬੀ ਆਲੋਚਨਾ ਦੇ ਦ੍ਰਿਸ਼ ਨੂੰ ਸਮਝਣਾ ਦਰਅਸਲ ਪੰਜਾਬੀ ਸਾਹਿਤ ਦੀ ਬੌਧਿਕ ਸਥਿਤੀ ਨੂੰ ਸਮਝਣ ਦੇ ਬਰਾਬਰ ਹੈ। ਡਾ. ਸੁਖਪਾਲ ਕੌਰ ਸਮਰਾਲਾ ਪੰਜਾਬੀ ਆਲੋਚਨਾ : 2025 ਦਾ ਦ੍ਰਿਸ਼ ਸਾਲਾਨਾ ਲੇਖ ਸਪੱਸ਼ਟ ਕਰਦਾ ਹੈ ਕਿ ਆਲੋਚਨਾ ਅੱਜ ਸੰਕਟ ਅਤੇ ਸੰਭਾਵਨਾ ਦੋਹਾਂ ਦੇ ਦਰਮਿਆਨ ਝੂਲ ਰਹੀ ਹੈ। ਇੱਕ ਪਾਸੇ ਆਲੋਚਨਾ ਉੱਤੇ ਅਕਾਦਮਿਕ, ਭਾਸ਼ਾਈ ਜਟਿਲਤਾ ਅਤੇ ਮੌਲਿਕ ਦ੍ਰਿਸ਼ਟੀ ਦੀ ਘਾਟ ਦੇ ਦੋਸ਼ ਹਨ, ਦੂਜੇ ਪਾਸੇ ਕੁਝ ਗੰਭੀਰ ਯਤਨ ਇਸ ਨੂੰ ਜੀਵੰਤ ਰੱਖਣ ਦੀ ਕੋਸ਼ਿਸ਼ ਵੀ ਕਰ ਰਹੇ ਹਨ। ਡਾ. ਸਮਰਾਲਾ ਇਹ ਦਰਸਾਉਂਦੀ ਹੈ ਕਿ ਆਲੋਚਨਾ ਅਕਸਰ ਵਿਆਖਿਆਤਮਕ ਜਾਂ ਸਿਧਾਂਤਕ ਤੱਕ ਸੀਮਿਤ ਰਹੀ, ਜਿਸ ਨਾਲ ਪਾਠਕ ਅਤੇ ਆਲੋਚਕ ਦਰਮਿਆਨ ਸੰਵਾਦ ਕਮਜ਼ੋਰ ਪਿਆ ਹੈ। ਸਮਕਾਲੀ ਸਾਹਿਤ ਨਾਲ ਟਕਰਾਉਂਦੀ ਆਲੋਚਨਾ ਦੀ ਘਾਟ ਖ਼ਾਸ ਤੌਰ 'ਤੇ ਮਹਿਸੂਸ ਕੀਤੀ ਗਈ। ਫਿਰ ਵੀ ਕੁਝ ਕਿਤਾਬੀ ਪ੍ਰਕਾਸ਼ਨਾਂ ਰਾਹੀਂ ਦਲਿਤ ਚਿੰਤਨ, ਨਾਰੀ ਅਧਿਐਨ ਅਤੇ ਇਤਿਹਾਸਕਾਰੀ ਵਰਗੇ ਖੇਤਰਾਂ ਵਿੱਚ ਵਿਚਾਰਕ ਵਿਸਤਾਰ ਸੰਭਵ ਹੋਇਆਹੈ। ਇਹ ਬੌਧਿਕ ਸੰਕੇਤ ਹੈ ਕਿ ਆਲੋਚਨਾ ਦੀ ਸਾਰਥਿਕਤਾ ਤਦ ਹੀ ਬਣੀ ਰਹੇਗੀ, ਜਦੋਂ ਉਹ ਮੌਲਿਕ ਸੋਚ, ਸਪੱਸ਼ਟ ਭਾਸ਼ਾ ਅਤੇ ਜੀਵੰਤ ਸੰਵਾਦ ਨੂੰ ਆਪਣਾ ਕੇਂਦਰ ਬਣਾਏਗੀ।

ਆਖ਼ਰੀ ਪੰਨੇ 'ਤੇ 2026 ਦਾ ਕੈਲੰਡਰ ਇਸ ਅੰਕ ਨੂੰ ਅਨੋਖੀ ਦਿੱਖ ਪ੍ਰਦਾਨ ਕਰ ਰਿਹਾ ਹੈ। ਇਸ ਢੰਗ ਨਾਲ਼ ਇਸ ਵਰ੍ਹੇ ਦਾ ਸਾਹਿਤਕ ਅੰਕ ਵੱਡੀ ਗਿਣਤੀ ਵਿੱਚ ਪਾਠਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ ਹੈ, ਜਿਸ ਲਈ ਸੰਪਾਦਕ ਅਤੇ ਸਮੁੱਚੀ ਟੀਮ ਵਧਾਈ ਦੇ ਪਾਤਰ ਹਨ।

— ਹਰਪ੍ਰੀਤ ਕੁਮਾਰ

## ਦੇਸ਼ ਭਗਤ ਸ਼ਖ਼ਸੀਅਤ ਬਾਬਾ ਭਕਨਾ

4 ਜਨਵਰੀ ਦੇ 'ਐਤਵਾਰਤਾ' ਵਿਚ ਬਾਬਾ ਸੋਹਨ ਸਿੰਘ ਭਕਨਾ ਦੀ ਜ਼ਿੰਦਗੀ ਦੇ ਸੰਘਰਸ਼ਾਂ ਬਾਰੇ ਜ਼ਿਕਰ ਸੋਹਨ ਸਿੰਘ ਜੋਸ਼ ਦੀ ਕਲਮ ਤੋਂ ਪੜ੍ਹਿਆ। ਬਹੁਤ ਸਿਰੜ ਵਾਲੀ ਦੇਸ਼ ਭਗਤ ਸ਼ਖ਼ਸੀਅਤ ਸਨ ਬਾਬਾ ਭਕਨਾ ਜੀ। ਬੀਤੇ ਸਾਲ ਦੀ ਪੰਜਾਬੀ ਪੱਤਰਕਾਰੀ ਦਾ ਭਰਵਾਂ ਜ਼ਿਕਰ ਪੇਸ਼ ਕੀਤਾ ਹੈ ।ਬਹੁਤ ਸਾਰੇ ਮੈਗਜ਼ੀਨ ਛਪੇ, ਜਿਨ੍ਹਾਂ ਵਿਚ ਭਰਪੂਰ ਸਾਹਿਤ ਛਪਿਆ। ਰਸੂਲਪੁਰੀ ਨੇ ਹਰੇਕ ਵੱਡੇ-ਛੋਟੇ ਮੈਗਜ਼ੀਨ, ਮਿੰਨੀ ਕਹਾਣੀ, ਆਲੋਚਨਾ, ਸੁਰਤਿ, ਵਿਰਸਾ ਲੋਹਮਣੀ ਦੇ ਮੈਟਰ ਦੀ ਚਰਚਾ ਕੀਤੀ ਹੈ। ਇਕ ਮੈਗਜ਼ੀਨ 'ਮੇਲਾ' ਵੀ ਅਬੋਹਰ ਤੋਂ ਛਪਦਾ ਆ ਰਿਹਾ ਸੀ। ਮੈਗਜ਼ੀਨਾਂ ਦੀ ਗਿਣਤੀ ਬਹੁਤ ਵਧੀ ਹੈ, ਪਾਠਕ ਤੱਕ ਕਿੰਨੇ ਪਹੁੰਚਦੇ ਹਨ, ਇਸ ਦੀ ਚਿੰਤਾ ਵੀ ਚਾਹੀਦੀ ਹੈ। ਅਖਬਾਰਾਂ ਵਿਚ ਮੌਲਿਕ ਸਾਹਿਤ ਘਟ ਛਪਿਆ ਹੈ। ਅਜੀਤ, ਨਵਾਂ ਜ਼ਮਾਨਾ, ਪੰਜਾਬੀ ਜਾਗਰਣ ਸਾਹਿਤਕ ਮੈਟਰ ਠੀਕ ਦੇ ਰਿਹਾ ਹੈ। ਪੰਜਾਬੀ ਟ੍ਰਿਬਿਊਨ ਵਿਚ ਸਾਹਿਤ ਬਹੁਤ ਘਟ ਛਪਿਆ ਹੈ। ਸਾਹਿਤਕ ਰੁਚੀ ਵਾਲੇ ਪਾਠਕਾਂ ਦੀ ਸਾਹਿਤਕ ਭੁੱਖ ਮੈਗਜ਼ੀਨ ਪੂਰੀ ਕਰ ਰਹੇ ਹਨ ।ਸਮਕਾਲੀ ਸਾਹਿਤ ਨੇ ਕੁਝ ਵਿਸ਼ੇਸ਼ ਅੰਕ ਵੀ ਛਾਪੇ ਹਨ। ਕਹਾਣੀਕਾਰ ਨਵਤੇਜ ਸਿੰਘ, ਸੁਖਬੀਰ ਅੰਕ ਛਪੇ ਹਨ। 'ਸਮਕਾਲੀ ਸਾਹਿਤ' ਨੇ ਯਾਤਰਾ ਬਿਰਤਾਂਤ ਸਫਰਨਾਮੇ ਤੇ ਸਮੀਖਿਆ ਲੇਖ ਵੀ ਛਾਪੇ ਹਨ। 'ਸੋਚ ਦੀ ਸ਼ਕਤੀ' ਪਟਿਆਲਾ ਤੋਂ ਵੀ ਲਗਾਤਾਰ ਛਪਿਆ ਹੈ। ਲੇਖ ਬਹੁਤ ਖੋਜਮਈ ਲੱਗਾ ।ਸੁਰਜੀਤ ਸੁਮਨ ਨੇ ਇਸ ਵਾਰ ਛੋਟੇ-ਵੱਡੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੀ ਚਰਚਾ ਕੀਤੀ ਹੈ। ਇਸ ਸ਼ਹੀਦੀਆਂ ਮੁਗਲ ਰਾਜ ਦੇ ਕਫਨ ਵਿਚ ਕਿੱਲ ਸਾਬਤ ਹੋਈਆਂ। ਜਤਿੰਦਰ ਪਨੂੰ ਨੇ ਇਤਿਹਾਸ ਬਦਲਣ ਦੀ ਚਰਚਾ ਕੀਤੀ ਹੈ। ਹਿੰਦੂਵਾਦ ਵੱਲ ਹਰੇਕ ਗੱਲ ਨੂੰ ਲੈ ਕੇ ਜਾਣ ਦੀ ਪ੍ਰਵਿਰਤੀ ਨਿਰੋਲ ਫਿਰਕੂ ਸੋਚ ਹੈ। ਇਤਿਹਾਸ ਨੂੰ ਵਿਗਾੜਨਾ ਠੀਕ ਨਹੀਂ। 2025 ਦੀ ਗਜ਼ਲ ਦਾ ਵਿਸ਼ਲੇਸ਼ਣ ਜਗਮੀਤ ਹਰਫ ਨੇ ਬਹੁਤ ਖੋਜ ਕਰਕੇ ਲਿਖਿਆ ਹੈ। ਪੜ੍ਹ ਕੇ ਜਾਣਿਆ ਕਿ ਬੀਤੇ ਸਾਲ ਗਜ਼ਲ ਦੀਆਂ ਕਿਤਾਬਾਂ ਵੱਡੀ ਗਿਣਤੀ ਵਿਚ ਛਪੀਆਂ ਹਨ। ਗਜ਼ਲ ਨਿਰੋਲ ਪੰਜਾਬੀ ਦੀ ਟਕਸਾਲੀ ਗਜ਼ਲ ਬਣ ਗਈ ਹੈ।ਹੁਣ ਉਰਦੂ ਤੋਂ ਵੱਖਰੀ ਹੋ ਕੇ ਆਪਣੇ ਸਟੈਂਡ 'ਤੇ ਆ ਚੁੱਕੀ ਹੈ।

ਨਿਰੰਜਨ ਬੋਹਾ ਨੇ ਨਾਵਲ 'ਗੁਲਾਮ' ਦੀ ਚਰਚਾ ਕੀਤੀ ਹੈ, ਚੰਗੀ ਲੱਗੀ। ਪੰਜਾਬੀ ਕਹਾਣੀ ਦਾ ਸਾਲ 2025 ਵਿਚ ਅਧਿਐਨ ਐੱਚ ਐੱਸ ਡਿੰਪਲ ਨੇ ਬਹੁਤ ਖੋਜ ਕਰਕੇ ਲਿਖੀ ਹੈ। ਪੰਜਾਬੀ ਕਹਾਣੀ ਵਿਚ ਰਿਸ਼ਤਿਆਂ ਦੀ ਗੱਲ ਬਹੁਤ ਕਹਾਣੀਕਾਰਾਂ ਨੇ ਕੀਤੀ ਹੈ। ਨਜਾਇਜ਼ ਰਿਸ਼ਤੇ ਵੀ ਕਹਾਣੀ ਦਾ ਵਿਸ਼ਾ ਬਣੇ ਹਨ। ਗਜ਼ਲ ਵਾਂਗ ਕਹਾਣੀ ਕਿਤਾਬਾਂ ਵੀ ਵੱਡੀ ਗਿਣਤੀ ਵਿਚ ਛਪੀਆਂ ਹਨ। ਡਿੰਪਲ ਨੇ ਕਹਾਣੀ ਕਿਤਾਬਾਂ ਦੇ ਵੱਡੀ ਗਿਣਤੀ ਵਿਚ ਹਵਾਲੇ ਦਿੱਤੇ ਹਨ। ਇਸ ਨਵੇਂ ਸਾਲ ਵਿਚ ਮੌਲਿਕ ਸਾਹਿਤ, ਨਿਬੰਧ ਤੇ ਹਾਸ-ਵਿਅੰਗ ਵੀ ਛਾਪਣ ਦੀ ਕਿਰਪਾਲਤਾ ਕਰੋ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ


## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਥਾਮਸ ਮਾਕਾਲੇ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਿਆਨ : ਪੁਸ਼ਪਿੰਦਰ

ਟਰੰਪ ਦੀ ਤੀਜੇ ਮੁਲਕ 'ਚ ਡਿਪੋਰਟ ਕਰਨ ਦੀ ਨੀਤੀ ਤੇ ਇਸ ਨਾਲ ਜੁੜੇ ਖ਼ਤਰੇ : ਨਿਵੇਦਿਤਾ ਐੱਸ

'ਅਜੀਤ ਸਿੰਘ ਪੱਤੋ ਦੀਆਂ ਸਾਰੀਆਂ ਕਹਾਣੀਆਂ' : ਸੰਪਾ. ਬੂਟਾ ਸਿੰਘ ਚੌਹਾਨ (ਫੋਕਸ) ਭਗਵੰਤ ਰਸੂਲਪੁਰੀ

ਜੋਗੇ ਭੰਗਲ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ



ਮੋਹਨ ਮਤਿਆਲਵੀ ਪਿਛਲੇ ਪੰਜ ਦਹਾਕਿਆਂ ਤੋਂ ਪੰਜਾਬੀ ਕਵਿਤਾ ਲਿਖਦਾ ਆ ਰਿਹਾ ਹੈ। ਉਹ ਦੀ ਕਵਿਤਾ ਆਪਣੇ ਆਪ ਤੋਂ, ਸਮਾਜ ਤੋਂ ਤੇ ਸਿਸਟਮ ਤੋਂ ਨਾਬਰੀ ਦਾ ਪ੍ਰਵਚਨ ਸਿਰਜਦੀ ਆ ਰਹੀ ਏ। ਕਈ ਵਾਰ ਉਹ ਆਪਣੇ ਆਪ ਨਾਲ ਵਿਦਰੋਹ ਦਾ ਪ੍ਰਵਚਨ ਸਿਰਜਦਾ ਹੋਇਆ ਵਿਸਫੋਟਕ ਭਾਸ਼ਾ 'ਚ ਚਿਹਨ ਸਿਰਜ ਜਾਂਦਾ ਏ, ਜੋ ਸਧਾਰਨ ਪਾਠਕ ਦੇ ਮੱਥੇ ਤੋਂ ਪਾਰ ਫਿਸਲ ਜਾਂਦੇ ਹਨ। ਉਹਦੀ ਚਿਹਨਕਾਰੀ ਗਹਿਰੇ ਅਰਥ ਸਿਰਜਦੀ ਹੋਈ ਰਵਾਇਤੀ ਕਵਿਤਾ ਨੂੰ ਬਾਈਪਾਸ ਕਰ ਜਾਂਦੀ ਹੈ। 'ਦਾਨਾਬਾਦ ਬਨਾਮ ਸਿੰਘੋਵਾਲ' ਤੋਂ ਉਹ ਕਵਿਤਾ ਦੀ ਸ਼ੁਰੂਆਤ ਕਰਦਾ ਹੈ ਤੇ 'ਕੁੱਤਾ ਜੂਨ ਤੇ ਮੈਂਡੋਲਿਨ' ਤੱਕ ਪੁੱਜਦੀ-ਪੁੱਜਦੀ ਉਹਦੀ ਕਵਿਤਾ ਕਈ ਪੜਾਵਾਂ ਨੂੰ ਪਾਰ ਕਰ ਜਾਂਦੀ ਹੈ। ਨਿੱਕੇ ਜਿਹੇ ਕਸਬੇ ਸ਼ਾਹਕੋਟ 'ਚ ਬੈਠਾ ਉਹ ਬਿਨਾਂ ਸ਼ੋਰ ਕੀਤਿਆਂ ਕਵਿਤਾ ਲਿਖਦਾ ਆ ਰਿਹਾ ਏ। ਕਵੀ ਦਰਬਾਰਾਂ 'ਚ ਬਹੁਤ ਘੱਟ ਦਿਸਦਾ ਹੈ। ਸਾਡੇ ਅਦਬ 'ਚ ਅਜਿਹੇ ਬਹੁਤ ਸਾਰੇ ਲੇਖਕ/ਸ਼ਾਇਰ ਨੇ, ਜੋ ਨਜ਼ਰ-ਅੰਦਾਜ਼ ਕਰ ਦਿੱਤੇ ਜਾਂਦੇ ਨੇ, ਉਨ੍ਹਾਂ 'ਚ ਮੋਹਨ ਮਤਿਆਲਵੀ ਦਾ ਨਾਂਅ ਸਿਖਰਲੇ ਤਿੰਨ-ਚਾਰ ਨਾਵਾਂ 'ਚ ਰੱਖਿਆ ਜਾ ਸਕਦਾ ਹੈ।

- ਸਾਹਿਤ ਸੰਪਾਦਕ

# ਮੋਹਨ ਮਤਿਆਲਵੀ ਦੀਆਂ ਨਜ਼ਮਾਂ

## ਅਲਖ਼ ਨਿਰੰਜਨ

ਆਪਣਾ ਆਪ ਤਲਾਸ਼ਣ ਖਾਤਰ
ਕੌਣ ਕਿ ਮੈਂ ਜੋ ਫਿਰਾਰ ਭਟਕਦਾ
ਦਰ ਤੋਂ ਦਰ-ਦਰ 'ਤੇ ਦਰ-ਬਾ-ਦਰ
ਆਪਣੇ ਸਿਰ ਦੀ ਧਰਤੀ 'ਤੇ
ਵਹਿਮਾਂ ਤੇ ਵਿਸ਼ਵਾਸ ਜਿਹਿਆਂ ਦੀ
ਖ਼ਾਬ, ਖਾਹਿਸ਼ਾਂ ਤੇ ਗ਼ਰਜ਼ਾਂ ਦੀ
ਭਾਰੀ ਪੰਡ ਇਕ ਚੁੱਕੀ ਫਿਰਦਾ।

ਸਾਗਰ, ਸਹਿਰਾ, ਪਰਬਤ, ਜੰਗਲ
ਖੇਤ, ਬਸਤੀਆਂ, ਪਿੰਡ-ਪਗਡੰਡੀਆਂ
ਸ਼ਹਿਰ ਦਾ ਜੰਗਲ ਗਾਹੁੰਦਾ ਹੋਇਆ
ਮਿਰਗ ਦੁੜਕਣੀ ਲਾਉਂਦਾ ਹੋਇਆ
ਕਦੇ ਕਿਤੇ ਜੇ ਹੰਭ ਜਾਵਾਂ ਤਾਂ
ਤੇਰੇ ਦਰ 'ਤੇ ਦਸਤਕ ਦੇਵਾਂ
ਮੁੜ ਕੇ ਫੇਰ ਉਦੈ ਹੋ ਜਾਵਾਂ।
ਆਪਣਾ ਆਪ ਤਲਾਸ਼ਣ ਖਾਤਰ
ਆਪਣੇ ਖ਼ੂਨ ਦੇ ਨਾਲ ਕਰਾਂ ਮੈਂ ਚਿੱਤਰਕਾਰੀ,
ਸ਼ਬਦਾਂ 'ਚੋਂ ਅਰਥਾਂ ਨੂੰ ਨਿਤਾਰਾਂ
ਅਰਥਾਂ ਨੂੰ ਮੁੜ ਫੇਰ ਕਸ਼ੀਦਾਂ,
ਜਦ ਕੋਈ ਗੀਤ ਮੁਕੰਮਲ ਹੋ ਜਾਏ
ਕਵਿਤਾ ਦੇ ਦਰ ਅਲਖ਼ ਜਗਾ ਕੇ
ਅਗਲੇ ਸਫ਼ਰ ਦੀ ਕਰਾਂ ਤਿਆਰੀ
ਬੇਸ਼ੱਕ ਰਸਤੇ
ਕਾਲੇ ਤੇ ਕੰਡਿਆਲੇ ਰਸਤੇ
ਅਕਸਰ ਹੀ ਮਨਮਾਨੀ ਕਰਦੇ,
ਕੰਡੇ ਹੱਥ ਪੈਰੀਂ ਤਾਂ ਪੁੜਦੇ
ਦਿਲ ਤੇ ਜ਼ਿਹਨ ਦੇ ਵਿੱਚ ਵੀ ਪੁੜਦੇ!
ਬੇਸ਼ੱਕ ਤੀਰ ਉਦਾਸੀ ਦੇ
ਸਿੱਧਾ ਛਾਤੀ-ਤੀਰ ਲਗਾਉਂਦੇ
ਦਾਨਾਬਾਦ ਕਿਸੇ ਦਾ ਚੇਤਾ ਵਿੱਸਰ ਜਾਂਦਾ,
ਸਿੰਘੋਵਾਲ ਦੀਆਂ ਪੈੜਾਂ ਵਿੱਚ
ਥੱਕੀ ਥੱਕ ਟੁੱਟ ਕੇ ਢਹਿ ਪੈਂਦੀ
ਤੀਰ ਤੇ ਤਰਕਸ਼ ਦੋਏ ਰੋਂਦੇ,
ਜ਼ਿੰਦਗੀ ਸਾਹਿਬਾਂ-ਮਿਰਜ਼ਾ ਹੁੰਦੀ
ਪੁਰਜ਼ਾ-ਪੁਰਜ਼ਾ-ਪੁਰਜ਼ਾ ਹੁੰਦੀ

ਸੱਚ ਕੀ ਹੈ ਪਰ
ਮੈਨੂੰ ਲਗਦੈ ਇਹ ਸੱਚ ਨਜ਼ਮਾ,
ਸਾਜ਼ ਦੀ ਤਾਰ ਬਣੇ ਬਿਨ ਨਜ਼ਮਾ
ਜ਼ਖ਼ਮਾਂ ਵਿੱਚ ਸ਼ਹਿ ਲਾਈ ਬੈਠੇ
ਦਰਦਾਂ ਦਾ ਅਨੁਵਾਦ ਨਾਮੁਮਕਿਨ,
ਸਿਫ਼ਰ ਦੇ ਅੱਗੇ ਜਾਂ ਫਿਰ ਪਿੱਛੇ
ਹਿੰਦਸਾ ਬਣ ਕੇ ਲੱਗਣਾ ਪੈਂਦਾ
ਤਦ ਜਾ ਕੇ ਕਿਧਰੇ ਕੋਈ ਦੀਪਕ
ਸੂਰਜ ਮੱਲ ਦਾ ਨਿੱਕਾ ਵੀਰਾ
ਤੇਰੇ ਚੰਨ ਦਾ ਹਾਣੀ ਬਣਦਾ
ਜਾਂ ਤਾਰਿਆਂ ਦਾ ਟਿਮਕ-ਟਿਮਕਣ
ਬਲਦਾ ਹਿਰਦਾ ਠਾਰਨ ਖਾਤਰ!
ਦੁੱਖਾਂ ਦੇ ਫੁੱਲ ਤਾਰਨ ਖਾਤਰ!!
ਆਪਣਾ ਆਪ ਤਲਾਸ਼ਣ ਖਾਤਰ!!!
ਤੇਰਾ ਰੂਪ ਤਰਾਸ਼ਣ ਖਾਤਰ!!!!
ਹਰ ਦਰ ਅਲਖ਼ ਜਗਾਉਣੀ ਪੈਂਦੀ!
ਆਪਣੀ ਬਲੀ ਚੜ੍ਹਾਉਣੀ ਪੈਂਦੀ!!

## ਮੁਹੱਬਤ ਖ਼ਤਬ ਜਨੂੰਨ

ਦੁਨੀਆਂ ਜੇ ਦਾਤੀ ਹੈ
ਦਾਤੀ ਦੋਧਾਰੀ ਹੈ,
ਤਦ ਵੀ ਇਸ ਦੇ
ਦੰਦਿਆਂ ਨੂੰ ਅਣਡਿੱਠਿਆਂ ਕਰਕੇ
ਮੁਹੱਬਤ ਰੌਸ਼ਨੀ ਹੈ,
ਮੁਹੱਬਤ ਜ਼ਿੰਦਗੀ ਹੈ,
ਪਾਕ ਤੋਂ ਪਾਕ-ਪਵਿੱਤਰ ਹੈ
ਤੇ ਇਹ ਕੋਈ ਨੂਰੀ ਜਲਵਾ ਹੈ,
ਖ਼ੁਸ਼ੀ ਤੇ ਖ਼ੁਸ਼ਬੂ ਦਾ ਅਹਿਸਾਸ
ਜਿਉਂ ਅੰਬੀਆਂ ਦਾ ਪਹਿਲਾ ਬੂਰ
ਰੱਬ ਤੋਂ ਪਹਿਲਾਂ ਜੀਕਣ ਬੰਦੇ ਦਾ ਵਿਸ਼ਵਾਸ!
ਮੁਹੱਬਤ
ਸਦੀਵੀ ਲਾਟ ਦਾ ਜਾਗਣ
ਕਿ ਜਿਸਦੇ ਆਸਰੇ ਬੰਦਾ ਕੋਈ ਵੀ ਜੋਗ ਲੈਂਦਾ ਹੈ
ਤਿਆਰੀਆਂ ਹੁੰਦਿਆਂ ਹੋਇਆਂ ਵੀ ਜ਼ਿੰਦਗੀ ਭੋਗ ਲੈਂਦਾ ਹੈ
ਕਿ ਜਿਸ ਦੇ ਆਸਰੇ ਥੱਕੀ ਕੋਈ ਅੰਬਰ 'ਚ ਉਡਦੀ ਹੈ
ਕਿ ਆਪਣੀ ਰੌਂਅ 'ਚ ਹੀ ਮਛਲੀ ਜਿਵੇਂ ਸਾਗਰ 'ਚ ਤਰਦੀ ਹੈ
ਤਾਂ ਇਸ਼ਕ ਅਲਾਪ ਲੈਂਦਾ ਹੈ
ਮੁਹੱਬਤ ਖਿੜਖਿੜਾਉਂਦੀ ਹੈ
ਤੇ ਕਾਇਨਾਤ ਗਾਉਂਦੀ ਹੈ!
ਤਲੀ ਸਿਰ ਧਰਨ ਦੀ ਗੱਲ ਹੈ,
ਗਲੀ ਵਿੱਚ ਵੜਨ ਦੀ ਗੱਲ ਹੈ,
ਇਹ ਮੇਰੇ ਯਾਰ ਦੀ ਗੱਲ ਹੈ
ਸਮੇਂ ਤੋਂ ਪਾਰ ਦੀ ਗੱਲ ਹੈ,
ਮੇਰੇ ਦਿਲਦਾਰ ਦੀ ਗੱਲ ਹੈ
ਸਮੇਂ ਤੋਂ ਪਾਰ ਦੀ ਗੱਲ ਹੈ।

## ਦੁਬਿਧਾ ਪਾਰ ਉਰਾਰ ਦੀ ਗਾਥਾ

ਮੈਂ ਤੈਨੂੰ ਤੇਰੇ 'ਚੋਂ ਲੱਭਦਾ
ਹੌਲੀ ਸਹਿਜ ਗੁਆਚ ਰਿਹਾ ਹਾਂ
ਪਰ ਏਨਾ ਵੀ ਉੱਚਾ ਨਹੀਂ ਉੱਠਿਆ
ਕਿ ਕਾਲੀ ਘਟ ਛਾਵੇ ਤੇ ਮੈਂ ਤਿਲਕ ਪਵਾਂ
ਬੱਜਰੀ ਵਾਂਗੂੰ ਖਿਲਰ ਜਾਵਾਂ
ਜਾਂ ਰੇਤ ਦਾ ਟਿਲਾ ਬਣ ਬੈਠਾਂ
ਜਾਂ ਧੂੰਆਂ ਬਣ ਕੇ ਉੱਡ ਜਾਵਾਂ
ਜਾਂ ਫਿਰ ਜੰਗਲ ਹੀ ਬਣ ਜਾਵਾਂ!
"ਉਂਝ ਇਹ ਪੱਕ ਹੈ
ਹੁਣ ਰਹੁ ਦੀ ਥਾਂ ਰਸ ਮਿਲਦੀ ਹੈ
ਪੀਤੀ-ਪੀਤੀ ਜਾਂ ਨਾ ਪੀਤੀ ਇਕ ਬਰਾਬਰ"?
ਹੋ ਸਕਦਾ ਹੈ ਏਸੇ ਕਰਕੇ
ਮੈਂ ਤੈਨੂੰ ਤੇਰੇ 'ਚੋਂ ਲੱਭਦਾ
ਹੌਲੀ-ਸਹਿਜ ਗੁਆਚ ਰਿਹਾ ਹਾਂ
ਅਸਲ 'ਚ ਖੁਦ ਨੂੰ ਭਾਲ ਰਿਹਾ ਹਾਂ,
ਬੇਸ਼ੱਕ ਸਿਰ 'ਤੇ
ਦੇਸ-ਕਾਲ ਦਾ ਸਾਇਆ ਹੈ
ਹਾਲਾਤਾਂ ਦੀ ਮਾਇਆ ਹੈ
ਪਰ ਇਹ ਕੈਸ਼ਾ ਇੱਤੇਫਾਕ ਹੈ
ਮੈਂ ਤੇਰੇ ਲਈ ਜਿਊਂਦਾ ਵੀ ਹਾਂ!
ਤੇਰੇ ਲਈ ਮਰ ਚੁੱਕਿਆ ਵੀ ਹਾਂ!!

## ਮਹਾਂਮੂਰਖਤਾਈ ਦੀ ਮਹਿਮਾ

ਹਰ ਇੱਕ ਪਿੰਡ ਤੇ ਸ਼ਹਿਰ-ਮੁਲਕ ਦੀ
ਆਪਣੀ ਇਕ ਨਿਸ਼ਚਤ ਹੱਦ ਹੁੰਦੀ,
ਮੂਰਖਤਾਈ ਦੀ ਪਰ ਕੋਈ
ਹੱਦੋ-ਹੱਦ ਸਰਹੱਦ ਨਾ ਹੁੰਦੀ?
ਉਦਾਸੀ ਦੇ ਅੰਨ੍ਹੇ ਪਾਤਾਲ
ਨਿਰਾਸੀ ਆਤਮਾ ਦੇ ਥੇਹ
ਵਕਤ ਦੇ ਉੱਜੜੇ ਖੂਹਾਂ ਤੋਂ
ਛਿਣ ਭਰ ਖੁਸ਼ੀ ਦੇ ਨੀਲੰਬਰ ਤੱਕ
ਦਰਦ ਦੇ ਤਪਦੇ ਸਹਿਰਾਵਾਂ ਤੋਂ
ਸ਼ਾਂਤ ਤੇ ਸੀਤਲ ਲਖ਼ਲਿਸਤਾਨਾਂ ਤੱਕ,
ਆਰ-ਪਾਰ ਦੇ ਯੁੱਧ ਤੋਂ ਲੈ ਕੇ
ਬਿੰਦੂ ਤੋਂ ਵਿਸਥਾਰ ਤਾਈਂ
ਹਰ ਜੁਗਨੂੰ ਤਾਰੇ ਚੰਦ ਸੂਰਜ ਦੀ
ਆਪੋ-ਆਪਣੇ ਨੇਮ ਮੁਤਾਬਕ
ਆਪਣੀ ਨਿਸਚਤ ਹੱਦਬੰਦੀ ਹੈ!
ਕਿਰਤ-ਕਰਮ ਦੇ ਧਰਮ ਤੋਂ ਲੈ ਕੇ
ਰੋਟੀ ਦੀ ਮਿੱਠੜੇ ਗੀਤ ਤਾਈਂ,
ਕੁੱਖ ਤੋਂ ਕਬਰ ਦੇ ਸਫ਼ਰ ਦੇ ਤੀਕਰ
ਬੇਹੱਦ ਗੁੰਝਲਦਾਰ ਸਹੀ ਪਰ ਇੱਕ ਸੀਮਾ ਹੈ?
ਝੂਠੇ ਰਾਖ਼ ਗਵਾਹਾਂ ਨੂੰ ਜੇ ਛੱਡ ਵੀ ਦਈਏ
ਚਸ਼ਮਦੀਦ ਪ੍ਰਮਾਣਾ ਦੇ ਪ੍ਰਮਾਣੂਆਂ ਦੇ ਹੁੰਦੇ ਹੋਇਆਂ ਵੀ
ਨਿਆਂ ਆਪਣੇ ਜ਼ਰਾਬਕਤਰ ਸਣੇ
ਕਾਲੀ-ਕਾਲੀ ਕਾਲ ਕਲੂਟੀ
ਹੱਦ ਤੋਂ ਬਾਹਰ ਕਦੇ ਨਹੀਂ ਜਾਂਦਾ
ਪਰ, ਜ਼ੁਲਮ ਜਬਰ ਦੀ ਹੱਦ ਨਹੀਂ ਹੁੰਦੀ
ਇਸ ਮੂਰਖ ਜੰਗਲ ਦੀ ਕੋਈ
ਕੋਈ ਆਖ਼ਰੀ ਹੱਦ ਨਹੀਂ ਹੁੰਦੀ!
ਇਸ ਤੋਂ ਪਹਿਲਾਂ ਉਸ ਤੋਂ ਮਗਰੋਂ
ਬੀ ਬੀ ਸੀ ਤੋਂ ਖ਼ਬਰ ਸੁਣੀ:
ਤਿੰਨ ਮੁਲਕਾਂ ਦੇ ਅਸਲ ਅਤੇ ਸ਼ੁੱਧ ਪਾਲਕ ਬਾਲਕ ਮਾਲਕ
ਆਪੋ-ਆਪਣੀ ਹਉਮੈ ਦੀਆਂ ਨੋ ਮੈਨਜ਼ ਲੈਂਡਾਂ ਛੱਡ ਕੇ ਅੱਧੇ ਪੌਣੇ
ਹੱਦ ਦੇ ਪਾਰ ਹਨੇਰਾ ਮਿੱਧ ਕੇ ਚਲੇ ਗਏ
ਅੱਧੇ ਸਿਰ 'ਤੇ 'ਨ੍ਹੇਰਾ ਚਾ ਕੇ ਏਧਰ ਓਧਰ ਹੋ ਗਏ!
ਤੇ ਤਿੰਨਾਂ ਮੁਲਕਾਂ ਦੇ ਮੁਖੀਏ
ਚਿੰਤਮਣੀ ਦੇ ਕਾਲੇ ਸਾਗਰ
ਗੋਤੇ ਲਾਉਂਦੇ ਫੜੇ ਗਏ
ਨੰਗੇ ਨ੍ਹਾਉਂਦੇ ਫੜੇ ਗਏ!

## ਈਕੋ ਇਕ ਚੈਂਬਰ ਨਾਥ ਕਥਾ

ਸਭ ਨੂੰ ਪਤਾ ਹੈ ਰਾਤ ਹੈ
ਕਿੰਨੀ ਭਿਆਨਕ ਰਾਤ ਹੈ,
ਰਾਤ ਦਾ ਕੀ ਰਾਜ਼ ਹੈ
ਰਾਤ ਦਾ ਕੀ ਰੰਗ ਹੈ
ਰਾਤ ਆਖ਼ਰ ਰਾਤ ਹੈ
ਕੋਈ ਧੁਪੀਲਾ ਦਿਨ ਨਹੀਂ!

ਇਹ ਰਾਤ ਅਹਿੰਸਕ ਰਾਤ ਹੈ
ਸ਼ਾਂਤੀ ਦੀ ਰਾਗ ਮਾਲਾ ਜਪ ਰਹੀ
ਸਿਰ 'ਤੇ ਪੁੱਠੇ ਸਿਰ ਖੜੀ,
ਇਕ ਤਲੀ 'ਤੇ ਪਿਆਰ ਨਾਲ
ਚੁੱਕ ਕੇ ਸਿਵਿਆਂ ਦੀ ਕਤਾਰ
ਦੂਜੀ 'ਤੇ ਕਬਰਾਂ ਦੀ ਲੜੀ
ਸੁਹਣੀ-ਸੁਨੱਖੀ ਜਾਪਦੀ ਪਰ ਸਿਰ ਸੜੀ?

ਮੌਤ ਦਾ ਤਾਂਡਵ ਚੁਫੇਰੇ
ਪਰ ਮੁਹੱਬਤ ਲਾਪਤਾ,
ਜ਼ਿੰਦਗੀ ਐ ਜ਼ਿੰਦਗੀ
ਤੂੰ ਕਿਸ ਤਰ੍ਹਾਂ ਦੀ ਜ਼ਿੰਦਗੀ
ਇਹ ਕਿਸ ਤਰ੍ਹਾਂ ਦਾ ਹਾਦਸਾ?
ਸਵਾਲ ਹੈ;
ਏਸੇ ਲਈ ਤਾਂ ਲੱਭ ਰਿਹਾ
ਫੜਫੜਾਉਂਦੇ ਦੀਵੇ ਦੀ ਵੱਟੀ ਦੀ ਨੋਕ
ਤੀਲ੍ਹ ਕੋਈ
ਮੋਮਬੱਤੀ ਦਾ ਸਿਰਾ,
ਟੁੱਟ ਰਿਹਾ ਕੋਈ ਸਿਤਾਰਾ
ਟੇਢੇ ਹੋ ਰਹੇ ਚੰਨ ਦੀ ਥੋੜ੍ਹੀ ਜਿਹੀ ਲੋਅ
ਜ਼ਖ਼ਮੀ ਸੂਰਜ ਦਾ ਪਤਾ-ਟਿਕਾਣਾ!
ਪਰ
ਦਿਲ 'ਚ ਮੇਰੇ ਅੱਗ ਜੋ ਬਾਕੀ ਬਚੀ
ਕੀ ਮੇਰੀ ਹਉਮੈ ਤੇ ਉਹ ਕਾਫ਼ੀ ਨਹੀਂ?
ਫਿਰ ਕਿਤੋਂ ਆਵਾਜ਼ ਆਈ
ਤੂੰ ਕਿ ਜਿਸ ਨੂੰ ਰਾਤ ਸਮਝੇਂ
ਅਸਲ ਵਿੱਚ ਰਾਤ ਦਾ ਪਿਓ ਹੈ
ਹੁਣੇ ਇਹ ਲਾਡਲੀ ਆਪਣੀ ਨੂੰ
ਹਿੰਸਾ ਦੀ ਲੋਰੀ ਸੁਣਾਇਗਾ
ਤੇ ਇਸ ਦਾ ਲਾਡਲਾ-ਇਕਲੌਤਾ
ਆਗਿਆਕਾਰੀ ਪੁੱਤ ਹਨ੍ਹੇਰਾ
ਉਬਾਸੀ ਲਏ ਬਿਨ ਜਾਗ ਜਾਏਗਾ,
ਭੈਅ ਤੇ ਪੀੜ ਨੂੰ ਗੁੱਟੋਂ ਫੜ ਕੇ
ਆਪਣੇ ਨਾਜ਼ੁਕ ਸਿੰਙਾ 'ਨਾ ਸਹਿਲਾਏਗਾ
ਤੇ ਕਹੇਗਾ
ਰਾਤ ਆਖ਼ਰ ਰਾਤ ਹੈ
ਕੋਈ ਲਿਸ਼ਕਦਾ ਦਿਨ ਨਹੀਂ,
ਜਸ਼ਨ ਬਾਝੋਂ
ਏਸ ਨੰਗੀ ਦੇਹ ਦਾ ਕੋਈ ਮਤਲਬ ਨਹੀਂ

# ਸੰਪਰਕ : 97803-98455

ਸਫ਼ਾ 1 ਦੀ ਬਾਕੀ

## ਸਾਂਝੀਵਾਲਤਾ ਨੂੰ ਮਿਟਾਉਣ ਵਾਲਾ ਸਿਧਾਂਤ...

ਅਤੇ ਕਰ ਰਹੇ ਹਨ।

- 4 -

### ਯੂਰਪੀ ਫ਼ਾਸ਼ੀਵਾਦ ਤੇ ਭਾਰਤੀ ਫ਼ਾਸ਼ੀਵਾਦ

ਅਸੀਂ ਇਸ ਬਹਿਸ ਕਿ ਆਰ.ਐਸ.ਐਸ., ਭਾਜਪਾ ਤੇ ਮੌਜੂਦਾ ਨਿਜ਼ਾਮ ਫ਼ਾਸ਼ੀਵਾਦੀ ਹਨ, ਦੇ ਕੇਂਦਰ ਵਿਚ ਉਦੋਂ ਜਾਂਦੇ ਹਾਂ, ਜਦੋਂ ਅਸੀਂ ਇਹ ਵੇਖਦੇ ਹਾਂ ਕਿ ਸੰਘ ਦੀ ਵਿਚਾਰਧਾਰਾ ਜਿਸ ਨੂੰ ਅਸੀਂ ਸੰਘਵਾਦ ਜਾਂ ਆਰ.ਐਸ.ਐਸ.ਵਾਦ ਕਹਿ ਸਕਦੇ ਹਾਂ, ਉਹ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਯੂਰਪ ਵਿਚ ਉੱਭਰੇ ਫ਼ਾਸ਼ੀਵਾਦ ਨਾਲ ਕਿਵੇਂ ਮਿਲਦੀ-ਜੁਲਦੀ ਹੈ ਤੇ ਕਿਵੇਂ ਉਸ ਤੋਂ ਵੱਖਰੀ ਹੈ; ਇਸ ਸਬੰਧ ਵਿਚ ਮੁੱਖ ਨੁਕਤੇ ਇਹ ਹਨ। ਇੱਥੇ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਮੈਂ ਜਿੱਥੇ ਸ਼ਬਦ ਯੂਰਪੀ ਫ਼ਾਸ਼ੀਵਾਦ ਵਰਤ ਰਿਹਾ ਹਾਂ, ਉਸ ਤੋਂ ਮਤਲਬ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਯੂਰਪ ਵਿਚ ਉਭਰਿਆ ਫ਼ਾਸ਼ੀਵਾਦ ਹੈ ਤੇ ਸਮਕਾਲ ਵਿਚ ਯੂਰਪ ਵਿਚ ਫ਼ਾਸ਼ੀਵਾਦੀ ਕਿਵੇਂ ਨਹੀਂ।

(1) ਯੂਰਪ ਵਿਚ ਫ਼ਾਸ਼ੀਵਾਦ ਬਹੁਤ ਤੇਜ਼ੀ ਨਾਲ ਤੇ ਆਪਣੇ ਹਾਲਾਤ ਅਨੁਸਾਰ ਉੱਭਰਿਆ। ਇਸ ਦੇ ਉਭਾਰ ਵਿਚ ਬਸਤੀਆਂ ਲਈ ਜੰਗ, ਪਹਿਲੀ ਆਲਮੀ ਜੰਗ, ਉਸ ਵਿਚ ਇਟਲੀ ਤੇ ਜਰਮਨੀ ਦੀ ਹਾਰ, ਉਸ ਹਾਰ ਤੋਂ ਉਪਜਿਆ ਬੇਇੱਜ਼ਤੀ ਦਾ ਅਹਿਸਾਸ ਤੇ ਨੀਤਸ਼ੇ, Georges Surel, ਪਰੈਟੋ ਤੇ ਅਜਿਹੇ ਕਈ ਹੋਰ ਚਿੰਤਕਾਂ ਦੀ ਸੋਚ ਸੀ। ਫ਼ਾਸ਼ੀਵਾਦ ਦਾ ਇਕ ਪ੍ਰਮੁੱਖ ਨੁਕਤਾ ਜਮਾਤੀ ਸੰਘਰਸ਼ ਨੂੰ ਨਕਾਰ ਕੇ, ਸਮਾਜ ਵਿਚਲੇ ਕਲੇਸ਼ ਨੂੰ ਕੌਮ ਜਾਂ ਨਸਲ 'ਤੇ ਅਧਾਰਿਤ ਰਾਸ਼ਟਰਵਾਦ ਨਾਲ ਹੱਲ ਕਰਨਾ ਸੀ; ਇਸੇ ਲਈ ਫ਼ਾਸ਼ੀਵਾਦੀ ਬੁਨਿਆਦੀ ਤੌਰ 'ਤੇ ਕਮਿਊਨਿਸਟ ਤੇ ਸੋਸ਼ਲਿਸਟ ਵਿਰੋਧੀ ਸੀ ਤੇ ਕਮਿਊਨਿਸਟ ਤੇ ਸੋਸ਼ਲਿਸਟ ਫ਼ਾਸ਼ੀਆਂ ਦੇ ਪਹਿਲਾਂ ਨਿਸ਼ਾਨੇ ਬਣੇ।

ਇਸ ਦੇ ਮੁਕਾਬਲੇ ਭਾਰਤ ਵਿਚ ਸੰਘਵਾਦ ਬਹੁਤ ਹੌਲੀ ਹੌਲੀ ਉੱਭਰਿਆ। ਜਿਵੇਂ ਮੈਂ ਕਿਹਾ ਹੈ ਕਿ ਇਸ ਦੇ ਬੀਜ 19ਵੀਂ ਸਦੀ ਦੇ ਅਖ਼ੀਰ ਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਸਮੇਂ ਵਿਚ ਪਣਪੀਆਂ ਹਿੰਦੂ ਮੂਲਵਾਦੀ ਲਹਿਰਾਂ ਵਿਚ ਸਨ।

ਯੂਰਪੀ ਫ਼ਾਸ਼ੀਵਾਦ ਵਿਅਕਤੀ ਕੇਂਦਰਿਤ ਸੀ। ਇਟਲੀ ਵਿਚ ਫ਼ਾਸ਼ੀਵਾਦ ਮੁਸੋਲੀਨੀ ਦੇ ਕਾਰਨ ਤੇ ਉਸ ਦੀ ਸੋਚ ਵਿੱਚੋਂ ਉੱਭਰਿਆ ਤੇ ਜਰਮਨੀ ਵਿਚ ਨਾਜ਼ੀਵਾਦ ਹਿਟਲਰ ਦੇ ਵਿਚਾਰ-ਪ੍ਰਬੰਧ ਦੇ ਆਲੇ ਦੁਆਲੇ 'ਚੋਂ ਉਗਮਿਆ। ਉਸ ਦੇ ਮੁਕਾਬਲੇ ਭਾਰਤੀ ਫ਼ਾਸ਼ੀਵਾਦ ਮੁੱਖ ਤੌਰ 'ਤੇ ਵੀ.ਡੀ. ਸਾਵਰਕਰ ਤੇ ਹੇਡਗੇਵਾਰ ਦੀ ਸੋਚ ਤੋਂ ਪ੍ਰੇਰਿਤ ਹੁੰਦਾ ਹੋਇਆ ਆਰ.ਐਸ.ਐਸ. ਦੀ ਜਥੇਬੰਦਕ ਤਾਕਤ ਦੇ ਆਸਰੇ ਜਨਮਿਆ ਤੇ ਪ੍ਰਫੁੱਲਿਤ ਹੋਇਆ ਤੇ ਹੁਣ ਵੀ ਮੋਦੀ ਤੇ ਭਾਗਵਤ ਜਿਹੀਆਂ ਤਾਕਤਵਰ ਸ਼ਖ਼ਸੀਅਤਾਂ ਦੀ ਮੌਜੂਦਗੀ ਦੇ ਬਾਵਜੂਦ ਇਸ ਦੀ ਚੜ੍ਹਤ ਵਿਅਕਤੀਆਂ ਦੀ ਥਾਂ 'ਤੇ, ਆਰ.ਐਸ.ਐਸ. 'ਤੇ ਨਿਰਭਰ ਹੈ। ਇਸ ਤਰ੍ਹਾਂ ਯੂਰਪੀ ਫ਼ਾਸ਼ੀਵਾਦ ਜ਼ਿਆਦਾ ਵਿਅਕਤੀ-ਕੇਂਦਰਿਤ ਸੀ ਜਦੋਂ ਕਿ ਭਾਰਤੀ ਫ਼ਾਸ਼ੀਵਾਦ ਜਥੇਬੰਦੀ-ਕੇਂਦਰਿਤ ਹੈ ਤੇ ਇਸ ਦੀ ਸਫ਼ਲਤਾ ਦਾ ਕਾਰਨ ਵੀ ਇਹੀ ਹੈ। ਭਾਰਤ ਦੀ ਫ਼ਾਸ਼ੀਵਾਦ ਜਥੇਬੰਦੀ ਕੇਂਦਰਿਤ ਹੋਣ ਦੇ ਨਾਲ ਛੋਟੇ ਛੋਟੇ ਕਦਮਾਂ ਨਾਲ ਲਗਾਤਾਰ ਤੁਰਨ ਵਾਲਾ ਫ਼ਾਸ਼ੀਵਾਦ ਹੈ। ਇਸ ਨੇ ਵੱਡੀਆਂ ਛਾਲਾਂ 1974-75 ਵਿਚ ਐਮਰਜੈਂਸੀ ਵਿਰੁੱਧ ਬਣੇ ਮੁਹਾਜ਼ ਵਿਚ ਸ਼ਾਮਲ ਹੋਣ, 1992 ਵਿਚ ਬਾਬਰੀ ਮਸਜਿਦ ਦੇ ਢਾਹੁਣ, 2002 ਵਿਚ ਗੁਜਰਾਤ ਦੰਗਿਆਂ ਦੌਰਾਨ ਮੁਸਲਮਾਨਾਂ ਨੂੰ ਸਬਕ ਸਿਖਾਉਣ ਤੇ 2014 ਵਿਚ ਭਾਜਪਾ ਦੇ ਆਪਣੇ ਬਲਬੂਤੇ 'ਤੇ ਮੋਦੀ ਦੀ ਸ਼ਖ਼ਸੀਅਤ ਆਸਰੇ ਸੱਤਾ ਹਾਸਿਲ ਕਰਨ ਨਾਲ ਮਾਰੀਆਂ। 2019 ਦੀਆਂ ਚੋਣਾਂ ਵਿਚ ਭਾਜਪਾ ਦੀ ਵੱਡੀ ਕਾਮਯਾਬੀ ਜਿਸ ਬਾਰੇ ਅਸੀਂ ਬਾਅਦ ਵਿਚ ਗੱਲ ਕਰਾਂਗੇ, ਨਾਲ ਇਸ ਸੋਚ ਨੂੰ ਅਮਲੀ ਰੂਪ ਦੇਣ ਦੀ ਗੱਲ ਤੇਜ਼ ਹੋਈ।

(2) ਵੀਹਵੀਂ ਸਦੀ ਦੇ ਪਹਿਲੇ ਅੱਧ ਵਾਲੇ ਯੂਰਪੀ ਫ਼ਾਸ਼ੀਵਾਦ ਤੇ ਭਾਰਤੀ ਫ਼ਾਸ਼ੀਵਾਦ ਵਿਚ ਇਕ ਵੱਡਾ ਅੰਤਰ ਇਹ ਹੈ ਕਿ ਉਹ ਫ਼ਾਸ਼ੀਵਾਦ ਪ੍ਰਮੁੱਖ ਤੌਰ 'ਤੇ ਸਿਆਸਤ ਦੇ ਰਸਤੇ ਆਇਆ; ਇਹ ਕਹਿਣ ਦਾ ਮਤਲਬ ਯੂਰਪੀ ਫ਼ਾਸ਼ੀਵਾਦ ਦੇ ਸਮਾਜਿਕ ਆਧਾਰ, ਆਰਥਿਕ ਕਾਰਨਾਂ ਤੇ ਇਤਿਹਾਸਕ ਕਾਰਨਾਂ ਨੂੰ ਨਕਾਰਨਾ ਨਹੀਂ ਹੈ ਪਰ ਫਿਰ ਵੀ ਅਸੀਂ ਵੇਖਦੇ ਹਾਂ ਕਿ ਯੂਰਪੀ ਫ਼ਾਸ਼ੀਵਾਦੀ ਤੁਰੰਤ ਫ਼ਾਸ਼ੀ ਪਾਰਟੀਆਂ ਬਣਾਉਂਦੇ ਹਨ, ਸੱਤਾ ਹਾਸਿਲ ਕਰਦੇ ਹਨ ਤੇ ਫਿਰ ਸਮਾਜਿਕ ਜੀਵਨ 'ਤੇ ਕਬਜ਼ਾ ਕਰਦੇ ਹਨ। ਦੂਸਰੇ ਪਾਸੇ ਭਾਰਤ ਵਿਚ ਫ਼ਾਸ਼ੀਵਾਦ ਬਾਰਸਤਾ ਸਮਾਜ ਆਇਆ; ਇਸ ਦਲੀਲ ਦਾ ਮਤਲਬ ਇਹ ਨਹੀਂ ਕਿ ਜਦੋਂ ਇਸ ਦੀ ਸ਼ੁਰੂਆਤ ਹੋਈ ਓਦੋਂ ਇਸ ਦੀ ਕੋਈ ਸਿਆਸਤ ਨਹੀਂ ਸੀ; ਸਗੋਂ ਸੰਘ ਆਪਣੇ ਨਿਸ਼ਾਨਿਆਂ ਬਾਰੇ ਸਪਸ਼ਟ ਸੀ ਤੇ ਇਸ ਦੇ ਬੁਨਿਆਦੀ ਸਿਆਸੀ ਨਿਸ਼ਾਨੇ ਇਹ ਸਨ:

ਸਮਾਜ ਵਿਚ ਹਿੰਦੂ ਭਾਈਚਾਰੇ ਦੀ ਬਰਤਰੀ ਨੂੰ ਯਕੀਨੀ ਬਣਾਉਣਾ, ਉਹ ਬਰਤਰੀ ਹਾਸਿਲ ਕਰਨ ਲਈ ਹਿੰਦੂ ਭਾਈਚਾਰੇ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤਿਆਰ ਕਰਨਾ, ਹਿੰਦੂ ਧਰਮ ਨੂੰ ਦੇਸ਼-ਰਾਸ਼ਟਰ ਦੇ ਬਰਾਬਰ ਦੀ ਬੌਧਿਕ ਤੇ ਸਭਿਆਚਾਰਕ ਇਕਾਈ ਬਣਾਉਣਾ, ਮੁਸਲਮਾਨਾਂ ਤੇ ਇਸਾਈਆਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਿੱਧ ਕਰਨਾ ਆਦਿ ਪਰ ਬਹੁਤ ਸਮੇਂ ਤੱਕ ਆਰ.ਐਸ.ਐਸ. ਨੇ Active ਸਿਆਸਤ ਵਿਚ ਹਿੱਸਾ ਨਹੀਂ ਲਿਆ। ਭਾਰਤੀ ਜਨਸੰਘ 1951 ਵਿਚ ਹੋਂਦ ਵਿਚ ਆਈ ਅਤੇ ਆਰ.ਐਸ.ਐਸ. ਦੇ ਭਾਈ ਮਹਾਵੀਰ ਨੂੰ ਇਸ ਦਾ ਜਰਨਲ ਸਕੱਤਰ ਬਣਾਇਆ ਗਿਆ; ਸ਼ਿਆਮਾ ਪ੍ਰਸਾਦ ਮੁਖਰਜੀ ਇਸ ਦਾ ਪ੍ਰਧਾਨ ਬਣਿਆ। ਇਹ 1957 ਦੀਆਂ ਆਮ ਚੋਣਾਂ ਦੌਰਾਨ ਸੀ ਕਿ ਗੋਲਵਾਲਕਰ ਨੇ ਵੋਟਰਾਂ ਨੂੰ ਸਿੱਧੇ ਤੇ ਸਪਸ਼ਟ ਤਰੀਕੇ ਨਾਲ ਕਿਹਾ ਕਿ ਉਹ ਉਨ੍ਹਾਂ ਪਾਰਟੀਆਂ ਤੇ ਵਿਅਕਤੀਆਂ ਨੂੰ ਵੋਟ ਪਾਉਣ ਜਿਹੜੇ ਹਿੰਦੂ ਲੋਕਾਂ ਤੇ ਹਿੰਦੂ ਆਦਰਸ਼ਾਂ ਨੂੰ ਸਮਰਪਿਤ ਹੋਣ।

ਇਸ ਤਰ੍ਹਾਂ ਆਰ.ਐਸ.ਐਸ. ਨੇ ਸਮਾਜ ਵਿਚ ਆਪਣੀ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਨੂੰ ਆਪਣਾ ਲਗਾਤਾਰ ਤੇ ਵੱਡਾ ਪੈਂਤੜਾ ਬਣਾਇਆ ਤੇ ਇਸ ਦੇ ਸਦਕਾ ਹੀ ਭਾਜਪਾ ਨੇ ਚੋਣਾਂ ਵਿਚ ਸਫਲਤਾ ਹਾਸਿਲ ਕੀਤੀ। ਕੋਈ ਵੀ ਸਿਆਸੀ ਮਹਾਂਗਠਬੰਧਨ ਭਾਵੇਂ ਭਾਜਪਾ ਨੂੰ ਸਿਆਸੀ ਮੁਹਾਜ਼ 'ਤੇ ਹਰਾ ਵੀ ਦੇਵੇ ਤਾਂ ਵੀ ਇਸ ਨੂੰ ਸਮਾਜਿਕ ਮੁਹਾਜ਼ 'ਤੇ ਹਰਾਉਣਾ ਲੋਕਾਂ ਨੂੰ ਉਸ ਨਫ਼ਰਤ ਤੋਂ ਮੁਕਤ ਕਰਨਾ ਜੋ ਉਨ੍ਹਾਂ ਦੇ ਮਨਾਂ ਵਿਚ ਘੋਲੀ ਗਈ ਹੈ, ਇਕ ਲੰਮਾ ਤੇ ਕਠਿਨ ਕਾਰਜ ਹੈ।

(3) ਯੂਰਪੀ ਤੇ ਭਾਰਤੀ ਫ਼ਾਸ਼ੀਵਾਦ ਵਿਚ ਹੋਰ ਵੀ ਫ਼ਰਕ ਹਨ। ਇਤਾਲਵੀ ਫ਼ਾਸ਼ੀਵਾਦ ਨਿਰੋਲ ਇਤਾਲਵੀ ਰਾਸ਼ਟਰਵਾਦ ਦੇ ਨਾਂ 'ਤੇ ਉਸਾਰਿਆ ਗਿਆ ਜਿਸ ਵਿਚ ਰਿਆਸਤ/ਸਟੇਟ ਨੂੰ ਹਰ ਚੀਜ਼ ਦੀ ਸਿਖਰ (Absolute) ਮੰਨਿਆ ਗਿਆ; ਇੰਜ ਮੁਸੋਲੀਨੀ ਦੇ ਰਾਜ ਵਿਚ ਯਹੂਦੀਆਂ ਵਿਰੁੱਧ ਵਿਤਕਰੇ, ਮੁਸੋਲੀਨੀ ਦੇ ਸੱਤਾ ਵਿਚ ਆਉਣ ਤੋਂ ਲਗਭਗ ਡੇਢ ਦਹਾਕੇ ਬਾਅਦ ਉੱਭਰੇ। ਜਰਮਨੀ ਵਿਚ ਨਾਜ਼ੀਵਾਦ ਉਸਰਿਆ ਹੀ ਨਸਲਵਾਦ ਦੇ ਆਧਾਰ 'ਤੇ ਤੇ ਯਹੂਦੀਆਂ ਪ੍ਰਤੀ ਨਫ਼ਰਤ, ਦੁਸ਼ਮਨੀ ਤੇ ਉਨ੍ਹਾਂ ਦੀ ਨਸਲਕੁਸ਼ੀ ਇਸ ਦੇ ਪ੍ਰਮੁੱਖ ਪਸਾਰ ਬਣੇ।

ਇਨ੍ਹਾਂ ਫ਼ਾਸ਼ੀਵਾਦਾਂ ਦੇ ਮੁਕਾਬਲੇ ਭਾਰਤੀ ਫ਼ਾਸ਼ੀਵਾਦ ਨੇ ਧਰਮ ਨੂੰ ਅਧਾਰ ਬਣਾਇਆ। ਹਿੰਦੂ ਧਰਮ ਨੂੰ ਦੇਸ਼-ਰਾਸ਼ਟਰ ਤੇ ਕੌਮ ਦਾ ਅਧਾਰ ਬਣਾਇਆ ਗਿਆ। ਸਾਵਰਕਰ ਨੇ ਹਿੰਦੂਤਵ ਦੇ ਸਿਧਾਂਤ ਨਾਲ ਵੈਦਿਕ ਧਰਮਾਂ ਤੇ ਪੰਥਾਂ ਦੇ ਨਾਲ ਨਾਲ ਅਵੈਦਿਕ ਧਰਮਾਂ (ਜਿਵੇਂ ਜੈਨੀ, ਬੋਧੀ, ਸਿੱਖ, ਸਤਨਾਮੀ, ਲਿੰਗਾਇਤ ਆਦਿ) ਦੇ ਪੈਰੋਕਾਰਾਂ ਨੂੰ ਹਿੰਦੂਤਵ ਦੇ ਸਿਧਾਂਤ ਤਹਿਤ ਹਿੰਦੂ ਮੰਨਿਆ ਤੇ ਇਸ ਤਰ੍ਹਾਂ ਹਿੰਦੂ ਕੌਮ ਦੀ ਨਵੀਂ ਪਰਿਭਾਸ਼ਾ ਘੜੀ।

(4) 20ਵੀਂ ਸਦੀ ਦੇ ਪਹਿਲੇ ਅੱਧ ਦੇ ਯੂਰਪੀ ਫ਼ਾਸ਼ੀਵਾਦ ਤੇ ਭਾਰਤੀ ਫ਼ਾਸ਼ੀਵਾਦ ਵਿਚ ਇਕ ਹੋਰ ਮੁੱਖ ਫ਼ਰਕ ਇਹ ਹੈ ਕਿ ਯੂਰਪੀ ਫ਼ਾਸ਼ੀਵਾਦ ਵਿਚ ਇਸ ਦੇ ਵਿਅਕਤੀ ਕੇਂਦਰਿਤ ਹੋਣ ਕਾਰਨ, ਫ਼ਾਸ਼ੀਵਾਦੀ ਹਾਕਮ ਤਾਨਾਸ਼ਾਹ ਬਣ ਗਏ; ਉਨ੍ਹਾਂ ਨੇ ਚੋਣ-ਪ੍ਰਕਿਰਿਆ ਨੂੰ ਨਕਾਰ ਦਿੱਤਾ ਤੇ ਡਿਕਟੇਟਰ ਬਣੇ। ਇਸ ਦੇ ਮੁਕਾਬਲੇ ਭਾਰਤੀ ਫ਼ਾਸ਼ੀਵਾਦ ਵਾਰ ਵਾਰ ਚੋਣ-ਮੈਦਾਨ ਵਿਚ ਜਾਣ ਅਤੇ ਚੋਣਾਂ ਵਿਚ ਮੁਸਲਿਮ-ਵਿਰੋਧ ਤੇ ਪਾਕਿਸਤਾਨ ਦੁਸ਼ਮਨੀ ਨੂੰ ਮੁੱਖ ਮੁੱਦੇ ਬਣਾ ਕੇ ਜਿੱਤ ਹਾਸਿਲ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਭਾਜਪਾ ਹਰ ਚੋਣ ਨੂੰ ਜੰਗੀ ਪੱਧਰ 'ਤੇ ਲੜਦੀ ਹੈ ਭਾਵੇਂ ਉਸ ਵਿਚ ਉਸ ਦੀ ਹਾਰ ਪ੍ਰਤੱਖ ਵੀ ਹੋਵੇ; ਉਹ ਇਸ ਲਈ ਕਿ ਉਹ ਹਰ ਜਿੱਤ ਤੇ ਨਾਲ ਨਾਲ ਹਰ ਹਾਰ ਵਿਚ ਵੀ ਉਹ ਆਪਣਾ ਪ੍ਰਭਾਵ ਵਧਾਉਂਦੀ ਹੈ।

(5) ਜਿੱਥੇ ਯੂਰਪੀ ਫ਼ਾਸ਼ੀਵਾਦਾਂ ਨੇ ਆਪਣੇ ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਨੂੰ ਉੱਕਾ ਹੀ ਖ਼ਤਮ ਕਰ ਦਿੱਤਾ ਤੇ ਹਰ ਸੰਸਥਾ ਦੁਬਾਰਾ ਫ਼ਾਸ਼ੀਵਾਦੀ ਜਾਂ ਨਾਜ਼ੀਵਾਦੀ ਨੁਹਾਰ ਅਨੁਸਾਰ ਉਸਾਰੀ ਗਈ ਉੱਥੇ ਭਾਰਤੀ ਫ਼ਾਸ਼ੀਵਾਦ ਨੇ ਹੁਣ ਤੱਕ ਜਮਹੂਰੀ ਸੰਸਥਾਵਾਂ ਨੂੰ ਬਾਹਰੀ ਰੂਪ ਵਿਚ ਕਾਇਮ ਰੱਖਿਆ ਤੇ, ਪਰ ਅੰਦਰੋ-ਅੰਦਰੀ ਪੂਰੇ ਸਿਸਟਮ 'ਤੇ ਕਬਜ਼ਾ ਕਰ ਲਿਆ ਹੈ। ਚੋਣ ਕਮਿਸ਼ਨ ਤੋਂ ਲੈ ਕੇ ਤਫ਼ਤੀਸ਼ੀ ਏਜੰਸੀਆਂ ਤੱਕ, ਸਭ ਸੰਸਥਾਵਾਂ ਭਾਜਪਾ ਦੇ ਸੰਦ ਬਣ ਗਈਆਂ ਹਨ। ਭਾਜਪਾ ਨੇ ਅਜਿਹਾ ਨਿਜ਼ਾਮ ਕੀਤਾ ਹੈ ਜਿਸ ਵਿਚ ਸਰਕਾਰ ਤੇ ਸੰਸਥਾਵਾਂ ਕਿਸੇ ਅੱਗੇ ਜਵਾਬਦੇਹ ਨਹੀਂ; ਜੇ ਉਹ ਜਵਾਬਦੇਹ ਹਨ ਤਾਂ ਸਿਰਫ਼ ਆਰ.ਐਸ.ਐਸ. ਅੱਗੇ। ਲੋਕਾਂ ਤੇ ਸੰਸਥਾ ਨੂੰ ਜਵਾਬਦੇਹ ਨਾ ਹੋਣਾ ਫ਼ਾਸ਼ੀਵਾਦ ਦਾ ਪ੍ਰਮੁੱਖ ਲੱਛਣ ਹੈ।

ਭਾਰਤੀ ਫ਼ਾਸ਼ੀਵਾਦ ਦੀ ਇੱਕ ਹੋਰ ਵਿਸ਼ੇਸ਼ਤਾ ਤੇ ਵੱਖਰਤਾ ਇਹ ਹੈ ਕਿ ਇਹ ਜਾਤੀਵਾਦੀ ਵੀ ਤੇ ਪਿੱਤਰੀ ਸੱਤਾ ਤੇ ਉਸ ਨਾਲ ਜੁੜੀਆਂ ਕਦਰਾਂ-ਕੀਮਤਾਂ ਦਾ ਰਖਵਾਲਾ ਵੀ ਹੈ; ਇਹ ਸਾਰੇ ਹਿੰਦੂ ਧਰਮ ਦੇ ਪੈਰੋਕਾਰਾਂ ਨੂੰ ਇਕ ਇਕਾਈ ਵਜੋਂ ਪੇਸ਼ ਕਰਦਾ ਹੈ ਪਰ ਅਸਿੱਧੇ ਰੂਪ ਵਿਚ ਇਹ ਹਿੰਦੂ ਧਰਮ ਦੀਆਂ ਉਹ ਜਾਤਾਂ, ਜਿਨ੍ਹਾਂ ਨੂੰ ਉੱਚੀਆਂ ਜਾਤਾਂ ਕਿਹਾ ਜਾਂਦਾ ਹੈ, ਦੀ ਸ੍ਰੇਸ਼ਟਤਾ Supermacy ਨੂੰ ਕਾਇਮ ਰੱਖਣ ਦਾ ਅੰਤਮ ਤੇ ਜੇ ਅੰਤਮ ਨਹੀਂ ਅੰਤਮ ਦੇ ਲਾਗੇ-ਚਾਗੇ ਦਾ ਉਪਰਾਲਾ ਹੈ। ਸਾਵਰਕਰ ਆਪਣੇ ਆਪ ਨੂੰ ਜਾਤੀਵਾਦ ਦਾ ਵਿਰੋਧੀ ਦਰਸਾਉਂਦਾ ਸੀ ਪਰ ਉਸ ਨੇ ਖ਼ੁਦ ਵਰਣ-ਆਸ਼ਰਮ ਨੂੰ ਭਾਰਤੀ ਕੌਮ ਦੀ ਇਕ ਪ੍ਰਾਪਤੀ ਦੱਸਿਆ ਹੈ। ਆਰ.ਐਸ.ਐਸ. ਦੇ ਕਈ ਆਗੂਆਂ ਨੇ ਮਨੂੰ ਸਿਮ੍ਰਤੀ ਦੀ ਪ੍ਰਸੰਸਾ ਕੀਤੀ ਹੈ। ਹੁਣ ਕਿਰਤ ਨੀਤੀ ਵਿਚ ਵੀ ਮਨੂੰ ਸਿਮ੍ਰਤੀ ਦੀ ਤਾਰੀਫ਼ ਕੀਤੀ ਗਈ ਹੈ।

ਭਾਰਤੀ ਫ਼ਾਸ਼ੀਵਾਦ ਦੀ ਇਕ ਹੋਰ ਖ਼ਾਸੀਅਤ ਇਸ ਦਾ ਸਾਡੇ ਸਮਾਜਿਕ ਜੀਵਨ ਦੇ ਨਾਲ ਸਾਡੀਆਂ ਸੰਸਥਾਵਾਂ ਵਿਚ ਇਸ ਤਰ੍ਹਾਂ ਰਚਮਿਚ (institutionalise) ਜਾਣਾ ਹੈ ਜਿਸ ਨੂੰ ਮੋੜਾ ਪਾਉਣਾ (ਅਣਕੀਤੇ ਕਰਨਾ) ਬਹੁਤ ਮੁਸ਼ਕਿਲ ਹੈ। ਉਦਾਹਰਨ ਦੇ ਤੌਰ 'ਤੇ ਦੇਸ਼ ਦੀ ਸੰਸਦ ਵਿਚ ਸਾਵਰਕਰ ਦਾ ਬੁੱਤ ਲੱਗ ਚੁੱਕਾ ਹੈ, ਹਵਾਈ ਅੱਡਿਆਂ, ਮਾਰਗਾਂ, ਇਮਾਰਤਾਂ, ਸੰਸਥਾਵਾਂ ਦੇ ਨਾਂ ਸਾਵਰਕਰ, ਦੀਨ ਦਿਆਲ ਉਪਾਧਿਆ ਤੇ ਫ਼ਾਸ਼ੀਵਾਦ ਦੇ ਹੋਰ ਪ੍ਰਚਾਰਕਾਂ ਦੇ ਨਾਂ 'ਤੇ ਰੱਖੇ ਜਾ ਚੁੱਕੇ ਹਨ। ਭਵਿੱਖ ਵਿਚ ਚੋਣਾਂ ਰਾਹੀਂ ਚੁਣੀ ਜਾਣ ਵਾਲੀ ਕੋਈ ਸਰਕਾਰ ਇਨ੍ਹਾਂ ਨਾਵਾਂ ਨੂੰ ਉਨ੍ਹਾਂ ਸੰਸਥਾਵਾਂ, ਇਮਾਰਤਾਂ, ਮਾਰਗਾਂ ਤੋਂ ਅਲੱਗ ਨਹੀਂ ਕਰ ਸਕਦੀ। ਵਿਦਿਅਕ ਸੰਸਥਾਵਾਂ, ਇਤਿਹਾਸ ਤੇ ਹੋਰ ਸਮਾਜਿਕ ਵਿਸ਼ਿਆਂ ਦੀਆਂ ਕਿਤਾਬਾਂ, ਸਭ ਨੂੰ ਫ਼ਾਸ਼ੀਵਾਦ ਦਾ ਗ੍ਰਹਿਣ ਲੱਗ ਚੁੱਕਾ ਹੈ। ਅਜਿਹੇ ਗ੍ਰਹਿਣ ਨੂੰ ਹਟਾਉਣ ਲਈ ਅਜਿਹੇ ਯਤਨ ਦੀ ਲੋੜ ਹੈ ਜਿਹੋ ਜਿਹਾ ਫ਼ਰਾਂਸੀਸੀ ਇਨਕਲਾਬ ਦੇ ਸਮੇਂ ਹੋਇਆ ਤੇ ਜਿਸ ਨੇ ਉਸ ਸਮੇਂ ਦੇ ਫ਼ਰਾਂਸੀਸੀ ਸਮਾਜ ਤੇ ਸਮੂਹਿਕ ਸੋਚ ਨੂੰ ਧਰਮ ਦੇ ਨਕਾਰਾਤਮਕ ਪੱਖਾਂ ਤੇ ਜਾਗੀਰਦਾਰੀ ਜਗਤ ਤੋਂ ਨਿਜਾਤ ਦਿਵਾਈ।

- 5 -

### ਯੂਰਪੀ ਫ਼ਾਸ਼ੀਵਾਦ ਤੇ ਭਾਰਤੀ ਫ਼ਾਸ਼ੀਵਾਦ: ਸਾਂਝਾਂ

ਜਿੱਥੇ ਵੀਹਵੀਂ ਸਦੀ ਦੇ ਯੂਰਪੀ ਫ਼ਾਸ਼ੀਵਾਦ ਤੇ ਭਾਰਤੀ ਫ਼ਾਸ਼ੀਵਾਦ ਜੋ ਉਨ੍ਹਾਂ ਹੀ ਸਮਿਆਂ ਤੋਂ ਆਰੰਭ ਹੋਇਆ ਅਤੇ ਹੁਣ ਸਿਖਰਾਂ ਵੱਲ ਵਧ ਰਿਹਾ ਹੈ, ਵਿਚਕਾਰ ਵਖਰੇਵੇਂ ਹਨ ਉੱਥੇ ਸਾਂਝਾਂ ਵੀ ਡੂੰਘੀਆਂ ਹਨ।

ਯੂਰਪੀ ਫ਼ਾਸ਼ੀਵਾਦ ਵਾਂਗ ਭਾਰਤੀ ਫ਼ਾਸ਼ੀਵਾਦ ਕਮਿਊਨਿਸਟਾਂ ਤੇ ਘੱਟ ਗਿਣਤੀਆਂ ਦਾ ਵਿਰੋਧੀ ਹੈ। ਗੋਲਵਾਲਕਰ ਨੇ ਆਪਣੀ ਕਿਤਾਬ Bunch of Thought ਵਿਚ ਬਹੁਤ ਸਪਸ਼ਟਤਾ ਨਾਲ ਕਿਹਾ ਹੈ ਕਿ ਮੁਸਲਮਾਨ ਇਸਾਈ ਤੇ ਕਮਿਊਨਿਸਟ ਹਿੰਦੂ ਸਮਾਜ ਦੇ ਮੁੱਖ ਦੁਸ਼ਮਨ ਹਨ।

ਇਨ੍ਹਾਂ ਫ਼ਾਸ਼ੀਵਾਦਾਂ ਵਿਚ ਦੂਸਰੀ ਪ੍ਰਮੁੱਖ ਸਾਂਝ ਇਹ ਹੈ ਕਿ ਆਪਣੇ ਸਮਾਜਾਂ ਜਾਂ ਭਾਈਚਾਰਿਆਂ ਨੂੰ ਪੀੜਤ ਸਮਾਜਾਂ ਤੇ ਭਾਈਚਾਰਿਆਂ ਵਜੋਂ ਪੇਸ਼ ਕਰਦੇ ਹਨ। ਇਤਾਲਵੀ ਤੇ ਜਰਮਨ ਫ਼ਾਸ਼ਿਸਟਾਂ ਦਾ ਕਹਿਣਾ ਸੀ ਕਿ ਪਹਿਲੀ ਆਲਮੀ ਜੰਗ ਵਿਚ ਉਨ੍ਹਾਂ ਨਾਲ ਘੋਰ ਅਨਿਆਂ ਹੋਇਆ ਹੈ; ਜਰਮਨੀ ਦੇ ਨਾਜ਼ੀਆਂ ਦਾ ਕਹਿਣਾ ਸੀ ਕਿ ਜਰਮਨੀ ਦੇ ਹੋਰ ਅਪਮਾਨ ਲਈ ਦੁਨੀਆਂ ਦੇ ਦੂਸਰੇ ਤਾਕਤਵਰ ਦੇਸ਼ਾਂ ਦੇ ਨਾਲ ਨਾਲ ਯਹੂਦੀ ਵੀ ਜ਼ਿੰਮੇਵਾਰ ਸਨ। ਹਿੰਦੂਤਵੀ ਤਾਕਤਾਂ ਤੇ ਸੰਘ ਪਰਿਵਾਰ ਦਾ ਕਹਿਣਾ ਹੈ ਕਿ ਮੁਸਲਮਾਨ ਹਾਕਮਾਂ ਨੇ ਹਿੰਦੂ ਸਮਾਜ 'ਤੇ ਜ਼ੁਲਮ ਕੀਤੇ ਤੇ ਉਨ੍ਹਾਂ ਦੀ ਆਮਦ ਨੇ ਹਿੰਦੂ ਸਮਾਜ ਦੀ ਸਜੀਵਤਾ ਨੂੰ ਤਬਾਹ ਕਰ ਦਿੱਤਾ। ਜਦੋਂ ਇਨ੍ਹਾਂ ਕਥਨਾਂ ਵਿਚ ਕੁਝ ਸਚਾਈ ਹੈ ਪਰ ਉਸ ਸੱਚਾਈ ਨੂੰ ਇਤਿਹਾਸਕ ਤੱਥਾਂ ਤੋਂ ਵਿਛੁੰਨਿਆ ਕਰ ਕੇ, ਅਤੇ ਆਪਣੇ ਬਣਾਏ ਸੱਚ ਨੂੰ ਬਹੁਤ ਜ਼ਿਆਦਾ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਨਾਲ ਨਾਲ ਅਤੀਤ ਵਿਚ ਪੀੜਤ ਹੋਣ ਦੇ ਦੁੱਖ ਨੂੰ ਹੁਣ ਦੇ ਮੁਸਲਮਾਨਾਂ ਦੇ ਸਿਰ ਲੱਦਿਆ ਜਾਂਦਾ ਹੈ ਤੇ ਉਨ੍ਹਾਂ ਵਿਰੁੱਧ ਤੁਅੱਸਬ ਵਧਾ ਕੇ, ਉਨ੍ਹਾਂ ਨੂੰ ਨਫ਼ਰਤ ਤੇ ਜਬਰ ਦਾ ਨਿਸ਼ਾਨਾ ਬਣਾ ਲਿਆ ਜਾਂਦਾ ਹੈ।

ਨਾਜ਼ੀਆਂ ਦੇ ਵਾਂਗ ਭਾਰਤੀ ਫ਼ਾਸ਼ੀਵਾਦ ਵੀ ਅਤੀਤ ਵਿਚ ਆਰੀਆ ਨਸਲ ਦੇ ਬਲਵਾਨ, ਸੱਚੀ ਸੁੱਚੀ ਤੇ ਸਭ ਗੁਣਾਂ ਦੀ ਗੁਥਲੀ ਬਣਾ ਕੇ ਪੇਸ਼ ਕਰਦਾ ਹੈ। ਭਾਰਤੀ ਫ਼ਾਸ਼ੀਵਾਦ ਮਿੱਥ ਉੱਤੇ ਟੇਕ ਬਹੁਤ ਡੂੰਘੀ ਹੈ। ਆਰ.ਐਸ.ਅਸ. ਦੀ ਬੁਨਿਆਦ ਦੁਸਹਿਰੇ ਭਾਵ ਵਿਜੈ ਦਸ਼ਮੀ ਰਾਮ ਦੀ ਰਾਵਣ 'ਤੇ ਜਿੱਤ ਵਾਲੇ ਦਿਨ ਰੱਖੀ ਗਈ। ਹਨੂੰਮਾਨ ਪੂਜਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਭਗਵਾਨ ਰਾਮ ਨਾਲ ਆਰ.ਐਸ.ਐਸ. ਤੇ ਭਾਜਪਾ ਨੇ ਡੂੰਘਾ ਰਿਸ਼ਤਾ ਬਣਾਇਆ ਤੇ ਬਾਬਰੀ ਮਸਜਿਦ ਢਾਹੁਣ ਤੋਂ ਰਾਮ ਮੰਦਿਰ ਦੀ ਉਸਾਰੀ ਕਹਾਣੀ ਭਾਰਤੀ ਫ਼ਾਸ਼ੀਵਾਦ ਦੇ ਬਲਵਾਨ ਹੋਣ ਦੀ ਸਮਾਨਅੰਤਰ ਕਹਾਣੀ ਹੈ।

ਹਰ ਫ਼ਾਸ਼ੀਵਾਦ ਵਾਂਗ ਭਾਰਤੀ ਫ਼ਾਸ਼ੀਵਾਦ ਅੰਧ-ਰਾਸ਼ਟਰਵਾਦ 'ਤੇ ਟੇਕ ਰੱਖਦਾ ਹੈ। ਜਿੱਥੇ ਅੰਧ-ਰਾਸ਼ਟਰਵਾਦ 'ਤੇ ਟੇਕ ਇੱਕ ਪ੍ਰਤੀਕਾਤਮਕ ਕਦਮ ਹੈ, ਜਿਸ 'ਚੋਂ ਕੌਮੀ ਸ੍ਵੈਮਾਨ ਪੈਦਾ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਉੱਥੇ ਇਸ ਨੂੰ ਜਮਾਤੀ ਸੰਘਰਸ਼ ਤੇ ਅਸਹਿਮਤੀ ਦੋਹਾਂ ਨੂੰ ਖ਼ਤਮ ਕਰਨ ਲਈ ਕਾਰਗਰ ਸੰਦ ਬਣਾਇਆ ਜਾਂਦਾ ਹੈ। ਜਮਾਤੀ ਸੰਘਰਸ਼ ਦੀ ਥਾਂ ਲੋਕਾਂ ਦੀ ਸਮੂਹਿਕ ਸੋਚ ਨੂੰ ਰਾਸ਼ਟਰ ਵਿਰੋਧੀ ਤਾਕਤਾਂ ਨਾਲ ਲੜਨ ਦੀ ਭਾਵਨਾ ਨਾਲ ਸਿੰਜਿਆ ਜਾਂਦਾ ਹੈ ਤੇ ਫ਼ਾਸ਼ੀਵਾਦੀਆਂ ਅਨੁਸਾਰ ਰਾਸ਼ਟਰ ਵਿਰੋਧੀ ਤਾਕਤਾਂ ਹਨ, ਕਮਿਊਨਿਸਟ ਵਿਚਾਰਧਾਰਾ, ਘੱਟ ਗਿਣਤੀਆਂ, ਪਰਵਾਸੀ। ਜਿਵੇਂ ਮੁਸੋਲੀਨੀ ਨੇ 'ਫ਼ਾਸ਼ੀਵਾਦ ਦੇ ਸਿਧਾਂਤ' (Doctrine of Fascism) ਨਾਂ ਦੇ ਲੇਖ ਵਿਚ ਲਿਖਿਆ ਸੀ, "ਰਿਆਸਤ/ਸਟੇਟ ਬਾਰੇ ਫ਼ਾਸ਼ੀਵਾਦੀ ਸਮਝ ਇਹ ਹੈ ਕਿ ਇਹ ਸਭ ਚੀਜ਼ਾਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ; ਮਨੁੱਖੀ ਤੇ ਰੂਹਾਨੀ ਕਦਰਾਂ-ਕੀਮਤਾਂ ਦੀ ਹੋਂਦ ਇਸ ਦੇ ਕਲੇਵਰ ਤੋਂ ਬਾਹਰ ਹੋ ਈ ਨਹੀਂ ਸਕਦੀ; ਤੇ ਜੇ ਹੋਵੇ ਵੀ ਉਸ ਦਾ ਮੁੱਲ ਬਹੁਤ ਘੱਟ ਹੋਵੇਗਾ। ਇਸ ਤਰ੍ਹਾਂ ਸਮਝਦਿਆਂ ਫ਼ਾਸ਼ੀਵਾਦ ਤਾਨਾਸ਼ਾਹੀ ਵਾਲਾ ਨਿਜ਼ਾਮ ਹੈ ਤੇ ਫ਼ਾਸ਼ੀਵਾਦ ਸਟੇਟ ਕਿਸੇ ਦੇਸ਼ ਦੀ ਲੋਕਾਈ ਦੀਆਂ ਸਭ ਕਦਰਾਂ-ਕੀਮਤਾਂ, ਉਨ੍ਹਾਂ ਦੀਆਂ ਵਿਆਖਿਆਵਾਂ, ਵਿਕਾਸ, ਸੰਭਾਵਨਾਵਾਂ ਦੀ ਇਕ ਇਕਾਈ ਤੇ ਸੁਮੇਲ ਦਾ ਨਾਂ ਹੈ।" (ਫ਼ਾਸ਼ੀਵਾਦ ਦਾ ਸਿਧਾਂਤ: ਬੈਨੀਟੋ ਮੁਸੋਲੀਨੀ)।

ਇਸ ਤਰ੍ਹਾਂ ਫ਼ਾਸ਼ੀਵਾਦ ਅਨੁਸਾਰ ਰਿਆਸਤ/ਸਟੇਟ ਸਭ ਤੋਂ ਪ੍ਰਮੁੱਖ ਹੈ ਤੇ ਸਭ ਮਨੁੱਖੀ ਕਦਰਾਂ-ਕੀਮਤਾਂ ਉਸ ਦੇ ਅਧੀਨ ਹਨ, ਸਟੇਟ ਤੋਂ ਬਾਹਰ ਉਨ੍ਹਾਂ ਦੀ ਕੋਈ ਹੋਂਦ ਨਹੀਂ ਭਾਵ ਜੇ ਕੋਈ ਵਿਚਾਰ ਸਟੇਟ ਦੇ ਵਿਚਾਰਾਂ ਨਾਲ ਮੇਲ ਖਾਂਦੇ ਹਨ ਤਾਂ ਉਹ ਸਹੀ ਹਨ ਤੇ ਜੇ ਮੇਲ ਨਹੀਂ ਖਾਂਦੇ ਤਾਂ ਉਹ ਗ਼ਲਤ ਹਨ।

ਏਥੇ ਅਸੀਂ ਰਿਆਸਤ/ਸਟੇਟ ਦੇ ਸ਼ਬਦਾਂ ਤੋਂ ਭੁਲੇਖਾ ਨਾ ਖਾਈਏ; ਏਥੇ ਰਿਆਸਤ/ਸਟੇਟ ਤੋਂ ਮਤਲਬ ਬਹੁਗਿਣਤੀ ਫ਼ਿਰਕੇ ਦੀ ਸਰਦਾਰੀ ਹੇਠਲੀ ਸਟੇਟ ਹੈ; ਬਹੁਗਿਣਤੀ ਫ਼ਿਰਕਾ ਹੀ ਕੌਮ, Nation ਹਨ ਤੇ ਫ਼ਾਸ਼ੀਵਾਦੀ ਸਿਧਾਂਤ ਅਨੁਸਾਰ ਉਨ੍ਹਾਂ ਦੀ ਪਾਰਟੀ ਨੂੰ ਕਿਸੇ ਦੇਸ਼ 'ਤੇ ਰਾਜ ਕਰਨ ਦਾ ਹੱਕ ਹੈ। ਏਹੀ ਫ਼ਰਕ ਹੈ ਤਾਨਾਸ਼ਾਹੀ ਤੇ ਫ਼ਾਸ਼ੀਵਾਦ ਵਿਚ। ਤਾਨਾਸ਼ਾਹੀ ਸਟੇਟ ਕੋਈ ਵੀ ਹੋ ਸਕਦੀ ਹੈ ਪਰ, ਫ਼ੌਜ ਦੀ ਤਾਨਾਸ਼ਾਹੀ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਤਾਨਾਸ਼ਾਹੀ, ਫ਼ਾਸ਼ੀਵਾਦ ਬਹੁਗਿਣਤੀ ਫ਼ਿਰਕੇ ਦੀ ਤਾਨਾਸ਼ਾਹੀ ਹੁੰਦਾ ਹੈ। ਹਰ ਫ਼ਾਸ਼ੀਵਾਦ ਵਾਂਗ ਭਾਰਤੀ ਫ਼ਾਸ਼ੀਵਾਦ ਨੂੰ ਆਪਣੇ ਇਤਿਹਾਸ ਨੂੰ ਤਰੋੜ-ਮਰੋੜ ਕੇ ਪੇਸ਼ ਕਰਦਾ ਤੇ ਉਸ ਨੂੰ ਦੁਬਾਰਾ ਲਿਖ ਰਿਹਾ ਹੈ। ਉਹ ਕਥਾ-ਕਹਾਣੀਆਂ ਜਿਨ੍ਹਾਂ ਦੀ ਇਤਿਹਾਸਕ, ਵਿਗਿਆਨਕ ਤੇ ਪੁਰਾਤਤਵੀ ਗਵਾਹੀ ਨਹੀਂ ਮਿਲਦੀ, ਨੂੰ ਇਤਿਹਾਸ ਬਣਾ ਦਿੱਤਾ ਜਾਂਦਾ ਹੈ। ਜਿਵੇਂ ਹੜੱਪਾ ਸਿੰਧੂ ਘਾਟੀ ਦੀ ਸਭਿਅਤਾ ਨੂੰ ਸਿੰਧ-ਸਰਸਵਤੀ ਸਭਿਅਤਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਇੱਕ ਆਰੀਅਨ ਸਭਿਅਤਾ ਵਜੋਂ। ਮਿਥਿਹਾਸ ਨੂੰ ਇਤਿਹਾਸ ਕਿਹਾ ਜਾ ਰਿਹਾ। ਮੁਗ਼ਲਾਂ ਦੇ ਰਾਜ ਨੂੰ ਨਿਰੋਲ ਜਬਰ ਦਾ ਰਾਜ ਕਿਹਾ ਜਾ ਰਿਹਾ ਹੈ। ਸਾਵਰਕਰ ਨੂੰ ਨਾਇਕ ਬਣਾ ਦਿੱਤਾ ਗਿਆ ਹੈ ਤੇ ਨੱਥੂ ਰਾਮ ਗੋਡਸੇ ਜਿਹੇ ਲੋਕਾਂ ਨੂੰ ਨਾਇਕ ਬਣਾਉਣ ਦੀ ਕੋਸ਼ਿਸ਼ ਜਾਰੀ ਹੈ।

ਇਸ ਤਰ੍ਹਾਂ ਹਰ ਫ਼ਾਸ਼ੀਵਾਦ ਵਾਂਗ ਭਾਰਤੀ ਫ਼ਾਸ਼ੀਵਾਦ ਘਟਗਿਣਤੀਆਂ (ਮੁੱਖ ਤੌਰ 'ਤੇ ਮੁਸਲਮਾਨਾਂ ਤੇ ਇਸਾਈਆਂ) ਤੇ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਬੰਗਲਾ ਦੇਸ਼ੀਆਂ ਤੇ ਰੋਹਿੰਗੀਆਂ ਦੇ ਪਰਵਾਸ ਨੂੰ ਵਧਾ-ਚੜ੍ਹਾ ਕੇ ਕੌਮੀ ਆਫ਼ਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕੀੜੇ-ਮਕੌੜੇ, ਕਾਕਰੋਚ ਆਦਿ ਕਹਿ ਰਿਹਾ ਹੈ। ਭਾਰਤੀ ਫ਼ਾਸ਼ੀਵਾਦ ਦਾ ਚਿਹਰਾ-ਮੋਹਰਾ, ਨਕਸ਼, ਨੁਹਾਰ ਤੇ ਅਸਲਾ, ਸਭ ਅਮਾਨਵੀ ਹਨ। ਹਰ ਫ਼ਾਸ਼ੀਵਾਦ ਅਮਾਨਵੀ ਹੁੰਦਾ ਹੈ, ਮਨੁੱਖਤਾ ਤੋਂ ਬੇਮੁੱਖ ਤੇ ਸਾਂਝੀਵਾਲਤਾ ਤੇ ਸਮਾਜਿਕ ਬਰਾਬਰੀ ਦਾ ਦੁਸ਼ਮਨ। ਹਰ ਫ਼ਾਸ਼ੀਵਾਦ ਪਿਤਰ-ਸੱਤਾ ਤੇ ਮਰਦ-ਪ੍ਰਧਾਨ ਸੋਚ ਨੂੰ ਸਹੀ ਮੰਨਦਾ ਤੇ ਉਸ ਨੂੰ ਸਮਾਜ 'ਤੇ ਥੋਪਦਾ ਹੈ, ਇਹ ਆਪਣੇ ਆਗੂਆਂ ਨੂੰ ਬਲਵਾਨ ਮਰਦਾਂ ਵਜੋਂ ਪੇਸ਼ ਕਰਦਾ ਹੈ; ਫ਼ਾਸ਼ੀਵਾਦ ਅਨੁਸਾਰ ਸਮਾਜ ਵਿਚ ਔਰਤਾਂ ਦਾ ਦਰਜਾ ਦੁਜੈਲਾ, Secondary ਹੈ; ਭਾਰਤੀ ਫ਼ਾਸ਼ੀਵਾਦ ਮਨੂੰ ਸਿਮ੍ਰਤੀ, ਯਾਗਿਆਵਲਕਯ ਧਰਮ ਸ਼ਾਸਤਰ, ਗੌਤਮਧਰਮਸ਼ਾਸਤਰ ਤੇ ਹੋਰ ਸਿਮ੍ਰਤੀਆਂ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਕੰਟਰੋਲ ਵਿਚ ਰੱਖਣ ਦੀ ਹਮਾਇਤ ਕਰਦਾ ਹੈ। ਜ਼ਿਆਦਾ ਵੇਰਵਿਆਂ ਵਿਚ ਨਾ ਜਾਂਦਾ ਹੋਇਆ ਮੈਂ ਸਿਰਫ਼ ਗੌਤਮਧਰਮਸ਼ਾਸਤਰ ਦੇ ਇਕ ਸੂਤਰ ਦਾ ਹਵਾਲਾ ਦੇਵਾਂਗਾ "ਅਸਵਤਤੰਰਤਾ ਧਰਮੇ ਇਸਤਰੀ।" ਭਾਵ ਧਰਮ ਅਨੁਸਾਰ ਇਸਤਰੀ ਅਸਵਤੰਤਰ ਹੁੰਦੀ ਹੈ। ਔਰਤਾਂ ਲਿਬਾਸ ਕਿਹੋ ਜਿਹੇ ਪਹਿਨਣ, ਕਦੋਂ ਤੇ ਕਿਸ ਨਾਲ ਪ੍ਰੇਮ ਕਰਨ ਜਾਂ ਵਿਆਹ ਕਰਨ, ਕਿਹੋ ਜਿਹਾ ਵਿਹਾਰ ਕਰਨ, ਇਹ ਸਭ ਮਰਦ ਤੈਅ ਕਰਦੇ ਹਨ। ਫ਼ਾਸ਼ੀਵਾਦ ਅਜਿਹੀ ਸੋਚ ਦਾ ਵੱਡਾ ਹਾਮੀ ਹੈ। ਇਹ ਮਰਦਾਨਗੀ ਨੂੰ ਵੱਡਾ ਗੁਣ ਬਣਾ ਕੇ ਪੇਸ਼ ਕਰਦਾ ਹੈ ਤੇ ਇਹ ਮਰਦਾਨਗੀ ਹਿੰਸਕ ਮਰਦਾਨਗੀ ਹੁੰਦੀ ਹੈ।

ਹਰ ਫ਼ਾਸ਼ੀਵਾਦ ਤਾਨਾਸ਼ਾਹੀ ਰੁਚੀਆਂ ਦਾ ਮੁਜੱਸਮਾ ਹੁੰਦਾ ਹੈ, ਭਾਰਤੀ ਫ਼ਾਸ਼ੀਵਾਦ ਵੀ ਹੈ। ਇਹ ਬਹੁਤ ਮਜ਼ਬੂਤ ਤੇ ਸੂਬਿਆਂ ਦੇ ਅਧਿਕਾਰਾਂ ਨੂੰ ਰੌਂਦ ਦੇਣ ਵਾਲੀਆਂ ਤਾਕਤਾਂ ਰੱਖਣ ਵਾਲੇ ਕੇਂਦਰ ਦਾ ਹਮਾਇਤੀ ਹੈ, ਕਿਉਂਕਿ ਅਜਿਹਾ ਮਜ਼ਬੂਤ ਕੇਂਦਰ ਹੀ, ਇਕ ਦੇਸ਼, ਇਕ ਭਾਸ਼ਾ, ਇਕ ਸਭਿਆਚਾਰ ਦੀ ਵਿਚਾਰਧਾਰਾ ਨੂੰ ਲਾਗੂ ਕਰ ਸਕਦਾ ਹੈ। ਇਕ ਤੋਂ ਏਥੇ ਮਤਲਬ ਬਹੁਗਿਣਤੀ ਧਰਮ ਦੀਆਂ ਉਹ ਸਭਿਆਚਾਰਕ ਕਦਰਾਂ-ਕੀਮਤਾਂ ਹਨ ਜਿਨ੍ਹਾਂ ਨੂੰ ਫ਼ਾਸ਼ੀਵਾਦ, ਤੇ ਭਾਰਤ ਦੇ ਹਾਲਾਤ ਵਿਚ ਹਿੰਦੂਤਵੀ ਤਾਕਤਾਂ ਦੀ ਪ੍ਰਵਾਨਗੀ ਹੈ। ਇਸ ਤਰ੍ਹਾਂ ਇਹ ਫ਼ੈਡਰਲਇਜ਼ਮ ਦਾ ਘੋਰ ਵਿਰੋਧੀ ਹੈ।

ਭਾਸ਼ਾ ਦੇ ਪੱਖ ਤੋਂ ਭਾਰਤੀ ਫ਼ਾਸ਼ੀਵਾਦ ਹਿੰਦੀ ਤੇ ਸੰਸਕ੍ਰਿਤ ਭਾਸ਼ਾਵਾਂ ਦਾ ਪੈਰੋਕਾਰ ਹੈ। ਹਿੰਦੀ ਲੋਕਾਂ ਦੀ ਭਾਸ਼ਾ ਹੈ ਪਰ ਹਿੰਦੂਤਵੀ ਸੋਚ ਇਸ ਨੂੰ ਰਾਸ਼ਟਰ ਭਾਸ਼ਾ, ਸਾਰੇ ਦੇਸ਼ ਦੀ ਭਾਸ਼ਾ ਵਜੋਂ ਪੇਸ਼ ਕਰਦੀ ਹੈ। ਇਹ ਭਾਰਤ ਜਿਹੇ ਵੰਨ-ਸੁਵੰਨਤਾ ਵਾਲੇ ਦੇਸ਼ ਵਿਚ ਸੰਭਵ ਨਹੀਂ, ਦੱਖਣੀ ਭਾਰਤ ਦੇ ਸੂਬਿਆਂ ਵਿਚ ਇਸ ਨੂੰ ਉੱਤਰੀ ਭਾਰਤ ਦੇ ਲੋਕਾਂ ਦੇ ਦੇਸ਼ ਦੇ ਜੀਵਨ ਵਿਚ ਤੇ ਉਨ੍ਹਾਂ ਪ੍ਰਾਂਤਾਂ ਦੇ ਜਨ-ਜੀਵਨ ਵਿਚ ਗ਼ਾਲਿਬ ਹੋਣ ਦੇ ਸੰਦ ਵਜੋਂ ਦੇਖਿਆ ਜਾਂਦਾ ਹੈ। ਅਸੀਂ ਹਿੰਦੀ ਭਾਸ਼ਾ ਦੇ ਦੁਸ਼ਮਨ ਨਹੀਂ ਪਰ ਸਾਡੇ ਲਈ ਪੰਜਾਬੀ ਕੌਮ ਤੇ ਲੋਕਾਂ ਦੀ ਜਿੰਦ-ਜਾਨ ਹੈ। ਸਥਾਨਿਕ ਭਾਸ਼ਾਵਾਂ 'ਤੇ ਪਹਿਰਾ ਦੇਣਾ, ਫ਼ਾਸ਼ੀਵਾਦ ਵਿਰੁੱਧ ਲੜਨ ਦਾ ਬਹੁਤ ਮਜ਼ਬੂਤ ਸਾਧਨ ਹੈ।

ਹਰ ਫ਼ਾਸ਼ੀਵਾਦ ਵਾਂਗ ਭਾਰਤੀ ਫ਼ਾਸ਼ੀਵਾਦ ਅੰਧਾ-ਧੁੰਦ ਤੇ ਗ਼ਲਤ ਧਾਰਨਾਵਾਂ ਦੇ ਪ੍ਰਚਾਰ 'ਤੇ ਵੱਡੀ ਟੇਕ ਰੱਖਦਾ ਹੈ। ਭਾਰਤੀ ਫ਼ਾਸ਼ੀਵਾਦ ਦੇ ਪ੍ਰਚਾਰ ਦੇ ਸਾਧਨਾਂ, ਚਾਹੇ ਉਹ ਟੀ.ਵੀ. ਚੈਨਲ ਹੋਣ, ਅਖ਼ਬਾਰਾਂ ਹੋਣ ਜਾਂ ਸੋਸ਼ਲ ਮੀਡੀਆ ਸਭ 'ਤੇ ਕਬਜ਼ਾ ਕਰ ਲਿਆ ਹੈ। ਬਹੁਤੇ ਟੀ.ਵੀ. ਚੈਨਲ ਭਾਜਪਾ ਦੇ ਚਹੇਤੇ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਵਿਚ ਹਨ। ਅਖ਼ਬਾਰਾਂ ਨੂੰ ਡਰਾ-ਧਮਕਾ ਕੇ ਭਾਜਪਾ ਦੀਆਂ ਖ਼ਬਰਾਂ ਤੇ ਵਿਚਾਰਧਾਰਾ ਨੂੰ ਪ੍ਰਚਾਰਨ ਵਾਲੇ ਸੰਦ ਬਣਾ ਲਿਆ ਗਿਆ ਹੈ। ਫ਼ਾਸ਼ਿਸਟਾਂ ਤੇ ਨਾਜ਼ੀਆਂ ਵਾਂਗ ਭਾਰਤੀ ਫ਼ਾਸ਼ੀਵਾਦ ਵੀ ਕੂੜ ਦੇ ਪ੍ਰਚਾਰ ਨੂੰ ਆਪਣੀ ਸਫ਼ਲਤਾ ਦਾ ਸਾਧਨ ਮੰਨਦਾ ਹੈ ਤੇ ਇਸ ਧਾਰਨਾ ਵਿਚ ਵਿਸ਼ਵਾਸ ਰੱਖਦਾ ਹੈ ਕਿ ਜੇ ਇਕ ਝੂਠ ਨੂੰ ਵਾਰ ਵਾਰ ਦੁਹਰਾਇਆ ਜਾਵੇ ਤਾਂ ਉਹ ਸੱਚ ਬਣ ਜਾਵੇਗਾ।

ਅੰਤ ਵਿਚ ਇਹ ਨਿਰਣਾ ਕੱਢਣਾ ਔਖਾ ਨਹੀਂ ਕਿ ਹਰ ਫ਼ਾਸ਼ੀਵਾਦ ਵਾਂਗ ਭਾਰਤੀ ਫ਼ਾਸ਼ੀਵਾਦ ਵੀ ਜਮਹੂਰੀਅਤ ਦਾ ਦੁਸ਼ਮਨ ਹੈ; ਭਾਰਤੀ ਜਮਹੂਰੀਅਤ ਭਾਰਤ ਦੇ ਸੰਵਿਧਾਨ 'ਚੋਂ ਪੈਦਾ ਹੋਈ ਹੈ; ਇਸੇ ਲਈ ਸੰਘ ਦੇ ਵਿਚਾਰਕ ਵਾਰ-ਵਾਰ ਇਹ ਕਹਿੰਦੇ ਹਨ ਕਿ ਇਹ ਸੰਵਿਧਾਨ ਉਨ੍ਹਾਂ ਕਦਰਾਂ-ਕੀਮਤਾਂ ਦਾ ਵਾਹਕ ਨਹੀਂ ਹੈ ਜਿਨ੍ਹਾਂ ਨੂੰ ਉਹ ਭਾਰਤ ਦੀਆਂ ਸਭਿਅਕ (Civilisational) ਕਦਰਾਂ-ਕੀਮਤਾਂ ਕਹਿੰਦੇ ਹਨ। ਇਹ ਬਹੁਤ ਹੀ ਖ਼ਤਰਨਾਕ ਤੇ ਗੁੰਮਰਾਹ ਕਰਨ ਵਾਲਾ ਵਿਚਾਰ ਹੈ।

- 6 -

### ਭਾਰਤੀ ਫ਼ਾਸ਼ੀਵਾਦ ਦੇ ਵੱਡੇ ਕਦਮ

(i) ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਖੋਖਲੇ ਕਰ ਕੇ, ਉਨ੍ਹਾਂ ਨੂੰ ਆਰ.ਐਸ.ਐਸ.ਵਾਦੀ ਢਾਂਚੇ ਵਿਚ ਢਾਲਣਾ, ਅਤੇ ਆਪਣੇ ਮਨੋਰਥਾਂ ਲਈ ਵਰਤਣਾ।

(ii) ਦੇਸ਼ ਦੀ ਵੱਡੀ ਘੱਟਗਿਣਤੀ ਵਿਰੁੱਧ ਧੀਮੀ ਪੱਧਰ ਦੀ ਲਗਾਤਾਰ ਜੰਗ ਨੂੰ ਜਾਰੀ ਰੱਖਣਾ ਤੇ ਇਹ ਜੰਗ ਕਰਨ ਵਾਲਿਆਂ ਚਾਹੇ ਉਹ ਬਜਰੰਗ ਦਲ ਦੇ ਹੋਣ ਜਾਂ ਗਊ ਰਕਸ਼ਕ, ਉਨ੍ਹਾਂ ਨੂੰ ਸਟੇਟ ਦੀ ਹਮਾਇਤ ਦੇਣਾ।

(iii) ਆਪਣੇ ਨਾਲ ਅਸਹਿਮਤੀ ਰੱਖਣ ਵਾਲਿਆਂ ਖ਼ਾਸ ਕਰ ਕੇ ਖੱਬੇ ਪੱਖੀਆਂ ਨੂੰ ਨਿਸ਼ਾਨਾ ਬਣਾਉਣਾ, ਉਨ੍ਹਾਂ ਨੂੰ ਟੁਕੜੇ ਟੁਕੜੇ ਗੈਂਗ, ਦੇਸ਼-ਧਰੋਹੀ, ਸ਼ਹਿਰੀ ਨਕਸਲੀ ਆਦਿ ਲਕਬ ਦੇਣਾ।

(iv) ਵਿਦਿਆ ਦੇ ਨਾਲ ਨਾਲ ਜਨਤਕ ਜੀਵਨ ਦੇ ਹਰ ਖੇਤਰ ਨੂੰ ਭਗਵੇ ਰੰਗ ਵਿਚ ਰੰਗ ਦੇਣਾ। ਭਾਰਤ ਤੇ ਖ਼ਾਸ ਕਰ ਕੇ ਉੱਤਰ ਤੇ ਪੱਛਮੀ ਭਾਰਤ ਦੇ ਹਿੰਦੂ ਭਾਈਚਾਰਿਆਂ ਵਿਚ ਇਹ ਭਾਵਨਾ ਪੈਦਾ ਕਰ ਦੇਣਾ ਕਿ ਉਹ ਪਿਛਲੇ 1000 ਸਾਲਾਂ ਤੋਂ ਮੁਸਲਮਾਨਾਂ ਤੇ ਇਸਾਈਆਂ/ਅੰਗਰੇਜ਼ਾਂ ਦੇ ਅਤਿਆਚਾਰ ਦਾ ਨਿਸ਼ਾਨਾ ਰਹੇ ਹਨ ਤੇ ਭਾਜਪਾ ਨੇ ਉਨ੍ਹਾਂ ਨੂੰ 1000 ਸਾਲ ਬਾਅਦ ਅਜ਼ਾਦੀ ਦਿਵਾਈ ਹੈ, ਇਹ ਉਨ੍ਹਾਂ ਦਾ ਆਪਣਾ ਰਾਜ ਹੈ।

ਜਿਨ੍ਹਾਂ ਲੋਕਾਂ ਕੋਲ ਕੁਝ ਨਹੀਂ ਹੈ, ਤੇ ਜੋ ਦਬੇ ਕੁਚਲੇ ਲੋਕ ਹਨ, ਉਨ੍ਹਾਂ ਨੂੰ ਇਹ ਸੋਚ ਦੇ ਕੇ ਹੁਣ ਰਾਜ ਉਨ੍ਹਾਂ ਦਾ ਹੈ, ਆਰ.ਐਸ.ਐਸ. ਤੇ ਭਾਜਪਾ ਨੇ ਅਜਿਹਾ ਮਸਨੂਈ ਸ੍ਵੈਮਾਨ ਪੈਦਾ ਕੀਤਾ ਹੈ ਜਿਸ ਨੂੰ ਝੁਠਲਾਉਣਾ ਬਹੁਤ ਔਖਾ ਹੈ। ਇਹ ਆਰ.ਐਸ.ਐਸ. ਤੇ ਭਾਜਪਾ ਦੀ ਵੱਡੀ ਕਾਮਯਾਬੀ ਹੈ ਤੇ ਇਹ ਕਾਮਯਾਬੀ ਸਿੱਧ ਕਰਦੀ ਹੈ ਸੰਘ ਤੇ ਭਾਜਪਾ ਦੀ ਸੋਚ ਸਧਾਰਨ ਫ਼ਿਰਕਾਪ੍ਰਸਤੀ ਨਹੀਂ ਇਹ ਫ਼ਿਰਕਾਪ੍ਰਸਤੀ ਦਾ ਫ਼ਾਸ਼ੀਵਾਦੀ ਰੂਪ ਹੈ।

(v) ਹੋਰ ਵੱਡੇ ਕਦਮ: ਰਾਮ ਮੰਦਰ ਬਣਾਉਣਾ, ਨਾਗਰਿਕਤਾ ਸੋਧ ਕਾਨੂੰਨ ਬਣਾਉਣਾ, ਧਾਰਾ 370 ਖ਼ਤਮ ਕਰਨਾ ਤੇ ਇਸ ਤਰ੍ਹਾਂ ਦੇ ਹੋਰ ਕਈ ਕਦਮ।

ਇਸ ਸਭ ਕੁਝ ਦੇ ਬਾਵਜੂਦ ਮੈਂ ਇਹ ਦਲੀਲ ਦੇਵਾਂਗਾ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਯੂਰਪੀ ਫ਼ਾਸ਼ੀਵਾਦ ਦੇ ਮੁਕਾਬਲੇ ਇਹ ਕਦਮ ਛੋਟੇ ਹਨ, ਭਾਰਤੀ ਫ਼ਾਸ਼ੀਵਾਦ ਦੀ ਚਾਲ ਧੀਮੀ ਹੈ; ਜੇ ਭਾਰਤੀ ਫ਼ਾਸ਼ੀਵਾਦ ਯੂਰਪੀ ਫ਼ਾਸ਼ੀਵਾਦ ਵਰਗਾ ਹੁੰਦਾ ਤਾਂ ਹੁਣ ਤੱਕ ਕਮਿਊਨਿਸਟ ਪਾਰਟੀਆਂ ਗ਼ੈਰ-ਕਾਨੂੰਨੀ ਕਰਾਰ ਦਿੱਤੀਆਂ ਗਈਆਂ ਹੋਣੀਆਂ ਸਨ, ਸੰਵਿਧਾਨ ਖ਼ਤਮ ਹੋ ਜਾਣਾ ਸੀ, ਹਿੰਦੂ ਰਾਸ਼ਟਰ ਦਾ ਅਧਿਕਾਰਤ ਐਲਾਨ ਹੋ ਜਾਣਾ ਸੀ ਤੇ ਇਸੇ ਲਈ ਸਾਡੇ ਵਿੱਚੋਂ ਕਈ ਲੋਕ ਭੁਲੇਖਾ ਖਾਂਦੇ ਹਨ ਕਿ ਆਰ.ਐਸ.ਐਸ ਤੇ ਭਾਜਪਾ ਦਾ ਨਿਜ਼ਾਮ ਫ਼ਾਸ਼ੀਵਾਦੀ ਨਹੀਂ ਫ਼ਿਰਕਾਪ੍ਰਸਤ ਤਾਨਾਸ਼ਾਹੀ ਹੈ। ਏਥੇ ਇਹ ਗੱਲ ਕਹਿਣੀ ਜ਼ਰੂਰੀ ਹੈ ਕਿ ਭਾਰਤੀ ਫ਼ਾਸ਼ੀਵਾਦ ਆਪਣੀ ਤਰ੍ਹਾਂ ਦਾ ਫ਼ਾਸ਼ੀਵਾਦ ਹੈ; ਇਸ ਦੀ ਤੋਰ ਧੀਮੀ ਜ਼ਰੂਰ ਹੈ ਪਰ ਉਹ ਆਪਣੇ ਆਸ਼ਿਆਂ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ ਤੇ ਉਹ ਹੌਲੀ ਹੌਲੀ ਤੇ ਬਹੁਤ ਮਜ਼ਬੂਤੀ ਨਾਲ ਉਨ੍ਹਾਂ ਵੱਲ ਵਧ ਰਿਹਾ ਹੈ; ਇਹ ਫ਼ਾਸ਼ੀਵਾਦ ਉਦਾਰਵਾਦ ਤੇ ਸਮਾਜਵਾਦੀ ਸੋਚ ਦੇ ਸਮਾਜਿਕ ਅਧਾਰ ਨੂੰ ਖ਼ਤਮ ਕਰ ਰਿਹਾ ਹੈ; ਲੋਕਾਂ ਦੀ ਸਮੂਹਿਕ ਸੋਚ ਨੂੰ ਆਪਣੇ ਰੰਗ ਵਿਚ ਰੰਗ ਰਿਹਾ ਹੈ; ਇਸ ਨੇ ਸਿਆਸਤ ਤੋਂ ਪਹਿਲਾਂ ਸਮਾਜ 'ਤੇ ਮਾਨਸਿਕ ਕਬਜ਼ਾ ਜਮਾਇਆ ਹੈ; ਇਹ ਵੀਹਵੀਂ ਸਦੀ ਦੇ ਪਹਿਲੇ ਯੂਰਪੀ ਫ਼ਾਸ਼ੀਵਾਦਾਂ ਤੋਂ ਜ਼ਿਆਦਾ ਖ਼ਤਰਨਾਕ ਹੈ।

*(ਇਹ ਲੇਖ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਦਿੱਤੇ ਗਏ ਭਾਸ਼ਣ ਦਾ ਲਿਖਤੀ ਰੂਪ ਹੈ।)*

# ਮਨਮੋਹਕ, ਸੁੰਦਰ ਪਹਾੜ ਤੇ ਕੁਦਰਤੀ ਸੁਹੱਪਣ ਦਾ ਖ਼ਜ਼ਾਨਾ

# ਨੇਪਾਲ ਤੇ ਕਾਠਮੰਡੂ



ਕੇ ਐੱਸ ਅਮਰ

ਗੁਆਂਢੀ ਦੇਸ਼ ਨੇਪਾਲ ਜਿਹੋ ਜਿਹਾ ਮੈਂ ਦੇਖਿਆ। ਹਿਮਾਚਲ ਪ੍ਰਦੇਸ਼ ਦੀਆਂ ਅਣਗਿਣਤ ਸੈਰਗਾਹਾਂ ਮੇਰੇ ਜ਼ਿਹਨ ਦਾ ਇਕ ਹਿੱਸਾ ਬਣ ਚੁੱਕੀਆਂ ਹਨ।ਇਸ ਵਾਰ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਅਸੀਂ ਗੁਆਂਢੀ ਦੇਸ਼ ਨੇਪਾਲ ਜਾਣ ਦਾ ਪ੍ਰੋਗਰਾਮ ਉਲੀਕਿਆ ਸੀ। 'ਇਕ ਪੰਥ ਦੋ ਕਾਜ' ਦੇ ਮੁਹਾਵਰੇ ਵਾਂਗ ਸਾਨੂੰ ਲਖਨਊ ਵਿਚ ਇਕ ਵਿਆਹ ਦੇ ਪ੍ਰੋਗਰਾਮ ਦਾ ਸੱਦਾ ਸੀ। ਰਿਸ਼ਤੇ ਵਿੱਚ ਮੇਰੀ ਭਾਣਜੀ ਲੱਗਦੀ ਮਨਦੀਪ ਕੌਰ ਦੇ ਘਰ ਵਿੱਚ ਵਿਆਹ ਦਾ ਇੱਕ ਪ੍ਰੋਗਰਾਮ ਸੀ। ਮੈਂ ਉਸ ਵਿਆਹ ਵਿੱਚ ਸ਼ਾਮਲ ਹੋਣ ਲਈ ਆਪਣੇ ਅਜ਼ੀਜ਼ ਦੋਸਤ ਰਜਿੰਦਰ ਰਾਣਾ ਨਾਲ ਪਰਵਾਰ ਸਮੇਤ ਲਖਨਊ ਪਹੁੰਚਿਆ ਸੀ। ਇੱਥੋਂ ਹੀ ਅਸੀਂ ਅੱਗੇ ਨੇਪਾਲ ਜਾਣ ਦਾ ਪ੍ਰੋਗਰਾਮ ਉਲੀਕਿਆ ਸੀ। ਬੱਚਿਆਂ ਵਿੱਚ ਨੇਪਾਲ ਘੁੰਮਣ ਦਾ ਬਹੁਤ ਉਤਸ਼ਾਹ ਸੀ।ਸਾਡੇ ਲਈ ਇਹ ਯਾਤਰਾ ਕਿਸੇ ਪਰੀ ਦੇਸ਼ ਦੀ ਯਾਤਰਾ ਤੋਂ ਘੱਟ ਨਹੀਂ ਸੀ। ਵਿਆਹ ਦੇ ਸਾਰੇ ਪ੍ਰੋਗਰਾਮ ਮੁਕੰਮਲ ਹੋਣ ਤੋਂ ਬਾਅਦ ਅਸੀਂ ਆਪਣੇ ਰਿਸ਼ਤੇਦਾਰਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਇਕ ਨੋਵਾ ਗੱਡੀ ਕਿਰਾਏ 'ਤੇ ਕਰ ਲਈ ਸੀ। ਨੋਵਾ ਗੱਡੀ ਦਾ ਡਰਾਈਵਰ ਸਾਡੇ ਜਵਾਈ ਸਰਦਾਰ ਸਤਨਾਮ ਸਿੰਘ ਦਾ ਜਾਣਕਾਰ ਸੀ। ਸਾਨੂੰ ਵੀ ਉਸ 'ਤੇ ਪੂਰਾ ਭਰੋਸਾ ਸੀ। ਅਸੀਂ ਲਖਨਊ ਤੋਂ ਗੋਰਖਪੁਰ ਹੁੰਦੇ ਹੋਏ ਜੋ ਲੱਗਭੱਗ 300 ਕਿ.ਮੀ. ਦਾ ਸਫ਼ਰ ਸੀ, ਬਿਹਾਰ ਦੇ 'ਰਖਸੋਲ' ਬਾਰਡਰ ਰਾਹੀਂ ਨੇਪਾਲ ਅੰਦਰ ਦਾਖਲ ਹੋਏ ਸੀ। 'ਰਖਸੋਲ' ਬਾਰਡਰ ਉੱਪਰ ਕਾਗ਼ਜ਼ੀ ਕਾਰਵਾਈ ਤੇ ਨੇਪਾਲ ਪਰਮਿਟ ਦਾ ਕੰਮ ਕਰਨ ਉਪਰੰਤ ਨੇਪਾਲੀ ਕਰੰਸੀ ਪ੍ਰਾਪਤ ਕੀਤੀ ਗਈ ਸੀ। 30,000 ਰੁਪਏ ਬਦਲੇ ਸਾਨੂੰ ਨੇਪਾਲ ਦੇ 48,000 ਰੁਪਏ ਪ੍ਰਾਪਤ ਹੋਏ ਸਨ। ਨੇਪਾਲ ਬਾਰਡਰ ਸ਼ਾਮ 10 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ, ਅਸੀਂ 9.30 'ਤੇ ਬਾਰਡਰ ਪਾਰ ਕਰ ਚੁੱਕੇ ਸੀ। ਨੇਪਾਲ ਵਿੱਚ ਦਾਖਲ ਹੋਣ ਦੀ ਦਿਲਚਸਪੀ ਨੇ ਸਾਡੇ ਸਾਰੇ ਸਫ਼ਰ ਦੀ ਥਕਾਵਟ ਦੂਰ ਕਰ ਦਿੱਤੀ ਸੀ। ਬੱਚੇ ਕਿਲਕਾਰੀਆਂ ਮਾਰ- ਮਾਰ ਕੇ ਨੇਪਾਲ ਆਗਮਨ ਦਾ ਸਵਾਗਤ ਕਰ ਰਹੇ ਸਨ। ਲੱਗਭੱਗ ਦੋ ਘੰਟੇ ਦਾ ਸਫ਼ਰ ਕਰਨ ਉਪਰੰਤ ਨੇਪਾਲ ਦਾ ਪਹਿਲਾ ਸ਼ਹਿਰ ਪਰਵਾਨੀਪੁਰ ਆਇਆ ਸੀ। ਰਾਤ ਦੇ 11.30 ਵੱਜ ਚੁੱਕੇ ਸਨ। ਤਕਰੀਬਨ ਸਾਰੀ ਮਾਰਕੀਟ ਤੇ ਹੋਟਲ ਬੰਦ ਹੋ ਚੁੱਕੇ ਸਨ। ਰਾਤ ਕੱਟਣ ਲਈ ਸਾਨੂੰ ਕੋਈ ਵੀ ਹੋਟਲ ਨਾ ਮਿਲਿਆ, ਦੋਵਾਂ ਪਰਵਾਰਾਂ ਲਈ ਇਹ ਪਰੇਸ਼ਾਨੀ ਦਾ ਕਾਰਨ ਸੀ, ਬੱਚੇ ਭੁੱਖ ਨਾਲ ਵਿਲਕ ਰਹੇ ਸਨ। ਸਾਡਾ ਮਾਨਸਿਕ ਸੰਤੁਲਨ ਵਿਗੜ ਰਿਹਾ ਸੀ। ਬਹੁਤ ਹੀ ਮੁਸ਼ੱਕਤ ਕਰਨ ਉਪਰੰਤ ਦੋ ਨੇਪਾਲੀ ਔਰਤਾਂ ਦੇ ਛੋਟੇ-ਛੋਟੇ ਢਾਬੇ ਵਿਖਾਈ ਦਿੱਤੇ ਸਨ। ਦੋਵਾਂ ਤੋਂ ਥੋੜ੍ਹਾ-ਥੋੜ੍ਹਾ ਖਾਣਾ ਬਚਿਆ ਹੋਣ ਕਾਰਨ ਦਿਨ-ਰਾਤ ਦਾ ਡੰਗ ਟਪਾ ਲਿਆ ਸੀ। ਇੱਕ ਨੇਪਾਲਣ ਨੇ ਸਾਨੂੰ ਵੀਅਰ ਤੇ ਮੀਟ ਦੀ ਆਫਰ ਵੀ ਕੀਤੀ ਸੀ, ਪ੍ਰੰਤੂ ਪਰਵਾਰਕ ਮਜਬੂਰੀਆਂ ਦੇਖਦੇ ਹੋਏ ਅਸੀਂ ਮਾਸਾਹਾਰੀ ਖਾਣਾ ਪਸੰਦ ਨਹੀਂ ਕੀਤਾ ਸੀ।

ਨੇਪਾਲੀ ਢਾਬਿਆਂ ਉੱਪਰ ਜ਼ਿਆਦਾਤਰ ਨੇਪਾਲੀ ਔਰਤਾਂ ਹੀ ਕੰਮ ਕਰਦੀਆਂ ਹਨ। ਭਾਰਤੀ ਯਾਤਰੀ ਉਨ੍ਹਾਂ ਲਈ ਚੰਗੇ ਗਾਹਕ ਸਾਬਤ ਹੁੰਦੇ ਹਨ। ਨੇਪਾਲ ਦੀ ਕਰੰਸੀ ਭਾਰਤੀ ਰੁਪਏ ਦੇ ਮੁਕਾਬਲੇ ਕਮਜ਼ੋਰ ਹੈ, ਪਰੰਤੂ ਭਾਰਤੀਆਂ ਲਈ ਨੇਪਾਲੀ ਰੁਪਏ ਵੀ ਮਹਿੰਗੇ ਸਾਬਤ ਹੁੰਦੇ ਹਨ। ਸਧਾਰਨ ਖਾਣੇ ਦਾ ਬਿੱਲ 2200 ਰੁਪਏ ਬਣ ਗਿਆ ਸੀ। ਖਾਣਾ ਖਾਣ ਤੋਂ ਬਾਅਦ ਜਦ ਅਸੀਂ ਟੈਕਸੀ ਵਿੱਚ ਬੈਠੇ ਤਾਂ ਰਾਤ ਦੇ ਦੋ ਵੱਜ ਚੁੱਕੇ ਸਨ, ਅਚਾਨਕ ਭਾਰੀ ਵਰਖਾ ਸ਼ੁਰੂ ਹੋ ਗਈ ਸੀ।ਨੇਪਾਲ ਵਿੱਚ ਇਹ ਸਾਡੀ ਪਹਿਲੀ ਰਾਤ ਸੀ, ਜੋ ਬਿਨਾਂ ਸੌਣ ਤੋਂ ਬੀਤ ਰਹੀ ਸੀ। ਆਪਣੀ ਟੈਕਸੀ ਵਿੱਚ ਬੈਠ ਕੇ ਅਸੀਂ ਦੋ ਘੰਟੇ ਬਤੀਤ ਕੀਤੇ ਸਨ। ਬੱਚੇ ਠੰਢ ਨਾਲ ਪਰੇਸ਼ਾਨ ਹੋ ਰਹੇ ਸਨ। ਬਿਨਾਂ ਅਰਾਮ ਕੀਤੇ ਹੀ ਅਸੀਂ ਸਵੇਰੇ ਚਾਰ ਵਜੇ ਅਗਲੇ ਸਫਰ 'ਤੇ ਚੱਲਣ ਦਾ ਮਨ ਬਣਾਇਆ ਸੀ, ਕਿਉਂਕਿ ਉਸ ਵੇਲੇ ਇਹ ਫੈਸਲਾ ਲੈਣਾ ਹੀ ਉਚਿੱਤ ਸੀ। ਨੇਪਾਲ ਵੇਖਣ ਦੀ ਤਾਂਘ ਨੇ ਸਾਨੂੰ ਪਰੇਸ਼ਾਨ ਨਹੀਂ ਹੋਣ ਦਿੱਤਾ ਸੀ। ਅਸੀਂ ਅਗਲੇ ਸਫਰ ਲਈ ਬਿਲਕੁਲ ਤਰੋਤਾਜ਼ਾ ਤੇ ਸੱਜਰਾਪਨ ਰੱਖਦੇ ਸੀ। ਨੇਪਾਲ ਦੀ ਰਾਜਧਾਨੀ ਕਾਠਮੰਡੂ ਸਾਡੀ ਮੰਜ਼ਲ ਦਾ ਸਿਖਰ ਸੀ ਅਤੇ ਇਸ ਲਈ ਅਸੀਂ ਸਵੇਰੇ 4 ਵਜੇ ਆਪਣਾ ਸਫ਼ਰ ਸ਼ੁਰੂ ਕੀਤਾ ਸੀ। ਪਿਪਰਾ ਸਮਾਰਾ, ਅਮਲੋਕ ਗੰਜ, ਭੈਂਸੇ ਟਿਊਸਡੀਡ, ਦਿਉਰਾਨੀ, ਨੋਵੀਸ ਅਤੇ ਚੰਦਨਗਿਰੀ ਵਰਗੇ ਛੋਟੇ-ਛੋਟੇ ਸ਼ਹਿਰਾਂ ਵਿੱਚੋਂ ਗੁਜ਼ਰਦੇ ਹੋਏ ਅਸੀਂ ਲੱਗਭੱਗ 2 ਵਜੇ ਕਾਠਮੰਡੂ ਪਹੁੰਚ ਗਏ ਸੀ।



ਕਾਠਮੰਡੂ ਤੱਕ ਦਾ ਸਫਰ ਬਹੁਤ ਹੀ ਦਿਲਚਸਪ ਅਤੇ ਰੌਚਿਕ ਸੀ, ਜੋ ਨੇਪਾਲੀ ਲੋਕਾਂ ਦੇ ਸੰਘਰਸ਼ ਦੀ ਕਹਾਣੀ ਬਿਆਨ ਕਰਦਾ ਸੀ। ਉਹਨਾਂ ਦੇ ਖਾਣ-ਪੀਣ, ਪਹਿਨਣ ਤੇ ਮਿਹਨਤ-ਮੁਸ਼ੱਕਤ ਕਰਨ ਤੋਂ ਉਹਨਾਂ ਦੀ ਵਿਰਾਸਤ ਅਤੇ ਸੱਭਿਆਚਾਰ ਦੀ ਝਲਕ ਦੇਖੀ ਜਾ ਸਕਦੀ ਹੈ।ਉੱਚੇ- ਉੱਚੇ ਪਹਾੜਾਂ 'ਤੇ ਨਜ਼ਰ ਪੈਂਦਿਆਂ ਹੀ ਖੇਤਾਂ ਵਿਚਲੀਆਂ ਹਰੀਆਂ- ਭਰੀਆਂ ਫਸਲਾਂ ਅਦਭੁੱਤ ਨਜ਼ਾਰਾ ਪੇਸ਼ ਕਰਦੀਆਂ ਹਨ। ਔਰਤਾਂ ਦਾ ਸੰਘਰਸ਼ ਉਹਨਾਂ ਦੇ ਕਿਰਦਾਰ ਦੀ ਪਹਿਚਾਣ ਸੀ। ਕਾਠਮੰਡੂ ਪਹੁੰਚਦਿਆਂ ਹੀ ਅਸੀਂ ਸਭ ਤੋਂ ਪਹਿਲਾਂ ਹੋਟਲ ਵਿੱਚ ਰਹਿਣ ਦਾ ਪ੍ਰਬੰਧ ਕੀਤਾ ਸੀ। ਹੋਟਲ 'ਹਾਲੀ ਡੇ ਇੰਨ' ਵਿੱਚ ਸਾਨੂੰ ਦੋ ਕਮਰੇ ਮਿਲ ਗਏ ਸਨ। ਹੋਟਲ ਦੇ ਮੈਨੇਜਰ ਵੱਲੋਂ ਹੀ ਸਾਡੇ ਕਹਿਣ 'ਤੇ ਸਾਨੂੰ ਪ੍ਰਦੀਪ ਨਾਂਅ ਦਾ ਮੁੰਡਾ ਗਾਈਡ ਵਜੋਂ ਦਿੱਤਾ ਸੀ, ਜਿਸ ਦੀ ਨੇਪਾਲੀ 500 ਰੁਪਏ ਰੋਜ਼ਾਨਾ ਦੀ ਅਲੱਗ ਫੀਸ ਸੀ। ਨੇਪਾਲ ਘੁੰਮਣ ਦੇ ਸ਼ੌਕੀਨ ਸੈਲਾਨੀਆਂ ਦੀ ਜਾਣਕਾਰੀ ਹਿੱਤ ਇਹ ਦੱਸਣਾ ਜ਼ਰੂਰੀ ਹੈ ਕਿ ਗਾਇਡ ਬਿਨਾਂ ਇੱਥੇ ਘੁੰਮਣ ਦਾ ਆਨੰਦ ਨਹੀਂ ਮਿਲਦਾ। ਕਾਠਮੰਡੂ ਸਾਡੇ ਗੁਆਂਢੀ ਦੇਸ਼ ਨੇਪਾਲ ਦੀ ਰਾਜਧਾਨੀ ਹੈ, ਜਿਸ ਦੇ ਚਾਰੇ ਪਾਸੇ ਮਨਮੋਹਕ ਅਤੇ ਸੁੰਦਰ ਪਹਾੜ ਹਨ।ਬਰਫ ਨਾਲ ਢਕੀਆਂ ਚੋਟੀਆਂ ਦੇ ਪਹਾੜਾਂ ਨਾਲ ਘਿਰੀ ਇਹ ਵਾਦੀ ਇਕ ਜਾਦੂਈ ਨਜ਼ਾਰਾ ਪੇਸ਼ ਕਰਦੀ ਹੈ ।ਇਹ ਸ਼ਹਿਰ ਕਈ ਸੌ ਸਾਲ ਪੁਰਾਣਾ ਹੈ। ਇਸ ਦਾ ਪਹਿਲਾ ਨਾਂਅ ਕਾਂਤੀਪੁਰ ਸੀ, ਜਿਸ ਦਾ ਨਾਂਅ ਕਾਠਮੰਡੂ 16ਵੀਂ ਸਦੀ ਵਿੱਚ ਗੋਰਖ ਨਾਥ ਦੇ ਪ੍ਰਸਿੱਧ ਲੱਕੜੀ ਦੇ ਮੰਦਰ ਕਾਰਨ ਪਿਆ ਸੀ, ਜਿਸ ਨੂੰ ਕਾਠ-ਮੰਦਰ ਵੀ ਕਿਹਾ ਜਾਂਦਾ ਹੈ। ਇਸ ਮੰਦਰ ਦੀ ਪ੍ਰਸਿੱਧੀ ਕਾਰਨ ਹੀ ਕਾਂਤੀਪੁਰ ਨੂੰ ਕਾਠਮੰਡੂ ਕਿਹਾ ਜਾਣ ਲੱਗਾ। ਕਾਠਮਾਂਡੂ ਸਮੁੰਦਰੀ ਤਲ ਤੋਂ 4500 ਫੁੱਟ ਦੀ ਉਚਾਈ 'ਤੇ ਸਥਿਤ ਹੈ, ਇੱਥੇ ਪਹੁੰਚਣ ਲਈ ਬਿਹਾਰ ਦਾ 'ਰਖਸੋਲ' ਬਾਰਡਰ ਜਾਂ ਯੂਪੀ ਦਾ 'ਸੋਨਾਲੀ' ਬਾਰਡਰ ਪਾਰ ਕਰਨਾ ਪੈਂਦਾ ਹੈ। ਹਵਾਈ ਜਹਾਜ਼ ਰਾਹੀਂ ਵੀ ਕਾਠਮੰਡੂ ਪਹੁੰਚਿਆ ਜਾ ਸਕਦਾ ਹੈ। ਸਫਾਈ ਦੇ ਪੱਖ ਤੋਂ ਕਾਠਮੰਡੂ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ, ਸ਼ਹਿਰ ਦੀਆਂ ਸੜਕਾਂ ਸਾਫ-ਸੁਥਰੀਆਂ ਹਨ, ਸੜਕਾਂ ਉਪਰ ਥੁੱਕਣਾ ਮਨ੍ਹਾਂ ਹੈ ਅਤੇ ਗੱਡੀਆਂ-ਮੋਟਰਾਂ ਦੇ ਹਾਰਨ ਵੀ ਵਰਜਿਤ ਹਨ। ਸ਼ਹਿਰ ਵਿੱਚ ਅਣਗਿਣਤ ਮੰਦਰ ਹਨ। ਵਿਸ਼ਵ ਪ੍ਰਸਿੱਧ ਮੰਦਰ 'ਪਸ਼ੂ ਪਤੀ ਨਾਥ', ਸਵੈਂਭੂਨਾਥ ਅਤੇ ਸੰਘਾ ਬਨਿਆਂਗ ਭਗਤਪੁਰ ਇਸ ਸ਼ਹਿਰ ਦੀ ਧਰੋਹਰ ਹਨ, ਜਿਨ੍ਹਾਂ ਨੂੰ ਵਿਸ਼ਵ ਹੈਰੀਟੇਜ ਦਾ ਦਰਜਾ ਵੀ ਪ੍ਰਾਪਤ ਹੈ। ਸਫ਼ਰ ਦੀ ਥਕਾਵਟ ਦੂਰ ਕਰਨ ਲਈ ਅੱਜ ਆਰਾਮ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ।ਅਗਲੇ ਦਿਨ ਘੁੰਮਣ ਦੀ ਰੂਪ-ਰੇਖਾ ਉਲੀਕਣ ਉਪਰੰਤ ਅਸੀਂ ਆਪਣੇ-ਆਪਣੇ ਕਮਰਿਆਂ ਵਿੱਚ ਸੌਣ ਲਈ ਚਲੇ ਗਏ ਸੀ।

ਅਗਲੇ ਦਿਨ ਦੀ ਸਵੇਰ ਬਹੁਤ ਹੀ ਖ਼ੂਬਸੂਰਤ ਸੀ। ਅੱਜ ਦਾ ਸਾਰਾ ਦਿਨ ਸਿਰਫ ਕਾਠਮੰਡੂ ਵੇਖਣ ਲਈ ਹੀ ਰਾਖਵਾਂ ਰੱਖਿਆ ਗਿਆ ਸੀ। ਧਾਰਮਿਕ ਅਕੀਦੇ ਨਾਲ ਸਭ ਤੋਂ ਪਹਿਲਾਂ ਵਿਸ਼ਵ ਪ੍ਰਸਿੱਧ ਪ੍ਰਾਚੀਨ ਮੰਦਰ ਪਸ਼ੂਪਤੀ ਨਾਥ ਨੂੰ ਵੇਖਣ ਦਾ ਮਨ ਬਣਾਇਆ ਗਿਆ ਸੀ। ਹਿੰਦੂ ਧਰਮ ਨਾਲ ਸੰਬੰਧਤ ਇਹ ਵਿਸ਼ਵ ਪ੍ਰਸਿੱਧ ਮੰਦਰ ਨੇਪਾਲ ਦੀ ਰਾਜਧਾਨੀ ਕਾਠਮੰਡੂ ਤੋਂ ਚਾਰ ਕਿਲੋਮੀਟਰ ਦੀ ਦੂਰੀ ਉੱਤੇ ਪੂਰਬ ਦਿਸ਼ਾ ਵਿੱਚ ਬਾਗਮਤੀ ਨਦੀ ਦੇ ਕਿਨਾਰੇ ਬਣਿਆ ਹੋਇਆ ਹੈ। ਵਿਸ਼ਵ ਭਰ ਦੇ ਸੈਲਾਨੀਆਂ ਲਈ ਇਹ ਮੰਦਰ ਵਿਸ਼ੇਸ਼ ਆਕਰਸ਼ਣ ਰੱਖਦਾ ਹੈ। ਪਸ਼ੂਪਤੀ ਨਾਥ ਮੰਦਰ ਦੇ ਦਰਸ਼ਨ ਕਰਨ ਉਪਰੰਤ ਸਾਡਾ ਅਗਲਾ ਪੜਾਅ 'ਸਵੈਭੂਨਾਥ ਨਾਥ ਸਤੂਪਾਂ' ਸੰਸਾਰ ਪ੍ਰਸਿੱਧ ਬੋਧੀ ਮੰਦਰ ਸੀ, ਜੋ ਕਾਠਮੰਡੂ ਵਿੱਚ ਹੀ ਸਥਿਤ ਹੈ ਸਵੈਭੂਨਾਥ ਦਾ ਇਹ ਸ਼ਾਨਦਾਰ ਮੰਦਰ ਇੱਕ ਪਹਾੜੀ ਦੀ ਚੋਟੀ ਉੱਤੇ ਸਮੁੰਦਰੀ ਤਲ ਤੋਂ 4500 ਫੁੱਟ ਦੀ ਉਚਾਈ 'ਤੇ ਬਣਿਆ ਹੋਇਆ ਹੈ। ਸਾਡਾ ਅਗਲਾ ਪੜਾਅ ਭਗਤਪੁਰ ਵਿਖੇ ਸਥਿਤ ਸ਼ਿਵ ਜੀ ਭਗਵਾਨ ਦਾ ਪ੍ਰਸਿੱਧ ਮੰਦਰ 'ਸੰਘਾ ਬਨਿਆਂਗ' ਸੀ, ਜੋ ਪਹਾੜ ਦੇ ਸਿਖਰ ਉਪਰ ਬਣਿਆ ਹੋਇਆ ਹੈ, ਇਸ ਸਥਾਨ ਦੇ ਸਫ਼ਰ ਦੌਰਾਨ ਬਹੁਤ ਹੀ ਆਨੰਦਿਤ ਨਜ਼ਾਰੇ ਵੇਖਣ ਨੂੰ ਮਿਲਦੇ ਹਨ। ਕਾਠਮੰਡੂ ਘੁੰਮਣ ਦਾ ਸਾਡਾ ਅੱਜ ਆਖਰੀ ਦਿਨ ਸੀ, ਕਿਉਂਕਿ ਅਗਲੇ ਦਿਨ ਅਸੀਂ ਨੇਪਾਲ ਦੇ ਵਿਸ਼ਵ ਪ੍ਰਸਿੱਧ ਸੈਲਾਨੀ ਸ਼ਹਿਰ 'ਪੋਖਰਾ' ਲਈ ਨਿਕਲਣਾ ਸੀ, ਜੋ ਕਾਠਮੰਡੂ ਤੋਂ ਲੱਗਭੱਗ 200 ਕਿਲੋਮੀਟਰ ਦੀ ਦੂਰੀ 'ਤੇ ਸੀ। ਸ਼ਾਮ ਦੇ ਹਨੇਰੇ ਅਸੀਂ ਆਪਣੇ ਹੋਟਲ ਵਿੱਚ ਵਾਪਸ ਆ ਗਏ ਸੀ।

ਅਗਲੀ ਸਵੇਰ ਤਕਰੀਬਨ ਸਵੇਰੇ 7 ਵਜੇ ਅਸੀਂ ਨੇਪਾਲ ਦੇ ਖ਼ੂਬਸੂਰਤ ਸ਼ਹਿਰ 'ਪੋਖਰਾ' ਲਈ ਨਿਕਲ ਪਏ ਸੀ। ਲੱਗਭੱਗ 200 ਕਿਲੋਮੀਟਰ ਦਾ ਪਹਾੜੀ ਸਫ਼ਰ ਤਹਿ ਕਰਨ ਉਪਰੰਤ 11 ਵਜੇ 'ਪੋਖਰਾ' ਪਹੁੰਚ ਗਏ ਸੀ। ਸ਼ਹਿਰ ਵਿੱਚ ਪਹੁੰਚਦਿਆਂ ਹੀ ਇੱਕ ਵਿਸ਼ਾਲ ਝੀਲ ਅਤੇ ਖ਼ੂਬਸੂਰਤ ਪਹਾੜੀ ਦ੍ਰਿਸ਼ ਵੇਖ ਕੇ ਅਸੀਂ ਬਾਗੋ-ਬਾਗ ਹੋ ਗਏ ਸੀ।ਗੱਡੀ ਵਿੱਚੋਂ ਉੱਤਰਦਿਆਂ ਹੀ 'ਪੋਖਰਾ' ਦੀ ਖ਼ੂਬਸੂਰਤ ਧਰਤੀ ਨੇ ਜ਼ੋਰਦਾਰ ਵਰਖਾ ਨਾਲ ਸਾਡਾ ਸਵਾਗਤ ਕੀਤਾ ਸੀ। ਵਰਖਾ ਤੋਂ ਬਚਣ ਲਈ ਅਸੀਂ ਵੀ ਇੱਕ ਨੇਪਾਲੀ ਢਾਬੇ 'ਤੇ ਸ਼ਰਨ ਲਈ ਸੀ। ਇੱਥੇ ਹੀ ਚਾਹ ਨਾਲ ਬਰੈੱਡ ਪੀਸ ਲੈ ਕੇ ਹਲਕੇ ਲੰਚ ਦਾ ਪ੍ਰਬੰਧ ਕੀਤਾ ਗਿਆ ਸੀ। ਇੱਥੇ ਸਾਨੂੰ ਪੰਜਾਬ ਦੀ ਸਰਦੀ ਵਰਗਾ ਅਹਿਸਾਸ ਹੋ ਰਿਹਾ ਸੀ, ਬਹੁਤ ਸਾਰੇ ਅੰਗਰੇਜ਼ ਸੈਲਾਨੀ ਵੀ 'ਪੋਖਰਾ' ਝੀਲ ਦਾ ਆਨੰਦ ਲੈ ਰਹੇ ਸਨ। 'ਪੋਖਰਾ' ਨੂੰ ਦੁਨੀਆ ਦੀ ਪ੍ਰਸਿੱਧ ਸੈਲਾਨੀ ਸੈਰਗਾਹ ਵਜੋਂ ਜਾਣਿਆ ਜਾਂਦਾ ਹੈ, ਪਹਾੜਾਂ ਵਿੱਚ ਘਿਰੀਆਂ ਝੀਲਾਂ ਦੀ ਇਹ ਅਨੋਖੀ ਧਰਤੀ ਵੇਖਣ ਵਾਲੇ ਦਾ ਮਨ ਮੋਹ ਲੈਂਦੀ ਹੈ। ਪਹਿਲੀ ਵਾਰ 'ਪੋਖਰਾ' ਵਾਦੀ ਦਾ ਦ੍ਰਿਸ਼ ਵੇਖਣ ਤੋਂ ਬਾਅਦ ਇੰਜ ਲੱਗਦਾ ਹੈ ਕਿ ਅਸੀਂ ਕਸ਼ਮੀਰ ਵਾਦੀ ਦੀ ਡੱਲ ਝੀਲ ਦਾ ਨਜ਼ਾਰਾ ਦੇਖ ਰਹੇ ਹਾਂ। ਵਿਸ਼ਾਲ ਉੱਚੇ ਪਹਾੜਾਂ ਵਿੱਚ ਘਿਰੀ ਝੀਲ ਵਿੱਚ ਸੈਰ ਕਰਦਿਆਂ ਮਾਊਂਟ ਐਵਰੈਸਟ ਦੀਆਂ ਬਰਫਾਨੀ ਚੋਟੀਆਂ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ। ਹਿਮਾਲੀਆ ਪਰਬਤ ਦੀ ਪ੍ਰਸਿੱਧ ਚੋਟੀ ਮਾਊਂਟ ਐਵਰੈਸਟ ਇਸ ਖ਼ੇਤਰ ਵਿੱਚ ਹੀ ਸਥਿਤ ਹੈ, ਅੱਤ ਦੀ ਗਰਮੀ ਵਿੱਚ ਵੀ ਇੱਥੇ ਸਰਦੀ ਦਾ ਅਹਿਸਾਸ ਹੁੰਦਾ ਹੈ। ਸਵੇਰ ਵੇਲੇ ਸੂਰਜ ਦੀਆਂ ਉੱਗ ਰਹੀਆਂ ਸੁਨਹਿਰੀ ਕਿਰਨਾਂ ਵਿੱਚ 'ਪੋਖਰਾ' ਝੀਲ ਤੇ ਮਾਊਂਟ ਐਵਰੈਸਟ ਦੀਆਂ ਲਾਸਾਨੀ ਚੋਟੀਆਂ ਦਾ ਅਲੌਕਿਕ ਦ੍ਰਿਸ਼ ਦਿਲ ਨੂੰ ਛੂਹ ਜਾਂਦਾ ਹੈ ।ਹਰ ਸੈਲਾਨੀ ਚਾਹੁੰਦਾ ਹੈ ਕਿ ਉਹ ਇਸ ਦ੍ਰਿਸ਼ ਨੂੰ ਸਦਾ ਲਈ ਆਪਣੇ ਅੰਦਰ ਵਸਾ ਲਵੇ ਅਤੇ ਇਸ ਖ਼ੂਬਸੂਰਤ ਵਾਦੀ ਦਾ ਹੀ ਹੋ ਕੇ ਰਹਿ ਜਾਵੇ। ਲੱਗਭੱਗ ਚਾਰ-ਪੰਜ ਘੰਟੇ ਇਸ ਝੀਲ ਦਾ ਆਨੰਦ ਮਾਨਣ ਤੋਂ ਬਾਅਦ ਅਸੀਂ ਰਾਤ ਰਹਿਣ ਲਈ ਹੋਟਲ ਦਾ ਪ੍ਰਬੰਧ ਕੀਤਾ ਸੀ। ਦੇਰ ਰਾਤ ਤੱਕ ਇਹ ਝੀਲ ਦੇ ਦ੍ਰਿਸ਼ ਸਾਡੇ ਦਿਮਾਗ ਉੱਪਰ ਛਾਏ ਰਹੇ ਸਨ।

ਅਗਲੇ ਦਿਨ ਸਾਡੀ ਵਾਪਸੀ ਸੀ, ਕਿਉਂਕਿ 'ਰਖਸੌਲ ਬਾਰਡਰ ਤੋਂ ਮਿਲੇ ਪਰਮਿਟ ਅਨੁਸਾਰ ਅਸੀਂ 17 ਜੂਨ ਰਾਤ 12 ਵਜੇ ਤੱਕ ਹਰ ਹਾਲਤ ਵਿੱਚ ਬਾਰਡਰ 'ਤੇ ਪਹੁੰਚਣਾ ਸੀ। ਵਾਪਸੀ ਵੇਲੇ ਅਸੀਂ ਸੋਨਾਲੀ ਬਾਰਡਰ ਦਾ ਰਸਤਾ ਚੁਣਿਆ ਸੀ। ਯੂ ਪੀ ਦਾ 'ਸੋਨਾਲੀ' ਬਾਰਡਰ 'ਪੋਖਰਾ' ਤੋਂ 173 ਕਿਲੋਮੀਟਰ ਦੀ ਦੂਰੀ 'ਤੇ ਸੀ। ਰਾਤ ਲੇਟ ਸੌਣ ਕਾਰਨ ਬੱਚੇ ਲੇਟ ਉੱਠੇ ਸਨ। ਹੋਟਲ ਵਿੱਚ ਦੁਪਹਿਰ ਦਾ ਖਾਣਾ ਖਾਣ ਉਪਰੰਤ 3 ਵਜੇ ਵਾਪਸੀ ਦਾ ਸਫ਼ਰ ਆਰੰਭ ਕੀਤਾ ਸੀ, ਵਾਪਸੀ ਦਾ ਰਸਤਾ ਜੰਗਲੀ ਤੇ ਪਹਾੜੀ ਸੀ। ਇਹ ਸਾਰਾ ਰਸਤਾ ਜੋਖ਼ਮ ਭਰਿਆ ਸੀ। ਜੰਗਲ ਤੇ ਪਰਬਤ ਸਾਡੇ ਸਫ਼ਰ ਦੇ ਹਾਣੀ ਸਨ, ਕਈ ਜੰਗਲੀ ਘਾਟੀਆਂ ਨੂੰ ਪਾਰ ਕਰਦੇ ਹੋਏ ਅਸੀਂ ਆਪਣੇ ਸਫ਼ਰ ਵੱਲ ਵਧ ਰਹੇ ਸੀ। ਅਚਾਨਕ ਹੀ ਦੋ-ਤਿੰਨ ਨੇਪਾਲੀ ਮੁੰਡੇ ਆਪਣੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਸਾਡਾ ਪਿੱਛਾ ਕਰਨ ਲੱਗ ਪਏ ਸਨ।



ਡਰਾਈਵਰ ਨੇ ਸਾਨੂੰ ਦੱਸਿਆ ਕਿ ਅਜਿਹੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ, ਇਹ ਮੁੰਡੇ ਗੱਡੀਆਂ ਰੋਕ ਕੇ ਸਵਾਰੀਆਂ ਨੂੰ ਲੁੱਟ ਲੈਂਦੇ ਹਨ, ਡਰਾਈਵਰ ਦੀ ਗੱਲ ਸੁਣ ਕੇ ਅਸੀਂ ਡਰ ਗਏ ਸੀ ਅਤੇ ਅਸੀਂ ਉਸ ਨੂੰ ਗੱਡੀ ਤੇਜ਼ ਭਜਾਉਣ ਦੀ ਨਸੀਹਤ ਕੀਤੀ ਸੀ। ਹੌਲੀ-ਹੌਲੀ ਇਹ ਜੰਗਲੀ ਮੁੰਡਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ। ਬੇਗਾਨੇ ਦੇਸ਼ ਵਿੱਚ ਅਜਿਹੀ ਘਟਨਾ ਸਾਡੇ ਲਈ ਦੁਵਿਧਾ ਦਾ ਕਾਰਨ ਬਣ ਸਕਦੀ ਸੀ। ਅਸੀਂ ਪਲ-ਪਲ ਪਰੇਸ਼ਾਨ ਹੋ ਰਹੇ ਸੀ, ਆਖਰ ਉਹਨਾਂ ਮੋਟਰਸਾਈਕਲ ਸਵਾਰ ਮੁੰਡਿਆਂ ਨੇ ਸਾਡੀ ਗੱਡੀ ਰੋਕ ਲਈ ਸੀ ਬੱਚੇ ਡਰ ਕੇ ਸਹਿਮ ਗਏ ਸਨ। ਉਹ ਮੁੰਡੇ ਸਾਡੇ ਡਰਾਈਵਰ ਨਾਲ ਉਲਝ ਰਹੇ ਸਨ ਕਿ ਉਸ ਨੇ ਸਾਨੂੰ ਓਵਰਟੇਕ ਕਿਉਂ ਕੀਤਾ ਸੀ। ਮੈਂ ਤੇ ਮੇਰਾ ਮਿੱਤਰ ਗੱਡੀ ਵਿੱਚੋਂ ਬਾਹਰ ਆ ਗਏ ਸੀ, ਅਸੀਂ ਉਹਨਾਂ ਨੂੰ ਸਮਝਾਉਣ ਦਾ ਯਤਨ ਕੀਤਾ ਸੀ ਅਤੇ ਡਰਾਈਵਰ ਨੂੰ ਆਪਣੀ ਗਲਤੀ ਮੰਨ ਲੈਣ ਲਈ ਕਿਹਾ ਸੀ, ਨੇੜੇ ਹੀ ਇੱਕ ਢਾਬੇ ਵਾਲੇ ਨੇ ਸਾਡਾ ਸਾਥ ਦਿੱਤਾ ਸੀ ਤੇ ਢਾਬੇ 'ਤੇ ਖਾਣਾ ਖਾ ਰਹੇ ਕੁਝ ਵਿਦੇਸ਼ੀ ਸੈਲਾਨੀ ਵੀ ਸਾਡੇ ਕੋਲ ਆ ਗਏ ਸਨ, ਹੁਣ ਖਤਰਾ ਟਲ ਗਿਆ ਸੀ ਤੇ ਅਸੀਂ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਸੀ। ਅਸੀਂ ਸ਼ਾਮ ਨੂੰ ਤਕਰੀਬਨ 9 ਵਜੇ 'ਸੋਨਾਲੀ' ਬਾਰਡਰ ਪਹੁੰਚ ਗਏ ਸੀ। ਆਪਣੇ ਦੇਸ਼ ਮੁੜ ਪਰਤਣ ਦਾ ਅਹਿਸਾਸ ਲੈ ਕੇ ਅਤੇ ਨੇਪਾਲ ਦੀਆਂ ਉਹ ਅਭੁੱਲ ਯਾਦਾਂ ਨੂੰ ਸਮੇਟਦਿਆਂ ਅਸੀਂ ਆਪਣੀ ਧਰਤੀ 'ਤੇ ਪੈਰ ਰੱਖਿਆ ਸੀ। ਨੇਪਾਲੀ ਕਰੰਸੀ ਜੋ ਸਾਡੇ ਕੋਲ ਬਚ ਗਈ ਸੀ, ਉਸ ਨੂੰ ਵਾਪਸੀ ਵੇਲੇ ਫਿਰ ਭਾਰਤੀ ਰੁਪਏ ਵਿੱਚ ਬਦਲ ਲਿਆ ਸੀ। ਇਸ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕਰਨਾ ਪਿਆ ਸੀ, ਇਕ ਭਾਰਤੀ ਮੈਡੀਕਲ ਸਟੋਰ ਦੇ ਮਾਲਕ ਨੇ ਸਾਨੂੰ ਕਰੰਸੀ ਬਦਲ ਦਿੱਤੀ ਸੀ। ਸੋਨਾਲੀ ਬਾਰਡਰ ਉੱਤੇ ਮੇਲੇ ਵਰਗਾ ਮਾਹੌਲ ਸੀ। ਬਾਰਡਰ ਸਕਿਉਰਟੀ ਫੋਰਸ ਨੇਪਾਲ ਤੋਂ ਵਾਪਸ ਆ ਰਹੇ ਸੈਲਾਨੀਆਂ ਦੀ ਪੂਰੀ ਪੁੱਛਗਿੱਛ ਕਰ ਰਹੀ ਸੀ, ਇੱਥੋਂ ਤੱਕ ਕਿ ਛੋਟੇ-ਛੋਟੇ ਬੱਚਿਆਂ ਕੋਲੋਂ ਇਹ ਸਵਾਲ ਪੁੱਛੇ ਜਾ ਰਹੇ ਸਨ ਕਿ ਗੱਡੀ ਵਿੱਚ ਬੈਠੇ ਮੈਂਬਰਾਂ ਨਾਲ ਤੁਹਾਡਾ ਕੀ ਰਿਸ਼ਤਾ ਹੈ, ਸ਼ਾਇਦ ਇਹ ਜ਼ਰੂਰੀ ਵੀ ਸੀ, ਕਿਉਂਕਿ ਨੇਪਾਲ ਦੀ ਗਰੀਬੀ ਤੇ ਕਰੰਸੀ ਦੀ ਕੀਮਤ ਘੱਟ ਹੋਣ ਕਾਰਨ ਬਹੁਤ ਸਾਰੇ ਨੇਪਾਲੀ ਭਾਰਤ ਵਿੱਚ ਆ ਕੇ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ।

ਸਾਡਾ ਅਗਲਾ ਪੜਾਅ ਲਖਨਊ ਸੀ, ਇੱਕ ਹੋਟਲ ਵਿੱਚ ਰਾਤ ਦਾ ਖਾਣਾ ਖਾਣ ਤੋਂ ਬਾਅਦ ਅਸੀਂ ਆਪਣਾ ਸਫਰ ਜਾਰੀ ਰੱਖਿਆ ਸੀ। 'ਸੋਨਾਲੀ' ਬਾਰਡਰ ਤੋਂ ਲੱਗਭੱਗ 400 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਉਪਰੰਤ ਅਸੀਂ ਆਖਰ 18 ਜੂਨ ਸਵੇਰੇ 4 ਵਜੇ ਲਖਨਊ ਪਹੁੰਚ ਗਏ ਸੀ। ਲੰਬਾ ਸਫਰ ਤੈਅ ਕਰਨ ਉਪਰੰਤ ਵੀ ਸਾਰੇ ਪਰਵਾਰ ਦੇ ਮੈਂਬਰ ਤਰੋਤਾਜ਼ਾ ਸਨ। ਪਹਾੜੀ ਦ੍ਰਿਸ਼ਾਂ ਦੇ ਜਜ਼ਬੇ ਮਨ ਨੂੰ ਹੋਰ ਵੀ ਪ੍ਰਸੰਨ ਚਿੱਤ ਕਰ ਰਹੇ ਸਨ। ਇੱਕ ਦਿਨ ਲਖਨਊ ਰੁਕਣ ਤੋਂ ਬਾਅਦ ਘਰ ਲਈ ਵਾਪਸੀ ਕੀਤੀ ਸੀ।ਅੰਮ੍ਰਿਤਸਰ ਮੇਲ ਦੀਆਂ ਸੀਟਾਂ ਪਹਿਲੇ ਤੋਂ ਹੀ ਬੁੱਕ ਕਰਵਾਈਆਂ ਹੋਈਆਂ ਸਨ। ਜਲੰਧਰ ਪਹੁੰਚਣ ਤੋਂ ਬਾਅਦ 10 ਵਜੇ ਤੱਕ ਅਸੀਂ ਆਪਣੇ ਪਿੰਡ ਕੋਟਲੀ ਖਾਸ ਵਿਖੇ ਪਹੁੰਚ ਗਏ ਸੀ। ਸਿਨੇਮੇ ਵਿੱਚ ਵੇਖੀ ਕਿਸੇ ਫਿਲਮ ਵਾਂਗ ਅਸੀਂ 'ਨੇਪਾਲ' ਦੀਆਂ ਯਾਦਾਂ ਕਈ ਦਿਨ ਆਪਣੇ ਦੋਸਤਾਂ-ਮਿੱਤਰਾਂ ਨਾਲ ਸਾਂਝੀਆਂ ਕਰਦੇ ਰਹੇ ਸੀ।

*ਮੋਬਾ. 94653-69343*

# ਪਠਾਨਕੋਟ-ਡਲਹੌਜ਼ੀ ਦਾ ਸੁਹਾਵਣਾ ਰਸਤਾ

# ਕੁਦਰਤੀ ਖ਼ੂਬਸੂਰਤੀ ਦੇ ਨਾਲ-ਨਾਲ ਖ਼ਤਰੇ ਦੀ ਘੰਟੀ

ਡਲਹੌਜ਼ੀ, ਖਜਿਆਰ ਅਤੇ ਚੰਬਾ ਭਾਰਤ ਦੇ ਉਹ ਚੋਟੀ ਦੇ ਹਿਲ ਸਟੇਸ਼ਨਾਂ ਵਿੱਚੋਂ ਇੱਕ ਹੈ, ਜਿਸ ਦੀ ਠੰਢੀ ਟੀਸੀ, ਚਾਰੇ ਪਾਸੇ ਫੈਲੀ ਹਰਿਆਵਲ, ਸ਼ਾਂਤ ਅਤੇ ਦਿਲਕਸ਼ ਵਾਤਾਵਰਣ, ਵੱਖ-ਵੱਖ ਕਿਸਮਾਂ ਦੇ ਪੰਛੀਆਂ ਦੀ ਸੁਰੀਲੀ ਚਹਿਕ ਅਤੇ ਕੁਦਰਤ ਦੇ ਅਨੇਕਾਂ ਮਨਮੋਹਕ ਨਜ਼ਾਰੇ ਹਰ ਸਾਲ ਦੇਸ਼-ਵਿਦੇਸ਼ ਤੋਂ ਆਉਂਦੇ ਸੈਲਾਨੀਆਂ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ, ਉੱਥੇ ਖਾਣ-ਪੀਣ ਦੀਆਂ ਵਿਸ਼ੇਸ਼ ਚੀਜ਼ਾਂ ਅਤੇ ਖ਼ਰੀਦੋ-ਫਰੋਖ਼ਤ ਨਾਲ ਸਜੇ ਰੌਣਕਮਈ ਬਾਜ਼ਾਰ ਇਸ ਖੇਤਰ ਦੀ ਖ਼ੂਬਸੂਰਤੀ ਨੂੰ ਹੋਰ ਚਾਰ ਚੰਦ ਲਗਾਉਂਦੇ ਹਨ, ਖ਼ਾਸ ਕਰਕੇ ਬੱਚਿਆਂ ਲਈ ਦਿੱਖ ਦੇ ਪ੍ਰਤੀਕ ਬਣੇ ਬਾਂਦਰ ਅਤੇ ਲੰਗੂਰ ਦਿਲ ਪ੍ਰਚਾਵਾ ਅਤੇ ਦੋਸਤਾਨਾ ਦਾ ਹੱਥ ਵਧਾਉਂਦੇ ਹਨ।



'ਨਵੇਂ ਸਾਲ 2026' ਦੀ ਆਮਦ ਨਾਲ ਹੀ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੈਲਾਨੀ ਹਿਮਾਚਲ ਪ੍ਰਦੇਸ਼ ਦੇ ਸੁਹਾਵਣੇ ਪਹਾੜੀ ਇਲਾਕਿਆਂ-ਡਲਹੌਜ਼ੀ, ਖਜਿਆਰ ਅਤੇ ਚੰਬਾ ਆਦਿ ਖੇਤਰਾਂ ਵੱਲ ਰੁਖ ਕਰਦੇ ਹਨ। ਬਰਫ਼ੀਲੇ ਨਜ਼ਾਰੇ, ਸ਼ਾਂਤ ਵਾਤਾਵਰਨ ਅਤੇ ਕੁਦਰਤੀ ਸੁੰਦਰਤਾ ਨਵੇਂ ਸਾਲ ਦੇ ਜਸ਼ਨਾਂ ਨੂੰ ਯਾਦਗਾਰ ਬਣਾਉਣ ਦਾ ਵਾਅਦਾ ਕਰਦੇ ਹਨ, ਪਰ ਜਿਵੇਂ ਹੀ ਸੈਲਾਨੀ ਇਨ੍ਹਾਂ ਮੰਜ਼ਲਾਂ ਵੱਲ ਜਾਣ ਵਾਲੀਆਂ ਸੜਕਾਂ 'ਤੇ ਪੈਰ ਰੱਖਦੇ ਹਨ, ਤਸਵੀਰ ਦਾ ਦੂਜਾ ਪਾਸਾ ਸਾਹਮਣੇ ਆ ਜਾਂਦਾ ਹੈ। ਅਨੇਕਾਂ ਰਸਤਿਆਂ ਵਿੱਚ ਸੜਕਾਂ ਦੇ ਕਿਨਾਰੇ ਖੂਹਾਂ ਵਰਗੇ ਖਤਰਨਾਕ ਦ੍ਰਿਸ਼ ਨਾ ਸਿਰਫ਼ ਯਾਤਰਾ ਦੀ ਰੌਣਕ ਖੋਹ ਲੈਂਦੇ ਹਨ, ਸਗੋਂ ਸੈਲਾਨੀਆਂ ਨੂੰ ਡਰ ਅਤੇ ਚਿੰਤਾ ਵਿੱਚ ਵੀ ਪਾ ਦਿੰਦੇ ਹਨ। ਕਈ ਵਾਰ ਤਾਂ ਇਹ ਖਤਰਨਾਕ ਹਾਲਾਤ ਵੇਖ ਕੇ ਲੋਕ ਕੰਨ ਨੂੰ ਹੱਥ ਲਾਉਣ ਲਈ ਮਜਬੂਰ ਹੋ ਜਾਂਦੇ ਹਨ।

ਇਹ ਵੱਡੀ ਵਿਡੰਬਨਾ ਹੈ ਕਿ ਇੱਕ ਪਾਸੇ ਸਰਕਾਰ ਸੈਰ-ਸਪਾਟੇ ਨੂੰ ਬੜ੍ਹਾਵਾ ਦੇਣ ਦੇ ਦਾਅਵੇ ਕਰਦੀ ਹੈ, ਦੂਜੇ ਪਾਸੇ ਬੁਨਿਆਦੀ ਢਾਂਚੇ ਖ਼ਾਸ ਕਰਕੇ ਸੜਕਾਂ ਦੀ ਇਹ ਹਾਲਤ ਸੈਲਾਨੀ ਤਜਰਬੇ 'ਤੇ ਸਵਾਲ ਖੜ੍ਹੇ ਕਰਦੀ ਹੈ।

ਇੱਥੇ ਇਹ ਗੱਲ ਦੱਸਣਯੋਗ ਹੈ ਕਿ ਪਠਾਨਕੋਟ ਤੋਂ ਵਾਇਆ ਜੁਗਿਆਲ-ਧਾਰ ਕਲਾਂ ਹੋ ਕੇ ਡਲਹੌਜ਼ੀ ਨੂੰ ਜਾਂਦਾ ਮੁੱਖ ਰੋਡ ਪਿਛਲੀਆਂ ਭਾਰੀ ਬਰਸਾਤਾਂ ਦੀ ਮਾਰ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਹੋ ਚੁੱਕਾ ਹੈ। ਇਸ ਰਸਤੇ ਦੇ ਅਨੇਕਾਂ ਹਿੱਸਿਆਂ ਵਿੱਚ ਸੜਕਾਂ ਅੱਧੀਆਂ ਪਹਾੜਾਂ ਹੇਠਾਂ ਵਹਿ ਗਈਆਂ ਹਨ, ਜਿੱਥੇ ਮੌਤ ਦੇ ਡੂੰਘੇ ਖੂਹਾਂ ਵਰਗੇ ਡਰਾਉਣੇ ਦ੍ਰਿਸ਼ ਨਜ਼ਰ ਆਉਂਦੇ ਹਨ। ਕਈ ਥਾਵਾਂ 'ਤੇ ਸੜਕ ਦਾ ਇੱਕ ਪਾਸਾ ਪੂਰੀ ਤਰ੍ਹਾਂ ਗਾਇਬ ਹੈ ਅਤੇ ਦੂਜੇ ਪਾਸੇ ਵਾਹਨ ਲੰਘਾਉਣਾ ਜਾਨ ਨੂੰ ਜੋਖਮ ਵਿੱਚ ਪਾਉਣ ਦੇ ਬਰਾਬਰ ਹੈ। ਇਸ ਤੋਂ ਇਲਾਵਾ ਮੁੱਖ ਸੜਕਾਂ ਤੇ ਪਹਾੜਾਂ ਦੀ ਮਿੱਟੀ ਦਾ ਮਲਬਾ ਛੋਟੇ-ਛੋਟੇ ਪਹਾੜਾਂ ਵਾਂਗ ਸੜਕ ਦੇ ਅੱਧੇ ਹਿੱਸੇ ਵਿੱਚ ਡਿੱਗੇ ਪਏ ਹਨ, ਫਿਰ ਹਾਸੋਹੀਣੀ ਗੱਲ ਉਸ ਸਮੇਂ ਵੇਖਣ ਨੂੰ ਮਿਲਦੀ ਹੈ ਜਦੋਂ ਇਹ ਡਿੱਗੇ ਪਹਾੜਾਂ ਦੀ ਮਿੱਟੀ ਦੇ ਮਲਬੇ ਵਾਲੇ ਛੋਟੇ-ਛੋਟੇ ਪਹਾੜਾਂ ਨੂੰ ਹੋਰ ਅੱਗੇ ਜਾਣ ਤੋਂ ਰੋਕਣ ਲਈ ਲੋਹੇ ਦੇ ਗਾਡਰ ਦੀ ਜਗ੍ਹਾ ਕਾਨੇ ਵਰਗੀਆਂ ਸੋਟੀਆਂ ਦਾ ਸਹਾਰਾ ਦਿੱਤਾ ਹੋਇਆ ਹੈ, ਜੋ ਕਿਸੇ ਸਮੇਂ ਵੀ ਸੈਲਾਨੀ ਦੇ ਚਾਰ ਪਹੀਆ ਵਾਹਨਾਂ ਲਈ ਖਤਰੇ ਦਾ ਅਲਾਰਮ ਬਣ ਸਕਦੇ ਹਨ। ਇੱਥੇ ਇਹ ਵੀ ਧਿਆਨਯੋਗ ਹੈ ਕਿ ਜਦੋਂ ਵਾਹਨ ਪਹਾੜੀ ਸੜਕਾਂ ਤੋਂ ਹੇਠਾਂ ਵੱਲ ਉੱਤਰਦੇ ਹਨ, ਸੁਭਾਵਿਕ ਗੱਲ ਹੈ ਕਿ ਵਾਹਨਾਂ ਦੀ ਰਫ਼ਤਾਰ ਆਪਣੇ ਆਪ ਤੇਜ਼ ਹੋ ਜਾਂਦੀ ਹੈ, ਪਰ ਦੂਜੇ ਪਾਸੇ ਤਿੱਖੇ ਮੋੜ, ਅਚਾਨਕ ਆਉਂਦੇ ਟੋਏ ਅਤੇ ਸੜਕ ਦੇ ਕਿਨਾਰਿਆਂ 'ਤੇ ਬਣੇ ਮੌਤ ਦੇ ਖੂਹ ਆਉਣ-ਜਾਣ ਵਾਲਿਆਂ, ਖ਼ਾਸ ਕਰਕੇ ਸੈਲਾਨੀਆਂ ਨੂੰ ਸਹਿਮ-ਸਹਿਮ ਕੇ ਯਾਤਰਾ ਕਰਨ ਲਈ ਮਜਬੂਰ ਕਰ ਰਹੇ ਹਨ। ਇਹ ਸਥਿਤੀ ਬਹੁਤ ਹੀ ਗੰਭੀਰ ਹੈ ਅਤੇ ਅਣਦੇਖੀ ਕੀਤੇ ਜਾਣ ਦੇ ਯੋਗ ਨਹੀਂ, ਫਿਰ ਕਿੱਥੇ ਅਤੇ ਕਦੋਂ ਚੰਗੀ-ਭਲੀ ਸੜਕ ਵਿੱਚ ਅਚਾਨਕ ਟੋਏ ਆ ਜਾਣ, ਇਸ ਬਾਰੇ ਕੋਈ ਭਰੋਸਾ ਨਹੀਂ।

ਸੜਕਾਂ ਭਾਵੇਂ ਪਠਾਨਕੋਟ ਤੋਂ ਡਲਹੌਜ਼ੀ ਤੱਕ ਚੌੜੀਆਂ, ਚਮਕਦਾਰ ਅਤੇ ਪਹਿਲੀ ਨਜ਼ਰ ਵਿੱਚ ਬਹੁਤ ਹੀ ਸਾਫ਼-ਸੁਥਰੀਆਂ ਕਿਉਂ ਨਾ ਲੱਗਣ, ਪਰ ਇਨ੍ਹਾਂ ਦੀ ਹਕੀਕਤ ਅਕਸਰ ਡਰਾਉਣੀ ਸਾਬਤ ਹੁੰਦੀ ਹੈ।ਸਾਫ਼ ਅਤੇ ਵਧੀਆ ਦਿਸਦੀਆਂ ਸੜਕਾਂ ਉੱਤੇ ਵਾਹਨ ਜਦੋਂ ਪੂਰੀ ਰਫ਼ਤਾਰ ਨਾਲ ਆਪਣੀ ਮੰਜ਼ਲ ਵੱਲ ਦੌੜ ਪੈਂਦੇ ਹਨ, ਤਾਂ ਅਚਾਨਕ ਸਾਹਮਣੇ ਆਉਂਦੀਆਂ ਹਨ ਖੂਹ ਵਰਗੀਆਂ ਖੱਡਾਂ ਅਤੇ ਟੋਏ।ਇਹ ਅਚਾਨਕ ਆਈਆਂ ਸਥਿਤੀਆਂ ਪਲ ਭਰ ਵਿੱਚ ਸਫ਼ਰ ਨੂੰ ਸੁਰੱਖਿਅਤ ਤੋਂ ਅਸੁਰੱਖਿਅਤ ਬਣਾ ਦਿੰਦੀਆਂ ਹਨ।



ਇਹ ਦ੍ਰਿਸ਼ ਸਿਰਫ਼ ਸੜਕਾਂ ਦੀ ਬਦਹਾਲੀ ਨਹੀਂ ਦੱਸਦੇ, ਸਗੋਂ ਪ੍ਰਸ਼ਾਸਨ ਦੀ ਲਾਪਰਵਾਹੀ ਦਾ ਜੀਉਂਦਾ-ਜਾਗਦਾ ਸਬੂਤ ਹਨ। ਚਾਲਕ ਜਦੋਂ ਇਨ੍ਹਾਂ ਅਚਾਨਕ ਆਏ 'ਮੌਤ ਦੇ ਜਾਲਾਂ' ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ ਤਾਂ ਅਕਸਰ ਵਾਹਨ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਦੁਰਘਟਨਾ ਦਾ ਖ਼ਦਸ਼ਾ ਕਈ ਗੁਣਾ ਵਧ ਜਾਂਦਾ ਹੈ। ਖ਼ਾਸ ਕਰਕੇ ਅੱਜ-ਕੱਲ੍ਹ ਦੀ ਅੰਨ੍ਹੀ ਧੁੰਦ, ਰਾਤ ਦੇ ਸਮੇਂ ਜਾਂ ਮੀਂਹ ਦੌਰਾਨ ਇਹ ਖੱਡੇ ਮੌਤ ਨੂੰ ਸੱਦਾ ਦੇਣ ਵਰਗੇ ਸਾਬਤ ਹੁੰਦੇ ਹਨ।

ਸਵਾਲ ਇਹ ਨਹੀਂ ਕਿ ਸੜਕਾਂ ਕਿੰਨੀ ਚਮਕਦਾਰ ਦਿਸਦੀਆਂ ਹਨ, ਸਵਾਲ ਇਹ ਹੈ ਕਿ ਕੀ ਉਹ ਸਫ਼ਰ ਲਈ ਸੁਰੱਖਿਅਤ ਵੀ ਹਨ? ਜਦੋਂ ਤੱਕ ਸੜਕਾਂ ਦੀ ਨਿਯਮਿਤ ਜਾਂਚ, ਮੁਰੰਮਤ ਅਤੇ ਜਵਾਬਦੇਹੀ ਯਕੀਨੀ ਨਹੀਂ ਬਣਾਈ ਜਾਂਦੀ, ਤਦ ਤੱਕ ਹਰ ਯਾਤਰਾ ਇੱਕ ਅਣਜਾਣ ਖ਼ਤਰੇ ਨਾਲ ਭਰੀ ਰਹੇਗੀ।

ਜਦੋਂ ਇਹ ਲੇਖਕ ਖੁਦ ਇਸ ਰਸਤੇ 'ਤੇ ਆਪਣੀ ਕਾਰ ਵਿੱਚ ਸਫ਼ਰ ਕਰ ਰਿਹਾ ਸੀ, ਤਾਂ ਨਾ ਜਾਣੇ ਕਿੰਨੀ ਵਾਰ ਮੁੱਖ ਸੜਕ ਦੇ ਟੋਇਆਂ ਨਾਲ ਦੋ-ਚਾਰ ਹੋਣਾ ਪਿਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਇਲਾਕੇ ਦੇ ਭੇਤੀ ਵਸਨੀਕ ਵੀ ਅੱਜਕੱਲ੍ਹ ਫੂਕ-ਫੂਕ ਕੇ ਕਦਮ ਰੱਖ ਰਹੇ ਹਨ, ਤਾਂ ਬਾਹਰੋਂ ਆ ਰਹੇ ਸੈਲਾਨੀਆਂ ਲਈ ਇਹ ਡਰ ਹੋਰ ਵੀ ਵਧ ਜਾਣਾ ਸੁਭਾਵਿਕ ਹੈ। ਲੋਕ ਇਹ ਵੀ ਦੱਸਦੇ ਹਨ ਕਿ ਪਠਾਨਕੋਟ ਤੋਂ ਵਾਇਆ ਜੁਗਿਆਲ-ਧਾਰ ਕਲਾਂ ਰਾਹੀਂ ਡਲਹੌਜ਼ੀ ਜਾਣ ਲਈ ਸੈਲਾਨੀ ਇਸ ਰਸਤੇ ਦੀ ਚੋਣ ਇਸ ਲਈ ਕਰਦੇ ਹਨ ਕਿਉਂਕਿ ਇਸ ਦਰਮਿਆਨ ਦੇਸ਼ ਦਾ ਬਹੁਮੁੱਲਾ ਰਣਜੀਤ ਸਾਗਰ ਡੈਮ ਅਤੇ ਕਈ ਮਨਮੋਹਕ ਵਿਊ ਪੋਇੰਟ ਵੇਖਣ ਨੂੰ ਮਿਲਦੇ ਹਨ, ਉੱਥੇ ਪਾਂਡਵਾਂ ਨਾਲ ਸੰਬੰਧਤ ਮਸ਼ਹੂਰ ਗੁਫ਼ਾਵਾਂ ਵਾਲਾ ਧਾਰਮਿਕ ਅਸਥਾਨ ਮੁਕਤੇਸ਼ਵਰ ਧਾਮ, ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਅਤੇ ਵਜ਼ੀਰ ਸ਼ਹੀਦ ਰਾਮ ਸਿੰਘ ਪਠਾਣੀਆ ਦਾ ਮੰਦਰ, ਅਤੇ ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿੱਚ ਵਸਿਆ 'ਮਿੰਨੀ ਗੋਆ' ਵੀ ਇਸ ਰਸਤੇ ਦੀ ਖ਼ਾਸ ਪਹਿਚਾਣ ਹਨ, ਜਿੱਥੋਂ ਦੇ ਮਨਮੋਹਕ ਨਜ਼ਾਰੇ ਲੈ ਕੇ ਸੈਲਾਨੀ ਬਾਗੋ-ਬਾਗ ਹੋ ਜਾਂਦੇ ਹਨ ।

ਭਾਵੇਂ ਪਠਾਨਕੋਟ-ਡਲਹੌਜ਼ੀ ਜਰਨੈਲੀ ਸੜਕ ਦਾ ਦੋ-ਤਿੰਨ ਥਾਵਾਂ 'ਤੇ ਕੰਮ ਚੱਲ ਰਿਹਾ ਹੈ, ਪਰ ਸੋਚਣ ਵਾਲੀ ਗੱਲ ਹੈ ਕਿ ਪਿੱਛੇ ਆਏ ਹੜ੍ਹਾਂ ਨੂੰ ਪੰਜ ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ ਪ੍ਰੰਤੂ ਅਜੇ ਤੱਕ ਸੜਕ ਦਾ ਕੰਮ ਨੇਪਰੇ ਨਹੀਂ ਚੜ੍ਹ ਸਕਿਆ, ਜੋ ਪ੍ਰਸ਼ਾਸਨ ਦੀ ਸਿੱਧੀ-ਸਿੱਧੀ ਲਾਪ੍ਰਵਾਹੀ ਨਹੀਂ ਤਾਂ ਹੋਰ ਕੀ ਹੈ?

ਦੂਜੇ ਪਾਸੇ ਪਠਾਨਕੋਟ ਤੋਂ ਵਾਇਆ ਜੁਗਿਆਲ-ਧਾਰ ਕਲਾਂ ਹੋ ਕੇ ਡਲਹੌਜ਼ੀ ਨੂੰ ਜਾਂਦਾ ਕਰਮਾਂ ਦਾ ਮਾਰਾ ਮੁੱਖ ਰੋਡ ਨਿਰਮਾਣ ਪੱਖੋਂ ਮੂੰਹ ਚੁੱਕੀ ਦੇਖ ਰਿਹਾ ਹੈ ਕਿ ਕਦ ਕਿਸਮਤ ਦੇ ਦਰਵਾਜ਼ੇ ਖੁੱਲ੍ਹਣਗੇ?

ਇਸ ਲਈ ਪੰਜਾਬ ਸਰਕਾਰ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਚਾਹੀਦਾ ਹੈ ਕਿ ਸੈਲਾਨੀਆਂ ਦੀ ਵਧਦੀ ਆਮਦ ਅਤੇ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਇਸ ਬਹੁਤ ਹੀ ਮਹੱਤਵਪੂਰਨ ਸੜਕ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ। ਖ਼ਤਰਨਾਕ ਥਾਵਾਂ 'ਤੇ ਮਜ਼ਬੂਤ ਸੁਰੱਖਿਆ ਗਾਰਡ, ਸਪੱਸ਼ਟ ਚੇਤਾਵਨੀ ਬੋਰਡ ਅਤੇ ਵਿਗਿਆਨਕ ਢੰਗ ਨਾਲ ਭੂਸਖਲਨ ਰੋਕੂ ਪ੍ਰਬੰਧ ਕੀਤੇ ਜਾਣ। ਨਹੀਂ ਤਾਂ ਕਿਤੇ ਇਹ ਕੁਦਰਤੀ ਸੁੰਦਰਤਾ ਦਾ ਰਸਤਾ ਕਿਸੇ ਵੱਡੇ ਦੁਖਾਂਤ ਦਾ ਕਾਰਨ ਨਾ ਬਣ ਜਾਵੇ।

— ਰਾਜਿੰਦਰ ਸਿੰਘ ਰਾਜਨ ਪਠਾਨਕੋਟ